# ਸਿਰਜਣਾ

ਜੁਲਾਈ-ਸਤੰਬਰ 2018 (ਅੰਕ 189)

July- September 2018

ਸੰਪਾਦਕ: ਰਘਬੀਰ ਸਿੰਘ

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਸੁਖਵੰਤ ਹੁੰਦਲ ਨਿੱਜੀ ਲਾਇਬ੍ਰੇਰੀ ਵਿੱਚੋਂ।

# ਇਜਾਜ਼ਤ
# Permission

ਮੈਂ ਰਘੁਬੀਰ ਸਿੰਘ ਸੰਪਾਦਕ ਸਿਰਜਣਾ ਸੁਖਵੰਤ ਹੁੰਦਲ (13286 55 A Ave. Surrey, BC, Canada) ਨੂੰ ਸਿਰਜਣਾ ਦੇ ਸਾਰੇ ਅੰਕਾਂ ਦੀਆਂ ਪੀ ਡੀ ਐੱਫ ਫਾਇਲਾਂ ਬਣਾ ਕੇ ਆਨਲਾਈਨ ਪਾਉਣ ਦੀ ਇਜਾਜ਼ਤ ਦਿੰਦਾ ਹਾਂ। ਇਹ ਇਜਾਜ਼ਤ ਸਿਰਫ ਸਿਰਜਣਾ ਦੇ ਅੰਕਾਂ ਦੀਆਂ ਪੀ ਡੀ ਐੱਫ ਫਾਇਲਾਂ ਬਣਾ ਕੇ ਆਨਲਾਈਨ ਪਾਉਣ ਲਈ ਹੀ ਹੈ। ਸਿਰਜਣਾ ਦੀ ਸਮੱਗਰੀ ਦੇ ਕਾਪੀਰਾਈਟ ਅਤੇ ਹੋਰ ਸਾਰੇ ਹੱਕ ਰਘਬੀਰ ਸਿੰਘ ਸੰਪਾਦਕ ਸਿਰਜਣਾ ਦੇ ਹਨ।

I Raghbir Singh editor Sirjana hearby grant permission to Sukhwant Hundal (13286 55 A Ave. Surrey, BC, Canada) to upload online all issues of Sirjana in PDF format. This permission is only for uploading issues online in PDF format. The copyright and all other rights for Sirjana's content remains with Raghbir Singh, editor Sirjana.

ਦਸਖ਼ਤ –Sign: [signature]

ਪਤਾ –Address: 1728, ਸੈਕਟਰ 43-ਬੀ, ਚੰਡੀਗੜ੍ਹ – 160022

1728, Sector 43-B, Chandigarh – 160022 India

ਤਾਰੀਕ –Date: 25-10-2014

# ਸਿਰਜਣਾ



ਜੁਲਾਈ-ਸਤੰਬਰ 2018 **189** 40 ਰੁਪਏ

# ਸਿਰਜਣਾ

**189**

**ਜੁਲਾਈ-ਸਤੰਬਰ 2018**



**ਸੰਪਾਦਕ : ਰਘਬੀਰ ਸਿੰਘ**
**Editor : Raghbir Singh**

❋

**1728, ਸੈਕਟਰ 43-ਬੀ,**
**ਚੰਡੀਗੜ੍ਹ-160 043**
**ਫੋਨ : +91-172-2601693**

❋

***SIRJANA***
***1728, Sector 43-B,***
***Chandigarh-160 043***
***INDIA***
***Phone : +91-172-2601693***
***E-mail :***
***raghbirssirjana@yahoo.com***


❋


**Sirjana is approved by DPI Punjab for all Schools, Colleges and Social Education Centres vide letter No. 2/6-66B (EP) dated 26-9-1966**

Account Name
**SIRJANA**
Account Number:
**Current Account**
**00321100082130**
Bank-Branch
**Punjab & Sind Bank**
**17-C, Chandigarh**
IFSC Code:
**PSIB 0000032**


## ਇਸ ਅੰਕ ਵਿਚ


'ਨਾਕਾਮ ਰਾਜ' ਅਤੇ ਸਾਹਿਤਕਾਰਾਂ ਦੀ ਭੂਮਿਕਾ/ਸੰਪਾਦਕੀ/1

ਜਸਵੰਤ ਜ਼ਫਰ/ਪੰਜ ਕਵਿਤਾਵਾਂ/3

ਕਰਮਜੀਤ ਕੌਰ ਕਿਸ਼ਾਂਵਲ/ਅੱਠ ਕਵਿਤਾਵਾਂ/5

ਅਜੇ ਤਨਵੀਰ/ਤਿੰਨ ਗ਼ਜ਼ਲਾਂ/7

ਗੁਰਦਿਆਲ ਦਲਾਲ/ਤਿੰਨ ਕਵਿਤਾਵਾਂ/9

ਨੈਣ ਸੁਖ/ਕਹਾਣੀ/ਅੱਛਣਾ ਗੱਛਣਾ/11

ਬਲਜੀਤ ਬਾਸੀ/ਕਹਾਣੀ/ਦਾਰਜੀ/41

ਦੀਪਤੀ ਬਬੂਟਾ/ਕਹਾਣੀ/ਪਿੱਛਾ ਰਹਿ ਗਿਆ ਦੂਰ/45

ਹਰਜਿੰਦਰ ਸਿੰਘ ਸੂਰੇਵਾਲੀਆ/ਰੇਖਾ-ਚਿਤਰ/ਪੰਜਾਬੀ ਸਾਹਿਤ ਦਾ ਅਫ਼ਲਾਤੂਨ ਬਲਦੇਵ ਸਿੰਘ ਸੜਕਨਾਮਾ/56

ਸੁਰਜੀਤ ਹਾਂਸ/ਦੋ ਲਿਖਤਾਂ/66

ਰਾਜਿੰਦਰਪਾਲ ਸਿੰਘ ਬਰਾੜ/ਗੋਸ਼ਟਿ/ਪੰਜਾਬੀ ਭਾਸ਼ਾ ਤੇ ਸਿੱਖਿਆ/72

ਹਰਿੰਦਰ ਸਿੰਘ/ਰੀਵਿਊ/ਸੂਰਜ ਦੀ ਅੱਖ/78, ਕੈਂਸਰ ਟਰੇਨ/80

ਹਰਵਿੰਦਰ/ਰੀਵਿਊ/ਅੱਕਾਂ ਦੀ ਕਵਿਤਾ/83

ਪੁਸ਼ਵਿੰਦਰ ਕੌਰ/ਰੀਵਿਊ/ਚੇਤਿਆਂ ਦਾ ਸੰਦੂਕ/85

ਅਵਤਾਰ ਸਿੰਘ ਬਿਲਿੰਗ/ਰੀਵਿਊ/ਜ਼ੀਨਤ/88

ਗੁਰਦੀਪ ਕੌਰ/ਰੀਵਿਊ/ਬੰਦ ਦਰਵਾਜ਼ਾ/90

ਰਘਬੀਰ ਸਿੰਘ/ਰੀਵਿਊ/ਮੈਂ ਜੈਸਾ ਹੂੰ...ਮੈਂ ਵੈਸਾ ਕਿਉਂ ਹੂੰ.../93


**ਟਾਈਟਲ ਚਿੱਤਰ : ਦੇਵ**


**ਚੰਦਾ-ਦਸ ਅੰਕ : ਦੇਸ : 400 ਰੁਪਏ, ਪੰਜ ਸਾਲ : 800 ਰੁਪਏ**
**ਵਿਦੇਸ਼-ਹਵਾਈ ਡਾਕ ਰਾਹੀਂ : ਦਸ ਅੰਕ: 30 ਪੌਂਡ, 50 ਡਾਲਰ, ਪੰਜ ਸਾਲ : 60 ਪੌਂਡ, 100 ਡਾਲਰ**


**ਸੰਪਾਦਕੀ**

# 'ਨਾਕਾਮ ਰਾਜ' ਅਤੇ ਸਾਹਿਤਕਾਰਾਂ ਦੀ ਭੂਮਿਕਾ

ਅੱਜ ਅਸੀਂ ਬਹੁਤ ਮਾੜੇ ਸਮਿਆਂ ਵਿਚੋਂ ਲੰਘ ਰਹੇ ਹਾਂ।

ਹਿੰਦੋਸਤਾਨ ਅੰਦਰ ਪਿਛਲੇ ਇਕ ਸਾਲ ਦੌਰਾਨ ਭੀੜ ਵੱਲੋਂ ਕੁੱਟ-ਕੁੱਟ ਕੇ ਮਾਰ ਦੇਣ ਦੀਆਂ 27 ਵਾਰਦਾਤਾਂ ਹੋਈਆਂ ਹਨ। ਇਹ ਵਾਰਦਾਤਾਂ 9 ਸੂਬਿਆਂ ਵਿਚ ਹੋਈਆਂ। ਅਜਿਹੀਆਂ ਘਟਨਾਵਾਂ ਪਿਛਲੇ ਚਾਰ ਸਾਲ ਤੋਂ ਲਗਾਤਾਰ ਮੀਡੀਆ ਅੰਦਰ ਨਸ਼ਰ ਹੁੰਦੀਆਂ ਰਹੀਆਂ ਹਨ ਪਰ ਐਤਕੀਂ ਇਨ੍ਹਾਂ ਘਟਨਾਵਾਂ ਨਾਲ ਮਾਸ ਦਾ ਮਸਲਾ ਨਹੀਂ ਸੀ ਜੁੜਿਆ ਹੋਇਆ। ਇਸ ਵਾਰ ਬੱਚਾ ਅਗਵਾ ਕਰਨ ਦੀਆਂ ਅਫ਼ਵਾਹਾਂ ਫੈਲੀਆਂ ਅਤੇ ਸੋਸ਼ਲ ਮੀਡੀਆ ਉੱਤੇ ਇਹ ਗੱਲ ਜੰਗਲ ਦੀ ਅੱਗ ਵਾਂਗ ਫੈਲਦੀ ਰਹੀ ਅਤੇ ਨਤੀਜਾ ਦਰਦਨਾਕ ਹੱਤਿਆਵਾਂ ਵਿਚ ਨਿਕਲਿਆ। ਇਨ੍ਹਾਂ ਵਾਰਦਾਤਾਂ ਦੀਆਂ ਪਰਤਾਂ ਫਰੋਲੀਆਂ ਜਾਣ ਤਾਂ ਬੜੇ ਹੈਰਾਨੀਜਨਕ ਤੱਥ ਸਾਹਵੇਂ ਆਉਂਦੇ ਹਨ। ਇਨ੍ਹਾਂ ਵਾਰਦਾਤਾਂ ਦੇ ਪ੍ਰਸੰਗ ਵਿਚ ਗ੍ਰਿਫਤਾਰ ਕੀਤੇ ਸ਼ਖ਼ਸਾਂ ਵਿਚੋਂ 15 ਨੇ ਕਦੀ ਸਕੂਲ ਦਾ ਮੂੰਹ ਨਹੀਂ ਦੇਖਿਆ। ਪੰਜ ਪ੍ਰਾਇਮਰੀ ਸਕੂਲ ਤਕ ਹੀ ਪੁੱਜ ਸਕੇ ਹਨ ਅਤੇ ਚਾਰ ਨੇ ਹਾਇਰ ਸੈਕੰਡਰੀ ਪਾਸ ਕੀਤੀ ਹੋਈ ਹੈ। ਮਰਨ ਵਾਲਿਆਂ ਵਿਚ ਬਹੁਤੇ ਪਰਵਾਸੀ, ਭਾਵ ਓਪਰੇ ਸਨ। ਬਹੁਤੀਆਂ ਵਾਰਦਾਤਾਂ ਦਿਹਾਤ ਵਿਚ ਹੋਈਆਂ ਹਨ ਅਤੇ ਮੋਦੀ ਸਰਕਾਰ ਦੇ ਮੰਤਰੀਆਂ ਨੇ ਇਨ੍ਹਾਂ ਵਾਰਦਾਤਾਂ ਦਾ ਭਾਂਡਾ ਵੱਟਸਐਪ ਕਾਰਨ ਫੈਲੀਆਂ ਅਫ਼ਵਾਹਾਂ ਸਿਰ ਭੰਨ ਕੇ ਪੱਲਾ ਝਾੜਨ ਦਾ ਯਤਨ ਕੀਤਾ। ਵੱਟਸਐਪ ਦੀ ਕਿਸੇ ਵੀ ਕਿਸਮ ਦੀ ਪੇਸ਼ਕਦਮੀ ਦੀ ਅਖ਼ੀਰ ਵੀ ਤਾਂ ਆਖ਼ਰਕਾਰ ਥਾਣੇ ਤਕ ਹੀ ਹੋਣੀ ਹੈ। ਇਸ ਮੋੜ 'ਤੇ ਆਣ ਕੇ ਇਕ ਹੋਰ ਨੁਕਤਾ ਧਿਆਨ ਖਿੱਚਦਾ ਹੈ: ਇਨ੍ਹਾਂ ਸਾਰੀਆਂ ਵਾਰਦਾਤਾਂ ਵਿਚ ਪੁਲਸ ਦੀ ਭੂਮਿਕਾ ਨਾਂਹ ਦੇ ਬਰਾਬਰ ਰਹੀ ਹੈ। ਕਿਤੇ ਪੁਲਸ ਫੋਰਸ ਵੇਲੇ ਸਿਰ ਪਹੁੰਚੀ ਹੀ ਨਹੀਂ ਅਤੇ ਕਿਤੇ ਇਸ ਦੀ ਗਿਣਤੀ ਇਕੱਠੀ ਹੋਈ ਭੀੜ ਦੇ ਮੁਕਾਬਲੇ ਆਟੇ ਵਿਚ ਲੂਣ ਬਰਾਬਰ ਸੀ।

ਅਜਿਹੀਆਂ ਵਾਰਦਾਤਾਂ ਅਚਾਨਕ, ਰਾਤੋ-ਰਾਤ ਕਿਸ ਤਰ੍ਹਾਂ ਵਧ ਗਈਆਂ? ਇਨ੍ਹਾਂ ਵਾਰਦਾਤਾਂ ਦੇ ਇਉਂ ਸ਼ੂਟ ਵੱਟਣ ਦਾ ਕੋਈ ਤਾਂ ਖਾਸ ਜਾਂ ਸਾਂਝਾ ਕਾਰਨ ਹੋਵੇਗਾ? ਦਰਅਸਲ, ਚਾਰ ਸਾਲ ਪਹਿਲਾਂ ਮੋਦੀ ਸਰਕਾਰ ਦੀ ਕਾਇਮੀ ਦੋ ਮੁੱਦਿਆਂ ਦੀ ਅਸਵਾਰੀ ਕਾਰਨ ਸੰਭਵ ਹੋਈ ਸੀ। ਇਕ ਹਿੰਦੂਤਵ ਦਾ ਏਜੰਡਾ ਸੀ ਅਤੇ ਦੂਜਾ ਵਿਕਾਸ ਦਾ ਮੁੱਦਾ ਸੀ। ਹਿੰਦੂਤਵ ਦੇ ਏਜੰਡੇ ਲਈ ਸੱਤਾਧਾਰੀਆਂ ਨੇ ਹਰ ਹੀਲਾ-ਵਸੀਲਾ ਜੁਟਾਇਆ; ਹਿੰਸਾ ਦਾ ਇਸਤੇਮਾਲ ਤਕ ਸ਼ਰ੍ਹੇਆਮ ਕੀਤਾ। ਘੱਟ ਗਿਣਤੀਆਂ ਨੂੰ ਮਿਥ ਕੇ ਨਿਸ਼ਾਨਾ ਬਣਾਇਆ ਗਿਆ। ਚਾਰ ਵਰ੍ਹਿਆਂ ਦੀ ਇਸ ਕਵਾਇਦ ਮਗਰੋਂ ਹੁਣ ਸਮੁੱਚੇ ਮੁਲਕ ਅੰਦਰ ਮਾਹੌਲ ਇਸ ਤਰ੍ਹਾਂ ਦਾ ਬਣ ਗਿਆ ਹੈ ਕਿ ਭੀੜਤੰਤਰ ਇਕ ਜਾਂ ਦੂਜੀ ਥਾਂ ਸਿਰ ਚੁੱਕਦਾ ਹੈ ਅਤੇ ਮਨੁੱਖੀ ਬਲੀ ਲੈ ਕੇ ਸ਼ਾਂਤ ਹੋ ਜਾਂਦਾ ਹੈ। ਪਿਛਲੇ ਚਾਰ ਸਾਲਾਂ ਦੌਰਾਨ ਅਜਿਹੀਆਂ ਵਾਰਦਾਤਾਂ ਵਿਚ 400 ਫੀਸਦ ਵਾਧਾ ਹੋਇਆ ਹੈ ਅਤੇ ਪਿਛਲੇ ਇਕ ਸਾਲ ਦੌਰਾਨ ਬੱਚੇ ਅਗਵਾ ਕਰਨ ਦੀ ਅਫ਼ਵਾਹ ਕਾਰਨ ਕੁੱਟ-ਕੁੱਟ ਕੇ ਮਾਰ ਦੇਣ ਦੀਆਂ ਵਾਰਦਾਤਾਂ ਵਿਚ 250 ਫੀਸਦ ਵਾਧਾ ਹੋਇਆ ਹੈ।

ਕੀ ਇਨ੍ਹਾਂ ਵਾਰਦਾਤਾਂ ਦਾ ਨਾੜੂਆ ਪਿਛਲੇ ਚਾਰ ਸਾਲ ਦੌਰਾਨ ਮਾਸ ਦੇ ਮਸਲੇ ਕਾਰਨ ਹੋਈਆਂ ਹੱਤਿਆਵਾਂ ਨਾਲ ਜੁੜਦਾ ਹੈ?

ਮੋਦੀ ਸਰਕਾਰ ਵਿੱਚ ਸ਼ਾਮਲ ਮੰਤਰੀ ਜਯੰਤ ਸਿਨਹਾ ਨੇ ਅੱਠ ਮੁਜਰਿਮਾਂ ਨੂੰ ਹਾਰ ਪਾ ਕੇ ਉਨ੍ਹਾਂ ਦਾ ਸਵਾਗਤ ਕੀਤਾ ਜਿਨ੍ਹਾਂ ਨੂੰ ਅਦਾਲਤ ਨੇ ਇਕ ਮੀਟ ਵਪਾਰੀ ਨੂੰ ਕੁੱਟ-ਕੁੱਟ ਕੇ ਮਾਰਨ ਦੇ ਦੋਸ਼ ਹੇਠ ਉਮਰ ਕੈਦ ਦੀ ਸਜ਼ਾ ਸੁਣਾਈ ਹੋਈ ਹੈ। ਇਕ ਹੋਰ ਮੰਤਰੀ ਗਿਰੀਰਾਜ ਸਿੰਘ ਜੋ ਘੱਟ ਗਿਣਤੀਆਂ ਖਿਲਾਫ ਭੜਕਾਊ ਬਿਆਨ ਦੇਣ ਲਈ ਬਦਨਾਮ ਹੈ, ਜੇਲ੍ਹ ਵਿਚ ਬੰਦ ਉਨ੍ਹਾਂ ਸ਼ਖ਼ਸਾਂ ਨੂੰ ਜਾ ਮਿਲਦਾ ਹੈ ਜਿਨ੍ਹਾਂ ਨੂੰ ਦੰਗਿਆਂ ਦੇ ਦੋਸ਼ ਵਿਚ ਗ੍ਰਿਫਤਾਰ ਕੀਤਾ ਗਿਆ ਹੈ। ਸਰਕਾਰ ਦੇ ਦਖ਼ਲ ਕਾਰਨ ਗੁਜਰਾਤ ਕਤਲੇਆਮ ਦੀ ਸਜ਼ਾਯਾਫ਼ਤਾ ਮੰਤਰੀ ਮਾਇਆ ਕੋਡਨਾਨੀ ਹੁਣ ਬਰੀ ਹੋ ਚੁੱਕੀ ਹੈ। ਇਹ ਫਹਿਰਿਸਤ ਬਹੁਤ ਲੰਮੀ ਹੈ। ਜ਼ਾਹਿਰ ਹੈ ਕਿ ਇਹ ਮੋਦੀ ਸਰਕਾਰ ਦਾ ਆਖ਼ਰੀ, ਪੰਜਵਾਂ ਸਾਲ ਹੈ।ਸਰਕਾਰ ਦਾ ਗਰਾਫ ਲਗਾਤਾਰ ਟੁੱਟਣ ਤੋਂ ਬਾਅਦ ਵਿਦਵਾਨ ਸੱਜਣ ਕਿਆਸ ਆਰਾਈਆਂ ਲਾ ਰਹੇ ਸਨ ਕਿ ਹੁਣ ਮੋਦੀ ਅਤੇ ਇਸ ਦੇ ਜੋਟੀਦਾਰ ਕਿਹੜੇ ਮੁੱਦਿਆਂ 'ਤੇ ਅਗਲੀਆਂ ਚੋਣਾਂ ਦਾ ਪਿੜ ਵਗਲਣਗੇ। ਇਹ ਕਵਾਇਦ ਚਿਰੋਕਣੀ ਸ਼ੁਰੂ ਕੀਤੀ ਜਾ ਚੁੱਕੀ ਹੈ। ਮਾਹੌਲ ਅੰਦਰ ਉਹ ਸੋਚ ਉਲੱਦ ਦਿੱਤੀ ਗਈ ਹੈ ਜਿਸ ਦਾ ਇਕੋ-ਇਕ ਮਕਸਦ ਧਰੁਵੀਕਰਨ ਨੂੰ ਹੁਲਾਰਾ ਦੇਣਾ ਹੈ।

ਅੱਜ ਤੋਂ ਪੂਰੇ ਪੰਜ ਦਹਾਕੇ ਪਹਿਲਾਂ, 1968 ਵਿਚ ਸਵੀਡਨ ਦੇ ਅਰਥ ਸ਼ਾਸਤਰੀ ਗੁਨਾਰ ਮਿਰਡਲ ਨੇ ਆਪਣੀ ਕਿਤਾਬ 'ਏਸ਼ੀਅਨ ਡਰਾਮਾ: ਐਨ ਇਨਕੁਆਰੀ ਇੰਟੂ ਦਿ ਪਾਵਰ ਆਫ ਨੇਸ਼ਨਜ਼' ਵਿਚ ਨਰਮ ਰਾਜ (ਸੌਫਟ ਸਟੇਟ) ਦਾ ਜ਼ਿਕਰ ਕਰਦਿਆਂ ਭੂਮੀ ਸੁਧਾਰ ਸਖ਼ਤੀ ਨਾਲ ਲਾਗੂ ਨਾ ਕਰਨ ਦੇ ਹਵਾਲੇ ਨਾਲ ਹਿੰਦੋਸਤਾਨ ਨੂੰ 'ਨਰਮ ਰਾਜ' ਆਖਿਆ ਸੀ। ਭੀੜਤੰਤਰ ਵਾਲੀਆਂ ਵਾਰਦਾਤਾਂ ਪ੍ਰਤੀ ਨਰਮੀ ਵਰਤਣ ਕਾਰਨ ਇਹ ਪਰਿਭਾਸ਼ਾ ਹੁਣ ਅਚਾਨਕ ਚਰਚਾ ਵਿਚ ਆ ਗਈ ਹੈ। ਉਂਝ ਵੀ, ਹਿੰਦੋਸਤਾਨ ਇਕੋ ਵੇਲੇ ਨਰਮ ਅਤੇ ਸਖ਼ਤ ਰਾਜ ਵਾਲੀ ਭੂਮਿਕਾ ਨਿਭਾਉਂਦਾ ਰਿਹਾ ਹੈ। ਦਲਿਤ ਅਤੇ ਜਮਹੂਰੀ ਕਾਰਕੁਨਾਂ ਦੀਆਂ ਲਗਾਤਾਰ ਗ੍ਰਿਫਤਾਰੀਆਂ ਤੋਂ ਇਹੀ ਕਨਸੋਅ ਮਿਲਦੀ ਹੈ। ਸੱਤਾਧਾਰੀ ਵਰਗ ਦਾ ਹਿੰਦੂਤਵੀ ਏਜੰਡਾ ਅਤੇ ਵਿਕਾਸ ਦਾ ਹੋਕਾ ਇਸ ਦੋਗਲੇਪਣ ਦੀ ਉਮਦਾ ਮਿਸਾਲ ਹੈ। ਹੁਣ ਚੋਣਾਂ ਸਿਰ ਉਤੇ ਹਨ ਤਾਂ ਇਹ ਦੋ-ਧਾਰੀ ਤਲਵਾਰ ਲਿਸ਼ਕਾਉਣ ਦੀ ਕਵਾਇਦ ਫਿਰ ਪ੍ਰਤੱਖ ਹੋਣ ਲੱਗ ਪਈ ਹੈ।

ਤਕਰੀਬਨ ਦੋ ਦਹਾਕੇ ਪਹਿਲਾਂ ਪਾਕਿਸਤਾਨ ਦੇ ਹਫ਼ਤਾਵਾਰੀ ਪਰਚੇ 'ਫ੍ਰਾਈਡੇ ਟਾਈਮਜ਼' ਦੇ ਸੰਪਾਦਕ ਨਜਮ ਸੇਠੀ ਨੇ ਲਿਖਿਆ ਸੀ ਕਿ ਪਾਕਿਸਤਾਨ 'ਫੇਲ੍ਹਡ ਸਟੇਟ' (ਨਾਕਾਮ ਰਾਜ) ਬਣਨ ਵੱਲ ਵਧ ਰਿਹਾ ਹੈ। ਉਸ ਵਕਤ ਉਸ ਦੀ ਟਿੱਪਣੀ ਦਾ ਆਧਾਰ ਨਿਰੰਕੁਸ਼ ਸਰਕਾਰ, ਲੋਕਾਂ ਅੰਦਰ ਬੇਗਾਨਗੀ, ਸਮਾਜ ਦਾ ਤਾਲਿਬੀਕਰਨ, ਮਜ਼ਹਬੀ ਕੌਮਪ੍ਰਸਤੀ ਦੀ ਚੜ੍ਹਤ ਆਦਿ ਸਨ। ਹਕੂਮਤ ਨੇ ਉਦੋਂ ਨਜਮ ਸੇਠੀ ਦੀ ਇਸ ਟਿੱਪਣੀ ਦਾ ਮਖ਼ੌਲ ਉਡਾਇਆ ਸੀ ਪਰ ਸੱਤ ਸਾਲ ਬਾਅਦ, 2006 ਵਿਚ ਇਕ ਵੱਕਾਰੀ ਪਰਚੇ ਨੇ ਪਾਕਿਸਤਾਨ ਨੂੰ ਸੰਸਾਰ ਦੇ ਦਸ ਨਾਕਾਮ ਰਾਜਾਂ ਵਿਚ ਸ਼ੁਮਾਰ ਕਰ ਲਿਆ ਸੀ। ਕੀ ਹਿੰਦੋਸਤਾਨ ਦੀ ਪੈੜਚਾਲ ਵੀ ਕਿਤੇ ਇਸੇ ਤਰ੍ਹਾਂ ਦੀ ਤਾਂ ਨਹੀਂ? ਕਈ ਉੱਘੇ ਵਿਦਵਾਨ ਇਹ ਟਿੱਪਣੀ ਕਰ ਚੁੱਕੇ ਹਨ ਕਿ ਕਈ ਮਾਮਲਿਆਂ ਵਿਚ ਅਸੀਂ ਪਾਕਿਸਤਾਨ ਦੇ ਪਿੱਛੇ-ਪਿੱਛੇ ਜਾ ਰਹੇ ਹਾਂ। ਭੀੜਤੰਤਰ, ਲਾਕਾਨੂੰਨੀ ਅਤੇ ਰਸੂਖ਼ਵਾਨਾਂ ਦੇ ਇਸ ਦੌਰ ਵਿਚ ਜੇ ਇਹ ਹਾਲਾਤ ਹਨ ਤਾਂ ਇਸ ਹਾਲਾਤ ਦੇ ਮੱਦੇਨਜ਼ਰ ਸਾਹਿਤ ਅਤੇ ਕਲਾ ਦੀ ਕੀ ਕੋਈ ਭੂਮਿਕਾ ਹੋ ਸਕਦੀ ਹੈ? ਆਮ ਹਾਲਾਤ ਵਿਚ ਸਿਆਸੀ ਅੰਦੋਲਨਾਂ ਦੌਰਾਨ ਕਲਾ ਅਤੇ ਸਾਹਿਤ ਦੀ ਬਹੁਤੀ ਭੂਮਿਕਾ ਸਹਾਇਕ ਕਾਰਕ ਵਜੋਂ ਹੀ ਹੁੰਦੀ ਰਹੀ ਹੈ। ਕੀ ਅੱਜ ਦੇ ਵਿਸ਼ੇਸ਼ ਹਾਲਾਤ ਵਿਚ ਇਹ ਸਿਆਸਤ ਨੂੰ ਅੱਗਿਓਂ ਟੱਕਰਨ ਜਿੰਨਾ ਜੇਰਾ ਦਿਖਾ ਸਕਦੇ ਹਨ? ਜੱਗ ਜਾਣਦਾ ਹੈ ਕਿ ਸਪੇਨ ਦੀ ਘਰੋਗੀ ਜੰਗ ਵੇਲੇ ਸਾਹਿਤਕਾਰਾਂ/ਕਲਾਕਾਰਾਂ ਨੇ ਬੜੀ ਅਹਿਮ ਭੂਮਿਕਾ ਨਿਭਾਈ ਸੀ। ਮਾਸ ਵਾਲੇ ਮਸਲੇ ਉੱਤੇ ਸਾਹਿਤਕਾਰਾਂ ਵੱਲੋਂ ਚਲਾਈ ਇਨਾਮ ਵਾਪਸੀ ਮੁਹਿੰਮ ਦਾ ਜਲਵਾ ਵੀ ਦੁਨੀਆ ਦੇਖ ਚੁੱਕੀ ਹੈ। ਹੁਣ ਸ਼ਾਇਦ ਇਸ ਦਾ ਦੂਜਾ ਭਾਗ ਦਰਕਾਰ ਹੈ। 000



# ਪੰਜ ਨਿੱਕੀਆਂ ਕਵਿਤਾਵਾਂ: ਜਸਵੰਤ ਜ਼ਫਰ

## ਖਿੱਚ

ਤੇਰੀ ਖਿੱਚ ਨਾਲ
ਆਪਣੇ ਆਪ ਤੋਂ
ਅਜੇ ਇਕ ਕਦਮ ਹੀ
ਅੱਗੇ ਆਇਆ ਹਾਂ
ਇਥੇ ਹਵਾ ਰੰਗਦਾਰ ਹੈ
ਧੁੱਪ ਸੰਗੀਤਮਈ
ਤੇ ਆਕਾਸ਼ ਖੁਸ਼ਬੂਦਾਰ ਹੈ।

## ਸਤਿਸੰਗੀ

ਪੈਗ਼ੰਬਰ ਮੁਹੱਬਤ ਬਾਰੇ ਬੋਲ ਰਿਹਾ
ਆਪਾਂ ਸਨਮੁਖ ਹੋ ਸੁਣਦੇ
ਕਦੀ ਉਹ ਤੇਰੇ ਚਿਹਰੇ ਵੱਲ ਦੇਖਦਾ
ਕਦੀ ਮੇਰੀਆਂ ਅੱਖਾਂ ਵਿਚ ਤੱਕਦਾ
ਉਸ ਦਾ ਧਿਆਨ
ਜਦ ਆਪਣੀ ਆਵਾਜ਼ 'ਤੇ ਹੁੰਦਾ
ਤਾਂ ਆਪਾਂ ਦੋਵੇਂ
ਤੱਕਦੇ ਇਕ ਦੂਸਰੇ ਵੱਲ
ਤੇ ਮੁਸਕਰਾਉਂਦੇ
ਇਕ ਦੂਸਰੇ ਨੂੰ ਅਬੋਲ ਦੱਸਦੇ-
ਮੈਂ ਵੀ ਓਹੀ ਸੁਣਿਆਂ
ਜੋ ਤੈਨੂੰ ਸੁਣਿਆਂ।

## ਹੋਰ ਪਰੇ

ਤੈਨੂੰ
ਦੇਖਣ ਲਈ
ਵਾਰ ਵਾਰ ਦੇਖਣਾ ਪੈਂਦਾ
ਸੁਣਨ ਲਈ
ਵਾਰ ਵਾਰ ਸੁਣਨਾ ਪੈਂਦਾ
ਮਿਲਣ ਲਈ
ਵਾਰ ਵਾਰ ਮਿਲਣਾ ਪੈਂਦਾ

ਹਰ ਵਾਰ ਤਾਂਘ

ਹੋਰ ਵਾਰ ਦੀ

ਮਿਲਿਆਂ
ਪੂਰਾ ਮਿਲ ਨਾ ਹੁੰਦਾ
ਵਿਛੜਿਆਂ
ਪੂਰਾ ਵਿਛੜ ਨਾ ਹੁੰਦਾ

ਧਰਤੀ ਘੁੰਮਦੀ ਰਹਿੰਦੀ
ਪਰ ਉਸ ਨੂੰ ਨਹੀਂ ਪਤਾ
ਕਿ ਆਪਣੇ ਦੁਆਲ਼ੇ
ਜਾਂ ਤੇਰੇ ਦੁਆਲ਼ੇ

### ਛੋਹ

ਤੂੰ ਕਿੰਨੇ ਪਿਆਰ ਨਾਲ
ਦੋਵਾਂ ਹੱਥਾਂ ਵਿਚਾਲੇ
ਮੇਰਾ ਸੱਜਾ ਹੱਥ ਲਿਆ
ਕਰਾਮਾਤ ਹੋਈ
ਮੇਰੇ ਦੋਨਾਂ ਹੱਥਾਂ 'ਚੋਂ
ਉਦਾਸੀ ਦੀ ਰੇਖਾ
ਅਲੋਪ ਹੋ ਗਈ

### ਜੋੜ-ਤੋੜ

ਉਸ ਨਾਲ ਜੁੜਨ ਦਾ ਚਾਅ
ਮੈਂ ਆਪਣੇ ਘਰ ਦੇ ਬਗੀਚੇ 'ਚੋਂ
ਫੁੱਲ ਤੋੜ ਕੇ ਦਿੱਤਾ

ਉਸ ਮੁਸਕਰਾ ਕੇ ਸਵੀਕਾਰਿਆ
ਅਤੇ ਕੁਝ ਕਹਿਣ ਵਾਂਗ
ਪਿਆਰ ਨਾਲ ਪੁੱਛਿਆ-
ਇਹ ਆਪਣੀ ਥਾਂ 'ਤੇ
ਜ਼ਿਆਦਾ ਸੋਹਣਾ ਨਹੀਂ ਸੀ ਲੱਗਦਾ?
ਮੈਂ
ਘਰ ਨਾਲ ਹੋਰ ਜੁੜ ਗਿਆ
ਅਤੇ ਓਸ ਨਾਲ
ਹੋਰ ਤਰ੍ਹਾਂ ਜੁੜ ਗਿਆ। 00

***(28, ਬਸੰਤ ਵਿਹਾਰ, ਜਵੱਦੀ, ਲੁਧਿਆਣਾ 141013***
***ਫੋਨ: +91-96461-18209 Email: jaszafar@yahoo.com)***



## ਅੱਠ ਕਵਿਤਾਵਾਂ: ਕਰਮਜੀਤ ਕੌਰ ਕਿਸ਼ਾਂਵਲ

### ਬੇਸੀਸ

ਹੇ ਦਸਮ ਗੁਰੂ!
ਅਸੀਂ ਹਾਜ਼ਰ ਹਾਂ ਤੇਰੇ ਦਰਬਾਰ 'ਚ
ਪਰ ਤੂੰ ਸੀਸ ਦੀ ਗੱਲ ਨਾ ਤੋਰੀਂ
ਅਸੀਂ ਤਾਂ ਬੇਸੀਸ ਹਾਂ-
ਇਹ ਜੋ ਲੱਖਾਂ ਦਾ ਹਜੂਮ ਹੈ
ਇਹ ਤਾਂ ਸਿਰਫ ਧੜ ਨੇ-
ਸੀਸ ਦਾ ਦੰਭ ਤਾਂ
ਦਸਤਾਰ ਸਜਾਉਣ ਲਈ ਹੈ-
ਇਹ ਵਾਰਨ ਜੋਗਾ ਸੀਸ ਨਹੀਂ ਗੁਰੂਦੇਵ!

### ਮਾਤਾ ਸੁਲੱਖਣੀ ਦੀ ਉਦਾਸੀ

ਬਾਬਾ ਨਾਨਕ!
ਤੇਰੀ ਉਡੀਕ 'ਚ
ਮਾਤਾ ਸੁਲੱਖਣੀ
ਕਿੰਨੀ ਵਾਰੀ ਆਈ
ਤੇ ਕਿੰਨੀ ਵਾਰ ਮੁੜੀ
ਘਰ ਦੀ ਚੌਖਟ ਤੋਂ-

ਆਸ ਲੈ ਕੇ ਮਨ 'ਚ
ਦੂਰ ਤਕ ਵੇਖਣਾ ਤੇਰਾ ਰਾਹ
ਤੇ ਫਿਰ ਮਨ ਹੀ ਮਨ
ਨੱਪਣੀ ਤੇਰੀ ਪੈੜਚਾਲ-
ਇੰਝ ਤੇਰੇ ਨਾਲ ਹੀ ਤਾਂ ਸੀ ਉਹ ਵੀ
ਤੇਰੀ ਹਰ "ਉਦਾਸੀ" ਵੇਲ਼ੇ!

### ਖੁਦਾ ਦੀ ਬਹਿਸ਼ਤੋਂ ਰੁਖਸਤ ਹੱਵਾ

ਮੈਂ ਖੁਦਾ ਦੀ ਬਹਿਸ਼ਤੋਂ ਰੁਖਸਤ ਹੱਵਾ ਹਾਂ
ਮੇਰਾ ਗੁਨਾਹ- ਦਿਸਹੱਦਿਓਂ ਪਾਰ ਦੇਖਣ ਦੀ ਲੋਚਾ-
ਜਦ ਤੋਂ
ਰੂਹ ਨੂੰ ਚੇਤਨਾ ਦੀ ਜਾਗ ਲੱਗੀ ਏ
ਮੇਰੇ ਪੈਰਾਂ 'ਚ ਭਟਕਣ ਲਿਖੀ ਗਈ
ਚੇਤਨ ਰੂਹ ਦੀ ਮਹਿਕ ਨੂੰ

ਚਹੁੰ ਕੰਧਾਂ ਦੀ ਚਾਰਦੀਵਾਰੀ ਮਨਜ਼ੂਰ ਨਾ ਹੋਈ

'ਇਨਸਾਨੀ ਬਹਿਸ਼ਤਾਂ' ਦੇ ਮਾਲਕੋ!
ਤੁਹਾਡੀਆਂ ਤੰਗਦਿਲੀਆਂ ਤੋਂ ਪਰ੍ਹਾਂ
ਮੈਂ ਤੇ ਮੇਰਾ ਆਦਮ
ਖੁੱਲ੍ਹੇ ਆਸਮਾਨੀਂ ਵਿਚਰਾਂਗੇ
ਸਾਨੂੰ ਰਾਸ ਨਹੀਂ ਆਈ
"ਆਦਮ-ਬੋਅ, ਆਦਮ-ਬੋਅ" ਕਰਦੀ
ਤੁਹਾਡੀ ਬਹਿਸ਼ਤ!

## ਤੂੰ ਤੇ ਮੈਂ

ਤੂੰ ਕਲ਼-ਕਲ਼ ਕਰਦਾ ਆਬਸ਼ਾਰ
ਮੈਂ ਸਹਿਜ ਵਗਦੀ ਨਦੀ-
ਤੇਰੇ ਪਾਣੀਆਂ 'ਚ ਤਰਥੱਲੀ
ਮੇਰੇ ਪਾਣੀਆਂ 'ਚ ਸਹਿਜਤਾ-
ਵੇਖ ਮੇਰੀ ਗੋਦ ਦੀ ਵਿਸ਼ਾਲਤਾ
ਤੇਰੇ ਪਾਣੀਆਂ ਨੂੰ ਵੀ ਸਹਿਜ ਕਰ ਦੇਵੇ...

## ਅਨੰਤ ਸਰਮਾਇਆ

ਹੋ ਕੇ ਮੁਕਤ
ਬਾਹਰੀ ਜਮ੍ਹਾਂ-ਮਨਫੀ ਦੇ ਚਿੰਨ੍ਹਾਂ ਤੋਂ
ਜਦ ਮੈਂ ਪਰਤੀ ਆਪਣੇ ਕੋਲ਼-
ਤਾਂ "ਸਿਫਰ" ਹੋਏ ਆਪੇ ਕੋਲ਼
ਅਨੰਤਾਂ ਦਾ ਸਰਮਾਇਆ ਸੀ...

## ਇੰਝ ਕਿਉਂ

ਸਾਗਰ ਦੀ ਤੜਫ
ਕਿ ਫਿਰ ਉੱਠੇ ਕੋਈ ਲਹਿਰ
ਲਹਿਰ ਫਿਰ ਤੜਫੇ
ਸਾਗਰ ਵਿਚ ਸਮਾਉਣ ਨੂੰ
ਲੋਚੇ ਉਹ
ਕਿ ਮਿਟਦੀ ਰਹਾਂ ਉਮਰ ਭਰ
ਹਰ ਪਲ ਲਵਾਂ ਜਨਮ
ਹਰ ਪਲ ਮਿਟਾਂ
ਤੇ ਪੂਰਾ ਹੋਵੇ ਸਮਰਪਣ!
ਲਹਿਰ ਦਰ ਲਹਿਰ
ਉਛਲਦਾ ਰਹੇ ਸਾਗਰ!!!



## ਬੋਧ

ਸਿਖਰ ਦੁਪਹਿਰੇ
"ਆਪਣੀ ਛਾਵੇਂ" ਤੁਰਦਿਆਂ-ਤੁਰਦਿਆਂ
ਅਹਿਸਾਸ ਕੁਝ ਇਸ ਤਰ੍ਹਾਂ ਹੋ ਰਿਹਾ-
ਜਾਪਦੈ
ਪੈਰਾਂ ਦੀਆਂ ਤਲ਼ੀਆਂ 'ਚ
ਅੱਖਾਂ ਦੇ ਉੱਗ ਜਾਣ ਵਰਗਾ
ਕੁਝ ਵਾਪਰ ਗਿਆ ਹੈ!

## ਬਾਰਾਂਮਾਹਾ

ਚੇਤਰ ਚਿੱਤ ਜੋ ਚਿਤਵੀਏ
ਹੋਣ ਵਿਸਾਖੀ ਪੂਰ ਵੇ
ਜੇਠ-ਹਾੜ੍ਹ ਦੇ ਤਪਦੇ ਰਾਹੀਂ
ਘੱਲ ਕਣੀਆਂ ਦੀ ਭੂਰ ਵੇ
ਸਾਉਣ ਸੰਜੋਏ ਰੰਗਲੇ ਸੁਪਨੇ
ਭਾਦੋਂ ਕਰਦੀ ਚੂਰ ਵੇ
ਅਸੀਂ ਅੱਸੂ ਆਸਾਂ ਬੀਜੀਆਂ
ਪਿਆ ਕੱਤਕ ਆਸੀਂ ਬੂਰ ਵੇ
ਮੱਘਰ ਮਘਦੀ ਜਿੰਦ ਨਿਮਾਣੀ
ਪੋਹ ਨਾ ਪੋਂਹਦੀ ਘੂਰ ਵੇ
ਮਾਘ ਦੀ ਰੁੱਤੇ ਢੋਹ ਨਾ ਬੂਹੇ
ਨਾ ਫੱਗਣ-ਮਹਿਕਾਂ ਦੂਰ ਵੇ
ਹਰ ਇਕ ਰੁੱਤ ਸੁਹਾਵਣੀ
ਜੇ ਬਰਸੇ ਤੇਰਾ ਨੂਰ ਵੇ... 00

***(ਪੰਜਾਬੀ ਵਿਭਾਗ, ਕੋਰਡੀਆ ਕਾਲਿਜ, ਸੰਘੋਲ, ਤਹਿਸੀਲ ਖਮਾਣੋਂ,***
***ਜ਼ਿਲ੍ਹਾ ਫਤਿਹਗੜ੍ਹ ਸਾਹਿਬ-140802 ਫੋਨ: 97794-21283)***

# ਤਿੰਨ ਗ਼ਜ਼ਲਾਂ: ਅਜੇ ਤਨਵੀਰ

ਖ਼ੈਰ ਹੋਵੇ ਹੁਣ , ਦਿਨੇ ਮੈਨੂੰ ਹਨੇਰੇ ਦਿਸ ਰਹੇ।
ਨਾ ਬਣਨ ਮੰਜ਼ਰ ਹਕੀਕਤ ਜੋ ਚੁਫੇਰੇ ਦਿਸ ਰਹੇ।
ਪੰਛੀਆਂ ਨੂੰ ਮਾਰਨੇ ਦੀ ਸਖ਼ਤ ਹੈ ਜੇਕਰ ਸਜ਼ਾ,
ਫਿਰ ਘਰਾਂ ਦੇ ਕਿਉਂ ਅਜੇ ਸੁੰਨੇ ਬਨੇਰੇ ਦਿਸ ਰਹੇ।
ਦੱਸ ਕਿੱਦਾਂ ਪੈਰ ਤੇਰੇ ਆ ਕੇ ਮੰਜ਼ਲ ਚੁੰਮਦੀ,
ਘਰ 'ਚ ਬੈਠੇ ਨੂੰ ਜਦੋਂ ਪੈਂਡੇ ਲੰਮੇਰੇ ਦਿਸ ਰਹੇ।
ਜਿਸ ਤਰ੍ਹਾਂ ਦੀ ਸੋਚ ਹੋਵੇ ਸੋਚਦਾ ਹੈ ਆਦਮੀ,
ਇਸ ਲਈ ਹਰ ਤਰਫ਼ ਹੀ ਤੈਨੂੰ ਲੁਟੇਰੇ ਦਿਸ ਰਹੇ।

ਉਹ ਨਵੇਂ ਰਸਤੇ ਉਲੀਕਣਗੇ ਅਜੇ ਸੰਭਵ ਨਹੀਂ,
ਤੁਰਨ ਤੋਂ ਪਹਿਲਾਂ ਉਹਨਾਂ ਨੂੰ ਜਦ ਅਵੇਰੇ ਦਿਸ ਰਹੇ।
ਕਿਸ ਤਰ੍ਹਾਂ ਦਾ ਰੁੱਤ ਇਹ ਪੈਗ਼ਾਮ ਦੇ ਕੇ ਤੁਰ ਗਈ,
ਹਰ ਦਿਸ਼ਾ ਵਿਚ ਬੰਕਰਾਂ ਦੇ ਹੀ ਬਸੇਰੇ ਦਿਸ ਰਹੇ।
ਜੀਭ ਤੇਰੀ ਦੇ ਅਗਰ ਇਹ ਜ਼ਖ਼ਮ ਨਈ ਤਾਂ ਦੱਸ ਤੂੰ,
ਕਿਉਂ ਅਜੇ ਤਨਵੀਰ ਨੂੰ ਐਨੇ ਡੂੰਘੇਰੇ ਦਿਸ ਰਹੇ।

000

ਆਪਣੇ ਹੀ ਖ਼ੌਫ਼ ਕੋਲੋਂ ਆਪ ਜਦ ਉਹ ਡਰ ਗਿਆ।
ਬੁਜ਼ਦਿਲੀ ਦਾ ਦੋਸ਼ ਉਹ ਪਰ ਮੇਰੇ ਸਿਰ 'ਤੇ ਧਰ ਗਿਆ।
ਮਾਣ ਕੇ ਛਾਂ ਓਸ ਦਿੱਤਾ ਰੁੱਖ ਨੂੰ ਸਨਮਾਨ ਇਹ,
ਜਾਣ ਲੱਗਾ ਉਸ ਦੀ ਹਰ ਸ਼ਾਖ਼ ਨੰਗੀ ਕਰ ਗਿਆ।
ਰਾਖ ਹੋਏ ਖੇਤ ਸੋਨੇ ਵਾਂਗ ਸੀ ਜੋ ਲਿਸ਼ਕਦੇ,
ਫਸਲ ਤੇ ਇਸ ਵਾਰ ਬੱਦਲ ਕਿਸ ਤਰ੍ਹਾਂ ਦਾ ਵਰ੍ਹ ਗਿਆ।
ਝੱਖੜਾਂ ਨੂੰ ਜੋ ਰਿਹਾ ਵੰਗਾਰਦਾ ਹਰ ਵਕਤ ਹੀ,
ਸ਼ਖਸ਼ ਉਹ ਅੱਜ ਵਾ-ਵਰੋਲ਼ਾ ਵੇਖ ਕੇ ਹੀ ਡਰ ਗਿਆ।
ਆਖਿਆ ਸੱਚ ਬੋਲਣੇ ਨੂੰ ਜਦ ਮੇਰੇ ਇਖ਼ਲਾਕ ਨੇ,
ਮੈਂ ਅਦਾਲਤ ਵਿਚ ਖੜ੍ਹਾ ਫਿਰ ਖ਼ੁਦ ਦੇ ਕੋਲ਼ੋਂ ਡਰ ਗਿਆ।
ਦਿਲ 'ਚ ਜੋ ਸੀ ਖੌਲਦਾ ਨਾ ਦਿਸ ਰਿਹਾ ਸ਼ਿਅਰਾਂ 'ਚ ਹੁਣ,
ਕੁਝ ਪਤਾ ਲਗਦਾ ਨਹੀਂ ਉਹ ਫ਼ਲਸਫ਼ਾ ਕਿੱਧਰ ਗਿਆ।
ਹੁਕਮਰਾਨੋ ਉਹ ਪਰਿੰਦਾ ਫੜ ਨਹੀਂ ਹੋਣਾ ਕਦੇ,
ਫ਼ਤਵਿਆਂ ਦੇ ਦੌਰ ਵਿਚ ਵੀ ਜੋ ਉਡਾਰੀ ਭਰ ਗਿਆ।

000

ਹੋਣ ਨਾ ਦਿੰਦੇ ਜੁਦਾ ਐਸੇ ਵੀ ਹੁੰਦੇ ਫ਼ਾਸਲੇ।
ਉਮਰ ਭਰ ਨਾ ਸਾਥ ਛੱਡਣ ਇਸ ਤਰ੍ਹਾਂ ਦੇ ਹਾਦਸੇ।
ਵੇਖਦੇ ਹਾਂ ਅੰਬਰਾਂ ਵਿਚ ਉੱਡਦੇ ਕਿੰਨਾ ਕੁ ਚਿਰ,
ਪਰ ਉਧਾਰੇ ਲੈ ਗਏ ਜੋ ਕੁਝ ਦਿਨਾਂ ਦੇ ਵਾਸਤੇ।
ਦਿਸ ਰਿਹਾ ਸੀ ਤੂੰ ਖੜ੍ਹਾ ਹਰ ਮੀਲ ਪੱਥਰ ਵਿਚ ਹੀ,
ਖ਼ੂਬਸੂਰਤ ਬਣ ਗਏ ਸੀ ਮੰਜ਼ਲਾਂ ਦੇ ਰਾਸਤੇ।
ਮੈਂ ਸੁਆਰਥ ਵਾਸਤੇ ਚੱਪੂ ਕਦੇ ਬਣਿਆਂ ਨਹੀਂ,
ਇਸ ਲਈ ਤਾਂ ਰਾਜ ਭਵਨਾਂ ਵਿਚ ਮਿਲੇ ਨਾ ਦਾਖਲੇ।
ਰਾਤ ਦਿਨ ਹੀ ਸੁਲਘਦੇ ਨੇ ਜੋ ਬਿਨਾਂ ਹੀ ਚਿਣਗ ਤੋਂ,
ਦੱਸ ਕਿੱਦਾਂ ਲਾਟ ਬਣਦੇ ਭੀੜ ਦੇ ਉਹ ਕਾਫ਼ਲੇ।
ਕਿੰਝ ਬਿਜੜਾ ਘਰ ਬਣਾਵੇ ਵੇਖ ਕੇ ਕੁਝ ਸਿੱਖ ਤੂੰ,
ਠੰਡ ਵਿਚ ਕਿੰਨਾ ਕੁ ਠਰਨਾ ਤੂੰ ਕਿਸੇ ਦੀ ਆਸ 'ਤੇ।
ਵੱਖ ਹੋ ਕੇ ਵੱਖ ਨਾ ਹੋਇਆ ਅਜੇ ਤਾਂ ਲੱਗ ਰਿਹਾ,
ਦੂਰੀਆਂ ਦੇ ਵਿਚ ਹਾਲੇ ਸਿਸਕਦੇ ਹਨ ਰਾਬਤੇ।000

*(777 North, 10th Ave, Hanford, CA 93230 USA)*



# ਤਿੰਨ ਕਵਿਤਾਵਾਂ: ਗੁਰਦਿਆਲ ਦਲਾਲ

## ਚਾਨਣ

ਆਪਣੀਆਂ ਅਣਗਿਣਤ ਚਾਹਤਾਂ. ਖਾਹਸ਼ਾਂ ਦੀ ਪੂਰਤੀ ਲਈ
ਥਾਂ ਥਾਂ 'ਤੇ ਝੁਕਦਿਆਂ, ਮੱਥੇ ਟੇਕਦਿਆਂ, ਅਰਦਾਸਾਂ ਕਰਦਿਆਂ
ਪੈ ਗਿਆ ਸੀ ਯਾਰੋ! ਮੇਰੀ ਰੀੜ੍ਹ ਦੀ ਹੱਡੀ 'ਚ ਕੁੱਬ
ਪੈਰਾਂ ਨਾਲ ਚਿਪਕ ਗਈ ਸੀ
ਮੇਰੀ ਮਾਇਉਪੀਆ ਬਣੀ ਨਜ਼ਰ
ਮੇਰੇ ਅਨਪੜ੍ਹ ਜਾਹਲ ਤੇ ਵਹਿਮੀ ਚੌਗਿਰਦੇ ਨੇ
ਦੱਸਿਆ ਸੀ ਮੈਨੂੰ, ਇਸ ਲੁਭਾਉਣੇ ਸੰਸਾਰ ਤੋਂ ਮੁਕਤੀ ਦਾ ਰਾਹ
ਮੈਂ ਚਲਦਾ ਰਿਹਾ ਉਸੇ 'ਤੇ, ਕੋਹਲੂ ਦਾ ਬੈਲ ਬਣੀ
ਦਿਮਾਗ਼ ਅੱਖਾਂ ਤੇ ਕੰਨ ਬੰਦ ਕਰ ਕੇ।
ਫਿਰ ਇਕ ਵਿਦਵਾਨ ਗੁਣੀ ਗਿਆਨੀ ਮਿਲਿਆ
ਤੇ ਬਦਲ ਦਿੱਤੀ ਉਸਨੇ ਮੇਰੀ ਦੁਨੀਆਂ
ਉਸ ਕਿਹਾ, ਤੂੰ ਮੁਕਤੀ ਦਾ ਨਹੀਂ, ਜ਼ਿੰਦਗੀ ਦਾ ਰਾਹ ਫੜ
ਕੇਵਲ ਜੀਵਨ ਨੂੰ ਸੱਚ ਕਹਿ, ਫੁੱਲਾਂ ਵਾਂਗ ਖਿੜਿਆ ਰਹਿ
ਜ਼ਿੰਦਗੀ ਜਿਉਣ ਦੇ ਨੁਸਖੇ ਭਰੇ ਪਏ ਨੇ ਵਿਚ
ਤੂੰ ਅਹਿ ਕਿਤਾਬਾਂ ਪੜ੍ਹ
ਸਿੱਧਾ ਖੜ੍ਹਾ ਹੋ ਕੇ ਬਾਹਾਂ ਚੁੱਕ
ਅੰਗੜਾਈ ਭਰ ਤੇ ਆਕਾਸ਼ ਵੱਲ ਦੇਖ
ਇਹ ਜ਼ਿੰਦਗੀ ਕੋਈ ਟੋਭਾ ਨਹੀਂ, ਭਰ ਵਗਦਾ ਦਰਿਆ ਹੈ
ਇਸ ਵਿਚ ਤੈਰ, ਟੁੱਭੀਆਂ ਲਾ
ਮੁਕਤੀ ਤਾਂ ਮਿਥਿਆ ਹੈ, ਜ਼ਿੰਦਗੀ ਵੱਲ ਜਾਹ
ਮੈਂ ਹਨੇਰੇ ਦੇ ਆਂਡੇ 'ਚੋਂ
ਤੜੱਕ ਕਰ ਕੇ ਬਾਹਰ ਨਿਕਲਿਆ
ਚਾਰ ਚੁਫੇਰੇ ਚਾਨਣ ਪਾਇਆ।

## ਸ਼ਰਾਬ ਬਨਾਮ ਰਾਮ ਰਾਜ

ਇਹ ਉਹੀ ਫਕੀਰਾ ਹੈ
ਜੋ ਮੁਖ ਮੰਤਰੀ ਦੇ ਬੁੱਤ ਲਾਗੇ, ਤਪੜੀ 'ਤੇ ਬੈਠਾ
ਗੰਢਿਆ ਕਰਦਾ ਹੈ, ਲੋਕਾਂ ਦੀਆਂ ਜੁੱਤੀਆਂ
ਰਾਤ ਦਾ ਡਿੱਗਿਆ ਪਿਆ ਏ, ਠੇਕੇ ਦੇ ਬਾਹਰ
ਬਦਨਾਮ ਹੋ ਰਹੀ ਏ ਸਾਡੀ ਸਰਕਾਰ
ਸਾਨੂੰ ਨਹੀਂ ਲੋੜ ਏਹੋ ਜਿਹੇ ਟੁਚਿਆਂ ਤੋਂ ਡਰਨ ਦੀ
ਇਨ੍ਹਾਂ ਨੂੰ ਸ਼ਰਾਬ ਵੇਚ ਕੇ, ਖਾਲੀ ਖਜ਼ਾਨੇ ਭਰਨ ਦੀ

ਉਠਾਉ ਇਸਨੂੰ ਐਥੋਂ, ਮਾਰੋ ਸਾਲ਼ੇ ਦੇ ਜੁੱਤੀਆਂ
ਸੂਝਵਾਨ ਸ਼ਹਿਰੀਓ! ਤੁਸੀਂ ਅੱਗੇ ਆਓ
ਫਕੀਰੇ ਵਰਗੇ ਲੋਕਾਂ ਨੂੰ
ਸ਼ਰਾਬ ਪੀਣ ਦੇ ਮੈਨਰਜ਼ ਐਟੀਕੇਟਸ ਸਿਖਾਓ
ਮਾਰ ਕੁੱਟ ਕਰਨ ਵਾਲੀਆਂ
ਕਦਮ ਕਦਮ 'ਤੇ ਰੋਕਣ ਟੋਕਣ ਵਾਲੀਆਂ
ਇਨ੍ਹਾਂ ਦੀਆਂ ਔਰਤਾਂ ਨੂੰ
ਪਤੀ ਪਰਮੇਸ਼ਰ ਦੀ ਰਜ਼ਾ 'ਚ ਰਹਿਣਾ ਸਿਖਾਓ
ਅਸੀਂ ਸ਼ਰਾਬ ਨੂੰ, ਹਰ ਬੰਦੇ ਦੇ ਭੋਜਨ ਦਾ ਹਿੱਸਾ ਬਣਾਉਣਾ ਹੈ
ਅਜੇ ਤਾਂ ਕਈ ਸਾਲ ਹੋਰ ਰਾਮ ਰਾਜ ਚਲਾਉਣਾ ਹੈ।

## ਘੁੱਗੀਏ ਮਾਫ ਕਰੀਂ

ਇਕ ਘੁੱਗੀ, ਤੇ ਇਕ ਦੋ ਤਿੰਨ ਚਾਰ ਪੰਜ- ਪੰਜ ਕਾਂ
ਕਿਵੇਂ ਮੁਕਾਬਲਾ ਕਰ ਰਹੀ ਏਂ ਤੂੰ?
ਜਦ ਪੱਥਰ ਬਣ ਬਣ ਡਿੱਗਦੀ ਏਂ 'ਕੱਲੇ 'ਕੱਲੇ 'ਤੇ
ਉਹ ਤੈਥੋਂ ਡਰ ਕੇ, ਸਹਿਮ ਕਿਵੇਂ ਜਾਂਦੇ ਨੇ?
ਹਾਂ ਗਿਲਟੀ ਕਾਂਸ਼ਿਅਸ ਤਾਂ ਹੈ ਹੀ
ਅੰਦਰਲਾ ਪਾਲ਼ਾ ਤਾਂ ਮਾਰਦਾ ਹੀ ਹੈ ਸਾਰਿਆਂ ਨੂੰ
ਤੇਰੇ ਬੱਚਿਆਂ ਨੂੰ ਖਾ ਜਾਣ ਦਾ
ਕੋਈ ਪਰਮਿਟ ਤਾਂ ਨਹੀਂ ਹੈ ਉਨ੍ਹਾਂ ਕੋਲ਼
ਘੁੱਗੀਆਂ ਤਾਂ ਹੋਰ ਵੀ ਸਨ ਐਥੇ
ਉਨ੍ਹਾਂ ਦੀ ਘੂੰ ਘੂੰ ਕਿਉਂ ਬੰਦ ਹੋ ਗਈ?
ਕੀ ਤੇਰੀ ਮਦਦ 'ਤੇ ਨਹੀਂ ਆਉਣਗੀਆਂ ਉਹ?
ਆਪੋ ਆਪਣੇ ਮੋਰਚੇ ਮੱਲੀ ਰੱਖਣਗੀਆਂ ਤਾਂ ਪਛਤਾਉਣਗੀਆਂ
ਬੱਚਿਆਂ ਤੋਂ ਵਾਂਝੀਆਂ ਹੁੰਦੀਆਂ ਜਾਣਗੀਆਂ
ਕਾਂ 'ਕੱਠੇ ਹੋ ਕੇ ਵਾਰ ਕਰ ਰਹੇ ਨੇ
ਤੇ ਤੁਸੀਂ ਖੱਖੜੀਆਂ ਕਿਉ ਹੋਈਆਂ ਪਈਆਂ ਹੋ
ਕੀ ਦੁਸ਼ਮਣੀ ਹੈ ਤੁਹਾਡੀ ਆਪਸੀ
ਕਿ ਅੱਡ ਅੱਡ ਰੁੱਖਾਂ 'ਤੇ ਪਾਈ ਬੈਠੀਆਂ ਹੋ ਆਪਣੇ ਆਲ੍ਹਣੇ
ਕਿਧਰੇ ਤੁਸੀਂ ਇਹ ਗੱਲ, ਮਨੁੱਖਾਂ ਤੋਂ ਤਾਂ ਨਹੀਂ ਸਿੱਖ ਲਈ?
ਕਦੋਂ ਦਾ ਖੜ੍ਹਾ ਮੈਂ ਤੇਰੀ ਧਿਰ ਬਣਕੇ
ਚਲਾ ਰਿਹਾਂ ਰੋੜੇ ਕਾਵਾਂ ਵੱਲ
ਪਰ ਕਦੋਂ ਤਕ ਇਹ ਕਰਦਾ ਰਹਾਂਗਾ ਮੈਂ
ਜੰਗ ਤਾਂ ਤੂੰ ਆਪ ਹੀ ਨਜਿੱਠਣੀ ਏਂ
ਮਾਫ ਕਰੀਂ ਘੁੱਗੀਏ! ਮੈਂ ਵੀ ਜਾਣਾ ਏ ਆਪਣੇ ਅਲ੍ਹਣੇ ਵਿਚ
ਮੇਰੇ ਵੀ ਤਾਂ ਬੱਚੇ, ਉਡੀਕਦੇ ਨੇ ਮੈਨੂੰ। 000

***(37/10, ਅਮਰ ਸਟੂਡੀਓ ਪਿੱਛੇ, ਰੇਲਵੇ ਰੋਡ, ਦੋਰਾਹਾ, ਲੁਧਿਆਣਾ 141 421)***



## ਅੱਛਣਾ ਗੱਛਣਾ: ਕਹਾਣੀ: ਨੈਣ ਸੁਖ

*(ਲਹਿੰਦੇ ਪੰਜਾਬ ਵਿਚ ਪੋਠੋਹਾਰ ਦਾ ਜੰਮਪਲ ਅਮੀਰ ਹੈਦਰ ਇਕ ਉੱਘਾ ਆਜ਼ਾਦੀ ਘੁਲਾਟੀਆ ਸੀ ਜੋ ਬਸਤੀਵਾਦੀ ਗ਼ੁਲਾਮੀ ਤੋਂ ਮੁਕਤੀ ਮਗਰੋਂ ਲੰਮੇ ਸਮੇਂ ਤਕ ਪਾਕਿਸਤਾਨ ਵਿਚ ਲੋਕ ਹਿਤੈਸ਼ੀ ਵਰਕਰ ਵਜੋਂ ਕੰਮ ਕਰਦਾ ਰਿਹਾ। ਪੇਸ਼ ਹੈ ਨਾਟਕੀ ਉਤਰਾਵਾਂ ਚੜ੍ਹਾਵਾਂ ਨਾਲ ਪਰੁਚੀ ਉਸਦੀ ਜ਼ਿੰਦਗੀ ਦੀ ਕਹਾਣੀ ਬਾਰੇ ਇਹ ਗਲਪ ਰਚਨਾ)*

ਜੇਲ੍ਹ ਵਿਚ ਕੈਦ ਭੋਗੀ ਤੇ ਕਦੀ ਘਰ ਵਿਚ ਨਜ਼ਰਬੰਦ ਹੋਇਆ। ਜਦੋਂ ਰਿਹਾਈ ਮਿਲੇ,ਥਾਣੇ 'ਤੇ ਹਾਜ਼ਰੀ ਲਾਜ਼ਮੀ। ਰੂਪੋਸ਼ ਹੋਇਆਂ ਖੌਰੇ ਸੁਖ ਦਾ ਸਾਹ ਆਉਂਦਾ ਪਰ ਨਿੱਤ ਅਦਾਲਤੇ ਪੇਸ਼ੀ। ਸਿਆਸੀ ਆਜ਼ਾਦੀ ਲਈ ਇੰਝ ਕੁਰਲਾਂਦਾ ਰਿਹਾ ਜਿਵੇਂ ਉਹ ਡਾਰੋਂ ਵਿਛੜੀ ਕੂੰਜ। ਜੀਹਦੇ ਕਾਮਰੇਡਾਂ ਵਿਚ ਜੀ.ਵੀ.ਘਾਟੇ, ਐੱਸ.ਏ.ਡਾਂਗੇ, ਐੱਸ.ਐੱਸ.ਮਿਰਾਜਕਰ, ਪੀ.ਸੀ.ਜੋਸ਼ੀ, ਮੁਜ਼ੱਫਰ ਅਹਿਮਦ, ਸ਼ੌਕਤ ਉਸਮਾਨੀ ਤੇ ਜੀ.ਅਧਿਕਾਰੀ, ਜਿਹਨਾਂ ਨਾਲ ਉਹਨੇ 1926 ਤੋਂ 1948 ਤਾਈਂ ਮਦਰਾਸ ਤੇ ਬੰਬਈ ਵਿਚ ਆਪਣੇ ਜਵਾਨ ਇਨਕਲਾਬੀ ਜਜ਼ਬਿਆਂ ਤੇ ਆਹਰ ਦੇ ਭਰਵੇਂ ਅਠਾਰਾਂ ਵਰ੍ਹੇ ਗੁਜ਼ਾਰੇ, ਜਿਹੜੇ ਉਹਨੂੰ ਕਦੇ ਵਿਸਰੇ ਨਾ। ਉਹ ਕਮਿਊਨਿਸਟ ਪਾਰਟੀ ਔਫ ਇੰਡੀਆ ਦੇ ਮੋਢੀਆਂ 'ਚੋਂ। ਉਹਦਾ ਬੁੱਤ ਏਧਰ ਆਇਆ ਪਰ ਚਿੱਤ ਓਧਰ ਈ ਰਿਹਾ।

ਓਸ ਪਿੰਡੀਵਾਲ ਮਰਨੇ ਤਾਈਂ ਕਦੀ ਵੀ ਆਪਣੇ ਆਪ ਨੂੰ ਅੰਦਰੋਂ ਪਾਕਿਸਤਾਨੀ ਨਾ ਮੰਨਿਆ। ਉਹਨੇ ਤੇ ਕਦੀ ਆਪਣੇ ਪੰਜਾਬੀ ਹੋਵਣ ਦਾ ਵੀ ਮਾਣ ਨਾ ਕੀਤਾ, ਪਰ ਉਹਨੂੰ ਸਾਰੀ ਹਯਾਤੀ ਆਪਣੇ ਪਛੜੇ ਇਲਾਕੇ ਪੋਠੋਹਾਰ ਦੀ ਗ਼ਰੀਬੀ ਚੁਭਦੀ ਰਹੀ, ਜਿਹਦੇ ਲਈ ਉਹਨੇ ਸਿਆਸੀ ਜਾਗ੍ਰਤੀ ਤੇ ਸੁਰਖ ਇਨਕਲਾਬ ਦਾ ਨਾਅਰਾ ਲਾਇਆ। ਸਾਮਰਾਜੀ ਅਮਰੀਕਾ ਤੇ ਭਾਵੇਂ ਸੋਸ਼ਲਿਸਟ ਰੂਸ, ਉਹਨੂੰ ਪਰਦੇਸੀ ਨੂੰ ਓਥੇ ਇੰਡੀਅਨ ਈ ਲਿਖਿਆ ਤੇ ਸੱਦਿਆ ਗਿਆ। ਉਹਦੀ ਇਹ ਪਛਾਣ ਉਹਦੇ ਅੰਦਰ ਪੱਕੀ ਹੋ ਗਈ।

ਦਸ ਸਾਲ (1960-70) ਸੀ.ਆਈ.ਡੀ. ਦਾ ਪਰਛਾਵਾਂ ਦਾਦੇ ਦੇ ਨਾਲ ਨਾਲ ਰਿਹਾ। ਉਹ ਕੈਦੀ, ਕਾਲੀਆਂ ਸਿਆਲੀਆਂ ਉਹਦਾ ਕੈਦਖਾਨਾ। ਜਿਹੜਾ ਗਰਾਂ ਤੋਂ ਬਾਹਰੋਂ ਦਾਦੇ ਨੂੰ ਮਿਲਣ ਆਵੇ, ਉਹ ਸਰਕਾਰੀ ਖਾਤੇ ਵਿਚ ਮਸ਼ਕੂਕ। ਉਹਨੂੰ ਆਈ ਹਰ ਚਿੱਠੀ ਖੁਲ੍ਹੀ ਹੋਂਦੀ। ਉਹਦਾ ਦਿਲ ਬਹੂੰ ਕਰੇ ਕਿ ਉਹ ਨਾਂ ਤੇ ਵੇਸ ਵਟਾ ਕੇ ਮਜ਼ਦੂਰਾਂ ਤੇ ਕਿਸਾਨਾਂ ਦੇ ਖੁਫੀਆ ਇਕੱਠ ਕਰੇ, ਪਰ ਉਹਦੀ ਨਜ਼ਰ ਹੁਣ ਉਹਦਾ ਸਾਥ ਨਾ ਦੇਵੇ।

ਫੌਜੀ ਜਰਨੈਲਾਂ ਦੀ ਹਾਕਮੀ ਤੋਂ ਮੁਲਕ ਨੂੰ ਖਲਾਸੀ ਮਿਲੀ। ਜਮਹੂਰੀ ਹਕੂਮਤ ਆ ਗਈ। ਸਿਆਸੀ ਵਰਕਰ ਖੁਸ਼ ਪਰ ਉਹਦੇ ਲਈ ਬੁਰੀ ਖਬਰ ਇਹ ਕਿ ਉਹਦਾ ਸਕੂਲ ਨੈਸ਼ਨਲਾਈਜ਼ੇਸ਼ਨ ਦਾ ਸ਼ਿਕਾਰ ਹੋ ਗਿਆ। ਗੱਲ ਏਥੇ ਰੁਕੀ ਨਾ। ਪੰਜਾਬ ਇੰਟਰਮੀਡੀਅਟ ਬੋਰਡ ਵੱਲੋਂ ਇਕ ਨੋਟਿਸ ਵਸੂਲ ਹੋਇਆ ਕਿ ਕਾਲੀਆਂ ਸਿਆਲੀਆਂ ਦਾ ਸਕੂਲ ਹਾਈ ਸਕੂਲ ਦੇ ਸਰਕਾਰੀ ਮੇਚੇ ਵਿਚ ਪੂਰਾ ਨਾ ਆਵੇ। ਕਿਉਂ ਨਾ ਉਹਨੂੰ ਡਾਊਨਗਰੇਡ ਕਰ ਕੇ ਮਿਡਲ ਸਕੂਲ ਕਰ ਦਿੱਤਾ ਜਾਵੇ। ਸਾਰੀ ਉਮਰ ਦੀ ਮਿਹਨਤ ਖੁਰਦੀ ਭੁਰਦੀ ਜਾਪੀ। ਦਾਦਾ ਆਪਣੇ ਸਕੂਲ ਦਾ ਦਰਜਾ ਬਚਾਵਣ ਲਈ ਸਰਕਾਰੀ ਦਫਤਰਾਂ ਦੇ ਚੱਕਰ ਲਾਂਦਾ ਲਾਂਦਾ ਥੱਕ ਗਿਆ। ਲੈਬਾਰਟਰੀ ਤੇ ਦੂਜੀਆਂ ਥੋੜਾਂ ਨੂੰ ਪੂਰਾ ਕਰਨ ਲਈ ਪੈਸੇ ਚਾਹੀਦੇ। ਦਾਦੇ ਸਾਨ ਫ੍ਰਾਂਸਿਸਕੋ (ਅਮਰੀਕਾ) ਵਿਚ ਆਪਣੇ ਪੁਰਾਣੇ ਕਾਮਰੇਡ ਬੁੱਧ ਸਿੰਘ ਢਿੱਲੋਂ ਨੂੰ ਆਪਣੀ ਪਰੇਸ਼ਾਨੀ ਲਿਖੀ, ਜੀਹਨੇ ਤੁਰਤ ਇਕ ਹਜ਼ਾਰ ਡਾਲਰ ਭੇਜ ਦਿੱਤੇ। ਪੋਠੋਹਾਰ ਦੇ ਕਈ ਗ਼ਰੀਬ ਪੁੱਤਰ ਜਿਹੜੇ ਦਾਦੇ

ਨਾਲ ਇਨਕਲਾਬ ਦੇ ਨਾਅਰੇ ਲਾਂਦੇ ਰਹੇ, ਉਹ ਹੁਣ ਬਾਹਰ ਦੇ ਦੇਸਾਂ ਵਿਚ ਕਮਾਊ। ਉਹਨਾਂ ਵੀ ਇਮਦਾਦ ਕੀਤੀ। ਇੰਝ ਦਾਦੇ ਦੇ ਸਕੂਲ ਦਾ ਦਰਜਾ ਹਾਈ ਈ ਰਿਹਾ।ਗ਼ਰੀਬੀ, ਗ੍ਰਿਫਤਾਰੀਆਂ ਤੇ ਅਦਾਲਤਾਂ ਵਿਚ ਮੁਕੱਦਮੇ, ਦਾਦੇ ਦੀ ਨਜ਼ਰ ਤੇ ਜਿਸਮ ਕਮਜ਼ੋਰ ਹੋਂਦੇ ਗਏ। ਪੇਸ਼ਾਬ ਦੀ ਤਕਲੀਫ, ਜਿਹਦੇ ਲਈ ਉਹਦੇ ਮਸਾਨੇ ਦੀ ਗਦੂਦ ਦਾ ਉਪਰੇਸ਼ਨ ਹੋਇਆ।

ਪਾਕਿਸਤਾਨ ਵਿਚ ਸਿਆਸੀ ਇਕਲਾਪਾ ਉਹਨੂੰ ਅੰਦਰੋਂ ਘੁਣ ਵਾਂਗੂੰ ਖਾਂਦਾ ਜਾਏ। ਧਰਤੀ ਲਈ ਜਿਹੜੇ ਇਨਕਲਾਬ ਦੇ ਸੁਫਨੇ ਉਹ ਦੇਖਦਾ ਰਿਹਾ, ਉਹ ਧੁੰਦਲਾ ਗਏ। ਕਮਿਊਨਿਸਟਾਂ ਵਿਚ ਅਸਲ ਨਜ਼ਰਿਆਤੀ ਕੋਈ ਵਿਰਲਾ। ਬਾਹਲ਼ੇ ਮਤਲਬੀ, ਸਾਜ਼ਸ਼ੀ ਤੇ ਲਾਲਚੀ। ਕਾਗ਼ਜ਼ੀ ਪਾਰਟੀ ਤੇ ਕਾਗ਼ਜ਼ੀ ਕਾਰਵਾਈਆਂ। ਸਰਕਾਰੀ ਜ਼ਬਤੀ ਤੋਂ ਬਚ ਗਏ ਆਪਣੇ ਪੁਰਾਣੇ ਕਾਗ਼ਜ਼ਾਂ ਨੂੰ ਫਰੋਲਦਿਆਂ ਦਾਦੇ ਹੱਥ ਯਾਦਾਂ ਦਾ ਰਜਿਸਟਰ ਲੱਗਾ, ਜਿਹੜੀਆਂ ਉਹਨੇ 1939 ਤੋਂ 1942 ਤਾਈਂ ਨਾਸਕ ਜੇਲ੍ਹ ਵਿਚ ਲਿਖੀਆਂ। ਇਹਨਾਂ ਯਾਦਾਂ ਵਿਚ ਉਹਦਾ ਬਚਪਨ ਤੇ ਜਵਾਨੀ ਖਿੜੇ ਹੋਏ। ਸੰਗੀਆਂ ਦਾਦੇ ਨੂੰ ਇਹ ਯਾਦਾਂ ਅੱਗੇ ਟੋਰਨ ਦੀ ਸਲਾਹ ਦਿੱਤੀ। ਦਾਦਾ ਜਿਉਂ ਜਿਉਂ ਯਾਦਾਂ ਲਿਖੇ, ਉਹਨੂੰ ਆਪਣੇ ਵਰਗੇ ਗੁੰਮਨਾਮ ਇੰਡੀਅਨ ਕਾਮਰੇਡ ਜੈ ਰਾਮ, ਸੁਬਾ ਰਾਓ ਤੇ ਕੇ ਬਸ਼ਾਮ ਚੇਤੇ ਆਵਣ। ਸੁਹਾਸ਼ਨੀ ਦਾ ਉਹ ਦੇਰ ਤੇ ਊਸ਼ਾ ਦਾ ਪੁੱਤਰ। ਦਾਦੇ ਵਿਛੜੀਆਂ ਸੰਗਤਾਂ ਨਾਲ ਮਿਲਣੀ ਮਿਥ ਲਈ।

1974 ਵਿਚ ਦਾਦੇ ਪਾਕਿਸਤਾਨੀ ਸਰਕਾਰ ਨੂੰ ਪਾਸਪੋਰਟ ਲਈ ਦਰਖਾਸ ਦਿੱਤੀ। ਇਨਕਾਰ ਹੋ ਗਿਆ, ਜੀਹਦੇ ਖਿਲਾਫ ਉਹਨੇ ਲਹੌਰ ਹਾਈ ਕੋਰਟ ਵਿਚ ਪਟੀਸ਼ਨ ਕੀਤੀ। ਪੰਜ ਸਾਲ ਤਾਰੀਖਾਂ ਪਈਆਂ।1979 ਵਿਚ ਦਾਦੇ ਦੇ ਹੱਕ ਵਿਚ ਫੈਸਲਾ ਹੋਇਆ ਪਰ ਫੌਜੀ ਹਕੂਮਤ ਸੁਪਰੀਮ ਕੋਰਟ ਵਿਚ ਅਪੀਲ ਕਰ ਦਿੱਤੀ। ਜਮਹੂਰੀ ਹਕੂਮਤ ਵਿਚ ਜਿਹੜੇ ਉਹਦੇ ਵਰਕਰ ਉਹਨੂੰ ਛੱਡਕੇ ਪੀਪਲਜ਼ ਪਾਰਟੀ ਵਿਚ ਰਲ਼ੇ, ਉਹਨਾਂ ਨੂੰ ਮਾਰਸ਼ਲ ਲਾਅ ਵਿਚ ਉਹਨੇ ਸ਼ਰ੍ਹੇ ਆਮ ਕੋਰੜੇ ਵਜਦੇ ਦੇਖੇ। ਦਾਦੇ ਦੇ ਅੰਦਰ ਸਿਆਸੀ ਤੇ ਇਨਕਲਾਬੀ ਜਜ਼ਬੇ ਆਖਰੀ ਸਾਹਵਾਂ 'ਤੇ, ਪਰ ਉਹ ਫੇਰ ਨਵੇਂ ਸਿਰੇ ਤੋਂ ਜਾਗ ਪਏ। ਦਾਦਾ ਆਪਣੇ ਖਿੰਡੇ ਹੋਏ ਵਰਕਰਾਂ ਨੂੰ ਲੱਭ ਲੱਭ ਕੇ ਜੋੜਨ ਦੇ ਆਹਰੇ ਲੱਗਾ। 1988 ਵਿਚ ਚੌਦਾਂ ਸਾਲਾਂ ਮਗਰੋਂ ਕਾਨੂੰਨੀ ਜੰਗ ਬਿੱਲੇ ਲੱਗੀ। ਦਾਦੇ ਨੂੰ ਪਾਕਿਸਤਾਨੀ ਪਾਸਪੋਰਟ ਮਿਲ ਗਿਆ। ਪਰ ਜਿਨ੍ਹਾਂ ਨੂੰ ਉਹਨੇ ਇੰਡੀਆ ਮਿਲਣ ਜਾਣਾ ਸੀ, ਜਿਹੜੇ ਉਹਨੂੰ ਬੁਲਾਂਦੇ ਰਹੇ, ਉਹ ਸਭ ਗੁਜ਼ਰ ਗਏ। ਉਹਨਾਂ ਬਾਰੇ ਦਾਦੇ ਦੇ ਕਾਗ਼ਜ਼ਾਂ ਵਿਚ ਉਹਦੇ ਆਪਣੇ ਹੱਥ ਦਾ ਲਿਖਿਆ: ...In CPI there were scholars and leaders who have great exploits to their credit, and I am a semi literate working class revolutionary, a rare social animal. Yet they still have some fascination for me...

ਦਾਦੇ ਨੂੰ ਇੰਡੀਆ ਵਿਚ ਆਪਣੇ ਪੁਰਾਣੇ ਕਾਮਰੇਡ ਭਾਵੇਂ ਨਾ ਮਿਲੇ ਪਰ ਉਹਦੇ ਕੁਝ ਜੂਨੀਅਰ ਹੁਣ ਸੀ.ਪੀ.ਆਈ.ਵਿਚ ਸੀਨੀਅਰ ਲੀਡਰ, ਜਿਨ੍ਹਾਂ 'ਚੋਂ ਇਕ ਵੀ.ਡੀ.ਚੋਪੜਾ ਜਿਹੜਾ 1946 ਵਿਚ ਉਹਦੇ ਨਾਲ ਰਾਵਲਪਿੰਡੀ ਵਿਚ ਪਾਰਟੀ ਲਈ ਕੰਮ ਕਰਦਾ ਰਿਹਾ। ਉਹਨੇ ਦਾਦੇ ਦੀਆਂ ਅੱਖਾਂ ਦੇ ਇਲਾਜ ਲਈ ਬੜਾ ਆਹਰ ਕੀਤਾ, ਪਰ ਡਾਕਟਰਾਂ ਜਵਾਬ ਦੇ ਦਿੱਤਾ। ਦਾਦੇ ਨੂੰ ਇਲਾਜ ਲਈ ਲੰਡਨ ਜਾਣ ਦੀ ਸਲਾਹ, ਪਰ ਦਾਦਾ ਕੁਝ ਦਿਨ ਇੰਡੀਆ ਰਹਿ ਕੇ ਵਾਪਸ ਰਾਵਲਪਿੰਡੀ ਆ ਗਿਆ।

ਜਿਸਮ ਵਿਚ ਜਾਨ ਨਾ ਅੱਖਾਂ ਵਿਚ ਨੂਰ, ਪਰ ਦਾਦੇ ਦਾ ਇਨਕਲਾਬੀ ਜਜ਼ਬਾ ਉਹਨੂੰ ਟੋਰੀ ਰੱਖੇ। ਉਹਦੀ ਖੂੰਡੀ ਉਹਨੂੰ ਰਾਹ ਸੁਝਾਏ। ਉਹ ਭਰੀਆਂ ਲਾਰੀਆਂ ਤੇ ਵੈਗਨਾਂ ਵਿਚ ਸਫਰ ਕਰਦਾ। ਮਜ਼ਦੂਰਾਂ ਦੇ ਮਸਲੇ, ਕਿਸਾਨਾਂ ਦੀਆਂ ਮੰਗਾਂ ਤੇ ਝੁੱਗੀਵਾਸ ਪਾਰਟੀ ਵਰਕਰਜ਼ ਦੀ ਨਿੱਤ ਦਰ-ਬਦਰੀ, ਦਾਦਾ ਸਾਰਾ ਦਿਨ ਚਲਦਾ ਰਵ੍ਹੇ। ਠੇਡਾ ਲੱਗੇ, ਡਿਗਦਿਆਂ ਤੁਰਤ ਆਪਣੀ ਖੂੰਡੀ ਲੱਭੇ। 1989 ਦਸੰਬਰ ਦੀ ਸਰਦੀ ਵਿਚ ਠਰਦਿਆਂ ਸੜਕ ਪਾਰ ਕਰਦੇ ਨੂੰ ਲਾਰੀ ਟੱਕਰ ਮਾਰ ਗਈ। ਫੱਟੜ ਦਾਦਾ ਬਿਸਤਰੇ ਵਿਚ ਕੈਦ ਹੋ ਗਿਆ। ਜਿੱਥੋਂ ਰਿਹਾਈ ਲਈ ਆਹਰ ਕਰੇ ਪਰ ਉੱਠਿਆ ਨਾ ਜਾਵੇ। ਪਾਕਿਸਤਾਨ ਦੇ ਦਫਤਰੀ ਖਾਤੇ ਵਿਚ ਜਿਹੜਾ ਬਤਾਲੀ ਸਾਲ ਖਤਰਨਾਕ



ਮੁਜਰਮ ਲਿਖੀਚਾ ਰਿਹਾ, ਉਹਦੇ ਲਈ ਸਰਕਾਰੀ ਐਲਾਨ ਹੋਇਆ: Dada Ameer Haider, a great revolutionary, a freedom fighter, ਜਿਹੜਾ ਉਹਨੇ ਆਪਣੇ ਕੰਨੀਂ ਨਾ ਸੁਣਿਆ। ਉਹਦੇ ਸਰਕਾਰੀ ਇਲਾਜ ਦੀ ਮਨਜ਼ੂਰੀ ਹੋਈ ਪਰ ਉਹਦੀ ਬਿਮਾਰੀ ਮੁੱਕ ਗਈ ਤੇ ਮੋਏ ਦੀ ਮੰਜੀ ਕੋਲ ਬੈਠੇ ਰਾਜਾ ਤੇ ਮਲਿਕ ਕਿਸੇ ਕਾਮਰੇਡ ਨੂੰ ਲਿਖੇ ਉਹਦੇ ਖਤ ਦੀਆਂ ਇਹ ਸਤਰਾਂ ਪੜ੍ਹਕੇ ਬਹੁੰ ਦੁਖੀ ਹੋਏ: ...I do not sleep normally, but walk a lot. If I do not become a victim of some traffic accident, I shall live for a few years more to watch the show of kindness put by our benefactors.

0 0 0

ਜਦੋਂ ਦਾਦੇ ਪਹਿਲੀ ਵਾਰ ਆਪਣੇ ਗਰਾਂ ਵਿਚ ਅਗਾਂਹਵਧੂ ਸੋਸ਼ਲਿਸਟ ਆਦਰਸ਼ ਪਰਚਾਰੇ, ਉਹਦੇ ਸੰਗੀ ਬਬਲਾਏ, "ਦਰਮਾੜ! ਅਜ਼ਲ ਦਿਹਾੜੇ ਤੋਂ ਲਿਖੀ ਤਕਦੀਰ ਵੀ ਕਦੀਂ ਬਦਲੀ!"

"ਤੁਸਾਂ ਰਾਜਿਆਂ, ਜੱਟਾਂ, ਸ਼ੀਆਂ ਤੇ ਸੁੰਨੀਆਂ ਆਲ਼ੇ ਖਾਨੇ ਬਣਾਈ ਛੋੜੇ! ਵਲੈਤ ਆਲ਼ੇ ਪੈਸੇ ਪਿੱਛੇ ਸਾਂਝ ਸਲੂਕ ਛੋੜੀ ਕੇ ਹਿਕ ਦੂਏ ਕੀ ਖੋਹੀ ਖੋਹੀ ਪਈ ਖਾਨੇ ਓ!...ਇਹ ਕਾਠ ਬੂਹਾ, ਅਹਾਤੇ, ਖੂਹ ਤੇ ਸ਼ਾਮਲਾਟਾਂ ਸਭ ਨਾ ਸਾਂਝਾ"।

"ਓ ਯੇਰਾ, ਨਾ ਐਵੇਂ ਨਿਕੰਮੀਆਂ ਲੋੜ੍ਹ! ਮੁਕੱਦਰਾਂ ਨਾਲ ਵੀ ਕਦੀਂ ਮੁਕਾਵਲੇ ਹੋਏ, ਜੰਮਿਆ ਕੋਈ ਹੋਣੀ ਕੀ ਰੋਕਣੇ ਆਲ਼ਾ!"

"ਵੇਲ਼ਾ ਹੱਥੋਂ ਲਗਾ ਜੁਲਣਾ, ਇਹਨਾਂ ਜ਼ੁਲਮੇਂ ਨੀਆਂ ਸਿਆਸਤਾਂ ਕੀ ਲੱਤਾਂ ਮਾਰੀ ਕੱਢੋ!"

ਉਹ ਰੋਜ਼ਾ ਨਮਾਜ਼ ਨਾ ਕਰਦਾ। ਉਹਦੇ ਸੰਗੀ ਉਹਨੂੰ ਮਸੀਤੀ ਨੇ ਮੁਨਾਰੇ ਤੋਂ ਡਰਾਂਦੇ, "ਸ਼ਰੀਅਤ ਨਾਲ ਸ਼ਰੀਕਾ ਕੁਫਰ"। ਪੋਠੋਹਾਰ ਵਿਚ ਓਸ ਇੰਡੀਅਨ ਕਾਮਰੇਡ ਦੇ ਗਰਾਈਂ ਉਹਦਾ ਅੱਛਣਾ ਗੱਛਣਾ ਤੱਕਦੇ ਰਹੇ। ਰੇਲ ਗੱਡੀ, ਲਾਰੀਆਂ, ਮੋਟਰਾਂ, ਰਕਾਟੀ ਬਾਜੇ, ਬਿਜਲੀਆਂ ਤੇ ਰੇਡੀਓ ਆ ਗਏ ਪਰ "ਮੁੱਦਤਾਂ ਹੋਈਆਂ, ਅੱਡੀਆਂ ਚਾਈ ਚਾਈ ਤੱਕਨੇ ਆਂ, ਇਹ ਇਨਕਲਾਬ ਕਿੱਦਣ ਆ ਸੀ?"

ਇਨਕਲਾਬ ਤੇ ਨਾ ਆਇਆ ਪਰ ਉਹਨੇ ਆਪਣੇ ਅਣਪੜ੍ਹ ਗਰਾਂ ਵਿਚ ਸਕੂਲ ਦੀ ਉਸਾਰੀ ਛੋਹੀ, ਜੀਹਦੇ ਵਿਚ ਅੱਜ ਉਹ ਦਫਨ ਹੋ ਰਿਹਾ;

"ਚੰਗਾ ਜਾਗਣਾ ਬੰਦਾ ਸੀ"। ਜਨਜ਼ੇ ਦਾ ਐਲਾਨ ਹੋਇਆ, ਖਲਕਤ ਤਰੁਟੀ ਕੇ ਪਈ, "ਜੰਨਤ ਵਿਚ ਜਾ ਸੀ"।

"ਨਾ ਯੇਰਾ, ਜੰਨਤ ਵਿਚ ਦਰਜੇ। ਕਾਮਰੇਡ ਜਲਸਾ ਜਲੂਸ ਕਰਸੀ... ਵਈ ਸਭ ਲਈ ਜੰਨਤ ਹਿਕੋ ਜੇਹੀ"।

ਦਾਦਾ ਅਮੀਰ ਹੈਦਰ ਦੀ ਸਲਾਮੀ ਲਈ ਕਿੱਥੋਂ ਕਿੱਥੋਂ ਕਾਮਰੇਡ ਆਏ, ਜਿਹਨਾਂ ਦੀ ਭੀੜ ਵਿਚ ਰਾਵਲਪਿੰਡੀ ਤੋਂ ਉਹਦੇ ਜਨਾਜ਼ੇ ਦਾ ਜਲੂਸ ਜਿਵੇਂ ਇਨਕਲਾਬੀ ਜਜ਼ਬਿਆਂ ਦੀ ਜੰਝ ਹੋਵੇ। ਦਫਨ ਹੋਂਦੇ ਨੂੰ ਦੇਖਦਿਆਂ ਉਹਦੇ ਦੋ ਬੁੱਢੇ ਗਰਾਈਂ ਕਰਮ ਖਾਨ ਤੇ ਮੌਲਾ ਦਾਦ ਉਹਨੂੰ ਚੇਤੇ ਕਰ ਰਹੇ ਜਿਹੜੇ ਕਾਲੀਆਂ ਸਿਆਲੀਆਂ ਹਾਈ ਸਕੂਲ ਦੀ ਕੰਧ ਨਾਲ ਟੇਕ ਲਾਈ ਬੈਠੇ, ਜਿਹਨਾਂ ਦੇ ਨੇੜੇ ਦੋ ਕਾਮਰੇਡ, ਮਲਿਕ ਤੇ ਰਾਜਾ, ਖਲੋਤੇ ਹੋਏ ਜੋ ਕਮਿਊਨਿਸਟ ਦਾਦੇ ਦਾ ਕਾਡਰ ਰਹੇ। ਮਲਿਕ ਪਿੱਛੋਂ ਚਕਵਾਲ ਦਾ ਟੀਚਰ ਯੂਨੀਅਨ ਚਲਾਵੇ ਤੇ ਰਾਜਾ ਜਿਹਲਮ ਦੀ ਲੇਬਰ ਯੂਨੀਅਨ ਦਾ ਆਹਰੀ। ਉਹ ਦੋਵੇਂ ਬਹੁੰ ਚਿਰ ਦਾਦੇ ਦੇ ਨਾਲ ਰਹੇ, ਜਿਨ੍ਹਾਂ ਦਾਦੇ ਦੀਆਂ ਲਿਖੀਆਂ ਯਾਦਾਂ ਪੜ੍ਹੀਆਂ ਹੋਈਆਂ ਤੇ ਜ਼ੁਬਾਨੀ ਵੀ ਪੂਰੀ ਪੂਰੀ ਰਾਤ ਉਹਦੇ ਕੋਲ਼ੋਂ ਉਹਦੀ ਕਹਾਣੀ ਸੁਣੀ। ਮਲਿਕ ਤੇ ਰਾਜਾ ਏਸ ਵੇਲ਼ੇ ਕਰਮ ਖਾਨ ਤੇ ਮੌਲਾ ਦਾਦ ਨੂੰ ਦਾਦੇ ਬਾਰੇ ਪੁੱਛ ਵੀ ਰਹੇ ਤੇ ਦੱਸ ਵੀ ਰਹੇ।

ਕਾਲੀਆਂ ਸਿਆਲੀਆਂ ਹਾਈ ਸਕੂਲ ਦਾਦਾ ਅਮੀਰ ਹੈਦਰ ਦੀ ਜਿਹੜੀ ਜਵੀਂ ਉਪਰ

ਬਣਿਆ, ਉਹ ਉਹਦੀ ਕੋਈ ਜੱਦੀ ਜਾਇਦਾਦ ਨਹੀਂ, ਜਿਹੜੀ ਕਦੋਕੀ ਨੰਬਰਦਾਰ ਦੇ ਕਬਜ਼ੇ ਵਿਚ।---ਹੋਇਆ ਇੰਝ ਕਿ ਰੰਡੇ ਫਤਹਿ ਅਲੀ ਖਾਂ ਦੀ ਇਕੋ ਇਕ ਧੀ ਜਿਹੜੀ ਓਸ ਗਰਾਂ ਦੇ ਨੰਬਰਦਾਰ ਨਾਲ ਵਿਆਹੀ। ਇਕੱਲਾ ਰਹਿ ਗਿਆ ਤੇ ਸੰਗੀਆਂ ਸਾਥੀਆਂ ਉਹਨੂੰ ਦੂਜੇ ਵਿਆਹ ਦੀ ਸਲਾਹ ਦਿੱਤੀ ਜੀਹਦੇ 'ਚੋਂ ਤਿੰਨ ਪੁੱਤਰ ਹੋਏ। ਤੀਜਾ ਜੰਮਦਿਆਂ ਈ ਮਰ ਗਿਆ, ਦੋ ਜਿਉਂਦੇ ਰਹੇ।ਵੱਡਾ ਅਤਾ ਮੁਹੰਮਦ ਕਾਲੂ ਤੇ ਨਿੱਕਾ ਫਤਹਿ ਮੁਹੰਮਦ ਫੱਤਾ। ਪੁੱਤਰ ਅਹੇ ਸਿਆਣੇ ਨਾ ਹੋਏ ਕਿ ਪਿਉ ਬਿਮਾਰ ਹੋ ਕੇ ਮੰਜੀ ਮੱਲ ਲਈ,ਤੇ ਮਰਨ ਲੱਗਿਆਂ ਪੁੱਤਰਾਂ ਨੂੰ ਧੀ ਤੇ ਜੁਆਈ ਦੇ ਸਪੁਰਦ ਕਰ ਗਿਆ। ਜੁਆਈ ਨੰਬਰਦਾਰ ਸੀ ਜੀਹਨੇ ਪਟਵਾਰੀ ਨਾਲ ਰਲ਼ ਕੇ ਝੂਠਾ ਮੁਖਤਿਆਰਨਾਮਾ ਬਣਵਾਇਆ ਤੇ ਸਹੁਰੇ ਦੀ ਭੋਇੰ ਉਹਦੀ ਧੀ,ਆਪਣੀ ਘਰਵਾਲੀ ਦੇ ਨਾਂ ਕਰਵਾ ਲਈ। ਆਪਣੀ ਦਾਦਕੀ ਮਾਲਕੀ ਤੋਂ ਬੇਦਖਲ ਹੋਂਦਿਆਂ ਹਰ ਲਗਦੇ ਬੰਦੇ ਕਾਲੂ ਨੂੰ ਮੁਕੱਦਮੇਬਾਜ਼ੀ ਦੀ ਸਲਾਹ ਦਿੱਤੀ ਪਰ ਕਚਹਿਰੀ ਜਾਂਦਿਆਂ ਏਸ ਸੋਚ ਉਹਦੇ ਕਦਮ ਰੋਕ ਲਏ,'ਭੈਣੂੰ ਨਾਲ ਮੁਕੱਦਮਾ ਲੜਸੇਂ!' ਕਾਲੂ ਵਾਪਸ ਪਰਤ ਆਇਆ। ਤੇ ਓਸੇ ਭੈਣ ਜਦੋਂ ਧੀ ਦਾ ਵਿਆਹ ਰਚਾਇਆ, ਕਾਲੂ ਰੱਜ ਨਾਨਕਵਾਲੀ ਦਿੱਤੀ, ਜੀਹਦੇ ਲਈ ਉਹਨੂੰ ਜਿਹਲਮ ਜਾ ਕੇ ਮਜ਼ਦੂਰੀ ਕਰਨੀ ਪਈ। ਕਾਲੂ ਆਪਣੀ ਮਾਂ ਤੇ ਨਿੱਕੇ ਭਰਾਊ ਨੂੰ ਨਾਲ ਲੈ ਕੇ ਰੁਲ਼ਦਿਆਂ ਫਿਰਦਿਆਂ ਏਸ ਬੰਜਰ ਭੋਇੰ ਉੱਤੇ ਆ ਆਬਾਦ ਹੋਇਆ ਜਿੱਥੇ ਉਹਦੇ ਪੁੱਤਰ ਅਮੀਰ ਹੈਦਰ ਹਾਈ ਸਕੂਲ ਬਣਾਇਆ ਜਿਹੜਾ ਸੈਲਾਨੀ ਰੂਹ,ਜੀਹਨੇ ਮਰਨ ਤਾਈਂ ਇਨਕਲਾਬੀ ਜੀਵਨ ਹੰਢਾਇਆ। ਇਨਕਲਾਬ ਉਹਦਾ ਇਸ਼ਕ ਜੀਹਦੇ ਨਾਲ ਉਹਨੇ ਵਿਆਹ ਕੀਤਾ। ਜਜ਼ਬੇ ਥੁੜੇ ਤੇ ਨਾ ਉਹ ਕਦੀ ਆਪਣੀ ਰਾਹ ਤੋਂ ਥਿੜਕਿਆ। ਨੱਬੇ ਸਾਲ ਦਾ ਬੁੱਢਾ ਹੋ ਕੇ ਫੌਤ ਹੋਇਆ। ਰੋਵਣ ਵਾਲਾ ਕੋਈ ਨਾ ਪਰ ਇਨਕਲਾਬ ਦੇ ਨਾਅਰੇ ਮਾਰਦਿਆਂ ਦਫਨਾਣ ਲਈ ਮੁਲਖ ਢੁੱਕਿਆ ਜਿਹਨਾਂ ਵਿਚ ਮਜ਼ਦੂਰ ਕਿਸਾਨ ਤੇ ਰਾਵਲਪਿੰਡੀ ਤੋਂ ਜਨਾਜ਼ੇ ਨਾਲ ਆਏ ਕੱਚੀਆਂ ਆਬਾਦੀਆਂ ਦੇ ਵਸਨੀਕ।ਵੈਣ ਨਾ ਹਾਲ ਦੁਹਾਈ, ਮੋਏ ਸੰਗੀ ਦੀਆਂ ਪਿੱਛੇ ਰਹਿ ਗਈਆਂ ਗੱਲਾਂ ਧੁੰਮ ਰਹੀਆਂ।

0 0 0

1946 ਜਦੋਂ ਦਾਦੇ ਅਮੀਰ ਹੈਦਰ ਇਹ ਸਕੂਲ਼ ਬਣਵਾਣਾ ਛੋਹਿਆ ਉਹਦੇ ਕੋਲ਼ ਥੋੜ੍ਹੇ ਜਿਹੇ ਪੈਸੇ ਸਨ,ਜਿਹੜੇ ਉਹਨੇ ਪਰਦੇਸਾਂ ਵਿਚ ਮਿਹਨਤ ਮਜ਼ਦੂਰੀ ਕਰ ਕੇ ਬਚਾਏ। ਥਾਂ ਉਹਦੀ ਆਪਣੀ ਸੀ ਜਿਹੜੀ ਉਹਨੂੰ ਪਿਉ ਦੀ ਵਿਰਾਸਤ 'ਚੋਂ ਹਿੱਸੇ ਵਿਚ ਆਈ। ਬਹੁਤੀ ਇਮਦਾਦ ਉਹਨੂੰ ਬਾਹਰੋਂ ਆਈ ਜਿਹੜੀ ਉਹਦੇ ਕਾਮਰੇਡਾਂ ਉਹਨੂੰ ਘੱਲੀ। ਉਹਨੂੰ ਆਪ ਵੀ ਏਥੇ ਉਸਾਰੀ ਲਈ ਮਜ਼ਦੂਰ ਬਣਨਾ ਪਿਆ। ਓਸ ਸਿਰ ਉੱਤੇ ਇੱਟਾਂ ਤੇ ਮਿੱਟੀ ਗਾਰਾ ਢੋਹਿਆ। ਵੰਗਾਰੇ ਸੰਗੀਆਂ ਨਾਲ ਕੰਮ ਕਰਦਿਆਂ ਉਹ ਆਪਣੀ ਹਯਾਤੀ ਵਿਖਾਂਦਾ ਜਾਏ। ਹਰ ਕੋਈ ਉਹਦੀ ਗੱਲ ਧਿਆਨ ਨਾਲ ਸੁਣੇ। ਉਹ ਫੌਜੀ ਟਾਈਪ ਖਰ੍ਹਵਾ ਕਮਿਊਨਿਸਟ ਜੀਹਨੂੰ ਯਾਦਾਂ ਕੁਤਕੁਤਤਾੜੀ ਕੱਢਣ ਤੇ ਉਹ ਪੋਠੋਹਾਰੀਆਂ ਦੀਆਂ ਲੋੜਾਂ ਥੋੜਾਂ ਨੂੰ ਗਾਵਣ ਲੱਗ ਪਵੇ।

ਨਿਖੱਟੂ ਤੇ ਨਿਕੰਮਾ ਚਾਚਾ ਉਹਦਾ ਮਤਰੇਆ ਪਿਉ ਜੀਹਦੇ ਕੋਲ਼ ਅਮੀਰ ਹੈਦਰ ਦੀ ਪੜ੍ਹਾਈ ਜੋਗਾ ਧੇਲਾ ਨਾ। ਅੱਠਾਂ ਵਰ੍ਹਿਆਂ ਦੀ ਇਆਣੀ ਉਮਰੇ ਅੱਠ ਮੀਲ ਦੂਰ ਬਿਉਲ ਦੇ ਪ੍ਰਾਇਮਰੀ ਸਕੂਲੇ ਪੜ੍ਹਨ ਗਿਆ। ਖਰਚੇ ਲਈ ਉਹਨੂੰ ਸਕੂਲ ਵਿਚ ਖਾਕਰੂਬ ਦੀ ਨੌਕਰੀ ਮਿਲ ਗਈ। ਅਸਲੀ ਖਾਕਰੂਬ ਵਡੇਰੀ ਉਮਰ ਦਾ, ਜੀਹਦੀ ਥਾਂ ਇਹ ਕੰਮ ਕਰਦਾ। ਦੋ ਰੁਪਏ ਤਨਖਾਹ, ਇਕ ਰੁਪਈਆ ਇਹਨੂੰ ਲੱਭਦਾ ਤੇ ਇਕ ਰੁਪਈਆ ਅਸਲ ਖਾਕਰੂਬ ਆ ਕੇ ਲੈ ਜਾਏ, ਜਿਹੜਾ ਬਖਸ਼ੀ ਗੋਪਾਲ ਸਿੰਘ ਪਟਵਾਰੀ ਦੇ ਘਰ ਨੌਕਰ। ਅਮੀਰ ਹੈਦਰ ਦੀ ਨੌਕਰੀ ਕੀ, ਸਕੂਲ ਦੇ ਦੋਂਹ ਕਮਰਿਆ, ਬਰਾਂਡੇ ਤੇ ਵਿਹੜੇ ਦੀ ਬਹੁਕਰ ਤੇ ਪਾਣੀ ਦਾ ਤਰੌਂਕਾ। ਖੂਹ 'ਚੋਂ ਪੜ੍ਹਾਕਾਂ ਦੇ ਪੀਣ ਤੇ ਤਖਤੀਆਂ ਧੋਵਣ ਲਈ ਬੋਕੀਆਂ ਨਾਲ ਪਾਣੀ ਕੱਢਣਾ। ਉਹ ਹੈਡਮਾਸਟਰ ਦੀ ਘੋੜੀ ਵੀ ਸਾਂਭੇ ਤੇ ਨਾਲੇ ਪਟਵਾਰੀ ਦੀ ਬਾਲੜੀ ਨੂੰ ਵੀ ਖਿਡਾਣਾ ਪਵੇ। ਇਹ ਸਭ ਕੁਝ ਕਰਦਿਆਂ ਉਹ ਪੜ੍ਹਦਾ।



ਉਹ ਥੱਕਦਾ ਨਾ ਕਿਉਂਜੁ ਉਹ ਆਪਣੇ ਹੈਡਮਾਸਟਰ ਮੁਣਸ਼ੀ ਦੇਵੀ ਦੱਤਾ ਮੱਲ ਨੂੰ ਹਰ ਵੇਲ਼ੇ ਕੰਮ ਕਰਦਿਆਂ ਵੇਖੇ, ਜਿਹਦੀ ਪੂਰੇ ਜ਼ਿਲ੍ਹਾ ਰਾਵਲਪਿੰਡੀ ਵਿਚ ਮਸ਼ਹੂਰੀ, ਜਿਹੜਾ ਹੈਡਮਾਟਰ, ਪੋਸਟਮਾਸਟਰ, ਅਸ਼ਟਾਮ ਫਰੋਸ਼ ਤੇ ਵਸੀਕਾ ਨਵੀਸ। ਮੁਣਸ਼ੀ ਦੇਵੀ ਦੱਤਾ ਮੱਲ ਪੂਰੀ ਮਿਹਨਤ ਤੇ ਸਿਦਕ ਨਾਲ ਪੜ੍ਹਾਂਦਾ ਤੇ ਹੈਡਮਾਸਟਰੀ ਵੀ ਕਰਦਾ, ਜੀਹਦੀ ਉਹਨੂੰ ਸੋਲ਼ਾਂ ਰੁਪਏ ਮਹੀਨਾ ਤਨਖਾਹ ਮਿਲੇ। ਪੋਸਟ ਆਫਸ ਦੀ ਮੁਕਾਮੀ ਬਰਾਂਚ ਸਕੂਲ ਵਿਚ, ਜੀਹਦਾ ਪੋਸਟਮਾਸਟਰ ਵੀ ਮੁਣਸ਼ੀ ਦੇਵੀ ਦੱਤਾ ਮੱਲ। ਧਿਆਨ ਤੇ ਦਿਆਨਤ ਨਾਲ ਸਾਰਾ ਕੰਮ ਕਰੇ। ਕਦੀ ਉਹਨੇ ਅਮਾਨਤ ਵਿਚ ਖਿਆਨਤ ਨਾ ਕੀਤੀ। ਏਸ ਨੌਕਰੀ ਦੇ ਉਹਨੂੰ ਪੰਜ ਰੁਪਏ ਮਹੀਨਾ ਲੱਭਦੇ। ਉਹ ਲਸੰਸ ਯਾਫਤਾ ਅਸ਼ਟਾਮ ਫਰੋਸ਼। ਖਰੀਦਾਰ ਕੋਲ਼ੋਂ ਉਹ ਸਰਕਾਰੋਂ ਮਨਜ਼ੂਰ ਸ਼ੁਦਾ ਸ਼ਰ੍ਹਾ ਦੇ ਹਿਸਾਬ ਨਾਲ ਦੋ ਫੀਸਦ ਕਮਿਸ਼ਨ ਲੈਂਦਾ। ਉਹ ਸਨਦ ਯਾਫਤਾ ਵਸੀਕਾ ਨਵੀਸ, ਸ਼ਾਹੂਕਾਰਾਂ ਲਈ ਰਹਿਣਨਾਮੇ ਲਿਖਦਾ ਜਿਹੜੇ ਸਾਰੇ ਖੱਤਰੀ,ਹਿੰਦੂ ਤੇ ਸਿੱਖ। ਰਹਿਣਨਾਮਾ ਲਈ ਵਸੀਕਾ ਨਵੀਸ ਦੀ ਫੀਸ ਕਰਜ਼ਦਾਰ ਦੇਂਦਾ। ਕਿਸਾਨ ਵਗਦੀ ਭੋਇੰ ਰਹਿਣ ਰਖਦਾ ਪਰ ਕਰਜ਼ਦਾਰ ਮੁਜਾਰੇ ਤੇ ਕੰਮੀ ਲਈ ਲਾਜ਼ਮੀ ਕਿ ਉਹਦੇ ਕਿੱਲੇ ਉੱਤੇ ਕੋਈ ਡੰਗਰ ਬੱਝਾ ਹੋਵੇ। ਰਹਿਣ ਹੋਵਣ ਵਾਸਤੇ ਡੰਗਰ ਲਈ ਦੋ ਸ਼ਰਤਾਂ: ਜੇ ਮੱਝ ਗਾਂ, ਉਹ ਦੁੱਧ ਦੇਂਦੀ ਹੋਵੇ, ਤੇ ਜੇ ਢੱਗਾ ਸੰਢਾ, ਉਹ ਜੁਪਦਾ ਹੋਵੇ।

ਬਿਉਲ ਦੇ ਪ੍ਰਾਇਮਰੀ ਸਕੂਲ ਵਿਚ ਕੋਈ ਦੋ ਸੌ ਪੜ੍ਹਾਕ ਸਨ। ਬਹੁਤੇ ਮੁੰਡੇ ਹਿੰਦੂ ਸਿੱਖ, ਥੋੜ੍ਹੇ ਜੇਹੇ ਮੁਸਲਮਾਨ। ਅਕਸਰ ਪੜ੍ਹਾਕ ਗ਼ਰੀਬੀ ਵਜਹੂੰ ਪੈਰੋਂ ਨੰਗੇ ਸਕੂਲ ਆਉਂਦੇ, ਪਰ ਸਕੂਲ ਵਿਚ ਇਕ ਪੜ੍ਹਾਕ ਸ਼ਹਿਜ਼ਾਦੇ ਵਾਂਗੂੰ ਘੋੜੇ ਉੱਤੇ ਬਹਿ ਕੇ ਪੜ੍ਹਨ ਆਉਂਦਾ ਜਿਹੜਾ ਨਿੱਤ ਨਵੇਂ ਲਿਸ਼ਕੇ ਕਪੜੇ ਪਾਵੇ। ਉਹ ਸ਼ਾਹੂਕਾਰ ਚੌਧਰੀ ਰਾਮ ਸਿੰਘ ਦਾ ਪੁੱਤਰ ਸੋਹਣ ਸਿੰਘ। ਹੈਡਮਾਸਟਰ ਦੇਵੀ ਦੱਤਾ ਮੱਲ ਨੂੰ ਆਪਣੇ ਸ਼ਾਗਿਰਦਾਂ ਦੀ ਪੜ੍ਹਾਈ ਦੀ ਬੜੀ ਫਿਕਰ ਰਹਿੰਦੀ। ਉਹ ਪੜ੍ਹਾਂਦਿਆਂ ਹਿੰਦੂ ਸਿੱਖ ਤੇ ਮੁਸਲਮਾਨਾਂ ਵਿਚ ਕੋਈ ਵਿਤਕਰਾ ਨਾ ਕਰਦਾ। ਸਾਰੇ ਸਕੂਲੀ ਮੁੰਡੇ ਉਹਦੀ ਇੱਜ਼ਤ ਕਰਦੇ। ਮੁਣਸ਼ੀ ਦੇਵੀ ਦਿੱਤਾ ਮੱਲ ਦੇ ਘਰ ਵਾਲੇ ਕੱਲਰ ਰਹਿੰਦੇ, ਜਿਹੜਾ ਬਿਉਲ ਤੋਂ ਸੱਤ ਮੀਲ ਦੂਰ। ਉਹਨੂੰ ਇਕ ਵਾਰੀ ਤਾਪ ਚੜ੍ਹ ਗਿਆ। ਅਮੀਰ ਹੈਦਰ ਉਹਦਾ ਸੇਵਕ। ਮੁਣਸ਼ੀ ਬੇਹੋਸ਼ੀ ਵਿਚ 'ਪਾਣੀ! ਪਾਣੀ!' ਅਮੀਰ ਹੈਦਰ ਭੱਜ ਕੇ ਪਾਣੀ ਲਿਆਂਦਾ, ਜੀਹਨੂੰ ਮੁਣਸ਼ੀ ਕਰੋਧ ਨਾਲ ਪਰਾਂਹ ਕਰ ਦਿੱਤਾ। ਡਿਗਦਿਆਂ ਢਹਿੰਦਿਆਂ ਉਹਨੇ ਆਪ ਜਾ ਕੇ ਘੜੇ ਨੂੰ ਮੂੰਹ ਲਾਇਆ। ਭਿੱਟ ਗਿਆ ਪਿਆਲਾ ਅਮੀਰ ਹੈਦਰ ਦੇ ਹੱਥ ਵਿਚ ਈ ਰਹਿ ਗਿਆ, ਜੀਹਨੂੰ ਸਮਝ ਆ ਗਈ ਕਿ ਜਦੋਂ ਬਖਸ਼ੀ ਗੋਪਾਲ ਸਿੰਘ ਪਟਵਾਰੀ ਦੀ ਬਾਲੜੀ ਉਹਦੇ ਹੱਥ 'ਚੋਂ ਰੋਟੀ ਦੀ ਬੁਰਕੀ ਆਪਣੇ ਮੂੰਹ ਵਿਚ ਪਾ ਲਈ, ਪਟਵਾਰਨ ਬਾਲੜੀ ਦੇ ਸੰਘ ਵਿਚ ਉਂਗ਼ਲੀ ਫੇਰ ਕੇ ਉਲਟੀ ਕਰਵਾ ਦਿੱਤੀ ਸੀ। ਫੇਰ ਵੀ ਅਮੀਰ ਹੈਦਰ ਦਾ ਬਿਉਲ ਵਿਚ ਦਿਲ ਲੱਗ ਗਿਆ ਕਿਉਂ ਜੇ ਏਸ ਤੋਂ ਅਗਦੂੰ ਉਹਨੇ ਪੜ੍ਹਾਈ ਲਈ ਮੰਜੂਠੇ ਦੇ ਮੌਲਵੀ ਫਤਹਿ ਮੁਹੰਮਦ ਤੇ ਝੰਡ ਦੇ ਮੁਣਸ਼ੀ ਗ਼ੁਲਾਮ ਹੈਦਰ ਦੇ ਤਸੀਹੇ ਜਰੇ ਹੋਏ। ਕਰੜਾ ਮੌਲਵੀ ਫਤਹਿ ਮੁਹੰਮਦ ਪੜ੍ਹਾਕਾਂ ਨੂੰ ਮਾਰ ਮਾਰ ਕੇ ਥੱਕ ਜਾਵੇ।ਤੇ ਮੁਣਸ਼ੀ ਗ਼ੁਲਾਮ ਹੈਦਰ ਜਿਵੇਂ ਖੂਹ ਉੱਤੇ ਜੀਆਂ ਸੁੰਡੀਆਂ ਨੂੰ ਮਾਰਦਾ, ਉਂਝੇ ਵਾਹੀ ਬੀਜੀ 'ਤੇ ਲਾਏ ਪੜ੍ਹਾਕਾਂ ਨੂੰ ਪਿੰਜੇ। ਪੜ੍ਹਨ ਆਏ ਗ਼ਰੀਬਾਂ ਦੇ ਪਰਦੇਸੀ ਬਾਲ ਰੋਟੀ ਲਈ ਗਰਾਂ ਵਿਚ ਬੂਹਾ ਬੂਹਾ ਫਿਰਦਿਆਂ ਪਿਣਦੇ।

'ਦਰਸ਼ਨ ਦਿਹਾੜ' ਉੱਤੇ ਸਕੂਲ ਵਿਚ ਛੁੱਟੀ ਹੋਂਦੀ। ਪਰ ਪੜ੍ਹਾਕਾਂ ਲਈ ਲਾਜ਼ਮੀ ਕਿ ਉਹ ਟੁਰਦਿਆਂ ਟੋਲੀਆਂ ਵਿਚ ਘੋੜੀ ਉੱਤੇ ਬਿਰਾਜਮਾਨ ਮਾਸਟਰ ਮੁਣਸ਼ੀ ਦੇਵੀ ਦੱਤਾ ਮੱਲ ਦੀ ਅਗਵਾਈ ਵਿਚ ਕੱਲਰ ਅੱਪੜਨ, ਜਿੱਥੇ ਉਹ 'ਬਾਵਾ ਸਾਹਿਬ' ਦਾ ਦਰਸ਼ਨ ਕਰਦੇ। ਦਰਸ਼ਨ ਦਿਹਾੜ ਪੂਰੇ ਇਲਾਕੇ ਦਾ ਅਵਾਮੀ ਮੇਲਾ, ਜਿਹੜਾ ਸਰਕਾਰੀ ਸਰਪ੍ਰਸਤੀ ਵਿਚ ਲੱਗੇ।'ਕਸ' ਦੇ ਸਿਰਕੱਢ ਹਿੰਦੂ ਸਿੱਖ ਸ਼ਾਹੂਕਾਰ ਮੇਲੇ ਦੀ ਪ੍ਰਬੰਧਕ ਕਮੇਟੀ ਦੇ ਆਹਰੀ ਹੋਂਦੇ।(ਚੋਹਾ ਖਾਲਸਾ, ਦਰਿਆਲਾ, ਬਿਉਲ ਤੇ ਕੱਲਰ ਨੂੰ ਮਿਲ਼ਾ ਕੇ ਕਸ ਕਹਿੰਦੇ ਸਨ)। 'ਬਾਵਾ ਸਾਹਿਬ' ਜਿਨ੍ਹਾਂ ਦਾ

ਦਰਸ਼ਨ ਹੋਵੇ, ਉਹ ਬਾਬਾ ਗੁਬਖਸ਼ ਸਿੰਘ ਬੇਦੀ, ਬਾਬਾ ਖੇਮ ਸਿੰਘ ਬੇਦੀ ਦੇ ਸਪੁੱਤਰ, ਜਿਹੜੇ ਜ਼ਿਲ੍ਹਾ ਰਾਵਲਪਿੰਡੀ ਦੀ ਸਿਰਕੱਢ ਹਸਤੀ ਹੋਏ। ਇਲਾਕੇ ਦੇ ਆਨਰੇਰੀ ਮਜਿਸਟਰੇਟ ਲੱਗੇ. ਵਾਇਸਰਾਏ ਦੀ ਲੈਜਿਸਲੇਟਿਵ ਕੌਂਸਲ ਦੇ ਮੈਂਬਰ ਬਣੇ ਤੇ ਉਹਨਾਂ ਨੂੰ 'ਸਰ' ਦਾ ਨਾਮਣਾ ਮਿਲਿਆ। ਬਾਵਾ ਸਾਹਿਬ ਗੁਰਦੁਆਰੇ ਦੇ ਸਾਹਮਣੇ ਮੈਦਾਨ ਵਿਚ ਹਫਤਾਵਾਰ ਕਚਹਿਰੀ ਲਾਂਦੇ। ਕਚਹਿਰੀ ਦੀ ਕਾਰਵਾਈ ਟੋਰਨ ਤੋਂ ਅਗਦੂੰ ਬਾਵਾ ਸਾਹਿਬ ਦਾ ਸ਼ਜਰਾ ਨਸਬ ਫਾਰਸੀ ਵਿਚ ਪੜ੍ਹਿਆ ਜਾਂਦਾ, ਜਿਹੜੇ ਗੁਰੂ ਨਾਨਕ ਦੇਵ ਦੀ ਲੜੀ 'ਚੋਂ। ਕੱਲਰ ਦਾ ਗੁਰਦੁਆਰਾ ਪੂਰੇ ਪੋਠੋਹਾਰ ਦਾ ਸਭ ਤੋਂ ਵੱਡਾ ਗੁਰਦੁਆਰਾ ਮੰਨਿਆ ਜਾਂਦਾ, ਜੀਹਦੇ ਉੱਤੇ ਝੂਲਦਾ 'ਨਿਸ਼ਾਨ ਸਾਹਿਬ' ਖੱਤਰੀਆਂ ਦੀ ਪਾਦਸ਼ਾਹੀ ਧੁਮਾਂਦਾ ਰਹਿੰਦਾ। 'ਬੇਦੀ ਪੈਲੇਸ' ਕੱਲਰ ਵਿਚ ਬਾਬੇ ਦੀ ਹਵੇਲੀ ਦੇ ਨਾਮ ਤੋਂ ਧੁੰਮਿਆ ਜਿਹੜਾ ਪੋਠੋਹਾਰ ਵਿਚ 'ਗੁਰੂ ਸਿੰਘ ਸਭਾ' ਦਾ ਗੜ੍ਹ ਰਿਹਾ। ਦਰਸ਼ਨ ਦਿਹਾੜ ਉੱਤੇ ਗੁਰਦੁਆਰੇ ਦਾ ਗ੍ਰੰਥੀ ਕੱਲਰ ਗਰਾਂ ਦੀ ਵੇਲ ਹੂਕਦਾ, ਜਿਹੜਾ ਪੁਰਾਣੇ ਸਮੇਂ ਪੰਚਾਲ ਨਾਂ ਦੇ ਦੇਸ ਦੀ ਰਾਜਧਾਨੀ ਰਿਹਾ, ਜਿੱਥੇ ਹਜ਼ਾਰਾਂ ਵਰ੍ਹੇ ਪਹਿਲਾਂ ਅਰਜਨ ਮਹਾਰਾਜ ਦੀ ਜੰਞ ਆਈ। ਗ੍ਰੰਥੀ ਰਾਣੀ ਦਰੋਪਤੀ ਨੂੰ 'ਮਹਾਂਭਾਰਤ' ਦੇ ਰਾਜੇ ਨਾਲ ਕੀ ਵਿਆਹੁੰਦਾ, ਪੂਰੇ ਪੰਡਾਲ ਵਿਚ ਨਾਅਰਾ ਲੱਗਦਾ, "ਅਰਜਨ ਮਹਾਰਾਜ ਦੀ ਜੈ!" (ਦਰਸ਼ਨ ਦਿਹਾੜ ਓਸ ਦਿਨ ਨੂੰ ਮਿਥਿਆ ਗਿਆ ਜਿੱਦਣ ਅਰਜਨ ਲਾੜਾ ਬਣਿਆ। ਸ਼ਗਨਾਂ ਦੀ ਯਾਦਗਾਰੀ ਰਸਮ ਲਈ ਓਸ ਦਿਨ ਸਗਵੀਂ ਜੰਞ 'ਅਰਜਨ' ਗਰਾਂ ਤੋਂ ਚੜ੍ਹ ਕੇ ਕੱਲਰ ਆ ਢੁਕਦੀ।

ਪੰਚਾਲ ਪੰਚਾਇਤ ਵਿਚ ਹੋਏ ਸੁਲਹ ਸਮਝੌਤੇ ਦੀ ਨਿਸ਼ਾਨੀ, ਜਿੱਥੇ ਰਾਜੇ ਜੰਗ ਨੂੰ ਜੁਰਮ ਸਮਝਦੇ ਆਏ। ਉਂਞ ਵੀ ਪੋਠੋਹਾਰ ਵਿਚ ਕਤਲ ਤੇ ਡਾਕਾ ਮੁੱਢੋਂ ਓਪਰੇ ਜੁਰਮ ਰਹੇ। ਅੰਗਰੇਜ਼ਾਂ ਚਿਤਰਾਲ ਤੇ ਵਜ਼ੀਰਸਤਾਨ ਉੱਤੇ ਕਬਜ਼ੇ ਲਈ ਰਾਵਲਪਿੰਡੀ ਵਿਚ ਰਕਰੂਟਮੈਂਟ ਸੈਂਟਰ ਬਣਾਇਆ, ਸਾਰੇ ਪੋਠੋਹਾਰ ਵਿਚ ਮੁਨਾਦੀ ਹੋਈ। ਫਸਟ ਕੋਰ (First Mule Corpse) ਬ੍ਰਿਟਿਸ਼ ਇੰਡੀਅਨ ਆਰਮੀ ਦਾ ਟਰਾਂਸਪੋਰਟ ਸੈਕਸ਼ਨ, ਜੀਹਦੇ ਲਈ ਇਥਾਵੀਂ ਖੱਚਰ ਸਰਕਾਰੋਂ ਮਨਜ਼ੂਰ ਹੋਏ। ਤਖਤ ਪੜੀ, ਬਿੰਦ ਤੇ ਬਸਾਲੀ ਵਿਚ ਖੱਚਰਾਂ ਦੀਆਂ ਮੰਡੀਆਂ ਲੱਗੀਆਂ। ਬਾਅਦੂੰ ਬਿਉਲ, ਗਲਿਆਨਾ, ਸੁੱਖੋ, ਦੌਲਤਾਲਾ ਤੇ ਕਸਰਾਂ ਸਰਕਾਰੀ ਆੜ੍ਹਤਾਂ ਬਣੀਆਂ, ਜਿੱਥੇ ਪੂਰੇ ਪੋਠੋਹਾਰ ਦਾ ਗੱਲਾ ਵਿਕਣ ਆਉਂਦਾ, ਜਿਹੜਾ ਗੁਜਰਖਾਨ ਤੋਂ ਮਾਲਗੱਡੀ ਵਿਚ ਕਲਕੱਤੇ ਲਈ ਬੁੱਕ ਹੋਂਦਾ। ਇਹ ਗੱਲਾ ਵਲਾਇਤ ਜਾਵੇ ਜੀਹਦੇ ਲਈ ਏਥੋਂ ਦੇ ਰੇਲਵੇ ਸਟੇਸ਼ਨ ਉੱਤੇ ਈ "ਰੈਲੀ ਬ੍ਰਦਰਜ਼ ਇੰਗਲੈਂਡ" ਦੀ ਏਜੰਸੀ ਖੁਲ੍ਹੀ, ਜਿਹੜੀ ਖੱਤਰੀ ਆੜ੍ਹਤੀਆਂ ਕੋਲ਼ੋਂ ਗੱਲਾ ਖਰੀਦੇ। ਅੰਨ ਮਹਿੰਗਾ ਹੋਇਆ ਜੀਹਦੇ ਕਾਰਨ ਪੂਰੇ ਪੋਠੋਹਾਰ ਵਿਚ ਕਾਲ਼ ਪੈ ਗਿਆ। ਗ਼ਰੀਬੀ ਵਧੀ, ਮਜਬੂਰ ਲੋਕ ਫੌਜ ਵਿਚ ਭਰਤੀ ਹੋਵਣ ਲੱਗ ਪਏ। ਪੋਠੋਹਾਰ ਵਿਚ ਬਾਲੜੀਆਂ ਗਾਵਣ ਗਾਇਆ:

*ਏਲਕੜੀ ਬੇਲਕੜੀ ਸੋਨੇ ਨਾ ਲਗਾਮ*
*ਪਿਉ ਮੇਰਾ ਲਸ਼ਕਰੀ, ਭਰਾ ਫਤਹਿ ਖਾਨ*
*ਫਤਹਿ ਖਾਂ ਜੋਗੀ ਚੂਰੀ ਗਈ, ਖਾ ਗਿਆ ਮਿਜ਼ਮਾਨ*

ਬਾਲੜੀਆਂ ਤਿੰਨ ਵਾਰੀ ਆਖਣ, ਖਾ ਗਿਆ ਮਿਜ਼ਮਾਨ.... ਦਾਦਾ ਸੰਗੀਆਂ ਨੂੰ ਗੱਲ ਸੁਣਾਂਦਿਆਂ ਰੁਕ ਜਾਏ ਤੇ ਮਿਜ਼ਮਾਨ ਨੂੰ ਗਾਲ੍ਹਾਂ ਕੱਢਣ ਲੱਗ ਪਵੇ। ਤੇ ਝੱਟ ਮਗਰੋਂ ਦੁਖੀ ਹੋ ਕੇ "ਅਸਾਂ ਮਿਜ਼ਮਾਨ ਕੀ ਸਿਆਣ ਈ ਨਾ ਸਕੇ ਤੇ ਉਹ ਖਾਈ ਗਿਆ!"

ਅੱਗੋਂ ਲਾਮ ਲੱਗ ਗਈ। ਸਕੂਲਾਂ ਵਿਚ ਪੀ ਟੀ ਲਾਜ਼ਮੀ ਹੋਈ। ਵਾਰ ਫੰਡ ਲਈ ਜੋ ਹੋਕਾ ਫਿਰਿਆ, ਉਹ ਸਰਕਾਰੀ ਐਲਾਨ ਨਹੀਂ, ਹੁਕਮਨਾਮਾ ਸੀ, ਜੀਹਦੇ ਲਈ ਮਹਿਕਮਾ ਮਾਲ ਤੇ ਮਹਿਕਮਾ ਤਾਲੀਮ ਆਹਰੀ। ਸਕੂਲਾਂ ਵਿਚ ਫੌਜੀ ਬੈਂਡ ਉੱਤੇ ਜੰਗੀ ਤਰਾਨੇ ਗਾਏ ਜਾਵਣ, ਜਿਨ੍ਹਾਂ ਵਿਚ ਬ੍ਰਿਟਿਸ਼ ਰਾਜ ਦੀ ਸਿਫਤ ਹੋਂਦੀ ਤੇ ਉਹਦੇ ਦੁਸ਼ਮਣਾਂ ਨੂੰ ਨਿੰਦਿਆ ਜਾਵੇ। ਵਾਰ ਫੰਡ ਦੀ



ਉਗਾਰਹੀ ਵਜਹੂੰ ਬਖਸ਼ੀ ਗੋਪਾਲ ਸਿੰਘ ਪਟਵਾਰੀ ਦਾ ਕੰਮ ਵਧ ਗਿਆ, ਜੀਹਦੇ ਲਈ ਉਹਨੇ ਅਮੀਰ ਹੈਦਰ ਨੂੰ ਆਪਣਾ ਮੁਣਸ਼ੀ ਰੱਖ ਲਿਆ। ਮੁਣਸ਼ੀਗੀਰੀ ਕਰਦਿਆਂ ਅਮੀਰ ਹੈਦਰ ਨਿੱਕੀ ਉਮਰੇ ਗ਼ਰੀਬੀ ਨੂੰ ਬਹੁਤ ਨੇੜੇ ਤੋਂ ਸਹਿਕਦੇ ਸਹਿਮਦੇ ਵੇਖਿਆ।

ਬਿਉਲ ਦੇ ਪਟਵਾਰਖਾਨੇ ਸਾਹਮਣੇ ਮੁਲਜ਼ਮਾਂ ਵਾਂਗੂੰ ਕਤਾਰ ਬਣਾ ਕੇ ਖਲੋਤੇ ਵਾਹੀਵਾਨਾਂ ਨੂੰ ਚੌਕੀਦਾਰ ਵਾਰੀ ਵਾਰੀ ਅੰਦਰ ਬੁਲਾਂਦਾ। ਵਾਰ ਫੰਡ ਦੀ ਸ਼ਰ੍ਹਾ ਪੰਜ ਤੋਂ ਦਸ ਰੁਪਏ ਤਾਈਂ ਫੀ ਖਾਤਾਦਾਰ। ਪਟਵਾਰੀ ਦੇ ਸਾਹਮਣੇ ਰਜਿਸਟਰ ਖੁਲ੍ਹਾ ਹੋਇਆ। ਨਾਂ ਪੜ੍ਹਦਿਆਂ ਹੱਥ ਜੋੜ ਕੇ ਖਲੋਤੇ ਖਾਤੇਦਾਰਾਂ ਨੂੰ ਵੇਖੇ ਤੇ ਆਪਣੇ ਮੁਣਸ਼ੀ ਅਮੀਰ ਹੈਦਰ ਨੂੰ ਲਿਖਵਾਏ। ਜੀਹਦੇ ਸਾਹਮਣੇ ਜੋ ਮਰਜ਼ੀ ਰਕਮ। ਇਹ ਉਹਦਾ **ਸਵਾਬਦੀਦੀ** ਇਖਤਿਆਰ। ਕਿਸੇ ਵਿਰਲੇ ਵਾਹੀਵਾਨ ਘਰੋਂ ਕੋਈ ਰੁਪਈਆ ਨਿਕਲੇ। ਅਕਸਾਰ ਸ਼ਾਹੂਕਾਰ ਚੌਧਰੀ ਰਾਮ ਸਿੰਘ ਦੇ ਦੁਆਰੇ ਜਾ ਸਵਾਲੀ ਹੋਏ। ਕਰਜ਼ਾ ਦੇ ਦੇ ਸ਼ਾਹੂਕਾਰ ਦੀ ਤਜੌਰੀ ਖਾਲੀ ਹੋ ਗਈ। ਹੋਰ ਕੋਈ ਵਾਹ ਨਾ ਲੱਗੀ ਤੇ ਵਾਹੀਵਾਨਾਂ ਵਾਰ ਫੰਡ ਤਾਰਨ ਲਈ ਰਕਰੂਟਿੰਗ ਸੈਂਟਰ ਪਾਸੇ ਮੂੰਹ ਕੀਤਾ। ਰੰਗਰੂਟ ਨੂੰ ਮਹੀਨੇ ਦੇ ਬਾਰਾਂ ਤੋਂ ਪੰਦਰਾਂ ਰੁਪਈਆਂ ਤਾਈਂ ਮਿਲਦੇ। ਵਰਦੀ ਤੇ ਰਾਸ਼ਨ ਮੁਫਤ।

"ਸ਼ਾਬਾਸ਼ ਪੰਜਾਬ!"

ਲਾਮ ਵਿਚ ਫਰੰਗੀ ਫਤਹਿ ਦੇ ਐਲਾਨ ਹੋਵਣ ਲੱਗ ਪਏ। ਫੌਜ ਦੀ ਭਰਤੀ ਵਿਚ ਸੂਬਾ ਪੰਜਾਬ ਪੂਰੇ ਹਿੰਦੋਸਤਾਨ ਵਿਚ ਪਹਿਲੇ ਨੰਬਰ 'ਤੇ ਆਇਆ, ਜਿੱਥੇ ਪੋਠੋਹਾਰ ਦੇ ਸਿਰ ਉੱਤੇ ਪੱਗ ਬੱਝੀ ਕਿਉਂਜੇ ਪੂਰੇ ਪੰਜਾਬ ਵਿਚ ਜ਼ਿਲ੍ਹਾ ਰਾਵਪਿੰਡੀ ਸਭ ਤੋਂ ਅੱਗੇ।

ਪਰ ਕਸ ਵਿਚ ਪੁਲਸ ਦਾ ਪਹਿਰਾ ਕਿਉਂਜੇ ਸ਼ਾਹੂਕਾਰ ਚੌਧਰੀ ਰਾਮ ਸਿੰਘ ਲੁੱਟਿਆ ਗਿਆ। ਰੁਪਈਏ, ਸੋਨਾ ਚਾਂਦੀ, ਰਹਿਣਨਾਮੇ, ਮੁਖਤਿਆਰਨਾਮੇ ਤੇ ਬੈਅਨਾਮੇ- ਸਭ ਕੁਝ ਚੋਰੀ ਹੋ ਗਿਆ। ਖੋਜੀਆਂ ਨੂੰ ਖੁਰਾ ਨਾ ਲੱਭਾ ਪਰ ਇਹ ਉਹਨਾਂ ਨੂੰ ਪੱਕ ਕਿ ਚੋਰ ਬਾਹਰੋਂ ਆਇਆ ਨਾ ਬਾਹਰ ਗਿਆ। ਸਾਰੇ ਵਾਹੀਵਾਨਾਂ ਉੱਤੇ ਚੋਰੀ ਦਾ ਇਲਜ਼ਾਮ। ਸਰਿਆਂ ਦੀ ਕਈ ਦਿਨ ਲਿਤਰੌੜ ਹੋਈ। ਅਮੀਰ ਹੈਦਰ ਆਪਣੇ ਜਮਾਤੀ ਸੋਹਣ ਸਿੰਘ ਨਾਲ ਚੋਰੀ ਦਾ ਅਫਸੋਸ ਕਰਦਿਆਂ ਅੰਦਰੋਂ ਬਹੁਤ ਖੁਸ਼ ਪਰ ਉਹਨੂੰ ਇਹ ਗੁੱਸਾ ਕਿ ਜਿਹੜੇ ਗ਼ਰੀਬ ਚੋਰੀ ਕੀਤੀ, ਉਹਨੇ ਉਹ ਦੂਜੇ ਗ਼ਰੀਬਾਂ ਨਾਲ ਵੰਡੀ ਕਿਉਂ ਨਾ। ਚੋਰੀ ਭਾਵੇਂ ਨਾ ਲੱਭੀ ਪਰ ਮੁਲਜ਼ਮਾਂ ਹਾਏ ਹਾਏ ਕਰਦਿਆਂ ਅੰਗਰੇਜ਼ਾਂ ਦੀ ਗ਼ੁਲਾਮੀ ਧੁਰ ਅੰਦਰੋਂ ਕਬੂਲ ਕਰ ਲਈ, ਜੀਹਦਾ ਦਾਦਾ ਅਮੀਰ ਹੈਦਰ ਨੂੰ ਸਾਰੀ ਹਯਾਤੀ ਅਫਸੋਸ ਰਿਹਾ।

0 0 0

ਆਪਣੇ ਇਆਣੇ ਦਿਨਾਂ ਨੂੰ ਚੇਤੇ ਕਰਦਿਆਂ ਸਿਆਣੀ ਉਮਰੇ ਦਾਦਾ ਬੱਚਾ ਬਣ ਕੇ ਆਪਣੇ ਬਿਮਾਰ ਪਿਉ ਨਾਲ ਵੱਡੇ ਮੰਜੇ ਉੱਤੇ ਸੌਂ ਜਾਂਦਾ। ਉਹ ਦੋ ਭਰਾ ਤੇ ਇਕ ਭੈਣ। ਭਰਾ ਸ਼ੇਰ ਅਲੀ ਅਮੀਰ ਹੈਦਰ ਤੋਂ ਵੱਡਾ ਤੇ ਭੈਣ ਨੂਰ ਉਹਦੇ ਤੋਂ ਨਿੱਕੀ। ਅਮੀਰ ਹੈਦਰ ਛੇ ਸਾਲਾਂ ਦਾ ਜਦੋਂ ਉਹਦੇ ਬੇਲੀ ਬੁੱਧ ਰਾਜ ਦੇ ਵੱਡੇ ਭਰਾ ਦਾ ਇਸ਼ਕ ਮਸ਼ਹੂਰ ਹੋਇਆ। ਮੁੰਡਾ ਅਮੀਰ ਹਿੰਦੂ ਤੇ ਕੁੜੀ ਗ਼ਰੀਬ ਮੁਸਲਮਾਨ। ਵਿਆਹ ਲਈ ਬੁੱਧ ਰਾਜ ਦਾ ਭਰਾ ਮੁਸਲਮਾਨ ਹੋ ਗਿਆ। ਹਿੰਦੂ ਖੱਤਰੀਆਂ ਉਹਨੂੰ ਘਰੋਂ ਨਹੀਂ ਸਗੋਂ ਗਰਾਂ 'ਚੋਂ ਈ ਕੱਢ ਦਿੱਤਾ। ਉਹ ਦੋਵੇਂ ਜੀਅ ਸੁੱਖੋ ਜਾ ਕੇ ਸੁਖੀ ਵਸਣ ਲੱਗ ਪਏ। ਅਮੀਰ ਹੈਦਰ ਕਦੀ ਕਦੀ ਬੁੱਧ ਰਾਜ ਨਾਲ ਉਹਦੇ ਮੁਸਲਮਾਨ ਭਰਾ ਨੂੰ ਮਿਲਣ ਜਾਂਦਾ, ਜੀਹਦੇ ਘਰ ਵਿਚ ਹਰ ਵੇਲ਼ੇ ਖੁਸ਼ੀਆਂ ਖਿੜੀਆਂ ਰਹਿੰਦੀਆਂ। ਹਾਣੀ ਜੀਆਂ ਵਾਲਾ ਲਾਡ ਪਿਆਰ ਵੇਖਕੇ ਅਮੀਰ ਹੈਦਰ ਨੂੰ ਆਪਣਾ ਘਰ ਚੇਤੇ ਆਵੇ, ਜਿੱਥੇ ਉਹਦਾ ਪਿਉ ਉਹਦੀ ਮਾਂ ਨਾਲੋਂ ਵਾਹਵਾ ਵੱਡਾ। ਉਹਦੀ ਮਾਂ ਭਾਵੇਂ ਉਹਦੇ ਪਿਉ ਦੀ ਬਹੂੰ ਇੱਜ਼ਤ ਤੇ ਖਿਦਮਤ ਕਰੇ, ਪਰ ਹਰ ਵੇਲ਼ੇ ਕੰਮ ਕਰਦੀ ਆਪਣੇ ਧਿਆਨੇ ਇੰਞ ਦੇ ਗਾਣ ਗਾਏ:

*ਪਾਣੀ ਰੋੜ੍ਹੇ ਦਾ*

*ਦੁੱਖਾਂ 'ਚੋਂ ਦੁੱਖ ਚੁੱਕਿਆ*
*ਦੁੱਖ ਪੱਕਾ ਵਿਛੋੜੇ ਦਾ*

ਵਿਚਾਰੀ ਇੰਝ ਦਾ ਜੀਵਨ ਹੰਢਾਏ:

*ਪਾਣੀ ਲੈਣ ਗਈ ਹੋਈ ਆਂ*
*ਝੋਰਾ ਮਾਹੀਏ ਦਾ*
*ਮੰਜੀ ਘੱਤ ਕੇ ਪਈ ਹੋਈ ਆਂ।*

ਉਹਨਾਂ ਈ ਦਿਨਾਂ ਵਿਚ ਅਮੀਰ ਹੈਦਰ ਦਾ ਪਿਉ ਮਰ ਗਿਆ। ਉਹਨੂੰ ਲੱਗਾ ਉਹਦੀ ਮਾਂ ਉਹਦੇ ਮੋਏ ਪਿਉ ਦੀ ਮਈਅਤ ਵੇਖ ਕੇ ਨਹੀਂ, ਆਪਣੇ ਰੋਂਦੇ ਯਤੀਮ ਬਾਲਾਂ ਨੂੰ ਤੱਕਦਿਆਂ ਵੈਣ ਕਰੇ। ਮੁਕਾਣੇ ਆਏ ਸਾਕ ਉਹਦੇ ਚਾਚੇ ਨਾਲ ਚੋਰੀ ਸਲਾਹੇ ਪਏ, ਜਿਹੜਾ ਉਹਨੇ ਸੁਣ ਲਿਆ ਕਿ ਉਹਦਾ ਉਤਰ ਨਿਖੱਤਰ ਚਾਚਾ ਮੋਏ ਭਰਾ ਦੇ ਬਾਲਾਂ ਦਾ ਪਿਉ ਬਣਨ ਲਈ ਤਿਆਰ। ਪਰ ਅਮੀਰ ਹੈਦਰ ਦੀ ਮਾਂ ਏਸ ਵਿਆਹ ਲਈ ਰਾਜ਼ੀ ਨਾ, ਜੀਹਦੇ ਲਈ ਉਹਨਾਂ ਦਾ ਜਲਾਲੀ ਪੀਰ ਕਸ਼ਮੀਰ ਤੋਂ ਆਇਆ, ਜੀਹਨੇ ਉਹਦੀ ਮਾਂ ਨੂੰ ਸ਼ਰਈ ਮਸਲਾ ਨਾ ਸੁਣਾਇਆ, ਸਗੋਂ ਹੁਕਮ ਦਿੱਤਾ। ਜਿਹੜੀ ਪਹਿਲਾਂ ਨਾ ਨਾ ਕਰਦੀ ਰਹੀ, ਮਗਰੋਂ ਚੁੱਪ ਕਰ ਕੇ ਨਿਕਾਹ ਲਈ ਬਹਿ ਗਈ। ਕਲਮੇ ਪੜ੍ਹਦਾ ਪੀਰ ਅਮੀਰ ਹੈਦਰ ਨੂੰ ਉਂਞ ਈ ਜ਼ਾਲਮ ਲੱਗਾ ਜਿਵੇਂ ਮੰਜੂਠੇ ਦਾ ਮੌਲਵੀ ਫਤਹਿ ਮੁਹੰਮਦ, ਜਿਹੜਾ ਮਾਰ ਕੁਟਾਈ ਮਗਰੋਂ ਸਹਿਮੇ ਸਹਿਕਦੇ ਬਾਲਾਂ ਨੂੰ ਪੜ੍ਹਾਂਦਿਆਂ ਖੁਸ਼ ਹੋਂਦਾ। ਓਸ ਦਿਨ ਅਮੀਰ ਹੈਦਰ ਆਪਣੇ ਬੇਲੀ ਬੁੱਧ ਰਾਜ ਨਾਲ ਰਲ ਕੇ ਗਰਾਂ 'ਚੋਂ ਬਾਹਰ ਗਿਆ ਜਿੱਥੇ ਉਹਨਾਂ ਉਜਾੜ ਪਾਸੇ ਮੂੰਹ ਕੀਤਾ ਤੇ ਉੱਚੀ ਉੱਚੀ ਮੰਜੂਠੇ ਦੇ ਮੌਲਵੀ, ਕਸ਼ਮੀਰ ਦੇ ਜਲਾਲੀ ਪੀਰ ਤੇ ਚੋਹਾ ਖਾਲਸਾ ਦੇ ਪੁਜਾਰੀ ਪੰਡਤ ਨੂੰ ਗਾਲ੍ਹਾਂ ਕੱਢੀਆਂ। ਏਸ ਪੁਜਾਰੀ ਪੰਡਤ ਦੀ ਆਖਤ ਉੱਤੇ ਬੁੱਧ ਰਾਜ ਦੇ ਮੁਸਲਮਾਨ ਹੋਏ ਭਰਾ ਨੂੰ ਦੇਸ ਨਿਕਾਲਾ ਹੋਇਆ।

ਪਿਉ ਦੇ ਮਰਨ ਮਗਰੋਂ ਅਮੀਰ ਹੈਦਰ ਇਕੱਲਾ ਵੱਡੇ ਮੰਜੇ ਉੱਤੇ ਸੌਂਦਾ। ਉਹਦਾ ਚਾਚਾ ਜਿਹੜਾ ਹੁਣ ਉਹਦਾ ਮਤਰੇਆ ਪਿਉ, ਵੱਡੇ ਮੰਜੇ ਉੱਤੇ ਬਹਿਣ ਲੱਗਾ। ਅਮੀਰ ਹੈਦਰ ਉਹਨੂੰ ਅੱਗੋਂ ਵਿਹਰ ਖਲੋਤਾ। ਚਾਚੇ ਓਸ ਯਤੀਮ ਦਾ ਕੋਈ ਲਿਹਾਜ਼ ਨਾ ਕੀਤਾ। ਕਸ ਕੇ ਉਹਦੇ ਮੂੰਹ 'ਤੇ ਥੱਪੜ ਮਾਰਿਆ। ਉਹ ਘਰੋਂ ਦੌੜਿਆ, ਮਾਂ ਫੜਦੀ ਰਹਿ ਗਈ ਤੇ ਉਹ ਸਰਦਾਰ ਦੇ ਘਰ ਦੇ ਪਿਛਵਾੜੇ ਜਾ ਲੁਕਿਆ। (ਸਰਦਾਰ ਦਾ ਇਹ ਨਾਂਅ, ਉਹ ਫਸਟ ਕੋਰ 'ਚੋਂ ਸਰਦਾਰ ਦੇ ਅਹੁਦੇ ਤੋਂ ਰਿਟਾਇਰ ਹੋਇਆ)। ਬਾਰੀ 'ਚੋਂ ਗਾਵਣ ਦੀ ਵਾਜ:

*ਬਾਗੇ ਵਿਚ ਘਾਅ ਹੋਸੀ*
*ਪੁੱਛ ਮੈਂਡੀ ਮਾਊਂ ਕੋਲੋਂ*
*ਮੈਂਡਾ ਕਿੱਦਣ ਵਿਆਹ ਹੋਸੀ*

ਇਹ ਸਰਦਾਰਨੀ ਦੀ ਵਾਜ ਅਮੀਰ ਹੈਦਰ ਪਛਾਣ ਲਈ। ਸਰਦਾਰਨੀ ਨੂੰ ਸਰਦਾਰ ਦੀ ਵਹੁਟੀ ਹੋਣ ਵਜਹੂੰ ਸਰਦਾਰਨੀ ਕਹਿੰਦੇ। ਉਹ ਸਰਦਾਰ ਦੀ ਦੂਜੀ ਵਹੁਟੀ, ਉਹਦੀ ਧੀ ਦੀ ਉਮਰ ਦੀ। ਉਹ ਬਹੁੰ ਸੋਹਣੀ। ਸਰਦਾਰ ਉਹਨੂੰ ਚਕਵਾਲ ਤੋਂ ਵਿਆਹ ਕੇ ਲਿਆਇਆ। ਸਾਰੀ ਬਰਾਦਰੀ ਵਿਚ ਧੁੰਮ ਕਿ ਉਹ ਮਿਰਾਸਣ, ਜੀਹਦਾ ਪਿਉ ਫਸਟ ਕੋਰ ਵਿਚ ਬੈਂਡ ਮਾਸਟਰ ਜੀਹਨੇ ਆਪਣਾ ਕਰਜ਼ਾ ਤਾਰਨ ਲਈ ਧੀ ਸਰਦਾਰ ਨਾਲ ਵਿਆਹੀ। ਸਰਦਾਰ ਦੀ ਧੀ ਅਮੀਰ ਹੈਦਰ ਦੀ ਭੈਣ ਨੂਰ ਦੀ ਸਹੇਲੀ, ਜੀਹਨੂੰ ਸਰਦਾਰਨੀ ਆਪਣੀ ਨਿੱਕੀ ਭੈਣ ਬਣਾਇਆ ਹੋਇਆ। ਅਮੀਰ ਹੈਦਰ ਮਾਂ ਨੂੰ ਸਰਦਾਰਨੀ ਦੇ ਗਾਵਣ ਬਾਰੇ ਪੁੱਛਿਆ ਕਿ ਉਹ ਵਿਆਹੀ ਹੋਈ ਕਿਵੇਂ ਗਾਵੇ, "ਮੈਂਡਾ ਕਿੱਦਣ ਵਿਆਹ ਹੋਸੀ?" ਉਹਦੀ ਮਾਂ ਕਿਸੇ ਸੋਚੇ ਪੈ ਗਈ ਤੇ ਦੁਖੀ ਹੋ ਕੇ ਬੋਲੀ: "ਮਜਬੂਰ ਵਿਆਹੇ ਹੋਈ ਕੇ ਵੀ ਵਿਆਹੇ ਨਹੀਂ ਹੋਣੇ!" ਉਹ ਹੁਣ ਹਰ ਵੇਲੇ ਆਪਣੀ ਭੈਣ ਨਾਲ ਸਰਦਾਰਨੀ ਦੀਆਂ ਗੱਲਾਂ ਕਰੇ। ਜਦੋਂ ਉਹਦੀ ਭੈਣ ਸਰਦਾਰਨੀ ਨੂੰ ਮਿਲਣ ਗਈ ਹੋਵੇ, ਉਹ ਸਰਦਾਰਨੀ ਨੂੰ ਵੇਖਣ ਲਈ ਭੈਣ



ਨੂੰ ਬੁਲਾਵਣ ਦੇ ਪੱਜ ਸਰਦਾਰ ਦੇ ਘਰ ਜਾਵੇ। ਸਰਦਾਰਨੀ ਉਹਦੀ ਤੱਕਣੀ ਸਮਝ ਗਈ:

*ਢੋਲਾ ਤੇ ਮੈਂ ਹਾਣੀ*
*ਢੋਲਾ ਦੁੱਧ ਪੀਸੀ ਕਿ ਪਾਣੀ*

ਸਰਦਾਰਨੀ ਭਰ ਜੁਆਨ। ਅਮੀਰ ਹੈਦਰ ਉਹਦੇ ਤੋਂ ਨਿੱਕਾ ਪਰ ਉਹਨੇ ਸਰਦਾਰਨੀ ਨੂੰ ਚੋਰੀ ਚੋਰੀ ਤਾੜਦਿਆਂ ਜਵਾਨੀ ਵਿਚ ਪੈਰ ਪਾਇਆ, ਜਿਹੜੀ ਉਹਨੂੰ ਸ਼ਹਿ ਦੇਵੇ:

*ਕੋਈ ਬੇਰੀ ਬੂਰਾਂ 'ਤੇ*
*ਭੱਠ ਗੱਭਰੂ ਆਂ , ਜਿਹੜਾ ਚੜ੍ਹੇ ਨਾ ਤੰਦੂਰਾਂ 'ਤੇ*

ਉਹਨਾਂ ਈ ਦਿਨਾਂ ਵਿਚ ਅਮੀਰ ਹੈਦਰ ਦਾ ਭਰਾ ਸ਼ੇਰ ਅਲੀ ਕਲਕੱਤੇ ਤੋਂ ਘਰ ਛੁੱਟੀ ਆਇਆ ਜੀਹਦਾ ਪਰਦੇਸ ਵਿਚ ਪੱਕਾ ਦਿਲ ਲੱਗਾ ਹੋਇਆ। ਮਾਂ ਚਿੱਠੀਆਂ ਲਿਖ ਲਿਖ ਉਹਨੂੰ ਮੰਗਵਾਇਆ। ਮਾਂ ਤੇ ਉਹਦੇ ਮਤਰੇਏ ਪਿਉ ਉਹਦੇ ਪੈਰੀਂ ਬੇੜੀ ਘੱਤਣ ਲਈ ਉਹਦਾ ਵਿਆਹ ਆਰੰਭਿਆ ਜੀਹਦੇ ਵੱਟੇ ਵਿਚ ਨਿੱਕੀ ਭੈਣ ਲੱਗੀ। ਅਮੀਰ ਹੈਦਰ ਨੂੰ ਸਭ ਖਬਰ ਕਿ ਉਹਦਾ ਭਰਾ ਕਿਸੀ ਹੋਰੀਂ ਦਾ ਆਸ਼ਕ ਤੇ ਉਹਦੀ ਭੈਣ ਅਜੇ ਵਿਆਹ ਨਹੀਂ ਚਾਹੁੰਦੀ। ਅਮੀਰ ਹੈਦਰ ਈ ਕੀ, ਸਾਰੇ ਗਰਾਂ ਨੂੰ ਪਤਾ ਕਿ ਸ਼ੇਰ ਅਲੀ ਨੂੰ ਗ਼ੈਰ ਬਰਾਦਰੀ ਦੀ ਸੋਨਾ ਨਾਲ ਇਸ਼ਕ। ਸੋਨਾ ਵੀ ਸ਼ੇਰ ਅਲੀ ਉੱਤੇ ਮਰਦੀ। ਅਮੀਰ ਹੈਦਰ ਵਿਚੋਲਾ। ਭਰਾ ਦਾ ਰੁੱਕਾ ਸੋਨਾ ਨੂੰ ਜਾ ਕੇ ਦੇਂਦਾ ਤੇ ਜੋ ਸੋਨਾ ਲਿਖਵਾਂਦੀ ਉਹ ਸ਼ੇਰ ਅਲੀ ਲਈ ਲਿਖ ਕੇ ਲੈ ਆਉਂਦਾ। ਉਹ ਸ਼ੇਰ ਅਲੀ ਤੇ ਸੋਨਾ ਦੀਆਂ ਗੱਲਾਂ ਜਦੋਂ ਸਰਦਾਰਨੀ ਨਾਲ ਕਰਦਾ, ਸਰਦਾਰਨੀ ਸੋਨਾ ਬਣ ਜਾਂਦੀ ਤੇ ਉਹ ਸ਼ੇਰ ਅਲੀ। ਸਰਦਾਰਨੀ ਅਮੀਰ ਹੈਦਰ ਨੂੰ ਸ਼ਮਸ ਰਾਣੀ ਤੇ ਢੋਲ ਬਾਦਸ਼ਾਹ ਦਾ ਕਿੱਸਾ ਸੁਣਾਵੇ। ਨਰੂਰਕੋਟ ਦਾ ਢੋਲ ਬਾਦਸ਼ਾਹ ਤੇ ਕੱਲਰ ਕਹਾਰ ਦੀ ਸ਼ਮਸ ਰਾਣੀ, ਪਰ ਅਮੀਰ ਹੈਦਰ ਕਦੀ ਢੋਲ ਬਾਦਸ਼ਾਹ ਬਣਨ ਲਈ ਨਾ ਰੀਝੇ। ਉਹ ਖਿਆਲਾਂ ਵਿਚ ਕਦੀ ਸ਼ਮਸ ਰਾਣੀ ਦਾ ਹਿਰਨ ਜੀਹਨੂੰ ਰਾਣੀ ਪਿਆਰ ਨਾਲ ਹੀਰਾ ਆਖੇ ਤੇ ਕਦੀ ਉਹ ਢੋਲ ਬਾਦਸ਼ਾਹ ਦਾ ਤੋਤਾ ਜੀਹਦਾ ਨਾਂ ਮੋਹਣਾ। ਸਰਦਾਰਨੀ ਸੁਣਿਆ ਤੇ ਅਮੀਰ ਹੈਦਰ ਨੂੰ ਆਖਣ ਲੱਗੀ, " ਵੇ ਹੀਰਿਆ, ਵੇ ਮੋਹਣਿਆ, ਕੁਝ ਕਰੀ ਜੁਲ। ਮੈ ਕੀ ਸਰਦਾਰੇ ਨੀ ਕੈਦ 'ਚੋਂ ਆਜ਼ਾਦ ਕਰਾਈ ਵੰਞ!" ਅਮੀਰ ਹੈਦਰ ਹਾਮੀ ਭਰਦਿਆਂ "ਪਿਉ ਨਾ ਪੁੱਤਰਾਂ ਤੇ ਇੰਝ ਹੋਈ ਕੇ ਰਹਿਸੀ!" ਅਮੀਰ ਹੈਦਰ ਦੀ ਗ਼ਰੀਬ ਮਾਂ ਉਹਦੀ ਭੈਣ ਨੂੰ ਜਿਹੜੀ ਆਪਣੇ ਵਿਆਹ 'ਤੇ ਖੁਸ਼ ਕੋਈ ਨਾ, ਬੁਛਾਲ ਦੀ ਸਾਹਬਾਣੀ ਤੇ ਘੇਬ ਦੀ ਭਾਗੀਮਕਨ ਦੀਆਂ ਗੱਲਾਂ ਸੁਣਾਵੇ ਕਿ ਸਾਊ ਸੁਆਣੀ ਕਿਵੇਂ ਆਪਣੇ ਖਸਮ ਦੀ ਇੱਜ਼ਤ ਬਣਾਵੇ ਤੇ ਬਚਾਵੇ।

0 0 0

ਅੱਗੇ ਇਥਾਵੀਂ ਵਾਹੀਵਾਨਾਂ ਨੂੰ ਗੁਆਚੇ ਢੱਗੇ ਮਿਲ ਜਾਂਦੇ ਪਰ ਹੁਣ ਬਾਰਾਂ ਆਬਾਦ ਹੋ ਰਹੀਆਂ ਜਿੱਥੇ ਰੇਤੜ ਟਿੱਬੇ ਨੂੰ ਸਾਹਰਨ ਲਈ ਧਨੀ ਦੇ ਕਜਾਕ ਦਾਂਦਾਂ ਦੀ ਘੋੜੀ ਪਾਲ੍ਹਾਂ ਨੂੰ ਲੋੜ ਪਈ। ਦੁਧਿਆਲ ਗਾਂ ਕਿੱਲੇ ਉੱਤੇ ਬੱਝੀ ਅਰੜਾਏ ਪਰ ਵੱਛੇ ਦੀ ਬਹੁੰ ਸਾਂਭ ਸੇਵਾ। ਗ਼ਰੀਬੀ ਵਧ ਗਈ। ਕਮਾਊ ਪਰਦੇਸੀ ਹੋ ਗਏ। ਸੁਆਣੀਆਂ ਤੇ ਬਾਲ ਕੰਮਾਂ ਜੋਗੇ। ਖੇਡਾਂ ਮੁੱਕ ਗਈਆਂ। ਇਕ ਵੇਲੇ ਵਿਚ ਸੁਆਣੀ ਕਈ ਕਈ ਕੰਮ ਕਰੇ। ਬਾਲ ਨੂੰ ਦੁੱਧ ਪਿਆਂਦੀ। ਸਲਾਰੇ ਦੇ ਪੱਲੇ ਉਲੇੜ੍ਹ ਰਹੀ। ਬਾਜਰੇ ਦੀ ਰਾਖੀ ਕਰਦਿਆਂ ਬੱਕਰੀ ਵੀ ਚਰਾਵੇ। ਅਮੀਰ ਹੈਦਰ ਤੇ ਉਹਦੇ ਸੰਗੀ ਡੰਗਰ ਚਰਾਂਦਿਆਂ ਬਾਲਣ ਵੀ ਚੁੱਕਦੇ ਤੇ ਘਾਅ ਵੀ ਮਾਰਦੇ। ਇਕ ਦਿਨ ਮੌਲੋ ਰੁੱਖਾਂ ਉਹਲੇ ਕੀ ਦੇਖਿਆ ਕਿ ਉਹਨੇ ਅਮੀਰ ਹੈਦਰ ਤੇ ਕਰਮੇ ਨੂੰ ਮੂੰਹ 'ਤੇ ਉਂਗਲ ਰੱਖਕੇ ਚੁੱਪ ਰਹਿਣ ਦਾ ਇਸ਼ਾਰਾ ਕਰਦਿਆਂ ਬੁਲਾਇਆ। ਉਹਨਾਂ ਦੇ ਸਾਹਮਣੇ ਕੀ ਕਿ ਸਰਦਾਰ ਆਪਣੀ ਖੋਤੀ ਨੂੰ ਪਿੱਛੋਂ ਲੱਗਾ ਹੋਇਆ। ਜਾਕਤਾਂ ਦਾ ਹਾਸਾ ਸੁਣਕੇ ਸਰਦਾਰ ਪੱਚੀ ਹੋ ਗਿਆ ਤੇ ਉਹਨਾਂ ਨੂੰ ਤਰਾਂਹਦਿਆਂ "ਖਬਰਦਾਰ! ਤੁਸਾਂ ਮੈਕੀ ਤੱਕਿਆ ਨਹੀਂ!"

ਗ਼ਰੀਬੀ ਦੇ ਓਸ ਸਮੇਂ ਖੋਤੀ ਰੱਖਣਾ ਇਕ ਰੁਜ਼ਗਾਰ ਸੀ। ਖੋਤੀ ਭਾਰ ਵੀ ਢੋਂਹਦੀ ਤੇ ਸੂੰਦੀ

ਵੀ। ਰਿਟਾਇਰ ਹੋ ਕੇ ਅਕਸਰ ਫੌਜੀ ਖੋਤੀ ਖਰੀਦ ਲੈਂਦੇ। ਇਕ ਮਖੌਲ ਬੜਾ ਮਸ਼ਹੂਰ ਹੋਇਆ ਕਿ ਆਉਂਦੇ ਰਾਹੀ ਨੂੰ ਜਾਂਦੇ ਸਲੂਟ ਮਾਰਿਆ, "ਸੂਬੇਦਾਰ ਸਾਹਿਬ!" ਦੋਨਾਂ 'ਚੋਂ ਕਿਸੇ ਵੀ ਫੌਜੀ ਵਰਦੀ ਨਾ ਪਾਈ ਹੋਈ। ਨਾਲ ਦੇ ਸੰਗੀ ਜਾਂਦੇ ਨੂੰ ਪੁੱਛਿਆ, "ਤੈਨੂੰ ਕਿਵੇਂ ਪਤਾ ਕਿ ਉਹ ਸੂਬੇਦਾਰ?" ਜਾਂਦੇ ਖੋਤੀਆਂ ਵਿਖਾਂਦਿਆਂ ਜਵਾਬ ਦਿੱਤਾ, "ਮੇਰੇ ਕੋਲ਼ ਹਿਕ ਖੋਤੀ ਤੇ ਮੈਂ ਹੌਲਦਾਰ ਤੇ ਉਹਦੇ ਕੋਲ ਦੋ ਖੋਤੀਆਂ, ਉਹ ਸੂਬੇਦਾਰ ਹੋਸੀ!"

ਸਰਦਾਰ ਜੀਹਦੇ ਦੋ ਵਿਆਹ, ਜਦੋਂ ਗਰਾਈਂ ਉਹਨੂੰ ਖੋਤੀ ਨਾਲ ਭੰਡਦੇ, ਉਹ ਗਰਮੀ ਨਾ ਖਾਵੇ, ਜੀਹਦੀ ਦਲੀਲ, "ਖੋਤੀ ਠੰਢੀ ਹੋਣੀ!"

ਪੋਠੋਹਾਰ ਦਾ ਅਮੀਰ ਹੈਦਰ ਜਮਾਂਦਰੂ ਬਾਗ਼ੀ ਸੀ। ਕੋਈ ਵਿਤਕਰਾ ਵਧੀਕੀ ਹੋਵੇ ਉਹ ਸਹਿ ਲਵੇ ਪਰ ਚੁੱਪ ਨਾ ਬਹਿੰਦਾ। ਓਥੇ ਈ ਬਗ਼ਾਵਤ ਕਰ ਦੇਂਦਾ। ਉਹਦੀ ਬਗ਼ਾਵਤ ਦਾ ਢੰਗ ਇਹ ਕਿ ਉਹ ਬਗ਼ਾਵਤ ਦੀ ਥਾਂ ਤੋਂ ਫਰਾਰ ਹੋ ਜਾਏ। ਘਰ ਵਿਚ ਮਾਂ ਨਾਲ ਹੋਂਦਾ ਜ਼ੁਲਮ ਵੇਖਿਆ ਤੇ ਉਹ ਲੱਕੋਂ ਨੰਗਾ ਘਰੋਂ ਦੌੜ ਗਿਆ। ਉਹਨੇ ਆਪਣੇ ਪਿਉ ਚਾਚੇ ਕੋਲੋਂ ਸੁਣਿਆ ਕਿ ਉਹਨਾਂ ਨਾਲ ਗਰਾਂ ਦੇ ਨੰਬਰਦਾਰ ਵਾਧਾ ਕੀਤਾ ਜੀਹਨੇ ਪਟਵਾਰੀ ਨਾਲ ਰਲਕੇ ਉਹਨਾਂ ਦੀ ਜ਼ਮੀਨ ਹਥਿਆ ਲਈ। ਉਹ ਹੋਸ਼ ਸੰਭਾਲਦਿਆਂ ਪਟਵਾਰੀ ਤੇ ਨੰਬਰਦਾਰ ਦੇ ਖਿਲਾਫ ਹੋ ਗਿਆ। ਮਦਰਸੇ ਵਿਚ ਉਹਨੇ ਮੌਲਵੀ ਦਾ ਜ਼ੁਲਮ ਵੇਖਿਆ ਤੇ ਜਲਾਲੀ ਪੀਰ ਉਹਦੀ ਮਾਂ ਦਾ ਜ਼ਬਰਦਸਤੀ ਨਿਕਾਹ ਕੀਤਾ। ਉਹਨੂੰ ਮੌਲਵੀ ਤੇ ਪੀਰ ਉੱਕਾ ਚੰਗੇ ਨਾ ਲੱਗਦੇ। ਜਿਵੇਂ ਉਹਦੀ ਮਾਂ ਵਿਛੋੜਾ ਗਾਂਦੀ ਹੰਢ ਗਈ, ਇੰਝ ਈ ਸਰਦਾਰਨੀ, ਉਹਦੀ ਭੈਣ ਤੇ ਉਹਦੇ ਭਰਾ ਸ਼ੇਰ ਅਲੀ ਦੀ ਸੋਨਾ ਸਹਿਕਦੀਆਂ ਰਹਿੰਦੀਆਂ।

ਅਮੀਰ ਹੈਦਰ ਘਰੋਂ ਦੌੜਦਾ ਦੌੜਦਾ ਆਪਣਾ ਗਰਾਂ ਛੱਡ ਗਿਆ ਤੇ ਕੱਚੇ ਰਾਹਵਾਂ ਦਾ ਰਾਹੀ ਪੱਕੀਆਂ ਸੜਕਾਂ ਤਾਈਂ ਅੱਪੜ ਪਿਆ। ਗੁੱਜਰਖਾਨ ਦੇ ਰੇਲਵੇ ਸਟੇਸ਼ਨ ਤੋਂ ਉਹ ਪਸ਼ੌਰ ਦਾ ਰਾਹ ਪੁੱਛਦਾ ਫਿਰੇ, ਜਿੱਥੇ ਉਹਦਾ ਭਰਾ ਸ਼ੇਰ ਅਲੀ ਫਸਟ ਕੋਰ ਵਿਚ ਮੁਲਾਜ਼ਮ। ਓਦੋਂ ਉਹ ਸੱਤਾਂ ਸਾਲਾਂ ਦਾ ਸੀ। ਉਹ ਬਿਨ ਟਿਕਟਾ ਪਸ਼ੌਰ ਅੱਪੜ ਗਿਆ ਤੇ ਕੈਂਟ ਵਿਚ ਜਾ ਭਰਾ ਨੂੰ ਮਿਲਿਆ। ਓਥੇ ਉਹਨੇ ਕੀ ਵੇਖਿਆ, ਮੋਟਰਕਾਰਾਂ ਤੇ ਹਰੀਕੇਨ ਲੈਂਪ। ਓਥੇ ਫੌਜ ਦਾ ਰੁਅਬ ਝੱਲਿਆ ਨਾ ਜਾਵੇ। ਆਕੜੀ ਵਰਦੀ, ਜੰਗੀ ਬੈਂਡ, ਫੌਜੀ ਪਰੇਡ, ਰਫਲਾਂ ਤੇ ਤੋਪਾਂ, ਧਮਕ ਤੇ ਕੜਕ। ਰਾਤੀਂ ਨੌਂ ਵਜੇ ਪਸ਼ੌਰ ਸ਼ਹਿਰ ਜਿੰਦਰ ਬੰਦ ਹੋ ਜਾਂਦਾ। ਬੱਸ ਕਾਬਲੀ ਦਰਵਾਜ਼ਾ ਖੁੱਲ੍ਹਾ ਰਹਿੰਦਾ। ਆਉਂਦਾ ਜਾਂਦਾ ਰਾਹੀ ਜੇ ਸੰਤਰੀ ਨੂੰ ਮਸ਼ਕੂਕ ਲੱਗਦਾ, ਉਹ ਵਾਜ ਮਾਰ ਕੇ ਰੋਕਦਾ। ਨਾ ਰੁਕਿਆਂ ਗੋਲ਼ੀ ਦਾ ਹੁਕਮ। ਅਮੀਰ ਹੈਦਰ ਦਾ ਪਸ਼ੌਰ ਵਿਚ ਦਿਲ ਨਾ ਲੱਗਾ ਤੇ ਉਹ ਵਾਪਸ ਗਰਾਂ ਪਰਤ ਆਇਆ।

ਮੋਏ ਪਿਉ ਵਿਰਾਸਤ ਵਿਚ ਕਰਜ਼ਾ ਛੱਡਿਆ ਜਿਹੜਾ ਉਹਦੇ ਭੈਣ ਭਰਾ ਦੇ ਵਿਆਹ 'ਤੇ ਦੂਣਾ ਹੋ ਗਿਆ। ਘਰ ਤੇ ਗਰਾਂ ਵਿਚ ਗ਼ਰੀਬੀ ਰੋਂਦੀ ਤੇ ਜ਼ੁਲਮ ਚਾਂਗਰਦਾ ਫਿਰੇ। ਜਦੋਂ ਅਮੀਰ ਹੈਦਰ ਯਾਰਾਂ ਸਾਲਾਂ ਦਾ ਸੀ, ਓਦੋਂ ਵੀ ਉਹਨੇ ਬਗ਼ਾਵਤ ਕੀਤੀ ਤੇ ਗੁੱਜਰਖਾਨ ਰੇਲਵੇ ਟੇਸ਼ਨ ਤੋਂ ਕਲਕੱਤੇ ਦੀ ਗੱਡੀ ਵਿਚ ਬਹਿ ਗਿਆ। ਉਹ ਬੇਟਿਕਟ। ਚਾਰ ਦਿਨ ਦਾ ਸਫਰ ਉਹਨੇ ਜਾਗ ਕੇ ਕੱਟਿਆ। ਸੌਂਦਾ ਕੀਕਣ। ਟਿਕਟ ਕਲੈਕਟਰ ਨੂੰ ਵੇਖਕੇ ਲੁਕਣਾ ਪਵੇ। ਡੱਬੇ ਬਦਲਦਾ ਰਿਹਾ। ਟੁੱਟੀ ਜੁੱਤੀ ਤੇ ਪਾਟੇ ਪੁਰਾਣੇ ਕਪੜੇ। ਪਰ ਉਹ ਕਲਕੱਤੇ ਅੱਪੜ ਗਿਆ।

ਹਿੰਦੋਸਤਾਨ ਦੇ ਸਭ ਤੋਂ ਵੱਡੇ ਸ਼ਹਿਰ ਵਿਚ ਉਹ ਕਾਲੀਆਂ ਸਿਆਲੀਆਂ ਦੇ ਸ਼ੇਰ ਅਲੀ ਖਾਂ ਨੂੰ ਲੱਭਦਾ ਫਿਰੇ, ਜਿਹੜਾ ਉਹਦਾ ਵੱਡਾ ਭਰਾ। ਉਹ ਫਸਟ ਕੋਰ ਦੀ ਨੌਕਰੀ 'ਚੋਂ ਨੱਸਿਆ ਹੋਇਆ। ਸ਼ੇਰ ਅਲੀ ਦੇ ਖਤ ਗਰਾਂ ਆਉਂਦੇ ਰਹਿੰਦੇ ਜਿਨ੍ਹਾਂ ਤੋਂ ਅਮੀਰ ਹੈਦਰ ਉਹਦਾ ਪਤਾ ਰਟਿਆ ਹੋਇਆ, ਜੀਹਦੀ ਵਜਹੂੰ ਉਹਨੇ ਭਰਾ ਨੂੰ ਓੜਕ ਲੱਭ ਈ ਲਿਆ। ਕਿੱਥੇ ਪਛੜਿਆ ਪੋਠੋਹਾਰ ਤੇ ਕਿੱਥੇ ਕਲਕੱਤੇ ਦੀ ਬਹਾਰ। ਉਹਦੇ ਗ਼ਰੀਬ ਗਰਾਂ ਤੋਂ ਡਾਕਖਾਨਾ ਛੇ ਮੀਲ, ਥਾਣਾ ਬਾਰਾਂ ਮੀਲ ਤੇ ਰੇਲਵੇ ਟੇਸ਼ਣ ਅਠਾਰਾਂ ਮੀਲ ਦੂਰ। ਕਲਕੱਤਾ ਕਾਰੋਬਾਰੀ ਤੇ ਅਫਸਰੀ ਸ਼ਹਿਰ ਜਿੱਥੇ ਭਰੇ ਪੂਰੇ ਬਾਜ਼ਾਰ,



ਨਿਊ ਮਾਰਕੀਟ, ਮਾਛਵਾ ਬਾਜ਼ਾਰ, ਧਰਮਤਲਾ ਤੇ ਮਿਸ਼ਨ ਰੋਡ। ਅਮੀਰ ਹੈਦਰ ਭਾਣੇ ਕਲਕੱਤੇ ਦੀ ਅੰਡਰ ਵਰਲਡ, ਜਿਉਂ ਉਹਨੇ ਮੌਲਵੀ ਕੋਲੋਂ ਜੰਨਤ ਦਾ ਨਕਸ਼ਾ ਸੁਣਿਆ, ਉਹਦੇ ਸਾਹਮਣੇ।

ਹੂਰਾਂ ਈ ਹੂਰਾਂ, ਵਾਧੂ ਸ਼ਰਾਬ ਡੁਲ੍ਹਦੀ ਫਿਰੇ ਤੇ ਲੰਮੀ ਬੇਫਿਕਰੀ। ਗ਼ੁਲਾਮ ਜਾਨ ਐਸੀ ਜੰਨਤ ਦਾ ਸਰਦਾਰ ਜਿਹੜਾ ਦੋਂਹ ਘੋੜਿਆਂ ਵਾਲੀ ਬੱਘੀ 'ਚੋਂ ਇੰਝ ਸ਼ਾਨ ਨਾਲ ਉਤਰੇ ਕਿ ਕੱਛਾਂ ਵਿਚ ਹੂਰਾਂ ਛਣਕਣ। ਅਮੀਰ ਹੈਦਰ ਨੂੰ ਏਥੇ ਆ ਕੇ ਚਾਨਣ ਹੋਇਆ ਕਿ ਉਹਦੇ ਭਰਾ ਸ਼ੇਰ ਅਲੀ ਨੂੰ ਪਸ਼ੌਰ ਵਿਚ ਅਫੀਮ ਦੇ ਸਮਗਲਰ ਮਿਲੇ, ਜਿਨ੍ਹਾਂ ਉਹਨੂੰ ਪਿੱਛੇ ਲਾ ਲਿਆ ਤੇ ਉਹ ਪਸ਼ੌਰ ਕੈਂਟ ਤੋਂ ਫਰਾਰ ਹੋ ਕੇ ਕਲਕੱਤੇ ਆ ਗਿਆ। ਹੁਣ ਇਥਾਵੀਂ ਖੁਫੀਆ ਦੁਨੀਆਂ ਵਿਚ ਸ਼ਰਾਬੀਆਂ ਦੇ ਸੰਗ ਮਸਤਿਆ ਫਿਰੇ, ਜੀਹਦੇ ਦੋ ਪਸ਼ੌਰੀ ਬੇਲੀ ਆਗ਼ਾ ਮੁਹੰਮਦ ਤੇ ਗ਼ੁਲਾਮ ਮੁਹੰਮਦ, ਜਿਹੜੇ ਜ਼ਾਹਰੀ ਤੌਰ ਫਰੂਟ ਦਾ ਬਿਜ਼ਨਿਸ ਕਰਦੇ ਪਰ ਅਸਲ ਵਿਚ ਉਹਨਾਂ ਦਾ ਧੰਦਾ ਨਸ਼ੇ ਦੀ ਸਮਗਲਿੰਗ। ਟੋਕਰੀਆਂ ਵਿਚ ਫਰੂਟ ਦੇ ਹੇਠ ਕੋਕੀਨ ਹੋਂਦੀ ਜੀਹਦੀ ਪਾਨ ਬੀੜੀ ਦੀਆਂ ਦੁਕਾਨਾਂ ਤੋਂ ਖੁਫੀਆ ਖਰੀਦ ਹੋਵੇ। ਯੂਰਪੀ ਅਫਸਰਸ਼ਾਹੀ ਕੋਕੀਨ ਦੇ ਧੰਦੇ ਵਿਚ, ਹਿੰਦੋਸਤਾਨੀ ਅਸ਼ਰਾਫੀਆ ਵੀ ਹਿੱਸਾਦਾਰ। ਕਲਕੱਤੇ 'ਚੋਂ ਅਫੀਮ ਸ਼ਰ੍ਹੇ ਆਮ ਬਰਮਾ ਤੇ ਸਿੰਘਾਪੁਰ ਰਾਹੀਂ ਚੀਨ ਜਾਵੇ।

ਕਲਕੱਤੇ, ਗਰਾਂ ਤੋਂ ਮਤਰੇਏ ਪਿਉ ਦਾ ਖਤ ਆ ਗਿਆ ਜੀਹਦੇ ਵਿਚ ਮਾਂ ਦੀ ਬਿਮਾਰੀ ਬਾਰੇ ਇਤਲਾਹ, ਜਿਹੜੀ ਕਿ ਸ਼ੇਰ ਅਲੀ ਨੂੰ ਵਿਆਹ ਲਈ ਘਰ ਬੁਲਾਵਣ ਦੀ ਚਾਲ। ਇਹ ਸ਼ੇਰ ਅਲੀ ਖਾਂ ਨੂੰ ਵਾਪਸ ਆ ਕੇ ਪਤਾ ਲੱਗਾ, ਜੀਹਦੇ ਨਾਲ ਈ ਅਮੀਰ ਹੈਦਰ ਨੂੰ ਵੀ ਕਲਕੱਤੇ ਤੋਂ ਪਰਤਣਾ ਪਿਆ।

ਮਤਰੇਆ ਪਿਉ, ਸਰਦਾਰ, ਨੰਬਰਦਾਰ, ਪਟਵਾਰੀ, ਮੌਲਵੀ, ਪੀਰ, ਪੰਡਤ ਤੇ ਸ਼ਾਹੂਕਾਰ ਦਾ ਜ਼ੁਲਮ ਤੇ ਜਹਿਰ ਵਧਾ ਗਿਆ, ਜੀਹਦੇ ਨਾਲ ਲੜਨ ਲਈ ਅਮੀਰ ਹੈਦਰ ਫੌਜ ਵਿਚ ਭਰਤੀ ਹੋਵਣ ਦਾ ਸੋਚ ਲਿਆ। ਉਹ ਚੌਦਾਂ ਸਾਲਾਂ ਦਾ ਮੰਦਰਾ ਦੇ ਰਕਰੂਟਿੰਗ ਸੈਂਟਰ ਅੱਪੜ ਗਿਆ ਜਿੱਥੇ ਐਂਗਲੋ ਇੰਡੀਅਨ ਬਟਲਰ ਉਹਦੇ ਨਾਲ ਕਾਰਾ ਕੀਤਾ ਕਿ ਉਹ ਉਹਨੂੰ ਫੌਜ ਵਿਚ ਭਰਤੀ ਕਰਾ ਦੇਵੇਗਾ। ਜੀਹਦੇ ਨਾਲ ਉਹ ਰਾਵਲਪਿੰਡੀ ਅੱਪੜ ਗਿਆ ਜਿੱਥੇ ਦੇਸੀ ਅੜਦਲੀ ਨੂੰ ਉਹਦੇ ਉੱਤੇ ਤਰਸ ਆ ਗਿਆ, "ਇਹ ਬਟਲਰ ਤੈਨੂੰ ਭਾਂਡੇ ਮਾਂਜਣ ਲਈ ਲੈ ਆਇਆ, ਤੂੰ ਅਜੇ ਨਿੱਕਾ, ਫੌਜ ਵਿਚ ਭਰਤੀ ਦੇ ਅਹਿਲ ਨਹੀਂ!" ਓਸ ਹਮਦਰਦ ਅੜਦਲੀ ਅਮੀਰ ਹੈਦਰ ਨੂੰ ਗਰਾਂ ਪਰਤਣ ਲਈ ਚਾਰ ਆਨੇ ਕਰਾਇਆ ਆਪਣੀ ਜੇਬ 'ਚੋਂ ਦਿੱਤਾ। ਪਰ ਉਹ ਐਤਕੀਂ ਘਰੋਂ ਵਾਪਸੀ ਲਈ ਨਾ ਨਿਕਲਿਆ। ਉਹਨੇ ਬੰਬਈ ਨੂੰ ਮੂੰਹ ਕਰ ਲਿਆ।

ਉਹ ਰੇਲ ਗੱਡੀ ਵਿਚ ਬਹਿ ਗਿਆ ਪਰ ਟਿਕਟ ਕੋਈ ਨਾ ਲਈ। ਟੀ ਟੀ ਤੋਂ ਬਚਦਾ ਬਚਾਂਦਾ ਉਹ ਬੰਬਈ ਅੱਪੜ ਗਿਆ। ਪਹਿਲੇ ਟੇਸ਼ਣ ਉੱਤੇ ਲਹਿੰਦਿਆਂ ਈ ਰੇਲਵਾਈ ਬਾਊ ਉਹਨੂੰ ਬਾਂਹੋਂ ਫੜ ਲਿਆ। ਅਮੀਰ ਹੈਦਰ ਦਾ ਜੁਰਮ, ਬਗ਼ੈਰ ਟਿਕਟ ਸਫਰ। ਬਾਊ ਮੁਲਜ਼ਮ ਨੂੰ ਖਿੱਚਕੇ ਟੇਸ਼ਣ ਮਾਸਟਰ ਦੇ ਦਫਤਰ ਲੈ ਕੇ ਜਾਣਾ ਚਾਹਵੇ। ਅਮੀਰ ਹੈਦਰ ਬਾਂਹ ਛੁਡਾਂਦਿਆਂ ਬੇਵੱਸ ਹੋ ਕੇ ਰੋਣ ਲੱਗ ਪਿਆ। ਖਿੱਚ ਧਰੂਹ ਵਿਚ ਗ਼ਰੀਬ ਪੇਂਡੂ ਮੁੰਡੇ ਦੀ ਗੰਢੀ ਜੁੱਤੀ ਟੁੱਟ ਗਈ ਤੇ ਪੁਰਾਣੇ ਕਪੜੇ ਪਾਟ ਗਏ। ਬਾਊ ਦਾ ਖਰ੍ਹਵਾ ਹੱਥ ਢਿੱਲਾ ਪੈ ਗਿਆ ਤੇ ਉਹਨੇ ਮੁਲਜ਼ਮ ਨੂੰ ਰਿਹਾ ਕਰ ਦਿੱਤਾ।

0 0 0

ਪੋਠੋਹਾਰ ਦਾ ਪੁੱਤਰ ਪਰਦੇਸ ਵਿਚ ਚੂਹੇ ਤੋਂ ਦਾਦਾ ਕਿਵੇਂ ਬਣਿਆ?

ਸਮੁੰਦਰ ਦੇ ਕੰਢੇ ਬੰਬਈ ਸ਼ਹਿਰ ਵਿਚ ਲੋਕਾਂ ਦਾ ਹੜ੍ਹ। ਉੱਚੇ ਚੁਬਾਰੇ ਅਸਮਾਨੀਂ ਚੜ੍ਹੇ ਹੋਏ ਤੇ ਗ਼ਰੀਬ ਖੋਲੀਆਂ ਵਿਚ ਕੁਰਬਲ਼ ਕੁਰਬਲ਼। ਜਿੱਥੇ ਅਮੀਰ ਹੈਦਰ ਲੁਕਦਾ ਫਿਰੇ ਕਿ ਉਹਨੂੰ ਕਿਧਰੇ ਉਹਦਾ ਮਾਮਾ ਤੇ ਭਰਾ ਨਾ ਵੇਖ ਲੈਣ ਜੋ ਏਸੇ ਸ਼ਹਿਰ ਵਿਚ ਮਜ਼ਦੂਰੀ ਕਰਦੇ। ਉਹਨੂੰ ਡਰ ਕਿ ਉਹਨਾਂ ਫੜ ਕੇ ਉਹਨੂੰ ਵਾਪਸ ਭੇਜ ਦੇਣਾ। ਜਿਹੜਾ ਭੁੱਖਾ ਕਈ ਦਿਨਾਂ ਤੋਂ ਨ੍ਹਾਤਾ ਨਾ। ਵਿਕਟੋਰੀਆ ਡਾਕ ਲਾਗੇ ਰੁਜ਼ਗਾਰ ਉਡੀਕਦੇ ਲਾਵਾਰਿਸਾਂ ਨਾਲ ਬੈਠਾ ਸਿਰ ਵਿਚ ਖੁਰਕ ਰਿਹਾ ਕਿ ਇਕ ਬਾਊ

ਆਇਆ, "ਕਾਮ ਕਰੋਗੇ?" "ਹਾਂ!" ਸਾਰੇ ਬੇਰੁਜ਼ਗਾਰ ਆਸਾਂ ਭਰੀਆਂ ਅੱਖਾਂ ਨਾਲ ਉਠ ਖਲੋਤੇ।

ਸਮੁੰਦਰੀ ਜਹਾਜ਼ ਨੂੰ ਪੇਂਟ ਕਰਨਾ, ਇਹ ਪਹਿਲਾ ਕੰਮ ਲੱਭਾ ਜੀਹਦੀ ਦਿਹਾੜੀ ਸੱਤ ਆਨੇ। ਅਗਲੀ ਮਜ਼ਦੂਰੀ ਜਹਾਜ਼ ਵਿਚ ਈ ਮਿਲ ਗਈ। ਇਹ ਕੰਮ ਕੀ, ਚਿਮਨੀ ਦੀ ਸਫਾਈ। ਡੇ ਸ਼ਿਫਟ ਸੱਤ ਆਨੇ, ਨਾਈਟ ਸ਼ਿਫਟ ਅੱਠ ਆਨੇ ਤੇ ਦੋਨਾਂ ਸ਼ਿਫਟਾਂ ਦੇ ਬਾਰਾਂ ਆਨੇ ਮਿਲਦੇ। ਚਿਮਨੀ ਸਾਫ ਕਰਦਿਆਂ ਮੂੰਹ ਉੱਤੇ ਧੂੰ ਦੀ ਕਾਲਖ ਜੰਮ ਜਾਂਦੀ। ਕਪੜੇ ਗਰੀਸ ਤੇ ਗੰਦੇ ਤੇਲ ਨਾਲ ਲਿਬੜੇ ਰਹਿਣ। ਸਾਹ ਲੈਂਦਿਆਂ ਨੱਕੋਂ ਮੂੰਹੋਂ ਕਾਲਾ ਧੂੰ ਨਿਕਲੇ। ਅਮੀਰ ਹੈਦਰ ਤ੍ਰਿਖਾ ਵਗ ਤਗ ਕੰਮ ਮੁਕਾਂਦਿਆਂ ਝੱਟੇ ਝੱਟੇ ਚਿਮਨੀ 'ਚੋਂ ਮੂੰਹ ਕੱਢ ਕੇ ਬਾਇਲਰ ਤੇ ਇੰਜਨ ਰੂਮ ਵਿਚ ਕੰਮ ਕਰਦੇ ਹਾਣੀਆਂ ਨੂੰ ਸੀਟੀਆਂ ਮਾਰੇ। ਉਹ ਇੰਝ ਲੱਗੇ ਜਿਵੇਂ ਚੂਹਾ ਖੱਡ'ਚੋਂ ਬਾਹਰ ਝਾਤੀ ਪਾਏ। ਉਹਦਾ ਨਾਂ ਸਾਥੀਆਂ ਚੂਹਾ ਪਾ ਦਿੱਤਾ।

ਮਜ਼ਦੂਰੀ ਕਰਦਿਆਂ ਅਮੀਰ ਹੈਦਰ ਜਹਾਜ਼ ਅੰਦਰ ਦਰਜਾਬੰਦੀ ਵੇਖੀ। ਹੇਠਲੇ ਦਰਜੇ ਵਿਚ ਲੇਬਰ ਕਲਾਸ ਜੀਹਦੇ ਵਿਚ ਆਇਲਰ, ਫਾਇਰਮੈਨ ਤੇ ਇੰਜਨ ਰੂਮ ਦਾ ਸਟੋਰਕੀਪਰ ਜਿਹੜੇ ਦੇਸੀ ਸੁਪਰਵਾਈਜ਼ਰ ਦੇ ਮੁਥਾਜ, ਜੀਹਦੇ ਉੱਤੇ ਵਲਾਇਤੀ ਸ਼ਿਪਿੰਗ ਮਾਸਟਰ, ਚੀਫਰ ਇੰਜਨੀਅਰ ਤੇ ਕੈਪਟਰ, ਜਿਹੜੇ ਸ਼ਿਪ ਦੇ ਹਾਕਮ। ਲੇਬਰ ਕਲਾਸ ਗ਼ੁਲਾਮ ਜੀਹਦੀ ਲਗਾਮ ਸੁਪਰਵਾਈਜ਼ਰ ਦੇ ਹੱਥ ਵਿਚ, ਜਿਹੜਾ ਬਾਅਖਤਿਆਰ ਜੀਹਨੂੰ ਮਰਜ਼ੀ ਕੰਮ ਦੇਵੇ ਜੀਹਦੇ ਉੱਤੇ ਰਾਜ਼ੀ ਨਾ, ਉਹਦੀ ਛੁੱਟੀ ਕਰ ਦੇਵੇ। ਸੂਦ ਉੱਤੇ ਪੈਸੇ ਉਧਾਰ ਦੇਂਦਾ। ਇਹ ਉਹਦਾ ਖੁਫੀਆ ਕਾਰੋਬਾਰ ਪਰ ਕੋਈ ਉਹਦੀ ਸ਼ਿਕਾਇਤ ਨਾ ਕਰੇ। ਵਿਕਟੋਰੀਆ ਡਾਕ ਉੱਤੇ ਲੇਬਰ ਕਲਾਸ ਸਾਲ ਦਾ ਕੀ ਕਮਾਵੇ, ਸਿੱਧਾ ਹਿਸਾਬ, ਦੋ ਮਹੀਨੇ ਦੀ ਤਨਖਾਹ ਸੁਪਰਵਾਈਜ਼ਰ ਰਿਸ਼ਵਤ ਲੈਂਦਾ, ਦੋ ਮਹੀਨੇ ਦੀ ਤਨਖਾਹ ਖੋਲ਼ੀ ਦਾ ਕਰਾਇਆ, ਇਕ ਮਹੀਨੇ ਦੀ ਤਨਖਾਹ ਕਪੜਿਆਂ ਦੀ ਧੁਆਈ, ਇਕ ਮਹੀਨੇ ਦੀ ਤਨਖਾਹ ਕਰਜ਼ਾ ਲਾਹਣ ਲਈ. ਦੋ ਮਹੀਨੇ ਦੇ ਤਨਖਾਹ ਦਾਲ਼ ਰੋਟੀ ਲਈ ਖਰਚ ਹੋਵੇ। ਇਕ ਮਹੀਨੇ ਦੀ ਤਨਖਾਹ ਸਾਲ ਵਿਚ ਇਕ ਵਾਰੀ ਛੁੱਟੀ ਉੱਤੇ ਪਿੱਛੇ ਘਰ ਜਾਵਣ ਤੇ ਵਾਪਸ ਪਰਤਣ ਦਾ ਕਰਾਇਆ। ਤੇ ਤਿੰਨ ਮਹੀਨੇ ਦੀ ਤਨਖਾਹ ਘਰ ਵਾਲਿਆਂ ਨੂੰ ਜਾਂਦੀ ਜਿਹੜੇ ਇਹਦੇ ਨਾਲ ਆਪਣੇ ਕਰਜ਼ਾ ਲਾਹੁਣ।

ਅਮੀਰ ਹੈਦਰ ਨਾਲ ਜਿਹੜੇ ਉਹਦੇ ਹਾਣੀ ਮਜ਼ਦੂਰ ਖੋਲ਼ੀ ਵਿਚ ਰਹਿੰਦੇ, ਉਹਨਾਂ 'ਚੋਂ ਕਈ ਗੁੰਡੇ ਬਣ ਗਏ। ਕੁਝ ਗਾਂਜਾ ਪੀਂਦੇ ਨਸ਼ਈ ਹੋਏ ਤੇ ਕਈ ਛੜਿਆਂ ਲਈ ਸੈਕਸ ਵਰਕਰ ਬਣੇ। ਅਮੀਰ ਹੈਦਰ ਪੰਦਰਾਂ ਸੋਲ਼ਾਂ ਘੰਟੇ ਹੱਡ ਭੰਨਵੀਂ ਮਿਹਨਤ ਕਰੇ। ਫੇਰ ਵੀ ਉਹਨੂੰ ਡੂੰਘੀ ਨੀਂਦਰ ਨਾ ਆਵੇ, ਜੀਹਦੇ ਸੁਫਨੇ ਸੋਚਾਂ ਵਿਚ ਆਪਣਾ ਪਿਛਲਾ ਘਰ ਤੇ ਗਰਾਂ ਘੁੰਮਦੇ ਰਹਿੰਦੇ। ਘਰ ਦੀ ਗ਼ਰੀਬੀ, ਦੁਖੀ ਮਾਂ ਭੈਣ ਤੇ ਸਰਦਾਰ ਦੀ ਕੈਦ ਵਿਚ ਸਰਦਾਰਨੀ। ਜਦੋਂ ਜਗਰਾਤਾ ਬਾਹਲ਼ਾ ਡੰਗੇ, ਉਹ ਅਫੀਮ ਲੈ ਲੈਂਦਾ ਤੇ ਉਹਨੂੰ ਨੀਂਦਰ ਆ ਜਾਵੇ। ਲੰਮਾ ਪਿਆ ਕਦੀ ਕਦੀ ਆਸਾ ਪਾਸਾ ਫਰੋਲੇ ਤੇ ਸਾਰੇ ਮਜ਼ਦੂਰਾਂ ਦੀ ਕਹਾਣੀ ਉਹਦੇ ਵਰਗੀ। ਸਭ ਆਪਣੇ ਪਛੜੇ ਗਰਾਂ ਦੀ ਖੁਸ਼ਹਾਲੀ ਚਾਹੁੰਦੇ। ਸਭ ਦੇ ਘਰਾਂ ਵਿਚ ਭੁੱਖ, ਸਭ ਦੀਆਂ ਮਾਵਾਂ ਬੈਣਾਂ ਦੁਖੀ ਤੇ ਸਭ ਵਿਛੋੜੇ ਦੇ ਮਾਰੇ। ਉਹਦੀ ਸਾਥੀ ਮਜ਼ਦੂਰਾਂ ਨਾਲ ਸਾਂਝ ਵਧਦੀ ਗਈ। ਉਹਨਾਂ ਲਈ ਪਰੇਸ਼ਾਨ ਰਵ੍ਹੇ ਤੇ ਉਹਨੂੰ ਪਿਛਲੇ ਭੁਲੱਣ ਲੱਗ ਪਏ।

ਅਮੀਰ ਹੈਦਰ ਕਜਾਕ ਕਾਮਾ। ਚਿਮਨੀ ਕਲੀਨਰ ਤੋਂ ਫਾਇਰਮੈਨ ਦਾ ਹੈਲਪਰ ਬਣ ਗਿਆ। ਤੇ ਸੋਲ਼ਾਂ ਸਾਲ ਦੀ ਉਮਰ ਵਿਚ ਉਹ ਫਾਇਰਮੈਨ ਲੱਗਾ। ਆਪਣੀ ਤਤਨਖਾਹ ਦਾ ਚੌਥਾ ਹਿੱਸਾ ਆਪਣੇ ਨਾਲ ਦੇ ਬੇਤੁਜ਼ਗਾਰਾਂ ਵਿਚ ਵੰਡ ਦੇਂਦਾ। ਕੰਮ ਵੱਧ ਤੇ ਨਖਾਹ ਘੱਟ। ਸਾਰੇ ਮਜ਼ਦੂਰ ਗਿਲਾ ਕਰਦੇ ਪਰ ਕੋਈ ਅਗਾਂਹ ਹੋ ਕੇ ਸ਼ਿਕਾਇਤ ਦਰਜ ਨਾ ਕਰਾਏ। ਅਮੀਰ ਹੈਦਰ ਜੀਹਨੂੰ ਸਭ ਚੂਹਾ ਕਹਿੰਦੇ, ਉਹ ਆਗੂ ਬਣਿਆ। ਜਹਾਜ਼ ਸਫਰ ਲਈ ਤਿਆਰ ਕਿ ਮਜ਼ਦੂਰਾਂ ਦੀ ਹੜਤਾਲ ਹੋ ਗਈ। ਕੈਪਟ ਜੀਹਦੇ ਕੋਲ਼ੋਂ ਲੰਘਦਿਆਂ ਵੀ ਚੂਹਾ ਯਰਕਦਾ ਸੀ, ਉਹਦੇ ਅੱਗੇ ਟੁੱਟੀ ਭੱਜੀ ਅੰਗਰੇਜ਼ੀ ਬੋਲਦਿਆਂ ਆਕੜ ਖਲੋਤਾ: "Me no go to ship!" ਕੈਪਟਨ ਤਿਆਰੀ ਵਿਚ ਜਹਾਜ਼ ਨੂੰ ਕਿਵੇਂ



ਰੋਕਦਾ। ਚੂਹੇ ਕੋਲ਼ੋਂ ਹਾਰ ਗਿਆ ਤੇ ਹੜਤਾਲ ਕਾਮਯਾਬ ਹੋ ਗਈ। ਜਿੱਤਿਆ ਚੂਹਾ ਜ਼ਿੰਦਗੀ ਵਿਚ ਪਹਿਲੀ ਵਾਰ ਖੁਸ਼ਬੋਈ ਸਾਬਣ ਨਾਲ ਨ੍ਹਾ ਕੇ ਨਿਖਰਿਆ ਕੀ, ਲਾਵਾਰਿਸਾਂ ਉਹਨੂੰ ਦਾਦਾ ਸੱਦਿਆ ਜਿਹੜਾ ਸਤਾਰਾਂ ਸਾਲਾਂ ਦੀ ਉਮਰ ਵਿਚ 'ਐੱਸ ਐੱਸ ਫਰਾਂਜ਼ ਫਰਦੀਨੰਦ' ਜਹਾਜ਼, ਜੀਹਦੇ ਉੱਤੇ ਯੂਨੀਅਨ ਜੈਕ ਲਹਿਰੇ ਪਿਆ, ਵਿਚ ਸਮੁੰਦਰਾਂ ਦੇ ਹਵਾਲੇ ਹੋਇਆ।

ਲੇਬਰ ਕਲਾਸ ਨੂੰ ਚੌਲ਼, ਆਲੂ ਤੇ ਗੰਢੇ ਫੀ ਕਸ ਮਿਣ ਤੋਲ ਕੇ ਲੱਭਦੇ। ਜਹਾਜ਼ ਵਿਚ ਦੇਸੀ ਸੁਪਰਵਾਈਜ਼ਰ ਗੋਰੇ ਸ਼ਿਪਿੰਗ ਮਾਸਟਰ ਦੇ ਕਾਗ਼ਜ਼ਾਂ ਵਿਚ ਇੱਜ਼ਤਦਾਰ ਹੋਵਣ ਲਈ ਅਣਚਾਰੇ ਤੇ ਬੇਵਜ੍ਹਾ ਯੂਨੀਅਨ ਜੈਕ ਨੂੰ ਸਲਾਮੀ ਦੇਂਦਾ ਰਹੇ। ਉਹਨੂੰ ਲਾਮ ਬਾਰੇ ਕੋਈ ਖਬਰ ਨਾ ਕਿ ਕਿਹੜੇ ਮੁਹਾਜ਼ ਉੱਤੇ ਕੀ ਹੋ ਰਿਹਾ। ਆਪਣੇ ਕੋਲ਼ੋਂ ਈ ਅੰਗਰੇਜ਼ ਫੌਜ ਦੀਆਂ ਜਿੱਤਾਂ ਗਿਣਦਿਆਂ ਹੁਕਦਾ ਰਹਿੰਦਾ, ਜਿਹੜਾ ਅਫਸਰਾਂ ਅੱਗੇ ਨਿਊਂ ਨਿਊਂ ਜਾਏ। ਪਰ ਉਹ ਲੇਬਰ ਕਲਾਸ ਲਈ ਬਦਮਾਸ਼। ਮਜ਼ਦੂਰ ਉਹਨੂੰ ਰਿਸ਼ਵਤ ਵੀ ਦੇਂਦੇ ਤੇ ਕਦੀ ਕਦੀ ਜੂਏ ਵਿਚ ਉਹਦੇ ਕੋਲ਼ੋਂ ਤਨਖਾਹ ਵੀ ਹਾਰਦੇ। ਬੰਦਰਗਾਹ ਉੱਤੇ ਜਹਾਜ਼ ਲੱਗਦਿਆਂ ਈ ਜਹਾਜ਼ੀਆਂ ਨੂੰ ਜਿੱਥੇ ਜਾਣ ਦੀ ਜਲਦੀ ਹੋਵੇ, ਉਹ ਰੈੱਡ ਲਾਈਟ ਏਰੀਆ ਜਿਹੜਾ ਅਗਦੂੰ ਈ ਉਡੀਕਣਹਾਰ। ਅਫਸਰਾਂ ਦੀ ਅਯਾਸ਼ੀ ਲਈ ਉੱਚੇ ਬੂਹੇ ਖੁਲ੍ਹਣ ਤੇ ਲੇਬਰ ਕਲਾਸ ਲਈ ਗ਼ਰੀਬ ਚਕਲੇ। ਪੈਸੇ ਬਾਹਰ ਦੱਲੇ ਤੇ ਮੈਨੇਜਰ ਲੈ ਲੈਂਦੇ। ਅੰਦਰ ਔਰਤਾਂ ਕੀ, ਨੰਗੇ ਸਰੀਰ ਵਿਛੇ ਹੋਏ ਜਿਨ੍ਹਾਂ ਦੀ ਆਪਣੀ ਕੋਈ ਮਰਜ਼ੀ ਨਾ ਜਜ਼ਬਾ। ਮਜਬੂਰ ਔਰਤ ਨੂੰ ਦਾਦੇ ਪੈਸੇ ਦੇ ਕੇ ਕੀ ਲਿਆ, ਮਾਸਾ ਕੁ ਅਫੀਮ ਜੀਹਨੂੰ ਖਾਂਦਿਆਂ ਉਹ ਕੀ ਵੇਖਦਾ ਏ ਕਿ ਉਹ ਔਰਤ ਖੋਤੀ ਬਣ ਗਈ ਅਤੇ ਇਕ ਬੰਦਾ ਉਹਨੂੰ ਪਿੱਛੋਂ ਘੱਸੇ ਮਾਰਨ ਲੱਗ ਪਿਆ, ਜੀਹਨੂੰ ਸੌਂਦਿਆਂ ਸੌਂਦਿਆਂ ਦਾਦੇ ਪਛਾਣ ਲਿਆ ਕਿ ਉਹ ਸਰਦਾਰ ਤੇ ਉਹਨੂੰ ਸੁਫਨੇ ਦੀ ਸੇਜ ਉੱਤੇ ਸਰਦਾਰਨੀ ਪੁੱਛੇ ਪਈ, "ਮੈਂਡਾ ਕਿੱਦਣ ਵਿਆਹ ਹੋਸੀ?"

ਬਸਰਾ ਦੀ ਬੰਦਰਗਾਹ, ਪੂਰਾ ਸ਼ਹਿਰ ਛਾਉਣੀ ਬਣਿਆ ਹੋਇਆ। ਦਜਲਾ ਤੇ ਫਰਾਤ ਕੰਢੇ ਦਾ ਵਸੇਬ ਫੌਜ ਦੇ ਕਬਜ਼ੇ ਵਿਚ, ਜਿੱਥੇ ਅਰਬ ਇਲਾਕੇ ਦਾ ਫੌਜੀ ਹੈਡਕੁਆਰਟਰ। ਅਵਾਰਾਗਰਦੀ ਕਰਦਿਆਂ ਖਜੂਰਾਂ ਦੀ ਵਿਰਲੀ ਛਾਵੇਂ ਦਾਦੇ ਨੂੰ ਆਪਣੇ ਪਾਸੇ ਦੇ ਫੌਜੀ ਇੰਝ ਮਿਲ ਪਏ ਕਿ ਬੈਰਕਾਂ 'ਚੋਂ ਗਾਣ ਦੀ ਵਾਜ:

*ਇਹ ਮੈਂਡੀ ਮੁੰਦਰੀ ਆਮਾਂ ਸ਼ਾਮਾਂ*
*ਅੱਲਾ ਤੋੜੇਸੀ ਭੈੜੀਆਂ ਲਾਮਾਂ*
*ਰੁੱਤ ਛੱਲੀਆਂ ਨੀ ਆਈ ਆ*
*ਮਾਹੀਆ ਢੋਲ ਸਿਪਾਹੀਆ*
*ਕਿੰਨੀ ਤਾਂਘ ਦਿਲੇ ਨੀ ਲਾਈ ਆ*

ਅੱਗੋਂ ਦੂਜੇ ਗਰਾਈਂ ਦੁੱਖ ਇੰਝ ਸਾਂਝਾ ਕੀਤਾ:

*ਛੱਲਾ ਰੂੰ ਨੇ ਗੋੜ੍ਹੇ, ਵੇਏ ਛੱਲਾ ਰੂੰ ਨੇ ਗੋੜ੍ਹੇ*
*ਮੌਲਾ ਲਾਮ ਤਰੋੜੇ, ਸੱਜਣਾਂ ਕੂ ਮੋੜੇ*
*ਸੁਣ ਢੋਲ ਜਾਨੀ, ਅੱਲਾ ਖੈਰੀਂ ਆਣੀ*

ਇਹ ਗਾਉਣ ਉਹਦੇ ਗਰਾਈਆਂ ਨੂੰ ਪਿੱਛੋਂ ਘਰੋਂ ਚਿੱਠੀਆਂ ਵਿਚ ਲਿਖੇ ਆਏ, ਜਿਹੜੇ ਉਹ ਇਕ ਦੂਜੇ ਨਾਲ ਵਟਾਂਦਰਾ ਕਰ ਰਹੇ। ਦਾਦੇ ਨੂੰ ਲੱਗਾ ਹਾਕਮ ਟਾਬਰੀ ਜਿਹੜੀ ਲਾਮ ਨੂੰ ਮਾਣ ਰਹੀ, ਰਿਆਇਆ ਉਹਨੂੰ ਭੁਗਤੇ ਪਈ। ਮੁਸਲਮਾਨ ਫੌਜੀ ਬੈਰਕਾਂ ਵਿਚ ਦਾਦੇ ਕੀ ਵੇਖਿਆ ਕਿ ਦੁਸ਼ਮਣ ਤੁਰਕੀ ਦੇ ਹੱਕ ਵਿਚ ਦੁਆ ਹੋ ਰਹੀ। 'ਪਠਾਣ ਇਨਫੈਂਟਰੀ' ਤੇ 'ਬਲੋਚ ਕਵੈਲਰੀ' ਜੋ ਫਰਾਂਸ ਪਾਸੇ ਲੜ ਕੇ ਆਈਆਂ, ਉਹਨਾਂ ਨੂੰ ਭਿਣਕ ਪਈ ਕਿ ਉਹਨਾਂ ਹੁਣ ਤੁਰਕੀ ਦੇ ਖਿਲਾਫ ਲੜਨਾ। ਫਰੰਗੀਆਂ ਦੇ ਖਿਲਾਫ ਤੇ ਤੁਰਕੀ ਦੀ ਹਮਾਇਤ ਵਿਚ ਅੰਦਰੋ ਅੰਦਰ ਗੱਲਾਂ ਹੋਵਣ ਲੱਗ ਪਈਆਂ।

ਜਿਹੜੇ ਮੁਸਲਮਾਨ ਫ਼ੌਜੀ ਬਾਗ਼ੀ ਹੋ ਗਏ, ਉਹਨਾਂ ਦਾ ਆਗੂ ਇਕ ਜਮਾਦਾਰ ਜੋ ਖ਼ੁਫੀਆ ਤਕਰੀਰਾਂ ਕਰੇ ਪਰ ਉਹ ਗ੍ਰਿਫਤਾਰ ਨਾ ਹੋਵੇ। ਇਹ ਕੋਈ ਚਾਲ ਸੀ। ਨਹੀਂ ਤੇ ਮੁਖਬਰਾਂ ਤੇ ਜਾਸੂਸਾਂ ਦਾ ਜਾਲ਼ ਵਿਛਿਆ ਹੋਇਆ। ਇਹ ਐਲਾਨ ਹਰ ਕਨ ਤਾਈਂ ਅੱਪੜ ਗਿਆ ਕਿ ਫੌਜ 'ਚੋਂ ਭਗੌੜਾ, ਤਾਜ ਬਰਤਾਨੀਆ ਦਾ ਬਾਗ਼ੀ ਜੀਹਦੀ ਸਜ਼ਾ ਕਾਲ਼ੇ ਪਾਣੀ ਵਿਚ ਉਮਰ ਕੈਦ। ਕੁਝਨਾਂ ਦਾ ਇਸਲਾਮੀ ਜਜ਼ਬਾ ਜਾਗਦਾ ਰਿਹਾ। ਬਾਹਲ਼ੇ ਬਾਗ਼ੀ ਨੀਵੇਂ ਨੀਵੇਂ ਹੋ ਕੇ ਆਪਣੀ ਫੌਜ ਦੀ ਨੌਕਰੀ ਬਚਾ ਗਏ। ਜਮਾਂਦਾਰ ਤੇ ਉਹਦੇ ਸਾਥੀ ਚੁੱਕੇ ਗਏ ਜਿਨ੍ਹਾਂ ਦਾ ਕੋਈ ਖੁਰਾ ਨਿਸ਼ਾਨ ਨਾ ਲੱਭਿਆ।

0 0 0

ਕਾਲੀਆਂ ਸਿਆਲੀਆਂ ਦੇ ਕਾਲੂ ਨਾ ਪੁੱਤਰ ਜਦੋਂ ਅਮਰੀਕਾ ਅੱਪੜਿਆ, ਕਾਗ਼ਜ਼ਾਂ ਵਿਚ ਉਹਦਾ ਪੂਰਾ ਨਾਂ ਅਮੀਰ ਹੈਦਰ ਅਤਾ ਮੁਹੰਮਦ। ਬਿਗਾਨਾ ਦੇਸ ਪਰ ਉਹਨੂੰ ਆਪਣੇ ਜੇਹੇ ਜੀਅ ਮਿਲਦੇ ਗਏ। ਨਿਊਯਾਰਕ ਵਿਚ ਵਤਨੀ ਜਗਤ ਸਿੰਘ ਨਾਲ ਸੰਗਤ ਹੋਈ ਜਿਹੜਾ 'ਗ਼ਦਰ ਪਾਰਟੀ' ਦਾ ਆਹਰੀ ਤੇ ਹਿੰਦ ਦੀ ਆਜ਼ਾਦੀ ਦਾ ਨਾਅਰੇਬਾਜ਼। ਜੀਹਦੇ ਨਾਲ ਉਹ 'ਫਰੈਂਡਜ਼ ਔਫ ਫਰੀਡਮ ਫਾਰ ਇੰਡੀਆ' ਦੇ ਇਕੱਠ ਵਿਚ ਜਾ ਕੇ ਨਿਹਾਲ ਹੋਇਆ, ਜਿੱਥੇ ਐਗਨਸ ਸਮੈਡਲੀ ਉਹਨੂੰ ਧੁਰੋਂ ਝੂਣਿਆ ਤੇ ਉਹਦੇ ਅੰਦਰ ਸਿਆਸੀ ਜਾਗ੍ਰਤੀ ਦੀ ਜੋਤ ਜਗਾਈ। ਜੀਅਦਾਰ ਸੁਆਣੀ ਐਗਨਸ ਸਮੈਡਲੀ ਆਇਰਸ਼ ਅਮਰੀਕੀ ਸੀ। ਚੰਗੀ ਬੁਲਾਰ, ਹਿੰਦ ਦੀ ਆਜ਼ਾਦੀ ਦੀ ਹਾਮੀ ਤੇ ਪਰਚਾਰਕ।

ਜਲ੍ਹਿਆਂਵਾਲੇ ਬਾਗ਼ ਦੇ ਕਤਲਾਮ ਉੱਤੇ ਨਿਊਯਾਰਕ ਸ਼ਹਿਰ ਵਿਚ ਬਹੂੰ ਵੱਡਾ ਜਲੂਸ ਨਿਕਲਿਆ। ਅਮੀਰ ਹੈਦਰ ਵੀ ਹਿੰਦੁਸਤਾਨੀ ਗ਼ਦਰੀਆਂ ਤੇ ਆਇਰਸ਼ ਅਮਰੀਕੀਆਂ ਨਾਲ ਰਲ਼ ਕੇ ਕਾਲੋਨੀਗੀਰ ਅੰਗਰੇਜ਼ਾਂ ਦੇ ਜ਼ੁਲਮ ਦੇ ਖਿਲਾਫ ਨਾਅਰੇ ਲਾਏ ਤੇ ਹਿੰਦੁਸਤਾਨ ਦੀ ਆਜ਼ਾਦੀ ਦੀ ਮੰਗ ਕੀਤੀ। ਅਮੀਰ ਹੈਦਰ ਅਮਰੀਕਾ ਵਿਚ ਬਹੂੰ ਖੁਸ਼, ਜਿੱਥੇ ਉਹ ਅਪਣੇ ਆਪ ਨੂੰ ਆਜ਼ਾਦ ਸਮਝੇ। ਅਮਰੀਕੀ ਮਰਚੈਂਟ ਮੈਰੀਨ ਵਿਚ ਹੇਠਲੇ ਅਮਲੇ ਨਾਲ ਉਪਰਲਿਆਂ ਦਾ ਵਰਤਣ ਵਿਹਾਰ ਵੀ ਉਹਨੂੰ ਬ੍ਰਿਟਿਸ਼ ਮਰਚੈਂਟ ਨੇਵੀ ਨਾਲੋਂ ਬਹੂੰ ਚੰਗਾ ਲੱਗਾ। ਹਵਾਈ ਵਿਚ ਡਾਂਸ ਕਰਦੇ ਮੁਕਾਮੀ ਲੋਕਾਂ ਘਾਹ ਦੇ ਘੱਗਰੇ ਪਾਏ ਹੋਏ। ਸਮੁੰਦਰੀ ਜਹਾਜ਼ "ਐੱਸ ਐੱਸ ਐਲਵੇ" ਦਾ ਸਾਰਾ ਅਮਲਾ ਵੀ ਡਾਂਸ ਵਿਚ ਰਲ਼ ਗਿਆ। ਕੀ ਕੈਪਟਨ ਤੇ ਕੀ ਫਾਇਰਮੈਨ, ਸਾਰੇ ਇਕ ਮਿਕ ਹੋਏ। ਅਮੀਰ ਹੈਦਰ ਨੱਚਦਿਆਂ ਟੱਪਦਿਆਂ ਰੂਹ ਚੰਗਾ ਰਾਜ਼ੀ ਕੀਤਾ।

ਨਿਊਯਾਰਕ ਵਿਚ ਇਕ ਦਿਨ ਅਜ਼ੀਮ ਖਾਨ ਡਰਾਈਕਲੀਨਰ ਦੀ ਦੁਕਾਨ ਉੱਤੇ ਅਮੀਰ ਹੈਦਰ ਨੂੰ ਇਕ ਕਿਤਾਬ ਮਿਲੀ ਜੀਹਦਾ ਨਾਂ ਸੀ 'ਗ਼ਦਰ ਦੀ ਗੂੰਜ'। ਸਿੱਧੀ ਸਾਦੀ ਸ਼ਾਇਰੀ ਵਿਚ ਆਜ਼ਾਦੀ ਦਾ ਜਜ਼ਬਾ ਤਿੱਖਾ। ਪੜ੍ਹਦਿਆਂ ਉਹਦੇ ਦਿਲ ਦੀ ਧੜਕਣ ਵਧਦੀ ਗਈ ਕਿ ਭਾਈ ਜਗਤ ਸਿੰਘ ਉਹਦਾ ਮੋਢਾ ਥਾਪੜਿਆ, "ਗ਼ੁਲਾਮ ਦੇਸ ਲਈ ਕੁਝ ਕਰਨਾ ਚਾਹਵੇਂ?" ਅਮੀਰ ਹੈਦਰ ਤਿਆਰ ਹੋ ਗਿਆ। ਕੰਮ ਕੀ, ਸਮੁੰਦਰੀ ਸਫਰ ਕਰਦਿਆਂ ਅਸਲਾ ਤੇ ਗ਼ਦਰੀ ਲਿਟਰੇਚਰ ਦੱਸੀਆਂ ਮਿਥੀਆਂ ਥਾਵਾਂ ਤਾਈਂ ਅਪੜਾਣਾ। ਅਮੀਰ ਹੈਦਰ ਨੂੰ ਔਖਾ ਤੇ ਨਿਵੇਕਲ਼ਾ ਕੰਮ ਕਰਨ ਦੀ ਸੱਧਰ ਈ ਰਹਿੰਦੀ। ਵਾਹਵਾ ਖੁਫੀਆ ਠਿਕਾਣੇ ਉਹਨੇ ਖੈਰ ਨਾਲ ਫਿਰ ਲਏ ਪਰ ਹਾਂਗਕਾਂਗ ਵਿਚ ਕਿਸੇ ਉਹਨੂੰ ਪਿੱਛੋਂ ਆ ਫੜਿਆ। "ਹੈਂਡਜ਼ ਅੱਪ!" ਪਰ ਉਹ ਡਰਿਆ ਨਾ। ਕੈਦ ਕੋਠੜੀ ਵਿਚ ਰੁਅਬਦਾਰ ਬ੍ਰਿਟਿਸ਼ ਸਾਰਜੰਟ ਉਹਨੂੰ ਦਬਕਾਇਆ:

"Anybody who got into this cell, never got out!"

" I am not anybody. I am somebody!"

ਹਿੰਦੁਸਤਾਨੀ ਗਰਾਈਂ ਯਰਕਿਆ ਨਾ, ਸਗੋਂ ਅੱਗੂੰ ਵਿਹਰ ਖਲੋਤਾ। ਅਮਰੀਕੀ ਮਰਚੈਂਟ ਮੈਰੀਨ ਉਹਦੀ ਮਦਦ ਲਈ ਅੱਪੜ ਪਈ।

ਹਰ ਵੇਲ਼ੇ ਭਾਵੇਂ ਹਿੰਦੋਸਤਾਨ ਦੀ ਆਜ਼ਾਦੀ ਦੀ ਤਾਂਘ ਪਰ ਆਪਣੀ ਡਿਊਟੀ ਕਦੀ ਨਾ ਖੁੰਝਾਵੇ। ਅਮੀਰ ਹੈਦਰ 'ਸੈਕੰਡ ਅਸਿਸਟੈਂਟ ਮੈਰੀਨ ਇੰਜਨੀਅਰ' ਦਾ ਕੋਰਸ ਕਰ ਲਿਆ।



ਅਗਾਂਵਧੂ ਜਜ਼ਬਾ ਜੁਆਨ। ਉਹ ਅੱਗੋਂ 'ਆਟੋਮੋਬਾਈਲ ਇੰਜਨੀਅਰਿੰਗ' ਵਿਚ ਦਾਖਲ ਹੋ ਗਿਆ। ਉਹਦੇ ਸੱਜਣ ਸਾਥੀ ਬਥੇਰੇ ਜਿਹੜੇ ਉਹਨੂੰ ਪਿਆਰ ਨਾਲ ਟੋਨੀ ਆਖਣ। ਉਹ ਕਜਾਕ ਹਰ ਵੇਲ਼ੇ ਆਪਣੇ ਕੰਮ ਨਾਲ ਕੰਮ ਕਿ ਕਿਸੇ ਹਾਨਣ ਅੰਦਰ ਉਹਦੇ ਲਈ ਪ੍ਰੇਮ ਪੁੰਗਰਿਆ ਜਿਹੜਾ ਲਿਖਤੀ ਰੂਪ ਵਿਚ ਉਹਨੂੰ ਇੰਝ ਮਿਲਿਆ:

An ocean of love and kisses on every wave
Forever Your's
Laura Wilson

ਪੜ੍ਹਦਿਆਂ ਟੋਨੀ ਦੀਆਂ ਅੱਖਾਂ ਸਾਹਮਣੇ ਗਰਾਂ ਵਿਚ ਕੈਦ ਸਰਦਾਰਨੀ ਲਹਿਰਦੀ ਗਈ, ਜਿਹੜਾ ਦੋ ਦਿਨ ਤੋਂ ਤੜਫ ਰਿਹਾ ਕਿਉਂਜੇ ਪਿੱਛੋਂ ਏਥੇ ਮਿਹਨਤ ਮਜ਼ਦੂਰੀ ਲਈ ਆਏ ਉਹਦੇ ਗਰਾਈਂ ਉਹਨੂੰ ਗਾ ਕੇ ਖਬਰ ਸੁਣਾਈ:

*ਬਾਜ਼ਾਰ ਵਿਕਾਨਾ ਪੀਪਾ*
*ਤੋਰੇ ਨਾ ਸਿਰ ਵੇਲਣੇ ਵਿਚ ਜੀਪਾ*
*ਓਏ ਹਾਕਮ ਡਾਢੇ, ਤਿਲ਼ ਕਾਲ਼ੇ*
*ਤੋਰੇ ਨਾ ਵਿਛੋੜਾ ਸਾਡੇ ਦਮ ਨਾਲ ਏ*

ਥੋਹਾ ਮਹਿਰਮ ਖਾਨ, ਤਹਿਸੀਲ ਤਿਲਾ ਗੰਗ, ਜ਼ਿਲ੍ਹਾ ਕੈਂਬਲਪੁਰ ਦੇ ਬਾਗ਼ੀ ਤੇ ਮਫਰੂਰ ਦੀ ਦਰਦ ਭਰੀ ਕਹਾਣੀ ਅਮਰੀਕਾ ਵਿਚ ਆਜ਼ਾਦ ਟੋਨੀ ਨੂੰ ਬਹੂੰ ਬੇਆਰਾਮ ਕੀਤਾ। ਕਿ ਕਿਵੇਂ ਤੋਰਾ ਖਾਨ ਨੂੰ ਮਿੰਟਗੁਮਰੀ ਜੇਲ੍ਹ ਵਿਚ ਡਰ ਤੇ ਖੌਫ ਦਾ ਨਿਸ਼ਾਨ ਬਣਾਇਆ ਗਿਆ, ਜੀਹਨੂੰ ਜ਼ਾਲਮ ਹਾਕਮਾਂ ਵੇਲਣੇ ਵਿਚ ਵੇਲਿਆ।

ਹਰ ਵੇਲ਼ੇ ਅੰਗਰੇਜ਼ਾਂ ਦੇ ਖਿਲਾਫ ਗੁੱਸਾ ਟੋਨੀ ਦੀਆਂ ਸੋਚਾਂ ਤੇ ਜਜ਼ਬਿਆਂ ਉੱਤੇ ਹਾਵੀ ਰਹਿੰਦਾ। ਗ਼ਦਰੀਆਂ ਦੀ ਰੀਸ ਵਿਚ ਟੋਨੀ ਸੁਰਖ ਪੱਗ ਤੇ ਸੁਰਖ ਟਾਈ ਬੰਨ੍ਹ ਲਈ। ਹਰ ਵੇਲ਼ੇ ਹਿੰਦੋਸਤਾਨ ਦੀ ਆਜ਼ਾਦੀ ਲਈ ਨਾਅਰੇ। ਕਿਸੇ ਕੰਮ ਵਿਚ ਦਿਲ ਨਾ ਲੱਗੇ। ਡਰਾਈਕਲੀਨਰ ਬਣ ਜਾਏ ਕਦੀ ਆਟੋ ਫੈਕਟਰੀ ਵਿਚ ਨੌਕਰ। ਤੇ ਕਦੀ ਉਹ ਰੇਲਵੇ ਵਿਚ ਵੀ ਮੁਲਾਜ਼ਮ ਹੋਇਆ। ਬੇਰੁਜ਼ਗਾਰੀ ਦੇ ਦਿਨਾਂ ਵਿਚ 'ਇੰਪਲਾਇਮੈਂਟ ਆਫਸ' ਫੇਰੇ ਮਾਰਦਾ ਰਵ੍ਹੇ। ਅਵਾਰਾਗਰਦੀ ਦੇ ਦਿਨ, ਟੋਨੀ ਨੂੰ ਇਕ ਪੁਰਾਣਾ ਜਹਾਜ਼ੀ ਸੰਗੀ ਮਿਲ ਪਿਆ ਜਿਹੜਾ ਉਹਦੀ ਸੁਰਖ ਪੱਗ ਤੇ ਸੁਰਖ ਨਕਟਾਈ ਵੇਖਕੇ,

"ਤੂੰ ਬਾਲਸ਼ਵਿਕੀ ਹੋ ਗਿਆ?"

"ਬਾਲਸ਼ਵਿਕੀ!"

ਅਮਰੀਕਾ ਵਿਚ ਰੈੱਡ ਫੋਬੀਆ ਤੇ ਐਂਟੀ ਰੈੱਡ ਪ੍ਰਾਪੇਗੰਡਾ ਉਹਨੇ ਵੇਖਿਆ ਹੋਇਆ ਪਰ ਬਾਲਸ਼ਵਿਕੀ ਲਫਜ਼ ਉਹਨੇ ਪਹਿਲੀ ਵਾਰ ਸੁਣਿਆ। ਬਾਲਸ਼ਵਿਕੀ ਸ਼ਬਦ ਸਮਝਦਿਆਂ ਟੋਨੀ ਰੂਸੀ ਇਨਕਲਾਬ ਬਾਰੇ ਸੁਣਿਆ।

ਸਿਆਸਤ ਸਖਤ ਜ਼ਰੂਰ ਕੀਤਾ ਪਰ ਜਵਾਨੀ ਓੜਕ ਜਵਾਨੀ। ਐਤਕੀਂ ਬੇਰੁਜ਼ਗਾਰੀ ਤੇ ਅਵਾਰਾਗਰਦੀ ਦੇ ਦਿਨਾਂ ਵਿਚ ਟੋਨੀ ਦੇ ਅੰਦਰ ਇਨਕਲਾਬ ਤੇ ਪਿਆਰ ਇਕੱਠੇ ਈ ਜਾਗੇ। ਜੀਹਦੇ ਨਾਲ ਪਿਆਰ ਹੋਇਆ, ਉਹ ਅਮਰੀਕੀ ਮਿਡਲ ਕਲਾਸ ਦੀ ਆਸਟਰਵਾਟਾਲੀਨ ਜੈਨੀ, ਜਿਹੜੀ ਉਹਦੇ ਸੰਗ ਘੁੰਮੇ ਫਿਰੇ, ਸਿਨਮੇਂ ਫਿਲਮਾਂ ਵੇਖੇ ਪਰ I love you ਕਹਿਣ ਦੀ ਉਹਦੇ ਵਿਚ ਹਿੰਮਤ ਨਾ। ਖਤ ਲਿਖਦਿਆਂ ਉਹਦੀ ਅੰਗਰੇਜ਼ੀ ਜਵਾਬ ਦੇ ਜਾਏ। ਓੜਕ ਜੈਨੀ ਦੇ ਘਰ ਘੁਲਣ ਮਿਲਣ ਗਿਆ। ਜੈਨੀ ਘਰ ਕੋਈ ਨਾ ਪਰ ਦੂਜੇ ਸਾਰੇ ਮੌਜੂਦ। ਟੋਨੀ ਜੀਹਨੂੰ ਮਿਲਣ ਆਇਆ, ਉਹਦੇ ਬਾਰੇ ਉਹਨੇ ਕਿਵੇਂ ਪੁੱਛਿਆ: "Where is everybody?" ਸਾਰੇ ਘਰ ਵਾਲੇ ਹੱਸ ਪਏ। ਇਹ ਗੱਲ ਨਹੀਂ ਕਿ ਟੋਨੀ ਨੂੰ ਬੋਲਣਾ ਨਾ ਆਵੇ। ਬ੍ਰਿਟਿਸ਼ ਪਾਰਲੀਮੈਂਟੇਰੀਅਨ ਮਾਰਗਨ ਜਾਹਨ,

ਜੀਹਨੇ ਬਰਤਾਨੀਆ ਵਿਚ ਲੇਬਰ ਮਨਿਸਟਰੀ ਬਣਵਾਈ, ਅਮਰੀਕਾ ਵਿਚ ਇੰਡੀਅਨ ਕਮਿਊਨਿਟੀ ਦੇ ਇਕੱਠ ਵਿਚ ਉਹ ਪ੍ਰਧਾਨ ਬੋਲ ਰਿਹਾ: "The Indians do not know what they want...". ਟੋਨੀ ਚੁੱਪ ਨਾ ਰਿਹਾ, "What do the British want in India?".

ਤਿੰਨ ਸਾਲ ਮਰਚੈਂਟ ਮੈਰੀਨ ਵਿਚ ਨੌਕਰੀ ਵਜਹੂੰ ਟੋਨੀ ਨੂੰ ਅਮਰੀਕੀ ਸ਼ਹਿਰੀਅਤ ਮਿਲ ਗਈ। ਅਮਰੀਕਾ ਵਿਚ ਉਹਦਾ ਮੇਲ ਮਿਲਾਪ ਰਿਸ਼ਤਿਆਂ ਵਿਚ ਬਦਲ ਗਿਆ। ਮਿਸਜ਼ ਟਰਨਰ ਉਹਨੂੰ ਮਾਂ ਲੱਗੇ ਤੇ ਵਿਲਸਨ ਬ੍ਰਦਰਜ਼ ਭਰਾ। ਰੇਲਵੇ ਦੀ ਨੌਕਰੀ, ਵਰਕਸ਼ਾਪ ਦੇ ਮਜ਼ਦੂਰਾਂ ਨਾਲ ਹੜਤਾਲ ਕਰਦਿਆਂ ਇਨਕਲਾਬੀ ਟੋਨੀ 'ਅਮਰੀਕੀ ਫੈਡਰੇਸ਼ਨ ਔਫ ਲੇਬਰ' ਤੇ 'ਇੰਡਸਟਰੀਅਲ ਵਰਕਰਜ਼ ਔਫ ਵਰਲਡ' ਦੇ ਨੇੜੇ ਹੋਇਆ। ਤੇ ਉਹਨੇ ਗਹੁ ਕੀਤਾ ਕਿ ਅਮਰੀਕੀ ਰੇਲਵੇ ਵਿਚ ਹੜਤਾਲ ਹੋਵੇ ਪਰ ਰੇਲ ਗੱਡੀ ਨਾ ਰੁਕੇ। ਹੜਤਾਲ ਦਾ ਕੋਈ ਅਸਰ ਈ ਨਾ ਹੋਵੇ। ਇਹਦਾ ਕਾਰਨ ਉਹਨੂੰ ਇਹ ਸਮਝ ਆਇਆ ਕਿ ਅਮਰੀਕੀ ਰੇਲਵੇ ਦੇ ਦੋ ਹਿੱਸੇ। ਇਕ ਰੇਲਵੇ ਵਰਕਸ਼ਾਪ ਤੇ ਦੂਜਾ ਟ੍ਰੈਫਿਕ ਡਿਪਾਰਟਮੈਂਟ। ਵਰਕਸ਼ਾਪ ਵਿਚ ਮਜ਼ਦੂਰ ਸਿਆਸਤ ਦੀ ਖੁਲ੍ਹ ਪਰ ਟ੍ਰੈਫਿਕ ਵਿਚ ਸਿਆਸਤ ਉੱਤੇ ਪਾਬੰਦੀ। ਟੋਨੀ 'ਇੰਡਸਟਰੀਅਲ ਵਰਕਰਜ਼ ਔਫ ਵਰਲਡ' ਦਾ ਮੈਂਬਰ ਬਣ ਗਿਆ,ਜਿਹੜੀ ਅਮਰੀਕੀ ਕਮਿਊਨਿਸਟ ਪਾਰਟੀ ਨਾਲ ਕੰਮ ਕਰੇ। ਹੋਲਟਾਈਮਰ ਟੋਨੀ ਵੇਖਿਆ ਕਿ ਪਾਰਟੀ ਵਿਚ ਦੋ ਧੜੇ। 'ਸੋਸ਼ਲਿਸਟ ਲੇਬਰ ਪਾਰਟੀ' ਤੇ 'ਸਿੰਡੀਕਲਿਸਟ ਲੀਗ ਔਫ ਨਾਰਥ ਅਮਰੀਕਾ'। ਕਮਿਊਨਿਸਟ ਪਾਰਟੀ ਔਫ ਅਮਰੀਕਾ 'ਵਰਕਰਜ਼ ਪਾਰਟੀ' ਦੇ ਨਾਂ ਨਾਲ ਕੰਮ ਕਰਦੀ ਜੀਹਦਾ ਜਨਰਲ ਸੈਕਟਰੀ ਕਾਮਰੇਡ ਰਥਨਬਰਗ। ਪਾਰਟੀ ਇਕਮੁੱਠ ਨਾ, ਧੜਿਆਂ ਦੀ ਸਿਆਸਤ ਚੱਲੇ ਜਿਹੜੀ ਟੋਨੀ ਨੂੰ ਉੱਕਾ ਚੰਗੀ ਨਾ ਲੱਗੇ। ਪਰ ਬੋਲਣ ਦੀ ਇਜਾਜ਼ਤ ਨਾ। ਪਾਰਟੀ ਵਰਕਰਜ਼ ਨੂੰ ਮਾਸਕੋ ਭੇਜਣਾ ਹੋਂਦਾ ਜੀਹਦੇ ਲਈ ਗੋਰਿਆਂ ਦੇ ਈ ਭਾਗ ਜਾਗਦੇ। ਏਸ ਵਿਤਕਰੇ ਦੇ ਖਿਲਾਫ ਬੁੱਧ ਸਿੰਘ ਢਿੱਲੋਂ ਟੋਨੀ ਨਾਲ ਰਲ਼ਿਆ ਤੇ ਉਹ ਡਿਕਟੇਟਰ ਕਾਮਰੇਡ ਰਥਨਬਰਗ ਨਾਲ ਭਿੜ ਪਏ, ਜੀਹਦੀ ਖਬਰ ਰੂਸ ਤਾਈਂ ਅੱਪੜ ਗਈ। ਮਾਸਕੋ ਤੋਂ ਚਿੱਠੀ ਆਈ ਜੀਹਦੇ ਵਿਚ ਵਰਕਰਜ਼ ਪਾਰਟੀ ਦੇ ਸੈਕਟਰੀ ਨੂੰ ਆਰਡਰ ਕਿ ਐਤਕੀਂ ਟ੍ਰੇਨਿੰਗ ਲਈ ਜਿਹੜੇ ਦੋ ਵਰਕਰ ਮਾਸਕੋ ਭੇਜੇ ਜਾਵਣ, ਉਹਨਾਂ ਲਈ ਲੜਾਕਾ ਹੋਣਾ ਲਾਜ਼ਮੀ। ਉਹ ਦੋ ਕੋਈ ਹੋਰ ਨਾ, ਉਹ ਟੋਨੀ ਤੇ ਢਿੱਲੋਂ।

1926, ਅਮਰੀਕਾ ਵਿਚ ਅੱਠ ਸਾਲ ਗੁਜ਼ਾਰ ਕੇ ਟੋਨੀ ਟ੍ਰੇਨਿੰਗ ਲਈ ਰੂਸ ਨੂੰ ਟੁਰ ਪਿਆ।

0 0 0

ਅਮਰੀਕਾ ਦਾ ਗ਼ਦਰੀ ਟੋਨੀ ਮਾਸਕੋ ਵਿਚ ਕਮਿਊਨਿਸਟ ਸਖਾਰੋਫ!

ਮਾਸਕੋ ਅੱਪੜਦਿਆਂ ਈ ਟੋਨੀ 'ਯੂਨੀਵਰਸਿਟੀ ਔਫ ਪੀਪਲਜ਼ ਔਫ ਦੀ ਈਸਟ' ਵਿਚ ਦਾਖਲ ਹੋਇਆ ਜਿੱਥੇ ਉਹਦਾ ਨਾਂ ਸਖਾਰੋਫ ਤੇ ਢਿੱਲੋਂ ਵਾਲਕੋਫ ਹੋਇਆ। ਕਲਾਸ ਫੈਲੋਜ਼ 'ਚੋਂ ਬੈਲਜੀਅਮ ਦੀ ਫਰੈਡਾ, ਰੂਸੀ ਨਿਤਾਸ਼ਾ ਤੇ ਬੰਗਾਲੀ ਸੁਹਾਸ਼ਨੀ ਨਾਲ ਉਹਦੀ ਦੋਸਤੀ ਹੋ ਗਈ। 'ਲੀਗ ਅਗੇਂਸਟ ਇੰਪੀਰੀਅਲਿਜ਼ਮ' ਦੇ ਸੈਕਟਰੀ ਵਰਿੰਦਰਨਾਥ ਚਟੋਪਾਧਿਆਏ ਨਾਲ ਓਦੋਂ ਮੁਲਾਕਾਤ ਹੋਵੇ ਜਦੋਂ ਉਹ ਸੁਹਾਸ਼ਣੀ ਨੂੰ ਮਿਲਣ ਆਉਂਦਾ। ਪੜ੍ਹਾਈ ਕੀ, ਮਾਰਕਸੀ ਵਿਚਾਰਧਾਰਾ ਤਹਿਤ ਇਕਨਾਮਕ ਜੁਗਰਾਫੀਆ, ਪੁਲੀਟੀਕਲ ਇਕਾਨੋਮੀ, ਫਿਲਾਸਫੀ ਤੇ ਹਿਸਟਰੀ। ਰੂਸੀ ਜ਼ੁਬਾਨ ਤੇ ਕੋਡ ਲੈਂਗੂਏਜ ਸਿਖਦਿਆਂ ਮਿਲਟਰੀ ਟ੍ਰੇਨਿੰਗ ਵੀ। ਸਾਰੇ ਸਟੂਡੈਂਟਸ ਇਕ ਦੂਜੇ ਨੂੰ ਕਾਮਰੇਡ ਕਹਿ ਕੇ ਬੁਲਾਂਦਿਆਂ ਖੁਸ਼ ਹੋਂਦੇ। ਸਖਾਰੋਫ ਕਦੀ ਕਦੀ ਉਦਾਸ ਹੋ ਜਾਵੇ, "ਜੈਨੀ ਯਾਦ ਆ ਰਹੀ ਏ?" ਵਾਲਕੋਫ ਉਹਦੀ ਉਦਾਸੀ ਦਾ ਕਾਰਨ ਸਮਝ ਜਾਂਦਾ। ਇਕ ਦਿਨ ਸਖਾਰੋਫ ਇਕੱਲਾ ਈ ਮਾਸਕੋ ਦੇ ਇਕ ਪਾਰਕ ਵਿਚ ਅੱਖਾਂ ਮੀਟ ਕੇ ਟੇਕ ਲਾਈ ਬੈਠਾ ਕਿ ਉਹਨੂੰ ਲੱਗਾ ਬੈਂਚ 'ਤੇ ਉਹਦੇ ਨਾਲ ਜੈਨੀ ਆ ਕੇ ਬਹਿ ਗਈ। ਉਹਨੇ ਅੱਖਾਂ ਨਾ ਖੋਲ੍ਹੀਆਂ ਕਿ ਜੇ ਉਹ ਕੋਈ ਸੁਫਨਾ ਵੇਖ ਰਿਹਾ ਤੇ ਉਹ ਕਿਧਰੇ ਟੁੱਟ ਨਾ ਜਾਏ। ਪਰ ਉਹਨੂੰ ਜਾਗਣਾ ਪਿਆ ਕਿਉਂ ਜੇ ਉਹਨੂੰ ਕੋਈ ਰੂਸੀ ਕੁੜੀ ਅੰਗਰੇਜ਼ੀ ਵਿਚ ਬੁਲਾ ਰਹੀ, "You look like Varindra". ਵਿਛੋੜਿਆਂ ਦੇ ਡੰਗੇ ਦੋ



ਦੁਖੀ। ਸਖਾਰੋਫ ਤੇ ਲੋਲੀਆ ਮਿਤਰੋਸਵਾ। ਮਿਲਦਿਆਂ ਈ ਇਕ ਦੂਜੇ ਦਾ ਸਹਾਰਾ ਬਣ ਗਏ। ਇਕੱਠੇ ਘੁੰਮਣ ਫਿਰਨ, ਬਾਂਹ ਵਿਚ ਬਾਂਹ ਪਾਂਦਿਆਂ ਇਕ ਦੂਜੇ ਦੇ ਮੋਢੇ ਉੱਤੇ ਸਿਰ ਹੋਵੇ। ਸਖਾਰੋਫ ਨੂੰ ਹੁਣ ਜੈਨੀ ਘੱਟ ਯਾਦ ਆਵੇ ਤੇ ਲੋਲੀਆ ਨੂੰ ਵਰਿੰਦਰ ਭੁੱਲ ਗਿਆ।

ਮਾਸਕੋ ਵਿਚ ਸਖਾਰੋਫ ਦਾ ਵਾਹਵਾ ਦਿਲ ਲੱਗ ਗਿਆ। ਉਹਨੂੰ ਮਾਣ ਕਿ ਉਹ ਓਸ ਯੂਨੀਵਰਸਿਟੀ ਦਾ ਸਟੂਡੈਂਟ ਜਿੱਥੇ ਉਹਦਾ ਲੀਡਰ ਲੈਨਿਨ ਲੈਕਚਰ ਦੇਂਦਾ ਰਿਹਾ। ਧੰਨ ਭਾਗ। ਉਹ ਓਥੇ ਰੋਜ਼ਾ ਲਕਸਮਬਰਗ ਨੂੰ ਮਿਲਿਆ ਤੇ ਐਂਗਲਜ਼ ਦੇ ਬੇਲੀ ਥਾਮਸ ਮਾਨ ਨਾਲ ਉਹਦੀ ਗੱਲ ਬਾਤ ਹੋਈ। ਕਾਮਰੇਡ ਰਾਲਫ ਫੌਕਸ ਨਾਲ ਰਲ਼ ਬਹਿਣਾ ਉਹਨੂੰ ਬਹੁੰ ਚੰਗਾ ਲੱਗਾ (ਜਿਹੜਾ ਮਗਰੋਂ ਸਪੇਨ ਦੀ ਵਾਰ ਵਿਚ ਮਾਰਿਆ ਗਿਆ)। ਉਹ ਵੇਖਦਾ ਕਿ ਓਥੇ ਹੋ ਚੀ ਮਿਨ੍ਹ, ਲਿਊ ਸ਼ਾਉ ਚੀ ਤੇ ਰਾਜਾ ਮਹਿੰਦਰਾ ਪ੍ਰਤਾਪ ਆਪਣੇ ਆਪਣੇ ਦੇਸਾਂ ਵਿਚ ਇਨਕਲਾਬ ਦੇ ਮਨਸੂਬੇ ਬਣਾ ਰਹੇ ਹੋਂਦੇ। ਉਹਨੇ ਅਮਰੀਕਾ ਵਿਚ ਕਮਿਊਨਿਸਟਾਂ ਦੀ ਧੜੇਬੰਦੀ ਵੇਖੀ ਪਰ ਰੂਸੀ ਬਾਲਸ਼ਵਿਕ ਪਾਰਟੀ ਇਕਮੁੱਠ। ਕੋਈ ਦੂਜ ਨਾ ਦਿਸੇ। ਮਾਸਕੋ ਰੈੱਡ ਸੁਕੇਅਰ ਵਿਚ 'ਮੇ ਡੇ' ਰੈੱਡ ਆਰਮੀ ਧਰਤੀ ਹਿਲਾ ਦਿੱਤੀ। 'ਇਨਕਲਾਬ ਜ਼ਿੰਦਾਬਾਦ!' ਨਾਅਰਾ ਲਾਂਦਿਆਂ ਕਾਮਰੇਡ ਸਖਾਰੋਫ ਇਨਕਲਾਬ ਦੀ ਸੁਰਖੀ ਨੂੰ ਸਾਰੇ ਜੱਗ ਵਿਚ ਪਸਰਦਿਆਂ ਵੇਖ ਰਿਹਾ। ਓਸ ਦਿਨ ਉਹਨੇ ਚਾਈਂ ਚਾਈਂ ਮਾਂ ਨੂੰ ਖਤ ਲਿਖਿਆ, "...ਮੈਂ ਤੁਸਾਂ ਵਾਸਤੇ ਅਜਿਹਾ ਤੋਹਫਾ ਘਿਨ ਕੇ ਆਸਾਂ ਜੋ ਤੁਸਾਂ ਕਦੀ ਸੁਣਿਆ ਨਾ ਹੋਸੀ..."।

ਅਗਲੇ ਦਿਨ ਉਹ ਲੋਲੀਆ ਮਿਤਰੋਸਵਾ ਦੇ ਨਾਲ ਬੈਠਾ ਪਰ ਉਹਦੇ ਤੋਂ ਬੇਧਿਆਨਾ ਹੋ ਕੇ 'ਪ੍ਰਾਵਦਾ'ਦੀ ਖਬਰ ਪੜ੍ਹ ਕੇ ਖਿੜ ਗਿਆ, "ਸ਼ੋਲ਼ਾਪੁਰ ਵਿਚ ਅਵਾਮੀ ਬਗ਼ਾਵਤ!" ਉਹ ਓਸ ਵੇਲੇ ਮਾਸਕੋ ਨਹੀਂ, ਬੰਬਈ ਵਿਚ। ਪ੍ਰੇਮ ਨਗਰ ਦੀ ਵਸਨੀਕ ਉਹਦੀ ਦੋਸਤ ਉਠ ਕੇ ਪਰਾਂਹ ਹੋ ਗਈ, "You are not from my world".

ਦੋ ਸਾਲ ਰੂਸ ਵਿਚ ਕਮਿਊਨਿਜ਼ਮ ਪੜ੍ਹ ਲਿਖ ਕੇ ਕਾਮਰੇਡ ਸਖਾਰੋਫ ਬੰਬਈ ਪਰਤਿਆ ਜਿੱਥੇ ਉਹਨੂੰ ਪੁਰਾਣੇ ਸੰਗੀ ਵਿਕਟੋਰੀਆ ਡਾਕ ਦੇ ਮਜ਼ਦੂਰ ਮਿਲ ਪਏ, ਜਿਨ੍ਹਾਂ ਉਹਨੂੰ ਦਸ ਸਾਲ ਬਾਅਦ ਵੀ ਦਾਦਾ ਕਹਿ ਕੇ ਬੁਲਾਇਆ। ਉਹਦਾ ਇਹ ਨਾਂ ਉਹਦੇ ਨਵੇਂ ਕਾਮਰੇਡਾਂ ਵਿਚ ਵੀ ਮਕਬੂਲ ਹੋ ਗਿਆ। ਇੰਡੀਆ ਵਿਚ ਕਮਿਊਨਿਸਟ ਪਾਰਟੀ ਦੀ ਨੀਂਹ ਰਖਦਿਆਂ ਉਹ ਐੱਸ.ਏ.ਡਾਂਗੇ, ਪੀ.ਸੀ.ਜੋਸ਼ੀ, ਜੀ.ਵੀ.ਘਾਟੇ ਤੇ ਬਰੈਡਲੇ ਦਾ ਭਾਈਵਾਲ ਬਣਿਆ। ਮਨਸੂਬਾਬੰਦੀ ਲਈ ਕਾਗ਼ਜ਼ ਕਾਲ਼ੇ ਹੋ ਰਹੇ ਪਰ ਦਾਦੇ ਕੋਲ਼ੋਂ ਮਾਂ ਨੂੰ ਖਤ ਨਾ ਲਿਖਿਆ ਜਾ ਰਿਹਾ। ਕਾਮਰੇਡਾਂ ਨੂੰ ਸਮਝ ਆ ਗਈ ਕਿ ਉਹਨਾਂ ਦਾ ਨਵਾਂ ਕਾਮਰੇਡ ਆਪਣੇ ਗਰਾਂ ਤੇ ਮਾਂ ਤੋਂ ਬਹੁੰ ਓਦਰਿਆ ਹੋਇਆ। ਏ ਇੰਝ ਉਹਨੂੰ ਕੁਝ ਦਿਨ ਦੀ ਛੁੱਟੀ ਮਿਲ ਗਈ ...

0 0 0

1928 ਵਿਚ ਅਮੀਰ ਹੈਦਰ ਅਠਾਈਆਂ ਦਾ, ਜਦੋਂ ਉਹ ਚੌਦਾਂ ਵਰ੍ਹਿਆਂ ਬਾਅਦ ਆਪਣੇ ਗਰਾਂ ਪਰਤਿਆ। ਗੁੱਜਰਖਾਂ ਟੇਸ਼ਣ ਰੇਲਗੱਡੀ ਤੋਂ ਉਤਰਦਿਆਂ ਉਹਨੇ ਆਸੇ ਪਾਸੇ ਨਿਗਾਹ ਮਾਰੀ ਜਿੱਥੇ ਕੁਝ ਵੀ ਨਾ ਬਦਲਿਆ। ਬਾਜ਼ਾਰੋਂ ਓਸ ਦੋ ਮਣ ਗੁੜ ਖਰੀਦਿਆ। ਊਠ ਉੱਤੇ ਲਦਵਾ ਕੇ ਚਾਈਂ ਚਾਈਂ ਗਰਾਂ ਨੂੰ ਚੱਲ ਪਿਆ। ਆਉਂਦੇ ਨੂੰ ਰਹਿਮਾਨ ਵੇਖ ਲਿਆ ਜਿਹੜਾ ਉਹਦਾ ਰਿਸ਼ਤੇਦਾਰ ਤੇ ਸਕੂਲ ਦਾ ਜਮਾਤੀ ਵੀ। ਉਹ ਉਹਨੂੰ ਮਿਲਿਆ ਪਿੱਛੋਂ, ਪਹਿਲਾਂ ਉਹਨੇ ਗਰਾਂ ਵਿਚ ਰੌਲ਼ਾ ਪਾ ਦਿੱਤਾ: "ਅਮੀਰ ਹੈਦਰ! ਅਮੀਰ ਹੈਦਰ!"

ਮਾਂ ਤੇ ਭੇਣ ਖੁਸ਼ੀ ਨਾਲ ਝੱਲੀਆਂ ਹੋ ਗਈਆਂ। ਰੋਂਦਿਆਂ ਪਿਆਰਾਂ ਨਾਲ ਮਿਲੀਆਂ। ਹਾਣੀ ਜੱਫੀਆਂ ਪਾਵਣ, ਬਜ਼ੁਰਗ ਸਿਰ ਉੱਤੇ ਹੱਥ ਫੇਰਨ, ਬੁੱਢੀਆਂ ਮੂੰਹ ਮੱਥਾ ਚੁੰਮਣ ਤੇ ਬਾਲ ਅਗਾਂਹ ਹੋ ਹੋ ਪਿਆਰ ਲੈਂਦੇ ਰਹੇ। ਗੁੜ ਖਾਂਦਿਆਂ ਗਰਾਈਆਂ ਦੀਆਂ ਅੱਖਾਂ ਵਿਚ ਕੋਈ ਸਵਾਲ। ਮਾਂ ਉਹਨੂੰ ਦੱਸਿਆ ਕਿ ਉਹਨੇ ਖਤ ਵਿਚ ਲਿਖਿਆ ਸੀ, ਉਹ ਉਹਨਾਂ ਵਾਸਤੇ ਕੁਝ ਲੈ ਕੇ ਆਸੀ ਜਿਹੜਾ ਉਹਨਾਂ ਕਦੀ ਸੋਚਿਆ ਵੀ ਨਾ। "ਇਨਕਲਾਬ ਜਿਹੜਾ ਸਭ ਜ਼ੁਲਮ ਮੁਕਾਸੀ!" ਲੋਕਾਂ ਇਨਕਲਾਬ

ਦਾ ਲਫਜ਼ ਪਹਿਲੀ ਵਾਰ ਸੁਣਿਆ। ਰਹਿਮਾਨ ਸਿਆਣਾ ਬੰਦਾ। ਸਾਰੇ ਉਹਦੇ ਵੱਲ ਵੇਖਣ ਲੱਗ ਪਏ। ਰਹਿਮਾਨ ਅਮੀਰ ਹੈਦਰ ਕੋਲੋਂ ਇਨਕਲਾਬ ਸਮਝਦਾ ਰਿਹਾ। ਸੁਣ ਰਹੇ ਕਰਮ ਦਾਦ ਆਖਿਆ, "ਅਮੀਰ ਹੈਦਰ ਤੂੰ ਇਨਕਲਾਬ ਨਹੀਂ, ਇਨਕਲਾਬ ਨੀ ਗੱਲ ਲਈ ਕੇ ਅੱਛਿਆ!" ਅਮੀਰ ਹੈਦਰ ਸੁਣਕੇ ਪਰੇਸ਼ਾਨ ਹੋਇਆ। ਮਾਂ ਪੁੱਤਰ ਦਾ ਮੱਥਾ ਚੁੰਮਦਿਆਂ,"ਕੁਝ ਅੱਛਿਆ ਕਿ ਨਹੀਂ, ਮੇਰਾ ਪੁਤਰ ਆਈ ਗਿਆ, ਇਹਦੇ ਤੋਂ ਵੱਡੀ ਖੁਸ਼ੀ ਕੀ!"

ਅਮੀਰ ਹੈਦਰ ਸਾਰੇ ਗਰਾਂ ਨੂੰ ਮਿਲ ਲਿਆ ਪਰ ਸਰਦਾਰਨੀ ਕੋਈ ਨਾ ਦਿਸੀ। ਉਹਦੀ ਭੈਣ ਨੂਰ ਉਹਨੂੰ ਦੱਸਿਆ ਕਿ ਸਰਦਾਰ ਦੇ ਮਰਨ ਪਿੱਛੋਂ ਸਰਦਾਰਨੀ ਦੀ ਕੈਦ ਹੋਰ ਸਖਤ ਹੋ ਗਈ। ਮਤਰੇਏ ਪੁੱਤਰਾਂ ਉਹਨੂੰ ਨੌਕਰਾਣੀ ਬਣਾ ਕੇ ਰਖਿਆ ਹੋਇਆ। ਦਿਨੇਂ ਰਾਤੀਂ ਵਿਚਾਰੀ ਟੰਗੀ ਰਹੇ। ਭੈਣ ਦੇ ਘਰ ਅਮੀਰ ਹੈਦਰ ਸਰਦਾਰਨੀ ਨੂੰ ਮਿਲਿਆ। ਓਸ ਦੁਖਿਆਰੀ ਉਹਨੂੰ ਇਹ ਵੀ ਚੇਤੇ ਨਾ ਕਰਾਇਆ, "ਮੈਂ ਜੇ ਆਪਣੇ ਪਿਉ ਨਾ ਪੁੱਤਰ, ਤੈਂ ਕੀ ਸਰਦਾਰ ਨੀ ਕੈਦ ਤੋਂ ਛੁੜਵਾਈ ਕੇ ਰਹਿਸਾਂ!"

ਅਮੀਰ ਹੈਦਰ ਸਰਦਾਰਨੀ ਨੂੰ ਤਸੱਲੀ ਦਿੱਤੀ, "ਇਨਕਲਾਬ ਆਸੀ ਤੇ ਸਾਰੇ ਜ਼ੁਲਮ ਮੁੱਕੀ ਵੈਸਣ"।

ਸਰਦਾਰਨੀ ਮੁਸਕਰਾਈ ਜਿਵੇਂ ਉਹਨੂੰ ਉਹਦੇ ਇਨਕਕਲਾਬ ਦਾ ਯਕੀਨ ਕੋਈ ਨਾ।

ਅਮੀਰ ਹੈਦਰ ਸਰਦਾਰਨੀ ਨੂੰ ਇਨਕਲਾਬ ਸਮਝਾਂਦਾ ਰਹਿੰਦਾ ਤੇ ਉਹ ਅੱਗੋਂ ਹੱਸਦਿਆਂ ਉਹਨੂੰ ਆਪਣੀ ਗੱਲ ਗਾਉਣਾਂ ਰਾਹੀਂ ਸਮਝਾਵੇ, ਜਿਨ੍ਹਾਂ ਵਿਚ ਕੰਮ ਤੇ ਵਿਛੋੜਾ ਰਲੇ ਮਿਲੇ:

*ਘਾਹ ਪਈ ਕੱਪਨੀ ਆਂ*
*ਲੋਕਾਂ ਭਾਣੇ ਘਾਹ ਕੱਪਦੀ*
*ਰਾਹ ਮਾਹੀਏ ਦਾ ਤੱਕਨੀ ਆਂ*
*ਤੇ ਕੁਤਰਾ ਗਾਈਂ ਜੋਗਾ*
*ਸਿਕਦੀ ਮਰ ਗਈ ਆਂ*
*ਮੈਂਡਾ ਢੋਲ ਦੁਆਈਂ ਜੋਗਾ*
......
*ਗੱਡੀ ਦੀਆਂ ਦੋ ਲੈਨਾਂ*
*ਜਿੱਥੇ ਮਾਹੀ ਯਾਦ ਪਵੇ*
*ਓਥੇ ਬਹਿ ਕੇ ਰੋਈ ਵੈਨਾਂ*
......
*ਛੱਲਾ ਮੈਂਡਾ ਜੀਅ ਢੋਲਾ*
*ਕੋਈ ਕਣਕ ਸਫਾ ਕੀਤੀ*
*ਕਬਰ ਤੇ ਲਿਖ ਵੈਸਾਂ*
*ਨਹੀਂ ਢੋਲ ਵਫਾ ਕੀਤੀ*
......
*ਛੱਲਾ ਆਇਆ ਪਾਰ ਨਾ*
*ਪੀਪਾ ਚਾੜ੍ਹਿਆ ਖਾਰਨਾ*
*ਅੰਦਰ ਬਹਿ ਕੇ ਰੋਨੀ ਆਂ*
*ਚੋਲਾ ਯਾਰ ਦਾ ਧੋਨੀ ਆਂ*
......
*ਉੱਚੀ ਮਾੜੀ 'ਤੇ ਦੁੱਧ ਪਈ ਰਿੜਕਾਂ*
*ਮੈਕੂੰ ਸਾਰੇ ਟੱਬਰ ਦੀਆਂ ਝਿੜਕਾਂ*



*ਨਹੀਂ ਗੁਜ਼ਾਰਾ ਢੋਲ ਜਾਨੀ*
*ਲੋਕਾਂ ਨੇ ਤਾਅਨੇ ਮੈਂ ਨਹੀਉਂ ਸਾਹਨੀ*

ਅਮੀਰ ਹੈਦਰ ਧਿਆਨ ਮਾਰਿਆ ਤੇ ਸਾਰੇ ਪੋਠੋਹਾਰ ਵਿਚ ਮਿਹਨਤ ਦੇ ਮੁੜ੍ਹਕੇ ਨਾਲ ਜੁਦਾਈਆਂ ਦੀ ਫਸਲ ਪੱਕ ਰਹੀ।

ਛੁੱਟੀ ਮੁੱਕ ਗਈ। ਇਨਕਲਾਬ ਦੀ ਲਗਨ ਹੋਰ ਪਕੇਰੀ। ਗਰਾਂ ਤੋਂ ਪਰਤਦਿਆਂ ਅਮੀਰ ਹੈਦਰ ਆਪਣੇ ਪਾਸਪੋਰਟ ਦੇ ਕਾਗ਼ਜ਼ ਜ਼ੈਲਦਾਰ, ਮਾਲ ਅਫਸਰ ਤੇ ਥਾਣੇਦਾਰ ਕੋਲੋਂ ਤਸਦੀਕ ਕਰਵਾ ਲਏ। ਮਜਿਸਟਰੇਟ ਦਾ ਠੱਪਾ ਜ਼ਰੂਰੀ, ਜੀਹਦੇ ਲਈ ਉਹਨੂੰ ਰਾਵਲਪਿੰਡੀ ਜਾਣਾ ਪਿਆ। ਕਚਹਿਰੀ ਅੱਪੜਿਆ ਜਿੱਥੇ ਮੁਕੱਦਮੇਬਾਜ਼ਾਂ ਦੀ ਭੀੜ। ਅਦਾਲਤਾਂ 'ਚੋਂ ਆਵਾਜ਼ਾਂ ਪੈ ਰਹੀਆਂ। ਉਹਨੂੰ ਉਹ ਵੇਲ਼ਾ ਚੇਤੇ ਆਇਆ ਜਦੋਂ ਪੋਠੋਹਾਰ ਵਿਚ ਲੋਕ ਆਪਸੀ ਝਗੜੇ ਆਪ ਨਿਬੇੜਦੇ। ਥਾਣੇ ਕਚਹਿਰੀ ਜਾਣਾ ਆਪਣੀ ਤੇ ਆਪਣੇ ਗਰਾਂ ਦੀ ਹਾਰ ਤੇ ਬਦਨਾਮੀ ਸਮਝਦੇ। ਅਮੀਰ ਹੈਦਰ ਮਜਿਸਟਰੇਟ ਨੂੰ ਮਿਲਣਾ ਚਾਹਵੇ। ਅਦਾਲਤੀ ਅਹਿਲਕਾਰ ਉਹਨੂੰ ਨੇੜੇ ਨਾ ਲੱਗਣ ਦੇਵੇ। ਉਹ ਹਮਾਮ 'ਤੇ ਗਿਆ, ਮੂੰਹ ਧੋਤਾ ਤੇ ਸ਼ੇਵ ਕਰਵਾਈ। ਸੰਦੂਕ 'ਚੋਂ ਆਪਣਾ ਪੈਂਟ ਕੋਟ ਕੱਢਿਆ, ਟਾਈ ਲਾਈ, ਪੈਰੀਂ ਬੂਟ ਤੇ ਸਿਰ ਉੱਤੇ ਹੈਟ। ਹੁਣ ਗਿਆ ਤੇ ਅਦਾਲਤੀ ਅਹਿਲਕਾਰ ਸਲੂਟ ਮਾਰ ਕੇ ਉਹਨੂੰ ਮਜਿਸਟਰੇਟ ਕੋਲ ਲੈ ਗਿਆ।(ਅੰਗਰੇਜ਼ ਦੀ ਇਹ ਗ਼ੁਲਾਮੀ ਉਹਨੇ ਬੰਬਈ ਤੋਂ ਆਉਂਦਿਆਂ ਸਾਰੇ ਇੰਡੀਆਂ ਵਿਚ ਵੇਖੀ)...

0 0 0

ਕਮਿਊਨਿਸਟ ਪਾਰਟੀ ਔਫ ਇੰਡੀਆ ਜਿਹੜੀ ਐੱਮ.ਐੱਨ.ਰਾਏ ਤਾਸ਼ਕੰਦ ਵਿਚ ਬਣਾਈ, ਇੰਡੀਆ ਵਿਚ ਉਹ ਬੈਨ ਹੋ ਗਈ, ਜੀਹਦੇ ਕਾਮਰੇਡ ਅੰਡਰਗਰਾਉਂਡ ਹੋ ਕੇ ਕੰਮ ਕਰਦੇ ਰਹੇ। ਅਮੀਰ ਹੈਦਰ ਅੱਗੇ ਤੇ ਨਾਂ ਈ ਬਦਲਦਾ ਪਰ ਐਤਕੀਂ ਉਹਨੂੰ ਰੂਪ ਵੀ ਵਟਾਣਾ ਪਿਆ। ਓਸ ਹੋਲਟਾਈਮਰ ਦਾ ਨਾਂ ਖਾਨ, ਪਠਾਣ ਪਹਿਰੇਵਾ ਤੇ ਵੱਡੀਆਂ ਵੱਡੀਆਂ ਮੁੱਛਾਂ। ਇੰਡੀਅਨ ਕਾਮਰੇਡਾਂ ਬਾਰੇ ਦੇਸ ਵਿਚ ਪ੍ਰਾਪੇਗੰਡਾ ਕਿ ਉਹਨਾਂ ਨੂੰ ਮਾਸਕੋ ਤੋਂ ਸੋਨਾ ਆਵੇ ਪਰ ਖਾਨ ਅੰਦਰ ਦਾ ਭੇਤੀ। ਉਹ ਜਾਣੇ ਕਿ ਕਾਮਰੇਡ ਐੱਸ.ਏ.ਡਾਂਗੇ, ਜਿਹੜਾ ਬੰਬਈ ਵਿਚ ਟੈਕਸਟਾਈਲ ਯੂਨੀਅਨ ਦਾ ਜਨਰਲ ਸੈਕਟਰੀ, ਦੇ ਘਰੋਂ ਊਸ਼ਾ ਦਾਈਆਂ ਦਾ ਕੰਮ ਕਰਦੀ ਤੇ ਘਰ ਦਾ ਖਰਚਾ ਚਲਦਾ, ਜਿੱਥੇ ਕਾਮਰੇਡ ਪੀ.ਸੀ.ਜੋਸ਼ੀ ਉਹਨਾਂ ਦੇ ਨਾਲ ਰਹਿੰਦਾ। ਕਾਮਰੇਡ ਜੀ.ਵੀ.ਘਾਟੇ ਇਨਕਲਾਬ ਲਈ ਵਿਆਹ ਨਾ ਕੀਤਾ। ਦੋ ਧੋਤੀਆਂ ਤੇ ਦੋ ਕੁੜਤੇ ਉਹਦਾ ਕੁਲ ਵਲ਼ੇਵਾ। ਉਹਦਾ ਜਿਗਰੀ ਯਾਰ ਡਾਕਟਰ ਰਾਉ ਉਹਨੂੰ ਦੋ ਵੇਲੇ ਦਾ ਖਾਣਾ ਦੇਵੇ। ਕਾਮਰੇਡ ਐੱਸ.ਐੱਸ.ਮਿਰਾਜਕਰ ਦਾ ਡਾਕੀਆ ਭਰਾ ਉਹਦਾ ਖਰਚਾ ਚਲਾਵੇ। ਕਾਮਰੇਡ ਬਰੈਡਲੇ ਬ੍ਰਿਟਿਸ਼ ਕਮਿਊਨਿਸਟ ਪਾਰਟੀ ਵੱਲੋਂ ਇੰਡੀਆ ਵਿਚ ਟਰੇਡ ਯੂਨੀਅਨ ਲਹਿਰ ਦੀ ਤਿਆਰੀ ਤੇ ਉਸਾਰੀ ਲਈ ਆਇਆ। ਉਹਦਾ ਖਰਚਾ ਇੰਗਲੈਂਡ ਤੋਂ ਉਹਦੇ ਕਾਮਰੇਡ ਘੱਲਦੇ। ਕਾਮਰੇਡ ਜੀ.ਅਧਿਕਾਰੀ ਜਰਮਨੀ ਤੋਂ ਇੰਡਸਟਰੀਅਲ ਕੈਮੀਕਲ ਇੰਜਨੀਅਰਿੰਗ ਵਿਚ ਡਾਕਟਰੇਟ ਕਰ ਕੇ ਆਇਆ। ਕਮਿਊਨਿਜ਼ਮ ਪਿੱਛੇ ਉਹਦੇ ਬਿਊਰੋਕਰੇਟ ਪਿਉ ਉਹਦੇ ਨਾਲ ਸਾਂਗਾ ਤਰੋੜ ਲਿਆ ਤੇ ਪਾਰਟੀ ਦੇ ਦਫਤਰ, ਜਿਹੜਾ ਕਮਿਊਨਿਜ਼ਮ ਬਾਰੇ ਕਿਤਾਬਾਂ ਨਾਲ ਭਰਿਆ ਹੋਇਆ, ਵਿਚ ਰਹਿਣ ਲਈ ਉਹਨੂੰ ਘੁਸੜਨਾ ਪਵੇ।

ਪਾਰਟੀ ਦਾ ਨਾਂ 'ਵਰਕਰਜ਼ ਐਂਡ ਪੈਜ਼ਿੰਟਸ ਪਾਰਟੀ' ਜਿਹੜੀ ਮਰਾਠੀ ਨਾਂ 'ਲਾਲ ਬੋਂਟਾ ਗਿਰਨੀ ਕਾਮਗਰ ਯੂਨੀਅਨ' ਤਹਿਤ ਕੰਮ ਕਰਦੀ। ਪਾਰਟੀ ਦੀ ਗ਼ਰੀਬੀ ਵਜਹੂੰ ਖਾਨ ਨੂੰ ਨੌਕਰੀ ਕਰਨੀ ਪੈ ਗਈ। ਉਹਨੇ ਅਮਰੀਕੀ ਸ਼ਹਿਰ ਡੈਟਰਾਇਟ ਵਿਚ ਪੈਕਾਰਡ ਮੋਟਰ ਕੰਪਨੀ ਵਿਚ ਜਿਹੜੀ ਨੌਕਰੀ ਕੀਤੀ, ਉਹਦਾ ਐਕਸਪੀਰੀਐਂਸ ਸਰਟੀਫਿਕੇਟ ਉਹਦੇ ਕੰਮ ਆਇਆ ਤੇ ਉਹਨੂੰ ਜਨਰਲ ਮੋਟਰਜ਼ ਵਿਚ ਨੌਕਰੀ ਮਿਲ ਗਈ। ਢਾਈ ਰੁਪਏ ਦਿਹਾੜੀ ਤੇ ਦੋ ਆਨੇ ਟਰਾਂਸਪੋਰਟ ਅਲਾਊਂਸ। ਖਾਨ ਚਾਰ

ਆਨੇ ਆਪਣੇ ਖਰਚੇ ਲਈ ਰੱਖ ਲੈਂਦਾ, ਰਹਿੰਦੇ ਦੋ ਰੁਪਏ ਛੇ ਆਨੇ ਉਹ ਰੋਜ਼ ਪਾਰਟੀ ਨੂੰ ਦੇਵੇ। ਉਹਨਾਂ ਦਿਨਾਂ ਵਿਚ ਕਮਿਊਨਿਸਟ ਲੀਡਰਾਂ ਉੱਤੇ ਫੈਕਟਰੀ ਮਾਲਕਾਂ ਦੇ ਗੁੰਡੇ ਹਮਲੇ ਕਰਦੇ ਜਿਨ੍ਹਾਂ ਦੀ ਰਖਸ਼ਾ ਲਈ ਵਰਕਰਜ਼ ਨੇ 'ਰੈੱਡ ਗਾਰਡ' ਬਣਾਈ। ਮੁੱਛਲ ਖਾਨ ਨੂੰ ਗਾਰਡ ਦਾ ਵੇਸ ਵਾਹਵਾ ਫਬਿਆ। ਸੁਹਾਸ਼ਨੀ ਜਿਹੜੀ ਮਾਸਕੋ ਵਿਚ ਦਾਦੇ ਦੀ ਕਲਾਸਫੈਲੋ ਰਹੀ, ਉਹ ਵੀ ਰੂਸ ਤੋਂ ਆ ਕੇ ਬੰਬਈ ਦੇ ਕਾਮਰੇਡਾਂ ਵਿਚ ਰਲ਼ ਗਈ। ਉਹ ਦਾਦੇ ਨੂੰ ਹੁਣ ਵੀ ਸਖਾਰੋਫ ਈ ਆਖੇ।

ਕਲਕੱਤੇ ਵਿਚ ਪੰਜਾਬ 'ਚੋਂ ਆਏ ਕਾਮਰੇਡ ਸੋਹਣ ਸਿੰਘ ਜੋਸ਼ ਦੀ ਪ੍ਰਧਾਨਗੀ ਹੇਠ 'ਆਲ ਇੰਡੀਆ ਵਰਕਰਜ਼ ਐਂਡ ਪੈਜ਼ੈਂਟਸ ਪਾਰਟੀ ਕਾਨਫਰੰਸ' ਹੋਈ, ਜੀਹਦੇ ਵਿਚ ਕਾਮਰੇਡ ਘਾਟੇ ਨੂੰ ਅੰਡਰਗਰਾਊਂਡ ਕਮਿਊਨਿਸਟ ਪਾਰਟੀ ਦਾ ਸੈਕਰਟਰੀ ਜਨਰਲ ਬਣਾਇਆ ਗਿਆ। ਪਾਰਟੀ ਅੰਡਰਗਰਾਊਂਡ। ਖੁਫੀਆ ਟਿਕਾਣੇ। ਲੁਕ ਲੁਕ ਕੰਮ ਕਰਦਿਆਂ ਖਾਨ ਅੱਕ ਗਿਆ ਤੇ ਓਸ ਮਨਸੂਬਾਬੰਦੀ ਕੀਤੀ ਕਿ ਇੰਡੀਆ ਦੀ ਕਮਿਊਨਿਸਟ ਲਹਿਰ ਲਈ ਆਲਮੀ ਸਾਂਗੇ ਜ਼ਰੂਰੀ। ਪਾਰਟੀ ਦੇ ਵਧਾਅ ਲਈ ਕਾਮਰੇਡ ਘਾਟੇ ਨੇ ਯੂ.ਪੀ. ਵਿਚ ਇਕੱਠ ਕੀਤਾ ਜੀਹਦੇ ਵਿਚ ਕੁਲ ਛੇ ਰਲ਼ਤੀ, ਜਿਹੜੇ ਘਾਟੇ, ਡਾਂਗੇ, ਮਿਰਾਜਕਰ, ਉਸਮਾਨੀ, ਅਧਿਕਾਰੀ ਤੇ ਖਾਨ। ਥਾਵਾਂ ਮਿਥੀਆਂ ਗਈਆਂ ਤੇ ਕੰਮ ਵੰਡੇ ਗਏ ਕਿ ਮੇਰਠ ਸਾਜ਼ਿਸ਼ ਕੇਸ ਹੋ ਗਿਆ। ਬੱਤੀ ਕਮਿਊਨਿਸਟ ਕਾਮਰੇਡ ਨਾਮਜ਼ਦ ਹੋਏ। ਸਾਰੇ ਮੁਲਜ਼ਮ ਫੜੇ ਗਏ ਪਰ ਖਾਨ ਛਾਂਈਂ ਮਾਈਂ ਹੋ ਗਿਆ।

ਗੋਆ ਦੀ ਕਾਸਮੋਪੋਲੀਟਿਨ ਕਲੱਬ ਵਿਚ ਫ੍ਰਾਂਸਿਸਕੋ ਫਰਨਾਂਡਸ ਨਾਂ ਦੇ ਸੂਟਿਡ ਬੂਟਿਡ ਐਂਗਲੋ ਇੰਡੀਅਨ ਨੂੰ ਦਾਖਲ ਹੋਂਦਿਆਂ ਯੂਰਪੀਅਨ ਸਾਰਜੰਟ ਸਲੂਟ ਕੀਤਾ। ਇਹ ਟੌਹਰ ਨਾਲ ਟੁਰਦਾ ਪ੍ਰਾਹੁਣਾ ਕੋਈ ਹੋਰ ਨਹੀਂ, ਖਾਨ, ਜੀਹਨੇ ਇੰਡੀਆ ਤੋਂ ਫਰਾਰ ਹੋਵਣ ਲਈ ਇਹ ਵੇਸ ਵਟਾਇਆ। ਸੀ.ਆਈ.ਡੀ. ਪਿੱਛੇ ਲੱਗੀ ਹੋਈ। ਫ੍ਰਾਂਸਿਸਕੋ ਫਰਨਾਂਡਸ ਗੋਆ ਤੋਂ ਬੰਬਈ ਅੱਪੜਿਆ ਜਿੱਥੋਂ ਉਹ 'ਫਰੈਂਚ ਐਂਡ ਚਾਈਨੀਜ਼ ਲਾਈਨ' ਵਿਚ ਸਵਾਰ ਹੋ ਗਿਆ। ਏਸ ਸਮੁੰਦਰੀ ਜਹਾਜ਼ ਵਿਚ ਉਹਦੀ ਮੁਲਾਕਾਤ ਨੋਬਲ ਇਨਾਮ ਯਾਫਤਾ ਰਾਬਿੰਦਰ ਨਾਥ ਟੈਗੋਰ ਅਤੇ ਮਸ਼ਹੂਰ ਬੰਗਾਲੀ ਐਜੂਕੇਸ਼ਨਿਸਟ ਪ੍ਰੋਫੈਸਰ ਚਕਰਵਰਤੀ ਨਾਲ ਹੋਈ। ਉਹਨੂੰ ਓਥੇ ਲਾਹੌਰੀ ਕ੍ਰਿਸਚੀਅਨ ਮੁੰਡਾ ਵੀ ਮਿਲਿਆ ਜਿਹੜਾ 'ਨੌਜਵਾਨ ਭਾਰਤ ਸਭਾ' ਦਾ ਮੈਂਬਰ, ਜੀਹਦੀ ਸਾਈਕਲੋ ਸਟਾਈਲਿੰਗ ਮਸ਼ੀਨ ਉੱਤੇ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਇਨਕਲਾਬੀ ਲਿਟਰੇਚਰ ਛਪਵਾਂਦੇ ਰਹੇ। ਇਸ਼ਤਿਹਾਰੀ ਮਫਰੂਰ ਲਾਲ  ਭਾੜੇ ਤੋਂ ਥੁੜਿਆ ਹੋਇਆ। ਫ੍ਰਾਂਸਿਸਕੋ ਫਰਨਾਂਡਸ ਸਾਰੇ ਬੋਝੇ ਫਰੋਲ਼ੇ। ਜੋ ਹੱਥ ਲੱਗਾ ਉਹ ਲਾਲ ਨੂੰ ਦੇ ਦਿੱਤਾ।

ਫ੍ਰਾਂਸਿਸਕੋ ਫਰਨਾਂਡਸ ਕਮੰਟਰਨ (ਕਮਿਊਨਿਸਟ ਇੰਟਰਨੈਸ਼ਨਲ) ਨਾਲ ਮਿਥੇ ਸੀਕਰਟ ਮਿਸ਼ਨ ਉੱਤੇ। ਹੈਮਬਰਗ ਵਿਚ ਉਹਨੂੰ ਕਾਮਰੇਡ ਜੂਲੀਅਸ ਮਿਲਿਆ ਜੀਹਨੇ ਉਹਨੂੰ ਨਾਲ਼ ਲਿਆ ਤੇ ਬਰਲਿਨ ਦੇ ਇਕ ਹੋਟਲ ਵਿਚ ਛੱਡਿਆ। ਬਰਲਿਨ ਵਿਚ ਉਹ 'ਐਂਟੀ ਇੰਪੀਰੀਅਲਿਸਟ ਲੀਗ' ਦੇ ਦਫਤਰ ਗਿਆ ਜਿੱਥੇ ਉਹਨੂੰ ਵਰਿੰਦਰਨਾਥ ਚਟੋਪਾਧਿਆਏ ਟੱਕਰ ਗਿਆ ਜਿਹੜਾ ਉਹਦਾ ਅਗਦੂੰ ਦਾ ਮਾਸਕੋ ਦਾ ਜਾਣੂੰ। ਓਥੇ ਉਹਨੂੰ ਜਰਮਨ ਸੋਸ਼ਲ ਡੈਮੋਕ੍ਰੇਟਿਕ ਪਾਰਟੀ' ਦਾ ਇਕ ਆਹਰੀ ਫਰਗੂਸਨ ਵੀ ਮਿਲਿਆ। ਬਰਲਿਨ ਤੋਂ ਫ੍ਰਾਂਸਿਸਕੋ ਫਰਨਾਂਡਸ ਨੂੰ ਕਮੰਟਰਨ ਦੇ ਖੁਫੀਆ ਏਜੰਟ ਨਾਲ ਹੈਮਬਰਗ ਪਰਤਣਾ ਪਿਆ, ਜਿੱਥੋਂ ਉਹ ਵਾਰਸਾ ਰਾਹੀਂ ਮਾਸਕੋ ਲਈ ਰੇਲ ਗੱਡੀ ਵਿਚ ਬੈਠਾ।

ਮਾਸਕੋ ਅੱਪੜ ਕੇ ਫ੍ਰਾਂਸਿਸਕੋ ਫਰਨਾਂਡਸ ਕਾਮਰੇਡ ਮਿਸ਼ਰਾ ਹੋ ਗਿਆ ਜੀਹਨੂੰ 'ਰੈੱਡ ਇੰਟਰਨੈਸ਼ਨਲ ਟਰੇਡ ਯੂਨੀਅਨ ਕਾਂਗਰਸ' ਦੇ ਓਪਨ ਸੈਸ਼ਨ ਲਈ ਪ੍ਰੀਜ਼ੀਡੀਅਮ ਦਾ ਮੈਂਬਰ ਚੁਣਿਆ ਗਿਆ। ਜਿੱਥੇ ਉਹਨੇ ਬਾਲਸ਼ਵਿਕਾਂ ਕੋਲ਼ੋਂ 'ਬ੍ਰਿਟਿਸ਼ ਕਮਿਊਨਿਸਟ ਪਾਰਟੀ' ਬਾਰੇ ਗਿਲਾ ਸੁਣਿਆ ਕਿ ਬ੍ਰਿਟਿਸ਼ ਕਾਲੋਨੀਆਂ 'ਚੋਂ ਬਹੁਤ ਘੱਟ ਕਮਿਊਨਿਸਟ ਵਰਕਰਜ਼ ਟ੍ਰੇਨਿੰਗ ਲਈ ਮਾਸਕੋ ਆਂਦੇ ਜਦੋਂ ਕਿ ਫਰੈਂਚ ਕਮਿਊਨਿਸਟ ਪਾਰਟੀ ਫਰੈਂਚ ਕਾਲੋਨੀਆਂ 'ਚੋਂ ਅੱਗੜ ਪਿੱਛੜ ਵਰਕਰਜ਼ ਦੇ ਗਰੁੱਪ ਭੇਜੇ। ਕਾਮਰੇਡ ਮਿਸ਼ਰਾ ਨੂੰ ਇਹ ਵੀ ਦੱਸ ਪਈ ਕਿ ਰੂਸੀ, ਸੋਸ਼ਲਿਸਟ ਸਕੂਲ ਦੇ ਟੀਚਰ



ਐੱਮ.ਐੱਨ.ਰਾਏ ਰਾਹੀਂ ਇੰਡੀਆਂ ਵਿਚ ਕਮਿਊਨਿਸਟ ਪਾਰਟੀ ਉੱਤੇ ਬਹੁੰ ਪੈਸਾ ਖਰਚ ਕਰ ਚੁੱਕੇ। ਰੂਸੀਆਂ ਨੂੰ ਐੱਮ.ਐੱਨ.ਰਾਏ ਦੀ ਨੀਤ ਤੇ ਦਿਆਨਤ ਉੱਤੇ ਕੋਈ ਸ਼ੱਕ ਨਾ, ਪਰ ਉਹਦੇ ਕੰਮ ਕਰਨ ਦੇ ਢੰਗ ਬਾਰੇ ਕਈ ਇਤਰਾਜ਼। ਕਾਮਰੇਡ ਮਿਸ਼ਰਾ 'ਰੈੱਡ ਇੰਟਰਨੈਸ਼ਨਲ ਟਰੇਡ ਯੂਨੀਅਨ ਕਾਂਗਰਸ' ਦੇ ਸੈਕਟਰੀ ਜਨਰਲ ਕਾਮਰੇਡ ਲੋਜ਼ੋਫਿਸਕੀ ਅੱਗੇ ਰੂਸੀ ਅਖਬਾਰਾਂ ਦੇ ਖਿਲਾਫ ਸ਼ਿਕਾਇਤ ਦਰਜ ਕਰਾਈ, ਜਿਨ੍ਹਾਂ ਵਿਚ ਸੁਰਖੀਆਂ ਰਾਹੀਂ ਉਚੇਚਾ 'ਇੰਡੀਅਨ ਨੈਸ਼ਨਲ ਕਾਂਗਰਸ' ਦੇ ਮਹਾਤਮਾ ਗਾਂਧੀ ਦੀ ਸਤਿਆਗ੍ਰਹਿ ਨੂੰ ਬਹੁੰ ਵਡਿਆਇਆ ਜਾ ਰਿਹਾ। ਪਰ 'ਨੌਜਵਾਨ ਭਾਰਤ ਸਭਾ' ਦੇ ਭਗਤ ਸਿੰਘ ਦੇ ਇਨਕਲਾਬੀ ਉਦਮ ਬਾਰੇ ਕੋਈ ਖਬਰ ਨਾ।

ਕਮਿਊਨਿਸਟ ਇੰਟਰਨੈਸ਼ਨਲ ਤੇ ਟਰੇਡ ਯੂਨੀਅਨ ਦੀਆਂ ਬਹਿਸਾਂ ਵਿਚ  ਕਾਮਰੇਡ ਮਿਸ਼ਰਾ ਇੰਡੀਆ ਦਾ ਵਕੀਲ। ਦਲੀਲਾਂ ਦੇਂਦਾ ਲਾਲ ਪੀਲ਼ਾ ਹੋ ਜਾਏ ਕਿ ਰੂਸੀ ਜਿਵੇਂ ਚੀਨ ਦੇ 'ਯੂਨਾਈਟਡ ਫਰੰਟ' ਉੱਤੇ ਪੈਸਾ ਖਰਚਦੇ, ਉਂਝ ਇੰਡੀਆ ਵਿਚ ਕਮਿਊਨਿਸਟ ਲਹਿਰ ਲਈ ਕੁਝ ਨਾ ਕਰ ਰਹੇ। ਰੂਸੀਆਂ ਉਹਨੂੰ ਅੱਗੋਂ ਮਿਹਣਾ ਮਾਰਿਆ, "ਪਾਰਟੀ ਕਿੱਥੇ?" ਇੰਡੀਆ ਵਿਚ ਪਾਰਟੀ ਕਿਧਰੇ ਨਜ਼ਰ ਈ ਨਾ ਆਵੇ। ਕਾਮਰੇਡ ਮਿਸ਼ਰਾ ਵਿਖਾਂਦਾ ਕੀ। ਜਿੱਥੇ ਕੁਝ ਕਾਮਰੇਡ ਅੰਡਰਗਰਾਊਂਡ, ਕੁਝ ਜੇਲ੍ਹਾਂ ਵਿਚ ਤੇ ਕੁਝ ਮਫਰੂਰ। ਉਹਦੀ ਹੂੜ੍ਹਮਤੀ ਤੇ ਅੱਖੜਪੁਣੇ ਤੋਂ ਤੰਗ ਇਕ ਸੀਨੀਅਰ ਰੂਸੀ ਕਾਮਰੇਡ ਵਾਹਵਾ ਰਿੰਜ ਹੋ ਕੇ "ਤੂੰ ਇਨਕਲਾਬ ਇੰਡੀਆ ਵਿਚ ਲਿਆਣਾ ਏ ਕਿ ਰੂਸ ਵਿਚ?"  ਗਿਲੇ ਉਲ਼ਾਂਭੇ ਦੇਂਦੇ ਇੰਡੀਅਨ ਕਾਮਰੇਡ ਨੂੰ ਬੜੀ ਗ਼ੈਰਤ ਆਈ ਤੇ ਉਹ ਵਾਪਸ ਵਤਨਾਂ ਨੂੰ ਪਰਤਿਆ।

0 0 0

ਕਾਮਰੇਡ ਮਿਸ਼ਰਾ ਮਦਰਾਸ ਅੱਪੜ ਕੇ ਮੋਟਰ ਮਕੈਨਿਕ ਸ਼ੰਕਰ ਹੋ ਗਿਆ ਜਿਹੜਾ ਮਜ਼ਦੂਰੀ ਕਰਦਿਆਂ ਅੰਡਰਗਰਾਊਂਡ ਕਾਮਰੇਡਾਂ ਦੀ ਉਘ ਸੁਘ ਲੈਂਦਾ ਫਿਰੇ। ਉਹ ਵੇਖਦਾ ਕਿ ਛੁੱਟੀ ਵੇਲ਼ੇ ਸੀਟੀ ਵੱਜਣੀ, ਫੈਕਟਰੀਆਂ ਤੇ ਮਿੱਲਾਂ ਦੇ ਹਜ਼ਾਰਾਂ ਮਜ਼ਦੂਰਾਂ ਬਾਹਰ ਨਿਕਲਣਾ। ਮੋਟਰ ਮਕੈਨਿਕ ਸ਼ੰਕਰ ਨੂੰ ਆਪਣੀ ਔਕਾਤੋਂ ਵੱਡੀ ਸੱਧਰ ਹੋਣੀ ਕਿ ਉਹ ਇਨਕਲਾਬ ਦਾ ਨਾਅਰਾ ਲਵਾਏ ਤੇ ਮਜ਼ਦੂਰਾਂ ਦਾ ਹੜ੍ਹ ਬਿਫਰਿਆ ਜਲੂਸ ਬਣ ਜਾਏ।

ਸਭ ਤੋਂ ਪਹਿਲਾਂ ਸ਼ੰਕਰ ਨੂੰ ਸੁਹਾਸ਼ਣੀ ਮਿਲੀ। ਫੇਰ ਅੱਗੜ ਪਿੱਛੜ ਕਾਮਰੇਡ ਰਲ਼ਦੇ ਗਏ। ਕਾਮਰੇਡ ਜੈ ਰਾਮ, ਕਾਮਰੇਡ ਸੁਬਾ ਰਾਉ ਤੇ ਕਾਮਰੇਡ ਕੇ.ਬਸ਼ਾਮ, ਜਿਨ੍ਹਾਂ ਕੰਮ ਲਈ ਜਿਹੜਾ ਇਲਾਕਾ ਮਿਥਿਆ,ਉਹ ਗੋਆ, ਪਾਂਡੀਚਰੀ, ਬੰਗਲੌਰ ਤੇ ਮਦਰਾਸ। ਜਿੱਥੇ 'ਕਰਨਾਟਕ ਮਿੱਲਜ਼', ਮਦਰਾਸ ਐਲੋਮੀਨੀਅਮ ਫੈਕਟਰੀ ਤੇ ਸਾਊਥ ਇੰਡੀਅਨ ਰੇਲਵੇ। ਇਥਾਵੀਂ ਕੁਝ ਰਾਜ ਘਰਾਣਿਆਂ ਦੇ ਨਵੇਂ ਪੂੰਗ ਦੀ ਕਾਇਆ ਕਲਪ ਹੋਈ ਜਿਹੜੇ ਅਗਾਂਹਵਧੂ ਵਿਚਾਰਧਾਰਾ ਨਾਲ ਜੁੜ ਗਏ। ਇਹਨਾਂ ਚਿੱਟੀ ਚਮੜੀ ਵਾਲੇ ਬ੍ਰਾਹਮਣ ਜਵਾਨਾਂ ਪਿੱਛੇ ਕਾਲੇ ਦਰਾਵੜ ਝੁੱਗੀਵਾਸ ਮਜ਼ਦੂਰ ਬਸਤੀਆਂ ਦਾ ਮੁੰਡੀਕਾ ਲੱਗਾ ਤੇ 'ਯੰਗ ਵਰਕਰਜ਼ ਲੀਗ' ਬਣੀ, ਜੀਹਦੀ ਮੈਂਬਰਸ਼ਿਪ ਲਈ ਚੰਦਾ ਦੋ ਆਨੇ ਮਹੀਨਾ। ਅਮੀਰ ਇਨਕਲਾਬੀ ਪੜ੍ਹਾਕਾਂ ਨੂੰ ਘਰੋਂ ਜਿਹੜਾ ਰੋਜ਼ ਦਾ ਜੇਬ ਖਰਚ ਮਿਲਦਾ, ਉਹ ਯੰਗ ਵਰਕਰਜ਼ ਲੀਗ ਨੂੰ ਦੇ ਦੇਂਦੇ, ਜੀਹਦਾ ਦਫਤਰ ਮੋਟਰ ਮਕੈਨਿਕ ਸ਼ੰਕਰ ਚਲਾਂਦਾ।

ਯੰਗ ਵਰਕਰਜ਼ ਲੀਗ ਵਿਚ ਵੱਖ ਵੱਖ ਥਾਵਾਂ ਤੋਂ ਜਵਾਨ ਰਲਣ ਲੱਗ ਪਏ, ਜਿਹੜੇ ਆਪਣੀ ਆਪਣੀ ਬੋਲੀ ਬੋਲਣ। ਪਰ ਕਾਮਰੇਡ ਜੈ ਰਾਮ ਨੂੰ ਹਿੰਦੀ, ਤਾਮਿਲ, ਤੈਲਗੂ ਤੇ ਅੰਗਰੇਜ਼ੀ ਫਰ ਫਰ ਆਵੇ, ਜੀਹਦੀ ਵਜਹੂੰ ਵਿਚਾਰਾਂ ਦੀ ਸਾਂਝ ਵਿਚ ਔਕੜ ਕੋਈ ਨਾ। ਯੰਗ ਵਰਕਰਜ਼ ਵਿਚ ਜਿੱਥੇ ਡਾਕਟਰ, ਇੰਜਨੀਅਰ ਤੇ ਪ੍ਰੋਫੈਸਰ, ਓਥੇ ਈ ਅਣਪੜ੍ਹ ਮਜ਼ਦੂਰ ਤੇ ਕਿਸਾਨ ਜਿਹੜੇ ਮੋਢੇ ਨਾਲ ਮੋਢਾ ਜੋੜਕੇ ਇਨਕਲਾਬੀ ਆਹਰ ਵਿਚ ਦਿਨ ਰਾਤ ਜੁਟੇ ਹੋਏ। ਯੰਗ ਵਰਕਰਜ਼ ਲੀਗ ਦੀ ਛਤਰ ਛਾਵੇਂ ਕਿਧਰੇ ਯੂਥ ਲੀਗ, ਕਿਧਰੇ ਟਰੇਡ ਯੂਨੀਅਨ ਤੇ ਕਿਧਰੇ ਕਿਸਾਨ ਕਮੇਟੀ ਬਣੀ। ਲੁਕ ਕੇ ਕਿਸੇ ਖੁਫੀਆ ਟਿਕਾਣੇ ਵਿਚ ਸਟੱਡੀ ਸਰਕਲ ਹੋਂਦਾ, ਜੀਹਦਾ ਪ੍ਰਬੰਧ ਮੋਟਰ ਮਕੈਨਿਕ ਸ਼ੰਕਰ ਦੇ

ਜ਼ਿੰਮੇ। ਓਥੇ ਯੰਗ ਵਰਕਰਜ਼ ਰਲ਼ਕੇ ਸੀਨੀਅਰ ਕਾਮਰੇਡਾਂ ਕੋਲ਼ੋਂ ਇਹ ਤਿੰਨ ਕਿਤਾਬਾਂ ਸਬਕ ਸਬਕ ਪੜ੍ਹੀਆਂ ਤੇ ਸਮਝੀਆਂ: 1. Communist Manifesto 2. State and Revolution 3.The Life and Teachings of Karl Marx. ਦਿਨ ਰਾਤ ਅੰਡਰਗਰਾਊਂਡ ਕੰਮ ਕਰਦਿਆਂ ਅਜੇ ਪੂਰਾ ਵਰ੍ਹਾ ਨਾ ਹੋਇਆ ਕਿ ਦਾਦਾ ਅਮੀਰ ਹੈਦਰ ਪਿੱਛੇ ਲੱਗੀ ਸੀ.ਆਈ.ਡੀ ਮੋਟਰ ਮਕੈਨਿਕ ਸ਼ੰਕਰ ਤਾਈਂ ਅੱਪੜ ਗਈ।

1932, ਦਾਦਾ ਅਮੀਰ ਹੈਦਰ ਗ੍ਰਿਫਤਾਰ ਹੋ ਗਿਆ। ਜੁਰਮ ਕੀ, ਭਗਤ ਸਿੰਘ ਦੇ ਵਰ੍ਹੇਵਾਰ ਸ਼ਹੀਦ ਦਿਹਾੜ ਉੱਤੇ ਯੰਗ ਵਰਕਰਜ਼ ਲੀਗ ਵੱਲੋਂ ਪੈਂਫਲਿਟ 'Bhagat Trio' ਛਾਪਕੇ ਵੰਡਿਆ। ਤਾਜ਼ੀਰਾਤੇ ਹਿੰਦ ਦੀ ਦਫਾ 124-ਏ ਲੱਗੀ। ਤਿੰਨ ਸਾਲ ਸਜ਼ਾ ਹੋਈ। ਪਹਿਲਾਂ ਮਦਰਾਸ ਜੇਲ੍ਹ, ਮਗਰੋਂ ਸੇਲਮ ਜੇਲ੍ਹ, ਜਿੱਥੋਂ ਦੋ ਸਾਲ ਬਾਅਦ ਉਹਦੀ ਜ਼ਮਾਨਤ ਹੋ ਗਈ। ਰਿਹਾਅ ਹੋਂਦਿਆਂ ਈ ਦਾਦਾ ਅਮੀਰ ਹੈਦਰ ਹੋਰ ਹੋਰ ਇਲਾਕਿਆਂ ਵਿਚ ਪਾਰਟੀ ਦਾ ਕੰਮ ਕਰਦੇ ਵੱਖ ਵੱਖ ਗਰੁੱਪਾਂ ਵਿਚ ਸਨੇਹੂੰ ਬਣਿਆ। ਕਿਧਰੇ ਅਜਕਣ ਨਾ, ਚੱਲਦਾ ਈ ਰਵ੍ਹੇ। ਰਿਹਾਈ ਨੂੰ ਅਜੇ ਮਹੀਨਾ ਲੰਘਿਆ ਕਿ ਉਹ ਰੈਗੂਲੇਸ਼ਨ ਨੰਬਰ 2 ਤਹਿਤ ਫੜਿਆ ਗਿਆ। ਕੈਦੀ ਨੂੰ ਠਿਕਾਣਾ ਕਿੱਥੇ ਲੱਭਾ, ਕੋਇੰਬੇਟੋਰ ਜੇਲ੍ਹ। ਸੀ.ਆਈ.ਡੀ. ਦੀਆਂ ਖੁਫੀਆ ਰਿਪੋਰਟਾਂ ਵੇਖਕੇ ਮਦਰਾਸ ਪਰੈਜ਼ੀਡੈਂਸੀ ਦੇ ਬ੍ਰਿਟਿਸ਼ ਹੋਮ ਸੈਕਟਰੀ ਇੰਡੀਅਨ ਗਵਰਨਮੈਂਟ ਨੂੰ ਲਿਖਿਆ: "...Dada is an experienced conspirator. He has a large hand in setting up clandstine courier services and he is demonstrably a most capable organiser. He is clearly a menace to the peace, not only of the Madras Presidency, but indirectly of the rest of India..." ਇੰਡੀਆ ਦੇ ਏਸ ਨਾਮੀ ਮੁਜਰਮ ਨੂੰ ਰਿਆਸਤੀ ਕੈਦੀ (State Prisoner) ਦਾ ਦਰਜਾ ਮਿਲ ਗਿਆ, ਜੀਹਨੂੰ ਸਾਊਥ ਇੰਡੀਆ 'ਚੋਂ ਜਬਰੀ ਦੇਸ ਨਕਾਲੇ ਦਾ ਹੁਕਮ ਹੋਇਅ।

ਰਾਜਮਹਿੰਦਰੀ ਦੀ ਸੈਂਟਰਲ ਜੇਲ੍ਹ ਵਿਚੋਂ ਏਸ ਖਤਰਨਾਕ ਕੈਦੀ, ਦਾਦਾ ਅਮੀਰ ਹੈਦਰ, ਨੂੰ ਰੇਲ ਗੱਡੀ ਦੇ ਡੱਬੇ ਵਿਚ ਡੱਕ ਦਿੱਤਾ ਗਿਆ, ਹੀਹਦੇ ਸਭ ਬੂਹੇ ਬਾਰੀਆਂ ਬੰਦ। ਪੁਲਸ ਦੇ ਪਹਿਰੇ ਵਿਚ ਰੇਲ ਗੱਡੀ ਦਾ ਇਹ ਡੱਬਾ ਵੱਖ ਵੱਖ ਗੱਡੀਆਂ ਵਿਚ ਲਗਦਾ ਤਿੰਨ ਦਿਨ ਦੇ ਸਫਰ ਮਗਰੋਂ ਮੁਜ਼ੱਫਰ ਨਗਰ ਅੱਪੜਿਆ, ਜੀਹਦੀ ਜੇਲ੍ਹ ਕੈਦੀਆਂ ਨਾਲ ਮੰਦੇ ਵਰਤਾਰੇ ਵਜਹੂੰ ਬਦਨਾਮ। ਦਾਦਾ ਅਮੀਰ ਹੈਦਰ ਦਾ ਢੋਅ ਢੁਕਿਆ। ਉਹਨੇ ਦੁਖੀ ਕੈਦੀਆਂ ਨਾਲ ਇਨਕਲਾਬੀ ਵਿਚਾਰ ਸਾਂਝੇ ਕੀਤੇ। ਗੋਰੇ ਜੇਲ੍ਹਰ ਖਿਲਾਫ ਨਾਅਰੇ ਲੱਗੇ। ਮਗਰੋਂ ਭੁੱਖ ਹੜਤਾਲ ਹੋ ਗਈ। ਮੁਜ਼ੱਫਰ ਨਗਰ ਦੀ ਜੇਲ੍ਹ ਵਿਚੋਂ ਧੱਕੇ ਮਾਰ ਮਾਰ ਅਮੀਰ ਹੈਦਰ ਨੂੰ ਕੱਢਿਆ ਗਿਆ।

ਪੂਰਾ ਰਾਹ ਬਦਸਲੂਕੀ। ਅਗਲਾ ਠਿਕਾਣਾ ਅੰਬਾਲਾ ਜੇਲ੍ਹ। ਮਿਸਜ਼ ਫਰੈਡਾ ਬੇਦੀ, ਕਾਮਰੇਡ ਪਿਆਰੇ ਲਾਲ ਬੇਦੀ ਦੀ ਵਾਈਫ, ਜਿਹੜੀ ਲਹੌਰ ਵਿਚ ਰਹਿੰਦੀ, ਉਹਨੂੰ ਦਾਦਾ ਅਮੀਰ ਹੈਦਰ ਦੀ ਕੈਦ ਬਾਰੇ ਖਬਰ ਮਿਲੀ। ਉਹ ਮਾਸਕੋ ਵਿਚ ਕਾਮਰੇਡ ਸਖਾਰੋਫ ਦੀ ਕਲਾਸਫੈਲੋ ਰਹੀ, ਜਿਹੜੀ 'ਸਵਲ ਲਿਬਰਟੀਜ਼ ਯੂਨੀਅਨ' ਦੀ ਮੈਂਬਰ। ਉਹਨੇ ਹਰ ਪੱਧਰ ਉੱਤੇ ਦਾਦਾ ਅਮੀਰ ਹੈਦਰ ਦੀ ਰਿਹਾਈ ਲਈ ਗੱਲ ਚਲਾਈ ਤੇ ਇੰਝ ਏਸ ਰਿਆਸਤੀ ਕੈਦੀ ਦਾ ਦਾਖਲ ਦਫਤਰ ਮੁਕੱਦਮਾ ਚੱਲਿਆ। ਮੁਲਜ਼ਮ ਦੀ ਸਫਾਈ ਲਈ ਗਵਾਹ ਕੌਣ ਆਇਆ, ਸਾਥੀ ਕੈਦੀ ਸੁਭਾਸ਼ ਚੰਦਰ ਬੋਸ, ਜੀਹਨੇ ਗੱਜ ਵੱਜ ਕੇ ਗਵਾਹੀ ਦਿੱਤੀ। (ਇਹਦਾ ਬਦਲਾ ਦਾਦਾ ਅਮੀਰ ਹੈਦਰ ਸੁਭਾਸ਼ ਚੰਦਰ ਬੋਸ ਨੂੰ ਇਹ ਦਿੱਤਾ ਕਿਮ ਵਰਲਡ ਵਾਰ ਟੂ ਵਿਚ ਜਦੋਂ ਸਾਰੀ ਸਰਕਾਰੀ ਮਸ਼ੀਨਰੀ "ਆਜ਼ਾਦ ਹਿੰਦ ਫੌਜ' ਦੇ ਨੇਤਾ ਦੀ ਗ੍ਰਿਫਤਾਰੀ ਲਈ ਛਾਪੇ ਮਾਰ ਰਹੀ, ਉਹ ਪੋਠੋਹਾਰ ਵਿਚ ਪ੍ਰਾਹੁਣਾ, ਜੀਹਨੂੰ ਦਾਦੇ ਅਮੀਰ ਹੈਦਰ ਸਲਾਮਤ ਅਫ਼ਗਾਨ ਬਾਰਡਰ ਪਾਰ ਕਰਵਾਇਆ।

1932 ਤੋਂ 1938 ਤੀਕ ਛੇ ਸਾਲ ਦਾਦਾ ਅਮੀਰ ਹੈਦਰ ਕੈਦ ਰਿਹਾ। ਅੰਬਾਲਾ ਜੇਲ੍ਹ 'ਚੋਂ



ਰਿਹਾਅ ਹੋਂਦਿਆਂ ਜਵਾਹਰ ਲਾਲ ਨਹਿਰੂ ਨਾਲ ਮੁਲਾਕਾਤ ਹੋਈ, ਜਿਹੜਾ ਉਹਨਾਂ ਦਿਨਾਂ ਵਿਚ Muslim Mass Contact Campaign ਲਈ ਪੰਜਾਬ ਵਿਚ ਸ਼ਹਿਰ ਸ਼ਹਿਰ ਪਰੇਸ਼ਾਨ। ਜੀਹਨੂੰ ਪੋਠੋਹਾਰ ਦਾ ਇੰਡੀਅਨ ਕਾਮਰੇਡ ਪੈ ਗਿਆ ਕਿ ਸਾਰੇ ਹਿੰਦੂ ਬਾਣੀਏਂ ਖੱਦਰ ਪਾ ਕੇ ਉਹਦੇ ਨਾਲ ਖਲੋਤੇ, ਜਿਨ੍ਹਾਂ ਦੇ ਕਰਜ਼ੇ ਦੇ ਜਕੜਬੰਦ ਵਿਚ ਫਸੇ ਮੁਸਲਮਾਨ ਪੰਜਾਬੀ ਉਹਦੇ ਨਾਲ ਕਿਵੇਂ ਰਲਣ। ਦਾਦਾ ਅਮੀਰ ਹੈਦਰ ਦੀ ਇਹ ਖਰ੍ਹਵੀ ਗੱਲ 'ਇੰਡੀਅਨ ਨੈਸ਼ਨਲ ਕਾਂਗਰਸ' ਦੇ ਲੀਡਰ ਨੂੰ ਭਾਵੇਂ ਚੰਗੀ ਨਾ ਲੱਗੀ, ਪਰ ਉਹ ਸੋਚੀਂ ਪੈ ਗਿਆ ਕਿ ਕਾਮਰੇਡ ਛੇ ਵਰ੍ਹੇ ਜੇਲ੍ਹ ਵਿਚ ਰਹਿ ਕੇ ਵੀ ਪੰਜਾਬ ਦੀ ਸਿਆਸਤ ਤੋਂ ਪੂਰਾ ਬਾਖਬਰ। ਦਾਦੇ ਅਮੀਰ ਹੈਦਰ ਚਾਰ ਸਾਲ ਰੂਪੋਸ਼ੀ ਵਿਚ ਤੇ ਛੇ ਸਾਲ ਕੈਦ ਵਿਚ ਕੱਟੇ। ਆਪਣੇ ਗਰਾਂ ਦੀ ਯਾਦ ਪਿੱਛੇ ਖਿੱਚ ਮਾਰੀ।

0 0 0

ਬੰਬਈ, ਮਾਸਕੋ ਤੇ ਮਦਰਾਸ, ਕਿਧਰੇ ਕਾਮਰੇਡਾਂ ਕੋਲ਼ੋਂ ਕਮਿਊਨਿਜ਼ਮ ਬਾਰੇ ਪੜ੍ਹਿਆ, ਕਿਧਰੇ ਰੂਪੋਸ਼ੀ ਵਿਚ ਪਾਰਟੀ ਦਾ ਕੰਮ ਕੀਤਾ ਤੇ ਕਿਧਰੇ ਜੇਲ੍ਹ ਕੱਟੀ। ਦਸ ਸਾਲ ਬਾਅਦ ਕਾਲ਼ੂ ਦਾ ਪੁੱਤਰ ਅਮੀਰ ਹੈਦਰ ਗਰਾਂ ਪਰਤਿਆ ਜਿੱਥੇ ਅਜੇ ਵੀ ਉਹ ਉਹ ਈ ਗ਼ਰੀਬ ਲੋਕ ਤੇ ਉਹ ਈ ਉਹਨਾਂ ਦੇ ਦੁੱਖ। ਪਰ ਉਹ ਈ ਸੱਜਣ ਤੇ ਉਹ ਈ ਮਿਹਰ ਮੁਹੱਬਤਾਂ। ਕੁਝ ਰਾਜ ਦਵਾਰੇ ਉਸਰ ਰਹੇ, ਬਾਹਲ਼ੀ ਖਲਕਤ ਭੁੱਖ ਹੰਢਾਏ। ਵੋਟਾਂ ਨੋਟਾਂ ਦੀ ਸਿਆਸਤ ਨਾਲ ਨਵੀਂ ਅਸ਼ਰਾਫੀਆ ਪੁੰਗਰ ਰਹੀ। ਜਿਹੜਾ ਸੰਗੀ ਮਿਲੇ ਉਹਦੀਆਂ ਅੱਖਾਂ ਵਿਚ ਉਹ ਈ ਸਵਾਲ ਜੀਹਦਾ ਜਵਾਬ ਦੇਂਦਾ ਅਮੀਰ ਹੈਦਰ ਥੱਕੇ ਨਾ। "ਸੁਰਖ ਇਨਕਲਾਬ ਜ਼ਰੂਰ ਆਸੀ, ਜ਼ੁਲਮ ਨਾ ਰਹਿਸੀ!" ਸਰਦਾਰਨੀ ਦਾ ਹੁਸਨ ਰੁਲ਼ ਗਿਆ। ਦੋ ਸਹਾਮਣੇ ਦੰਦ ਨਾ ਰਹੇ, ਕਾਲ਼ੀਆਂ ਜ਼ੁਲਫਾਂ 'ਚੋਂ ਸਫੈਦੀ ਝਾਕ ਰਹੀ। ਅਜੇ ਵੀ ਆਪਣੀ ਰਿਹਾਈ ਦਾ ਦਿਨ ਉਡੀਕੇ ਪਈ।

ਪੋਠੋਹਾਰ ਜਿੱਥੇ ਸਾਰਾ ਸਾਲ ਫੌਜੀ ਭਰਤੀ ਖੁਲ੍ਹੀ ਰਵ੍ਹੇ, ਮਰਦਾਂ ਵਿਚ ਅੰਗਰੇਜ਼ਾਂ ਦੀ ਗ਼ੁਲਾਮੀ ਦਿਸੇ ਪਰ ਸੁਆਣੀਆਂ ਆਜ਼ਾਦ:

*ਛੱਲਾ ਸਾਵੀ ਝੰਗੀ ਏ*
*ਹਾਕਮ ਅੱਜ ਫਰੰਗੀ ਏ*
*ਡਾਢੀ ਹੱਥ ਨੀ ਤੰਗੀ ਏ*
*ਕਿਹੜੇ ਪਾਸੇ ਜਾਵਾਂ,ਪੋਹਲ਼ੀ ਪਈ ਖਾਵਾਂ*

ਰਿਆਇਆ ਪਹਿਰੇ ਵਿਚ ਰਹਿੰਦਿਆਂ ਹਾਕਮਾਂ ਦਾ ਧਿਆਨ ਰੱਖੇ:

*ਕਮੀਜ਼ਾਂ ਵੈਲ ਨੀਆਂ*
*ਉੱਚਾ ਹਵਾਈ ਬੰਗਲਾ, ਵਿਚ ਮੇਮਾਂ ਟਹਿਲ ਨੀਆਂ*

ਪਰਦੇਸੀ ਫੌਜੀ ਘਰ ਪਰਤਦਿਆਂ ਚਾਹ ਦੀ ਪੱਤੀ ਲੈ ਕੇ ਆਂਦੇ। ਕੁਝ ਈ ਸਾਲਾਂ ਵਿਚ ਲੋਕ ਅਜਿਹੇ ਚਾਹ 'ਤੇ ਲੱਗੇ ਕਿ ਦੁੱਧ ਲੱਸੀ ਸਵਾਦ ਨਾ ਦੇਵੇ। ਗ਼ਰੀਬ ਨੂੰ ਵੀ ਚਾਹ ਦੀ ਤਲਬ:

*ਚਾਹ ਬਿਨਾਂ ਨਾ ਰਹਿਨੀਆਂ ਤਕੜੀ*
*ਨਾ ਘਰ ਗੋਹਿਆ ਤੇ ਨਾ ਘਰ ਲਕੜੀ*
*ਜਿੰਦ ਦੋ ਵਕਤੀ ਚਾਹ ਹੋਈ*
*ਚਾਹ ਹੇਠਾਂ ਬਾਲ਼ਾਂ ਪਈ ਟਾਂਡੇ*
*ਵੇਚ ਛੋੜੇ ਘਰੇ ਨੇ ਭਾਂਡੇ*
*ਚਾਹ ਦੋ ਰੁਪਈਏ ਪਾ ਹੋਈ*

ਔਖੀਆਂ ਕਮਾਈਆਂ, ਗੰਢ ਤਰੁੱਪ ਨੂੰ ਸਫੈਦਪੋਸ਼ੀ ਦੀ ਸੱਧਰ ਪਰ ਮੰਗ ਪਿਨ ਕੇ ਔਖਾ ਗੁਜ਼ਾਰਾ:

*ਬੱਗੀ ਘੋੜੀ ਤੇ ਡੱਬੜਾ ਖੇਸ ਏ*

*ਸਾਡਾ ਢੋਲ ਗਿਆ ਪਰਦੇਸ ਏ*
*ਜੀਵੇਂ ਢੋਲਾ ਢੋਲ ਮੁੰਦਰੀ*
*ਹੋਵੇ ਸੁਨਿਆਰਾ ਘੜ ਦੇਵੇ ਮੁੰਦਰੀ*
.....
*ਅਸੀਂ ਏਥੇ ਤੇ ਢੋਲ ਚਕਰਾਲੇ*
*ਸੌੜੀ ਜੁੱਤੀ ਤੇ ਪੈ ਗਏ ਛਾਲੇ*
*ਪੀੜ ਖਾਧੀ ਵੈਨੀ ਏ ਢੋਲ ਮੱਖਣਾ*
*ਦਿਲ ਪਰਦੇਸੀਆ ਨਾ ਰਾਜ਼ੀ ਰੱਖਣਾ*

ਹਰ ਬਾਹੀ ਪਰਦੇਸੀਆਂ ਦੀ ਯਾਦ ਧੁਖ ਰਹੀ। ਰੇਲ ਗੱਡੀ ਜੀਹਨੂੰ ਸਰਕਾਰੀ ਹਾਕਮ ਇੰਝ ਵਡਿਆਵਣ ਕਿ ਉਹਦੀ ਵਜਹੂੰ ਪੂਰਾ ਇੰਡੀਆ ਇਕ ਦੇਸ ਬਣਿਆ, ਉਹ ਏਥੇ ਸੁੱਖ ਨਹੀਂ,ਦੁੱਖ ਬਣੀ ਹੋਈ। ਪੂਰਾ ਪੋਠੋਹਾਰ ਵਿਛੋੜੇ ਡੰਗਿਆ:

*ਟੇਸ਼ਣ ਬਲ਼ ਬੱਤੀਏ*
*ਛੁੱਟੀ ਪਰਦੇਸੀ ਆਵਣਾ, ਦੋ ਟੈਮੀ ਚੱਲ ਗੱਡੀਏ*
*ਮੈਂ ਕੂਕ ਮਰੇਨੀ ਆਂ*
*ਵਿਸਲ ਨਈਂ ਦੇਈਂ ਬਾਬੂ, ਮੈਂ ਢੋਲ ਖੜੇਨੀ ਆਂ*
....
*ਮੈਂ ਏਥੇ ਤੇ ਢੋਲਾ ਲਈਏ*
*ਟੁੱਟ ਜਾਣ ਗੱਡੀ ਦੇ ਪਹੀਏ*
*ਜਿਹੜੀ ਲੈ ਸੱਜਣਾਂ ਨੂੰ ਗਈ ਏ*
*ਪਾਣੀ ਭਰੇਨੀ ਆਂ ਟੋਏ ਤੋਂ*
*ਮੈਂ ਢੋਲ ਸਿੰਜਾਤਾ ਕੋਹੇ ਤੋਂ*

ਗਰਾਈਂ ਪੀਰਾਂ ਤੇ ਪੁਜਾਰੀਆਂ ਦੇ ਮੰਨਣਹਾਰ, ਆਪਣੇ ਹੱਕ ਤੋਂ ਬੇਖਬਰ, ਜਿਨ੍ਹਾਂ ਵਾਸਤੇ ਅਮੀਰ ਹੈਦਰ ਇਨਕਲਾਬ ਦਾ ਝੰਡਾ ਚੁੱਕਿਆ ਹੋਇਆ, ਜੀਹਦੇ ਲਈ ਉਹਨੂੰ ਉਹਦੇ ਕਾਮਰੇਡ ਬੁਲਾ ਰਹੇ। ਉਹਨੇ ਫੇਰ ਬੰਬਈ ਨੂੰ ਮੂੰਹ ਕੀਤਾ। ਉਹਦੀਆਂ ਅੱਖਾਂ ਵਿਚ ਅੱਥਰੂ। ਇਕ ਮਾਂਗਤ ਬਾਲ ਮੁਸਾਫਰਾਂ ਕੋਲ਼ੋਂ ਮੰਗਦਿਆਂ ਗਾ ਰਿਹਾ:

*ਗੱਡੀ ਸਰਕਾਰੀ, ਪੁਲ਼ਾਂ ਤੋਂ ਲੰਘਨੀ ਏ ਛਮ ਕਰ ਕੇ*
*ਬੱਚੜੇ ਮਾਵਾਂ ਦੇ, ਘਿਨੀ ਵੈਨੀ ਏ ਬੰਦ ਕਰ ਕੇ*

ਪੋਠੋਹਾਰ ਪਿੱਛੇ ਨੂੰ ਜਾ ਰਿਹਾ। ਰੇਲ ਗੱਡੀ ਛਕਾ ਛਕ ਛਕਾ ਛਕ ਅਗਾਂਹ ਨੂੰ ਵਧਦੀ ਗਈ...।

0 0 0

ਬੰਬਈ ਅੱਪੜਦਿਆਂ ਈ ਦਾਦਾ ਅਮੀਰ ਹੈਦਰ ਟੈਕਸਟਾਈਲ ਵਰਕਰਜ਼ ਯੂਨੀਅਨ ਨਾਲ ਕੰਮ ਵਿਚ ਰੁੱਝ ਗਿਆ, ਜਿੱਥੇ ਕਾਮਰੇਡ ਐੱਸ.ਐੱਸ.ਮਿਰਾਜਕਰ ਨਾਲ ਉਹਦੇ ਕਾਰ ਵਿਹਾਰ ਦੀ ਸਾਂਝ ਬਹੁੰ ਗੂੜ੍ਹੀ ਹੋ ਗਈ। ਜਿਹੜਾ ਬੰਬਈ ਦੀ ਸਿਰਕੱਢ ਹਸਤੀ। ਉਹ ਆਲ ਇੰਡੀਆ ਟਰੇਡ ਯੂਨੀਅਨ ਕਾਂਗਰਸ ਦਾ ਸੋਲ੍ਹਾਂ ਸਾਲ ਪ੍ਰਧਾਨ ਰਿਹਾ ਤੇ ਇਕ ਵਾਰੀ ਕਮਿਊਨਿਸਟ ਹੋਂਦਿਆਂ ਵੋਟਾਂ ਨਾਲ ਬੰਬਈ ਮਿਊਂਸਪਲਟੀ ਦਾ ਮੇਅਰ ਬਣ ਗਿਆ। ਬੰਬਈ ਵਿਚ ਹੁਣ ਦਾਦਾ ਅਮੀਰ ਹੈਦਰ ਨੂੰ ਪਿੱਛੇ ਗ਼ਰੀਬ ਪੋਠੋਹਾਰ ਵਿਚ ਰਹਿੰਦੀਆਂ ਭੈਣ ਤੇ ਮਾਂ ਚੋਖੀਆਂ ਚੇਤੇ ਆਵਣ। ਉਹਨੇ ਆਪਣੀ ਹਾਨਣ ਕਾਮਰੇਡ ਸੁਹਾਸ਼ਣੀ ਨੂੰ ਭੈਣ ਤੇ ਸੀਨੀਅਰ ਕਾਮਰੇਡ ਐੱਸ.ਏ.ਡਾਂਗੇ ਦੇ ਘਰੋਂ ਊਸ਼ਾ ਨੂੰ ਮਾਂ ਬਣਾ ਲਿਆ। ਇੰਡੀਅਨ ਨੈਸ਼ਨਲ ਕਾਂਗਰਸ ਦੇ ਸੋਸ਼ਲਿਸਟ ਧੜੇ ਨੂੰ ਬੰਬਈ ਵਿਚ ਕਿਸੇ ਕਜ਼ਾਕ ਕਾਮਰੇਡ ਦੀ ਲੋੜ



ਪਈ ਜਿਨ੍ਹਾਂ ਦਾਦਾ ਅਮੀਰ ਹੈਦਰ ਨੂੰ ਆਪਣੀ 'ਬੰਬਈ ਪ੍ਰਾਵਿੰਸ਼ਲ ਕਮੇਟੀ' ਦਾ ਮੈਂਬਰ ਮਿਥਿਆ. ਜੀਹਨੇ ਬੰਬਈ ਤੇ ਅਹਿਮਦਾਬਾਦ ਵਿਚ ਮਜ਼ਦੂਰਾਂ ਦੀਆਂ ਕਾਮਯਾਬ ਹੜਤਾਲਾਂ ਕਰਵਾਈਆਂ।

ਦਾਦੇ ਅਮੀਰ ਹੈਦਰ ਨੂੰ ਅਮਨ ਦੁਸ਼ਮਣ ਸਮਝਕੇ 'ਸੀਕਰਟ ਸਰਵਿਸ' ਉਹਦੇ ਪਿੱਛੇ ਲੱਗ ਗਈ। ਵਰਲਡ ਵਾਰ ਟੂ ਲਗਦਿਆਂ ਈ ਦਾਦਾ ਅਮੀਰ ਹੈਦਰ ਗ੍ਰਿਫਤਾਰ ਹੋ ਗਿਆ, ਜੀਹਦੇ ਨਾਲ ਹਵਾਲਾਤ ਵਿਚ ਕਾਮਰੇਡ ਮਿਰਾਜਕਰ ਤੇ ਕਾਮਰੇਡ ਐੱਸ.ਏ.ਡਾਂਗੇ ਵੀ ਬੰਦ। ਬੰਬਈ ਦੀ ਅਦਾਲਤ ਦਾਦੇ ਨੂੰ ਤਿੰਨ ਸਾਲ ਸਜ਼ਾ ਸੁਣਾਈ। ਬੰਬਈ ਲਈ ਉਹ ਖਤਰਾ। ਏਸ ਲਈ ਉਹ ਨਾਸਕ ਜੇਲ੍ਹ ਵਿਚ ਕੈਦ ਹੋਇਆ, ਜਿੱਥੋਂ ਉਹਨੇ ਆਪਣੇ ਕਾਮਰੇਡਾਂ ਡਾਂਗੇ, ਘਾਟੇ, ਅਧਿਕਾਰੀ, ਉਸਮਾਨੀ, ਮਿਰਾਜਕਰ ਤੇ ਮੁਜ਼ੱਫਰ ਅਹਿਮਦ ਨਾਲ ਸਾਂਗਾ ਜੋੜੀ ਰਖਿਆ। ਉਹਦੀ ਮਾਂ ਊਸ਼ਾ ਤੇ ਭੈਣ ਸੁਹਾਸ਼ਣੀ ਲੁਕ ਕੇ ਉਹਦੀਆਂ ਸਨੇਹੂੰ। ਨਾਸਕ ਜੇਲ੍ਹ ਵਿਚ ਕੈਦ ਦਾਦੇ ਅਮੀਰ ਹੈਦਰ ਨੂੰ ਜੇਲ੍ਹਰ ਇਹ ਬੁਰੀ ਖਬਰ ਸੁਣਾਈ ਕਿ ਹਿਟਲਰ ਦੀਆਂ ਫੌਜਾਂ ਰੂਸ ਉੱਤੇ ਹਮਲਾ ਕਰ ਦਿੱਤਾ। ਉਹਦੀ ਮਾਸਕੋ ਲਈ ਮੁਹੱਬਤ ਜਾਗ ਪਈ ਤੇ ਅਗਲੀ ਖਬਰ ਇਹ ਕਿ ਵਰਲਡ ਵਾਰ ਟੂ ਹੁਣ ਤੋਂ ਕੌਮਾਂ ਦੀ ਜੰਗ ਨਹੀਂ, ਇਹ ਲੋਕਾਈ ਦੀ ਜੰਗ (ਪੀਪਲਜ਼ ਵਾਰ)। ਰਾਤੋ ਰਾਤ ਕਮਿਊਨਿਸਟ ਪਾਰਟੀ ਆਫ ਇੰਡੀਆ ਇੰਡੀਅਨ ਪਾਲੇਟਿਕਸ ਅੰਦਰ ਅਖਬਾਰਾਂ ਦੀਆਂ ਸੁਰਖੀਆਂ ਵਿਚ ਬੋਲਣ ਲੱਗ ਪਈ। ਸਾਰੇ ਕਮਿਊਨਿਸਟ ਰਿਹਾਅ ਅਤੇ ਅੰਡਰਗਰਾਊਂਡ ਕਾਮਰੇਡ ਇੰਡੀਆ ਦੇ ਲੀਡਰ।

ਜੇਲ੍ਹ 'ਚੋਂ ਨਿਕਲਦਿਆਂ ਈ ਦਾਦਾ ਅਮੀਰ ਹੈਦਰ ਸਿੱਧਾ ਕਿਸਾਨਾਂ ਵਿਚ, ਜਿੱਥੇ ਉਹ ਇਨਕਲਾਬ ਦੇ ਨਾਅਰੇ ਲਵਾ ਰਿਹਾ। ਮੇਮਨ ਸਿੰਘ (ਬੰਗਾਲ) ਵਿਚ ਤਾਰੀਖੀ 'ਭਕਨਾ ਕਿਸਾਨ ਕਾਨਫਰੰਸ' ਦਾ ਐਲਾਨ ਹੋਇਆ, ਜੀਹਦੇ ਵਿਚ ਰਲਣ ਲਈ ਪਾਰਟੀ ਵੱਲੋਂ ਅਮੀਰ ਹੈਦਰ ਨੂੰ ਚੁਣਿਆ ਗਿਆ। ਓਧਰ ਬੰਬਈ ਵਿਚ 'ਰਾਇਲ ਇੰਡੀਅਨ ਨੇਵੀ' ਦੇ ਜਹਾਜ਼ੀਆਂ ਬਗ਼ਾਵਤ ਕਰ ਦਿੱਤੀ। ਬਹੁਤ ਸਾਰੇ ਬਾਗ਼ੀ ਦਾਦੇ ਦੇ ਪੁਰਾਣੇ ਜਾਣੂੰ, ਜਦੋਂ ਕਦੀ ਜਵਾਨੀ ਚੜ੍ਹਦਿਆਂ ਉਹ ਉਹਨਾਂ ਦਾ ਸਾਥੀ ਰਿਹਾ। ਮੁੱਢਲੇ ਇਨਕਲਾਬੀ ਜਜ਼ਬਿਆਂ ਦੀਆਂ ਯਾਦਾਂ ਵਿਚ ਲਹਿਰਦਾ ਦਾਦਾ ਜਹਾਜ਼ੀਆਂ ਦੀ ਬਗ਼ਾਵਤ ਵਿਚ ਕੁੱਦਿਆ। ਉਹ ਆਪ ਮੁਹਾਰਾ ਹੋਂਦਾ ਜਾਪਿਆ। ਪਾਰਟੀ ਉਹਦੇ ਬਾਰੇ ਇਹ ਫੈਸਲਾ ਕੀਤਾ ਕਿ ਉਹ ਪੋਠੋਹਾਰ ਪਰਤ ਜਾਵੇ ਤੇ ਪੰਜਾਬ ਇਲੈਕਸ਼ਨ (1946) ਲਈ ਕਾਮਰੇਡ ਫਜ਼ਲ ਇਲਾਹੀ ਕੁਰਬਾਨ ਨਾਲ ਰਲ਼ਕੇ ਪਾਰਟੀ ਵਾਸਤੇ ਕੰਮ ਕਰੇ।

ਐਤਕੀਂ ਦਾਦਾ ਅਮੀਰ ਹੈਦਰ ਅੱਠ ਸਾਲਾਂ ਮਗਰੋਂ ਗਰਾਂ ਮੁੜਿਆ। ਉਹਨੇ ਹਿਸਾਬ ਕੀਤਾ ਕਿ ਉਹਦੀ ਉਮਰ ਛਤਾਲੀ ਸਾਲ ਜੀਹਦੇ 'ਚੋਂ ਬੱਤੀ ਉਹਨੇ ਪਰਦੇਸ 'ਚ ਕੱਟੇ। ਜਵਾਨੀ ਚੜ੍ਹਦਿਆਂ ਉਹ ਏਥੋਂ ਗਿਆ ਤੇ ਉਮਰ ਢਲ਼ਦਿਆਂ ਉਹ ਪੋਠੋਹਾਰ ਵਾਪਸ ਪਰਤਿਆ। ਸਾਰਾ ਰਸਤਾ ਆਪਣੀ ਤੇ ਪਾਰਟੀ ਦੀ ਸਿਆਸਤ ਦਾ ਵੇਰਵਾ ਕਰਦਾ ਰਿਹਾ ਕਿ ਆਜ਼ਾਦੀ ਦੀ ਜੰਗ ਜਿਹੜੀ ਉਹ ਅਵਾਮੀ ਜਮਹੂਰੀ ਇਨਕਲਾਬ ਲਈ ਲੜਦੇ ਰਹੇ, ਉਹ ਹੁਣ ਕੌਮੀ ਸਿਆਸੀ ਧਾਰੇ ਦੀ ਭਾਈਵਾਲ। ਸਮਾਜੀ ਤਬਦੀਲੀ ਦੀਆਂ ਦੁਸ਼ਮਣ ਧਿਰਾਂ ਇੰਡੀਅਨ ਨੈਸ਼ਨਲ ਕਾਂਗਰਸ ਤੇ ਆਲ ਇੰਡੀਆ ਮੁਸਲਿਮ ਲੀਗ ਨਾਲ ਰਲ਼ ਕੇ ਇੰਡੀਅਨ ਪਾਲੇਟਿਕਸ ਬਣ ਗਈ।

ਦਾਦਾ ਅਮੀਰ ਹੈਦਰ ਬਦਦਿਲ ਕਿਉਂ ਹੋਂਦਾ। ਉਹ ਵਰਕਰ। ਉਹਨੇ ਪੋਠੋਹਾਰ ਅੱਪੜਦਿਆਂ ਈ ਦੌੜ ਲਾ ਦਿੱਤੀ। ਖਿਊੜਾ, ਜਿਹਲਮ, ਰਾਵਲਪਿੰਡੀ ਤੇ ਕੈਂਬਲਪੁਰ। 'ਆਇਲ ਰੀਫਾਈਨਰੀ', 'ਟੰਬਾਕੂ ਕੰਪਨੀ' ਤੇ ਲੂਣ ਦੀਆਂ ਖਾਣਾਂ। ਕਾਮਰੇਡ ਨੂੰ ਇਨਕਲਾਬ ਦੇ ਨਾਅਰੇ ਲਾਣ ਲਈ ਸੰਗੀ ਮਿਲਦੇ ਗਏ। ਰਾਵਲਪਿੰਡੀ ਦੇ ਕੋਹਾਟੀ ਬਾਜ਼ਾਰ ਵਿਚ ਉਹਨੇ ਪਾਰਟੀ ਦਾ ਦਫਤਰ ਖੋਲ੍ਹਿਆ ਜਿਹੜਾ ਇਨਕਲਾਬੀਆਂ ਦਾ ਡੇਰਾ ਬਣਿਆ। ਲੇਬਰ ਯੂਨੀਅਨ ਤੇ ਟਰੇਡ ਯੂਨੀਅਨ ਲਈ ਅਜੇ ਵੀ ਜੁੜਦੇ ਪਏ ਕਿ ਇੰਡੀਆ ਦੇ ਬਟਵਾਰੇ ਦਾ ਰੌਲ਼ਾ ਪੈ ਗਿਆ। ਕਤਲਾਮ ਤੇ ਲੁੱਟ ਮਾਰ। ਏਸ ਟੁੱਟ-ਭੱਜ ਵਿਚ ਦਾਦੇ ਉਸਾਰੀ ਦਾ ਸੋਚਿਆ ਕਿ ਆਪਣੇ ਗਰਾਂ ਕਾਲੀਆਂ ਸਿਆਲੀਆਂ ਵਿਚ ਸਕੂਲ

ਦੀ ਨੀਂਹ ਰੱਖੀ। ਪੈਸਾ ਪੈਸਾ ਰਲ਼ਾ ਕੇ ਇੱਟ ਇੱਟ ਜੋੜਨਾ ਔਖਾ। ਪਰ ਦਾਦਾ ਅਮੀਰ ਹੈਦਰ ਆਹਰੇ ਲੱਗ ਗਿਆ। ਕਿੱਥੇ ਪੂਰੇ ਇੰਡੀਆ ਵਿਚ ਇਨਕਲਾਬ ਤੇ ਕਿੱਥੇ ਕਾਲੀਆਂ ਸਿਆਲੀਆਂ ਦਾ ਸਕੂਲ। ਗਰਾਈਂ ਛੇੜਨ: "ਸੰਗੀਆ ਇਨਕਲਾਬ ਕਿੱਥੇ?" ਜਿਹੜਾ ਅੱਗੋਂ ਸਕੂਲ ਦੀਆਂ ਨੀਹਾਂ ਦਿਖਾਂਦਿਆਂ "ਯਰਾ ਏਥੇ ਫਸਲ ਬੀਜਸਾਂ, ਕਦੀ ਪੱਕਸੀ!" ਦਾਦੇ ਭਾਣੇ ਗ਼ਰੀਬੀ ਮੁਕਾਵਣ ਲਈ ਅਣਪੜ੍ਹਤਾ ਦਾ ਖਾਤਮਾ ਜ਼ਰੂਰੀ ਤੇ ਇਨਕਲਾਬ ਲਈ ਪੜ੍ਹਾਈ ਲਿਖਾਈ ਪਹਿਲੀ ਸ਼ਰਤ।

1948 ਦੀ ਗੱਲ। ਕਲਕੱਤਾ ਵਿਚ ਕਮਿਊਨਿਸਟ ਪਾਰਟੀ ਆਫ ਵੈਸਟ ਪਾਕਿਸਤਾਨ ਬਣੀ। ਦਾਦੇ ਤਾਈਂ ਇਹ ਖਬਰ ਪਹੁੰਚੀ ਪਰ ਉਹਦੇ ਨਾਲ ਕੋਈ ਸਲਾਹ ਮਸ਼ਵਰਾ ਨਾ ਹੋਇਆ। ਪਾਰਟੀ ਦਾ ਹੈੱਡਕੁਆਰਟਰ ਲਹੌਰ। ਜਿੱਥੋਂ ਦਾਦੇ ਨੂੰ ਕੋਈ ਸੱਦਾ ਨਾ ਆਇਆ। ਉਹ ਆਪ ਓਥੇ ਹਾਜ਼ਰ ਹੋ ਗਿਆ। ਦੋ ਨਵਾਬੀ ਰੰਗ ਢੰਗ ਦੇ ਹਿੰਦੋਸਤਾਨੀ ਸਯੱਦ ਦਫਤਰ ਵਿਚ ਬਿਰਾਜਮਾਨ। ਸਿਬਤ ਹਸਨ ਤੇ ਸੱਜਾਦ ਜ਼ਹੀਰ ਜਿਹੜੇ ਦਾਦੇ ਨੂੰ ਇਨਕਲਾਬ ਦੇ ਆਹਰੀ ਘੱਟ ਜਾਪੇ, ਉਰਦੂ ਦੇ ਤਰੱਕੀਪਸੰਦ ਮੁਸੱਨਫੀਨ ਲੱਗੇ, ਜਿਨ੍ਹਾਂ ਰਾਵਲਪਿੰਡੀ ਵਿਚ ਪਾਰਟੀ ਦੇ ਦਫਤਰ ਲਈ ਦਾਦੇ ਨੂੰ 'ਨਈ ਉਰਦੂ ਸ਼ਾਇਰੀ' ਤੇ 'ਜਦੀਦ ਉਰਦੂ ਅਫਸਾਨੇ' ਚੁਕਾ ਦਿੱਤੇ ਤੇ ਆਪ ਉਹ ਦੋਵੇਂ ਮੀਆਂ ਇਫਤਖਾਰ ਉਲਦੀਨ ਦੀ ਕਾਰ ਵਿਚ ਬਹਿ ਕੇ ਜਾਂਦਿਆਂ ਦਾਦੇ ਨੂੰ ਥਾਪੜ ਗਏ। ਦਾਦੇ ਉੱਤੇ ਕੀ ਗੁਜ਼ਰੀ। ਲਹੌਰੋਂ ਪੋਠੋਹਾਰ ਪਰਤਦਿਆਂ ਪੂਰਾ ਰਾਹ ਆਪਣੇ ਆਪ ਨਾਲ ਇਹ ਗੱਲ ਕਰਦਾ ਰਿਹਾ: "ਵਾਹ ਵਈ ਚੂਹਾ ਦਾਦਾ ਹੋਈ ਕੇ ਕੋਰੀਅਰ ਲੱਗਾ!"

ਵਰਕਰ ਵਰਕਰ ਇਕੱਠਾ ਕਰਦਿਆਂ ਦਾਦੇ ਰਾਵਲਪਿੰਡੀ ਵਿਚ ਪਾਰਟੀ ਦਾ ਦਫਤਰ ਚਲਾਇਆ ਕਿ ਪੁਲਸ ਛਾਪਾ ਮਾਰਿਆ। ਉਹ ਗ੍ਰਿਫਤਾਰ ਹੋ ਗਿਆ। ਵਕੂਆ ਇਹ ਦਰਜ ਕਿ ਜਿੱਥੇ ਪਾਰਟੀ ਦਾ ਦਫਤਰ, ਓਥੇ ਦੋ ਸਾਲ ਪਹਿਲਾਂ ਹਿੰਦੂ ਮੁਸਲਿਮ ਫਸਾਦ ਹੋਇਆ, ਜੀਹਦੇ ਜੁਰਮ ਵਿਚ ਏਥੇ ਦਾ ਅੱਜੋਕਾ ਰਿਹਾਇਸ਼ੀ ਫਸਾਦੀ ਮਿਥਿਆ ਗਿਆ। ਹਾਲਾਂਕਿ ਓਸ ਵਕੂਏ ਵੇਲੇ ਨਾ ਪਾਰਟੀ ਦਾ ਓਥੇ ਦਫਤਰ ਤੇ ਦਾਦਾ ਅਮੀਰ ਹੈਦਰ ਕਾਲੀਆਂ ਸਿਆਲੀਆਂ ਵਿਚ ਸਕੂਲ਼ ਦੀ ਉਸਾਰੀ ਵਿਚ ਰੁੱਝਾ ਹੋਇਆ ਸੀ ਜੀਹਦਾ ਗਵਾਹ ਉਹਦਾ ਸਾਰਾ ਗਰਾਂ। ਸਜ਼ਾ ਯਾਫਤਾ ਮੁਜਰਮ ਨੂੰ ਜਦੋਂ ਰਾਵਲਪਿੰਡੀ ਜੇਲ੍ਹ ਵਿਚ ਡੱਕਣ ਲੱਗੇ, ਪਤਾ ਲੱਗਾ ਉਹ ਰਿਆਸਤੀ ਖਾਤੇ ਵਿਚ 'ਸ਼ਾਹੀ ਕੈਦੀ', ਜੀਹਦੇ ਲਈ 'ਏ' ਕਲਾਸ ਉਹਦਾ ਕਾਨੂੰਨੀ ਹੱਕ। ਦਾਦੇ ਦਾ ਠਿਕਾਣਾ ਗੋਰਾ ਵਾਰਡ ਜਿੱਥੇ ਉਹਨੂੰ ਦੋ ਮੁਲਾਜ਼ਮ ਲੱਭੇ। ਇਕ ਕੈਦੀ ਵਾਰਡਰ ਤੇ ਇਕ ਕੈਦੀ ਬਾਵਰਚੀ। ਜੇਲ੍ਹ ਦੇ ਡਾਕਟਰ ਦੀ ਡਿਊਟੀ ਕਿ ਉਹ ਦਾਦੇ ਦਾ ਰੈਗੂਲਰ ਚੈੱਕ ਅਪ ਕਰੇ। ਇਹ ਨਾਂ ਦੀ ਕੈਦ, ਹਰ ਸਹੂਲਤ ਮੌਜੂਦ। ਸੌਖੀ ਥਾਂ, ਪਰ ਦਾਦਾ ਔਖਾ। ਕਿਉਂਜੇ ਗਵਾਂਢੀ ਵਾਰਡ ਵਿਚ 'ਸੀ' ਕਲਾਸ ਦੇ ਕੈਦੀਆਂ ਦੀ ਉਹਨੂੰ ਫਿਕਰ, ਜਿਨ੍ਹਾਂ ਨੂੰ ਘੱਟ ਖੁਰਾਕ ਮਿਲੇ, ਉਹ ਵੀ ਖਰਾਬ।

ਦਾਦਾ ਗੋਰਾ ਵਾਰਡ ਦਾ ਸਾਹਬ। ਓਸ ਮੁਲਾਜ਼ਮਾਂ ਰਾਹੀਂ ਇਹ ਖੋਜ ਕਰਵਾਈ ਕਿ ਕੈਦੀਆਂ ਦੀ ਖੁਰਾਕ ਬਲੈਕ ਮਾਰਕੀਟ ਵਿਚ ਸ਼ਰੇ ਆਮ ਵਿਕੇ, ਜੀਹਦਾ ਮੁਜਰਮ 'ਹਾਜੀ ਸਾਹਬ' ਅਖਵਾਏ, ਜਿਹੜਾ ਡਿਪਟੀ ਸੁਪਰਡੈਂਟ ਜੇਲ੍ਹ। ਇਹ ਸਭ ਕੁਝ ਅੰਗਰੇਜ਼ੀ ਵਿਚ ਲਿਖ ਕੇ ਦਾਦੇ ਸਰਕਾਰ ਨੂੰ ਚਿੱਠੀ ਪਾਈ ਜੀਹਦੇ ਉੱਤੇ ਫੌਰੀ ਕਾਰਵਾਈ ਹੋਈ ਕਿ ਮੁਲਜ਼ਮ ਅਮੀਰ ਹੈਦਰ ਕਾਰ ਸਰਕਾਰ ਵਿਚ ਦਖਲ ਅੰਦਾਜ਼ੀ ਕੀਤੀ। ਉਹਦੀ ਸਜ਼ਾ ਇਹ ਕਿ ਉਹ 'ਮਿਸ ਕੰਡਕਟ' ਵਜਹੂੰ 'ਏ ਕਲਾਸ' ਦਾ ਹੱਕਦਾਰ ਨਾ ਰਿਹਾ। ਇਹ ਆਰਡਰ ਡਿਸਟ੍ਰਿਕਟ ਮੈਜਸਟ੍ਰੇਟ ਅਨਵਰ ਅਲਹੱਕ ਕੀਤਾ (ਜਿਹੜਾ ਮਗਰੋਂ ਚੀਫ ਜਸਟਿਸ ਔਫ ਪਾਕਿਸਤਾਨ ਬਣਿਆ)। ਜਿਹੜੀ ਕੋਠੜੀ ਵਿਚ ਦਾਦੇ ਅਮੀਰ ਹੈਦਰ ਨੂੰ ਡੱਕਿਆ ਗਿਆ ਉਹ 'ਚੱਕੀ', ਜਿੱਥੇ ਗੂਹ ਮੂਤਰ ਨਾਲ ਭਰਿਆ ਗਮਲਾ ਪਿਆ। ਮੱਛਰ ਤੇ ਮੱਖੀਆਂ ਦੀ ਭਰਮਾਰ। ਸੌਣ ਲਈ ਜਿਹੜੀ ਟੁੱਟੀ ਮੰਜੀ, ਉਹਨੂੰ ਪਿੱਸੂ ਪਏ ਹੋਏ, ਜਿੱਥੇ ਦਾਦੇ ਨੂੰ ਖੁਰਕਣ ਤੋਂ ਵਿਹਲ ਨਾ ਮਿਲੇ। ਦਾਦੇ ਦਾ ਇਹ ਹਾਲ 'ਪਾਕਿਸਤਾਨ ਟਾਈਮਜ਼' ਦੀ ਖਬਰ ਬਣਿਆ ਜੀਹਨੂੰ ਪੜ੍ਹਕੇ ਯੂਰਪੀਅਨ ਸੁਪਰਡੈਂਟ ਜੇਲ੍ਹ ਦਾਦੇ ਨੂੰ 'ਚੱਕੀ' ਤੋਂ ਮੁੰਡਾਖਾਨਾ ਸ਼ਿਫਟ ਕਰਵਾ ਦਿੱਤਾ।



ਇਕ ਦਫਤਰੀ ਹੁਕਮਨਾਮੇ ਰਾਹੀਂ ਕਮਿਊਨਿਸਟਾਂ ਨੂੰ ਪਾਕਿਸਤਾਨ ਰਿਆਸਤ ਦੇ ਖਤਰਨਾਕ ਦੁਸ਼ਮਣ ਮਿਥਿਆ ਗਿਆ। ਦਾਦੇ ਦੀ ਮੁਲਾਕਾਤ ਲਈ ਕੌਣ ਆਇਆ,'ਨਵਾਬ ਇਫਤਖਾਰ ਮਮਦੋਟ'। ਦਾਦੇ ਉਹਦਾ ਨਾਂ ਪੁੱਛਿਆ। ਇਹ ਪਹਿਲੀ ਵਾਰ ਨਾ ਹੋਇਆ। 1938 ਵਿਚ ਵੀ ਪੰਜਾਬ ਦਾ ਯੂਨੀਅਨਿਸਟ ਮਨਿਸਟਰ ਮਨੋਹਰ ਲਾਲ ਅੰਬਾਲਾ ਜੇਲ੍ਹ ਵਿਚ ਦਾਦੇ ਨੂੰ ਸੁਧਾਰਨ ਆਇਆ ਸੀ। ਦਾਦਾ ਐਤਕੀਂ ਵੀ ਚੀਫ ਮਨਿਸਟਰ ਪੰਜਾਬ ਦੇ ਰੁਅਬ ਵਿਚ ਨਾ ਆਇਆ, ਜੀਹਨੇ ਉਹਨੂੰ ਆਫਰ ਲਾਈ: "If you want, I can send you India." ਅਪਣੀ ਧਰਤੀ ਉੱਤੇ ਖਲੋਤਾ ਦਾਦਾ ਇਹ ਭੁੱਲ ਗਿਆ ਕਿ ਉਹ ਜੇਲ੍ਹ ਵਿਚ ਕੈਦ। ਗੱਜ ਵੱਜ ਕੇ ਬੋਲਿਆ: " I am son of the soil." ਅਜੇ ਨਵਾਬ ਮਮਦੋਟ ਅਗਲੀ ਗੱਲ ਨਾ ਕੀਤੀ, ਦਾਦਾ ਬੋਲਿਆ, "ਮੈਂ ਪੋਠੋਹਾਰ ਨਾ ਪੁੱਤਰ। ਕੁੱਥੇ ਨਾ ਜੁਲਸਾਂ। ਏਥੇ ਈ ਰਹਿਸਾਂ!"

ਚੀਫ ਮਨਿਸਟਰ ਨਾਲ ਐਜੂਕੇਸ਼ਨ ਮਨਿਸਟਰ ਚੌਧਰੀ ਫਜ਼ਲ ਇਲਾਹੀ (ਜਿਹੜਾ ਮਗਰੋਂ ਪਰੈਜ਼ੀਡੈਂਟ ਆਫ ਪਾਕਿਸਤਾਨ ਬਣਿਆ) ਇਸਲਾਮੀ ਸੋਸ਼ਲਿਜ਼ਮ ਦੀ ਗੱਲ ਛੇੜੀ, "I am not a Mullah. I am a communist. I know what I want." ਦਾਦੇ ਠੋਕ ਕੇ ਜਵਾਬ ਦਿੱਤਾ। ਮੁਲਾਕਾਤ ਖਤਮ ਹੋਈ।

0 0 0

ਉਹਨੇ ਔਖੀ ਜੇਲ੍ਹ ਭੋਗੀ, ਪੂਰੇ ਪੰਦਰਾਂ ਮਹੀਨੇ। ਰਾਜਾ ਤੇ ਮਲਿਕ ਜਿਹੜੇ ਕੈਦੀ ਦੇ ਵਰਕਰ ਰਹੇ, ਉਹ ਗਰਾਈਂ ਕਰਮ ਖਾਨ ਤੇ ਮੌਲਾ ਦਾਦ ਨੂੰ ਗਿਣ ਕੇ ਦੱਸਣ ਪਏ। ਉਹਨਾਂ ਨੂੰ ਚੇਤੇ ਆਇਆ ਕਿ ਰਾਵਲਪਿੰਡੀ ਕਚਹਿਰੀ ਵਿਚ ਪਾਰਟੀ ਦੇ ਦੋ ਕਾਮਰੇਡਾਂ ਹਸਨ ਨਾਸਰ ਤੇ ਅਲੀ ਇਮਾਮ ਦੀ ਰਿਹਾਈ ਲਈ ਦਾਦੇ ਨੂੰ ਕਿਵੇਂ ਧੱਕੇ ਖਾਣੇ ਪਏ। ਇਹ ਦੋਵੇਂ ਕਾਮਰੇਡ 'ਪ੍ਰੈੱਸ ਆਰਡੀਨੈਂਸ' ਤਹਿਤ ਗ੍ਰਿਫਤਾਰ। ਜਿਨ੍ਹਾਂ ਉੱਤੇ ਇਲਜ਼ਾਮ ਕਿ ਉਹਨਾਂ 'ਮਿਲਟਰੀ ਇੰਜਨੀਅਰਿੰਗ ਸਰਵਿਸ' ਦੇ ਮੁਲਾਜ਼ਮਾਂ ਵਿਚ ਕਮਿਊਨਿਜ਼ਮ ਦਾ 'ਕਾਬਲੇ ਇਤਰਾਜ਼' ਲਿਟਰੇਚਰ ਵੰਡਿਆ। ਮਜਿਸਟ੍ਰੇਟ ਮੁਲਜ਼ਮਾਂ ਨੂੰ ਦੋ ਦੋ ਸਾਲ ਸਜ਼ਾ ਸੁਣਾਈ ਜਿਨ੍ਹਾਂ ਲਈ ਜੇਲ੍ਹ ਦੀ 'ਸੀ ਕਲਾਸ', ਹਾਲਾਂਕਿ ਉਹ ਦੋਵੇਂ 'ਬੀ ਕਲਾਸ' ਦੇ ਅਹਿਲ ਕਿਉਂਜੇ ਉਹ ਦੋਵੇਂ ਯੂਨੀਵਰਸਿਟੀਆਂ ਦੇ ਡਿਗਰੀ ਹੋਲਡਰ। ਦਾਦਾ ਇਹਨਾਂ ਕਾਮਰੇਡਾਂ ਦੀ ਸਜ਼ਾ ਤੇ ਜੇਲ੍ਹ ਵਿਚ ਉਹਨਾਂ ਨੂੰ ਮਿਲੀ 'ਸੀ ਕਲਾਸ' ਦੇ ਖਿਲਾਫ ਅਦਾਲਤ ਅੱਪੜਦਿਆਂ ਈ ਆਪ ਗ੍ਰਿਫਤਾਰ ਹੋ ਗਿਆ।

1947 ਤੋਂ ਪਹਿਲਾਂ ਦਾਦਾ 'ਡਿਫੈਂਸ ਆਫ ਇੰਡੀਆ ਰੂਲਜ਼' ਤਹਿਤ ਫੜਿਆ ਜਾਂਦਾ ਰਿਹਾ। ਪਰ ਪਾਕਿਸਤਾਨ ਵਿਚ ਉਹਦੇ ਉੱਤੇ 'ਪਬਲਿਕ ਸੇਫਟੀ ਐਕਟ' ਲਾਗੂ ਹੋਇਆ। ਇਲਜ਼ਾਮ ਦੋ। ਇਕ ਉਹਨੇ ਰਾਵਲਪਿੰਡੀ ਵਿਚ ਕਮਿਊਨਿਸਟ ਪਾਰਟੀ ਦੇ ਦਫਤਰ ਸਾਹਮਣੇ 'ਯੂਮ ਮਈ' ਦੇ ਜਲਸੇ ਵਿਚ ਤਕਰੀਰ ਕਰਦਿਆਂ ਪਾਕਿਸਤਾਨੀ ਵਜ਼ੀਰੇ ਆਜ਼ਮ ਲਿਆਕਤ ਅਲੀ ਖਾਂ ਨੂੰ 'ਗੁੰਡਾ' ਕਹਿ ਕੇ ਲਲਕਾਰਿਆ ਤੇ ਦੂਜਾ ਇਲਜ਼ਾਮ ਇਹ ਕਿ ਉਹਨੇ ਟੈਕਸਲਾ ਵਿਚ ਕਿਸਾਨ ਰੈਲੀ ਕੱਢਦਿਆਂ ਪਾਕਿਸਤਾਨੀ ਰਿਆਸਤ ਨੂੰ ਤੜ੍ਹੀ ਲਾਈ ਕਿ ਜੇ ਉਹਨੇ ਕਿਸਾਨਾਂ ਦੇ ਮਸਲੇ ਹੱਲ ਨਾ ਕੀਤੇ ਤੇ ਪਾਕਿਸਤਾਨ ਸਰਕਾਰ ਸੁਣ ਲਵੇ: "ਜੇ ਅਸਾਂ ਕੀ ਖੇਡਣ ਨਾ ਦੇਸੋ, ਅਸਾਂ ਤੁਸਾਂ ਕੀ ਖੇਡ ਵੰਞਾਈ ਜੁਲਣੀ!"

ਦਾਦੇ ਨੂੰ ਰਾਵਲਪਿੰਡੀ ਜੇਲ੍ਹ 'ਚੋਂ ਕੈਦੀਆਂ ਦੀ ਬੰਦ ਗੱਡੀ ਵਿਚ ਬਿਠਾਇਆ ਗਿਆ, ਜਿਹੜੀ ਸਾਰਾ ਦਿਨ ਚੱਲੀ ਤੇ ਨਮਾਸ਼ੀਂ ਲਹੌਰ ਦੀ ਸੈਂਟਰਲ ਜੇਲ੍ਹ ਵਿਚ ਜਲੋ ਖਲੋਤੀ। ਥੱਕੇ ਹੋਏ ਕੈਦੀ ਆਕੜ ਲਈ ਕਿ ਪਿੱਛੋਂ ਧੱਕਾ ਵੱਜਾ ਤੇ ਉਹ ਗੰਦੀ ਕੋਠੜੀ ਵਿਚ ਜਾ ਢੱਠਾ, ਜੀਹਨੂੰ ਬੰਦ ਕਰ ਕੇ ਬਾਹਰੋਂ ਜਿੰਦਰਾ ਚੜ੍ਹਿਆ। ਅਗਲੇ ਦਿਨ ਸਵੇਰੇ ਮੁਲਜ਼ਮ ਦੀ ਸੀਨੀਅਰ ਸਬ ਜੱਜ ਦੀ ਅਦਾਲਤੇ ਪੇਸ਼ੀ। ਕਟਹਿਰੇ ਵਿਚ ਖਲੋਤੇ ਨੂੰ ਫਰਦ ਜੁਰਮ ਪੜ੍ਹ ਕੇ ਸੁਣਾਈ ਗਈ। ਮੁਲਜ਼ਮ ਬੋਲਣ ਲੱਗਾ ਪਰ ਉਹਦੀ ਹੱਥਕੜੀ ਨੂੰ ਖਿੱਚ ਲੱਗੀ ਤੇ ਉਹ ਚੁੱਪ ਸਿਪਾਹੀ ਦੇ ਪਿੱਛੇ ਲੱਗਕੇ ਚੱਲ ਪਿਆ। ਸਾਰਾ ਦਿਨ ਸਫਰ। ਰਾਤੀਂ ਚਿਰਕਾ ਉਹ

ਪੁਲਸ ਦੀ ਨਿਗਰਾਨੀ ਵਿਚ ਰਾਵਲਪਿੰਡੀ ਅੱਪੜਿਆ। ਕੁਝ ਦਿਨ ਮਗਰੋਂ ਦਾਦੇ ਦੀ ਫੇਰ ਲਹੌਰ ਪੇਸ਼ੀ। ਪਿੰਜਰੇ ਵਰਗੀ ਗੱਡੀ 'ਚੋਂ ਉਹਨੇ ਬਾਹਰ ਝਾਕਿਆ। ਅਖਬਾਰ ਦੀ ਸੁਰਖੀ, 'ਰਾਵਲਪਿੰਡੀ ਸਾਜ਼ਸ਼ ਪਕੜੀ ਗਈ!' ਦਾਦੇ ਨੂੰ ਕੀ। ਉਹ ਵਰਕਰ। ਸਾਜ਼ਸ਼ ਲੀਡਰ ਕਰਦੇ।

ਲਹੌਰ ਦੀ ਸੈਂਟਰਲ ਜੇਲ੍ਹ ਵਿਚ ਦਾਦੇ ਕੀ ਵੇਖਿਆ, ਬਹੁੰ ਪੜ੍ਹੇ ਲਿਖੇ ਪ੍ਰੋਗਰੈਸਿਵ ਰਾਈਟਰ 'ਸੀ ਕਲਾਸ' ਵਿਚ ਡੱਕੇ ਹੋਏ, ਜਿਨ੍ਹਾਂ ਨੂੰ ਪਰੇਸ਼ਾਨ ਦੇਖਕੇ ਦਾਦੇ ਏਸ ਜ਼ੁਲਮ ਦੇ ਖਿਲਾਫ ਉੱਚੀ ਉੱਚੀ ਨਾਅਰੇ ਲਵਾਏ। ਜੀਹਦੀ ਉਹਨੂੰ ਇਹ ਸਜ਼ਾ ਮਿਲੀ ਕਿ ਉਹ ਲਹੌਰੋਂ ਮੀਆਂਵਾਲੀ ਜੇਲ੍ਹ ਮੁੰਤਕਿਲ ਹੋਇਆ, ਜਿੱਥੇ ਕੈਦ ਖਾਕਸਾਰ ਲੀਡਰ ਅਲਾਮਾ ਅਨਾਇਤਉਲਾ ਮਸ਼ਰਕੀ ਦੀ ਕੋਠੜੀ ਉਹਦੇ ਗਵਾਂਢ। ਭੁੱਖ ਤੇ ਗੰਦਗੀ ਵਜਹੂੰ ਦਾਦਾ ਬਿਮਾਰ ਹੋ ਕੇ ਲੰਮਾ ਪੈ ਗਿਆ। 'ਇਮਰੋਜ਼' ਤੇ 'ਪਾਕਿਸਤਾਨ ਟਾਈਮਜ਼' ਉਹਦੀ ਬਿਮਾਰੀ ਤੇ ਬਦਹਾਲੀ ਬਾਰੇ ਖਬਰਾਂ ਛਾਪੀਆਂ, ਜੀਹਦੇ ਸਦਕੇ ਦਾਦੇ ਨੂੰ ਰਿਹਾਈ ਮਿਲੀ ਪਰ ਘਰ ਵਿਚ ਨਜ਼ਰਬੰਦੀ ਦਾ ਹੁਕਮ ਹੋਇਆ। ਦਾਦੇ ਦਾ ਕਿਧਰੇ ਵੀ ਆਪਣਾ ਘਰ ਕੋਈ ਨਾ। ਜਿਹੜੀ ਭੋਇੰ ਹਿੱਸੇ ਆਈ, ਉਹਦੇ ਵਿਚ ਉਹਨੇ ਸਕੂਲ ਬਣਾ ਦਿੱਤਾ। ਉਹ ਆਪਣੇ ਗਰਾਂ ਵਿਚ ਆਪਣੀ ਭੈਣ ਦੇ ਘਰ ਕੈਦ ਹੋਇਆ। ਨੰਬਰਦਾਰ ਉਹਦਾ ਨਿਗਰਾਨ, ਜਿੱਥੇ ਹਰ ਸੱਤਵੇਂ ਦਿਨ ਕਹੂਟਾ ਤੋਂ ਸੀ.ਆਈ.ਡੀ. ਇੰਸਪੈਕਟਰ ਚੈਕਿੰਗ ਲਈ ਆਵੇ। ਦਾਦਾ ਬਹੁੰ ਦੁਖੀ ਤੇ ਲਾਚਾਰ ਹੋ ਕੇ ਵੇਖੇ ਕਿ ਉਹਦੇ ਗਰਾਂ ਵਿਚ ਚਾਹ, ਹੁੱਕੇ, ਚਿਲਮ ਤੇ ਨਸਵਾਰ ਦੀ ਵਰਤੋਂ ਵਧ ਗਈ, ਪਰ ਬਾਜਰੇ ਦੀ ਉਹ ਈ ਸਖਤ ਸੀਮਿੰਟ ਰੋਟੀ ਤੇ ਪਾਣੀ ਪਤਲੀ ਮਾਂਹ ਦੀ ਦਾਲ਼।

ਗਰਾਈਂ ਦਾਦੇ ਨੂੰ ਆਪਣਾ ਹਮਦਰਦ ਤੇ ਮਦਦਗਾਰ ਸਮਝਦੇ। ਫੌਜੀ ਜਵਾਨ ਕੁਰਬਾਨ ਹਸੈਨ ਲਹੌਰ ਛਾਉਣੀ ਵਿਚ ਪੋਸਟਡ। ਚਿੱਠੀ ਰਾਹੀਂ ਉਹਨੇ ਦਾਦੇ ਨਾਲ ਆਪਣਾ  ਕੋਈ ਜ਼ਾਤੀ ਮਸਲਾ ਸਾਂਝਾ ਕੀਤਾ। ਪੁਲਸ ਇਹ ਚਿੱਠੀ ਰਾਹ ਵਿਚ ਰੋਕਕੇ ਪੜ੍ਹ ਲਈ ਤੇ ਕੁਰਬਾਨ ਹੁਸੈਨ ਦੇ ਖਿਲਾਫ ਕਮਾਂਡਿੰਗ ਔਫੀਸਰ ਨੂੰ ਸ਼ਿਕਾਇਤ ਲੱਗੀ , ਜੀਹਦਾ ਇਕ 'ਵਤਨ ਦੁਸ਼ਮਣ ਕਮਿਊਨਿਸਟ' ਨਾਲ ਗੂੜ੍ਹਾ ਸਾਂਗਾ। ਸਬੂਤ ਉਹਦੀ ਲਿਖੀ ਚਿੱਠੀ। ਕੁਰਬਾਨ ਹਸੈਨ ਦੇ ਖਿਲਾਫ ਕਾਰਵਾਈ ਹੋਈ ਤੇ ਉਹਦਾ ਨਾਂ 'ਡਿਸਚਾਰਜ ਲਿਸਟ' ਵਿਚ ਆ ਗਿਆ। ਪੋਠੋਹਾਰ ਦੇ ਲੋਕਾਂ ਲਈ ਫੌਜੀ ਨੌਕਰੀ ਰੁਜ਼ਗਾਰ ਈ ਨਹੀਂ, ਇੱਜ਼ਤ ਵੀ। ਕੁਰਬਾਨ ਹਸੈਨ ਦਾ ਵੱਡਾ ਭਰਾ 'ਮੁਜਰਮ' ਦੇ ਖਿਲਾਫ ਮੈਦਾਨ ਵਿਚ ਆ ਗਿਆ ਤੇ ਉਹ ਮਿਲਟਰੀ ਕਮਾਂਡਰ ਅੱਗੇ ਪੇਸ਼ ਹੋਇਆ ਕਿ ਪੋਠੋਹਾਰ ਵਿਚ ਚਾਲਾ: ਜਦੋਂ ਫੌਜੀ ਛੁੱਟੀ ਆਵੇ ਉਹ ਗਰਾਂ ਦੇ ਬਜ਼ੁਰਗਾਂ ਨੂ ਜਾ ਕੇ ਸਲਾਮ ਕਰੇ, ਜਿਹੜੇ ਅੱਗੋਂ ਉਹਨੂੰ ਦੁਆ ਦੇਂਦੇ। ਪਰ ਕਮਿਊਨਿਸਟ ਦਾਦਾ ਅਮੀਰ ਹੈਦਰ ਅੱਗੋਂ ਖਤਰਨਾਕ ਵਿਚਾਰ ਪਰਚਾਰੇ ਤੇ ਜਵਾਨਾਂ ਨੂੰ ਕੁਰਾਹੇ ਪਾਏ। ਇਹ ਸੁਣਕੇ 'ਡਿਫੈਂਸ ਡਿਪਾਰਟਮੈਂਟ' ਹਰਕਤ ਵਿਚ ਆਇਆ। ਥਾਣੇ ਹੁਕਮਨਾਮਾ ਵਸੂਲ ਹੋਇਆ, ਦਾਦਾ ਅਮੀਰ ਹੈਦਰ ਆਪਣੇ ਗਰਾਂ ਤੋਂ ਬੇਦਖ਼ਲ। ਪੁਲਸ ਉਹਨੂੰ ਗ੍ਰਿਫਤਾਰ ਕਰ ਕੇ ਰਾਵਲਪਿੰਡੀ ਲਿਆ ਕੇ ਛੱਡ ਦਿੱਤਾ ਜਿੱਥੇ ਉਹਦੇ ਲਈ ਲਾਜ਼ਮੀ ਕਿ ਉਹ ਹਫਤੇ ਵਿਚ ਇਕ ਵਾਰੀ ਥਾਣੇ ਵਿਚ ਆਪਣੀ ਹਾਜ਼ਰੀ ਲਵਾਏ।

ਬੇਘਰ ਰੁਲ਼ਦੇ ਦਾਦੇ ਪੰਜਾਬ ਦੇ ਚੀਫ ਮਨਿਸਟਰ ਮੁਮਤਾਜ਼ ਦੌਲਤਾਨਾ ਨੂੰ ਚਿੱਠੀ ਪਾਈ ਕਿ ਪਾਕਿਸਤਾਨ ਦੇ ਹਾਕਮ ਪੀੜ੍ਹੀਉ ਪੀੜ੍ਹੀ ਫਰੰਗੀਆਂ ਦੇ ਗ਼ੁਲਾਮ, ਜਦੋਂ ਕਿ ਉਹ ਫਰੰਗੀਆਂ ਦੇ ਖਿਲਾਫ ਆਜ਼ਾਦੀ ਦੀ ਜੰਗ ਲੜਦਾ ਰਿਹਾ। ਉਹਨੇ ਚਿੱਠੀ ਵਿਚ ਸਵਾਲ ਕੀਤਾ ਕਿ ਉਹ ਕਿਵੇਂ ਆਪਣੇ ਆਪ ਨੂੰ ਪਾਕਿਸਤਾਨ ਦਾ ਸ਼ਹਿਰੀ ਆਖੇ ਜਦੋਂ ਉਹ ਸਰਕਾਰੋਂ ਮਿਥੀ ਹੱਦ ਦਾ ਪਾਬੰਦ ਤੇ ਉਹਦੇ ਲਈ ਥਾਣੇ ਹਾਜ਼ਰ ਹੋਣਾ ਲਾਜ਼ਮੀ। ਪੰਜਾਬ ਸਰਕਾਰ ਏਸ ਚਿੱਠੀ ਉੱਤੇ ਕੋਈ ਧਿਆਨ ਨਾ ਦੇਂਦੀ ਜੇ 'ਕਸ਼ਮੀਰ ਰੇਡੀਉ ਸ੍ਰੀਨਗਰ' ਤੋਂ ਦਾਦੇ ਨਾਲ ਹੋਏ ਵਾਧੇ ਬਾਰੇ ਖਬਰ ਨਸ਼ਰ ਨਾ ਹੋਂਦੀ ਜੀਹਨੇ ਪਾਕਿਸਤਾਨ ਵਿਚ ਇਕ ਫਰੀਡਮ ਫਾਈਟਰ ਦੀ ਬੇਇੱਜ਼ਤੀ ਤੇ ਬੇਕਦਰੀ ਨੂੰ ਭੰਡਿਆ ਤੇ ਨਿੰਦਿਆ। ਏਧਰੋਂ ਦਾਦੇ ਨੂੰ ਥਾਣੇ ਦੀ ਹਾਜ਼ਰੀ ਤੋਂ ਛੁੱਟੀ ਮਿਲੀ, ਓਧਰੋਂ ਅਮਰੀਕੀ ਇਮਦਾਦ



ਲਈ ਪਾਕਿਸਤਾਨੀ ਸਰਕਾਰ 'ਕਮਿਊਨਿਸਟ ਪਾਰਟੀ ਆਫ ਪਾਕਿਸਤਾਨ' ਨੂੰ ਗ਼ੈਰਕਾਨੂੰਨੀ ਲਿਖ ਕੇ ਉਹਦੇ 'ਤੇ ਪਾਬੰਦੀ ਲਾ ਦਿੱਤੀ।

ਦਾਦਾ ਥਾਣੇ ਆਖਰੀ ਹਾਜ਼ਰੀ ਲਵਾ ਕੇ ਰਾਵਲਪਿੰਡੀ ਵਿਚ ਪਾਰਟੀ ਦੇ ਦਫਤਰ, ਜਿਹੜਾ ਉਹਦੀ ਰਿਹਾਇਸ਼ ਵੀ, ਅਜੇ ਅੱਪੜਿਆ ਈ ਕਿ ਪੁਲਸ ਆ ਗਈ। ਦਾਦਾ ਸਿੱਧਾ ਜੇਲ੍ਹ ਜੀਹਦੀ ਰਿਹਾਈ ਲਈ ਮਸ਼ਹੂਰ ਵਕੀਲ ਮਹਿਮੂਦ ਅਲੀ ਕਸੂਰੀ ਲਹੌਰ ਹਾਈਕੋਰਟ ਵਿਚ ਪਟੀਸ਼ਨ ਕੀਤੀ। ਜ਼ਮਾਨਤ ਹੋਂਦਿਆਂ ਈ ਦਾਦਾ ਵਾਪਸ ਰਾਵਲਪਿੰਡੀ, ਜਿੱਥੇ ਅੱਗੇ ਪਾਰਟੀ ਦਾ ਦਫਤਰ ਸੀਲ। ਉਹਨੇ ਆਪਣੇ ਜ਼ਾਤੀ ਸਮਾਨ ਦੀ ਹਵਾਲਗੀ ਲਈ ਮਜਿਸਟ੍ਰੇਟ ਦੀ ਅਦਾਲਤ ਵਿਚ ਦਰਖਾਸ ਦਿੱਤੀ। ਤਾਰੀਖ ਤੇ ਤਾਰੀਖ। ਰੋਜ਼ ਪੇਸ਼ੀ। ਓੜਕ ਮਜਿਸਟ੍ਰੇਟ ਦੀ ਮੌਜੂਦਗੀ ਵਿਚ ਦਫਤਰ ਖੁਲ੍ਹਾ। ਇੰਝ ਜਿਵੇਂ ਹਿੰਦੂਆਂ ਸਿੱਖਾਂ ਦਾ ਘਰ ਮੁਸਲਮਾਨਾਂ ਲੁੱਟਿਆ ਹੋਵੇ। ਭਾਂਡੇ, ਕਪੜੇ, ਸੰਦੂਕ ਤੇ ਮੰਜੀ ਬਿਸਤਰਾ ਸਭ ਉਜੜੇ ਕਮਰੇ 'ਚੋਂ ਗ਼ਾਇਬ। ਦਾਦੇ ਨੂੰ ਉਹਨਾਂ ਕਿਤਾਬਾਂ ਦੀ ਗੁੰਮਸ਼ੁਦਗੀ ਦਾ ਬਹੁੰ ਦੁੱਖ ਹੋਇਆ ਜਿਹੜੀਆਂ ਉਹਦੇ ਇੰਡੀਅਨ ਕਾਮਰੇਡਾਂ ਦੀਆਂ ਨਿਸ਼ਾਨੀਆਂ ਸਨ। ਵਸਤ ਵਲ਼ੇਵਾ ਨਾ ਰਿਹਾ, ਉਹਦੀ ਕੀ ਚਿੰਤਾ। ਦਾਦੇ ਨੂੰ ਵਾਧੂ ਘਾਟਾ ਜਿਹੜਾ ਬਹੂੰ ਮਹਿਸੂਸ ਹੋਵੇ, ਉਹ ਜਲਸੇ ਜਲੂਸ ਉੱਤੇ ਪਾਬੰਦੀ। ਉਹ ਅੰਡਰਗਰਾਊਂਡ ਹੋ ਗਿਆ। ਪੋਠੋਹਾਰ ਦੇ ਮਜ਼ਦੂਰਾਂ ਤੇ ਕਿਸਾਨਾਂ ਨਾਲ ਉਹਦੀਆਂ ਖੁਫੀਆ ਮੁਲਾਕਾਤਾਂ ਹੋਣ ਲੱਗ ਪਈਆਂ। ਗਰਾਂ ਵਿਚ ਆਪਣੇ ਸਕੂਲ ਦੀ ਹਰ ਵੇਲ਼ੇ ਉਹਨੂੰ ਫਿਕਰ ਰਵ੍ਹੇ।

1958, ਪਾਕਿਸਤਾਨ ਵਿਚ ਮਾਰਸ਼ਲ ਲਾਅ ਲੱਗ ਗਿਆ। ਕਮਿਊਨਿਸਟਾਂ ਦੀ ਹੋਰ ਸ਼ਾਮਤ ਆਈ। ਦਾਦਾ ਇਹ ਖਬਰ ਸੁਣਕੇ ਆਪਣੇ ਗਰਾਂ ਤੋਂ ਰਾਵਲਪਿੰਡੀ ਗਿਆ ਜਿੱਥੇ ਲਾਰੀ ਅੱਡੇ ਪੁਲਸ ਇੰਸਪੈਕਟਰ ਸਿਪਾਹੀਆਂ ਦੇ ਜੱਥੇ ਸਣੇ ਉਹਦੀ ਗ੍ਰਿਫਤਾਰੀ ਲਈ ਤਿਆਰ। ਰਾਵਲਪਿੰਡੀ ਜੇਲ੍ਹ ਵਿਚ ਫੌਜ ਈ ਫੌਜ। ਸੁਪਰਡੈਂਟ ਜੇਲ੍ਹ ਵੀ ਫੌਜੀ ਅਫਸਰ ਕਰਨਲ ਫਖਰਉਲਦੀਨ। ਬੂਟਾਂ ਦਾ ਦਾਬਾ ਤੇ ਵਰਦੀ ਦਾ ਰੁਅਬ। ਹਾਜ਼ਰੀ ਵੇਲ਼ੇ ਪਾਟੇ ਕਪੜਿਆਂ ਵਿਚ ਪੈਰੋਂ ਵਾਹਣਾ ਕੈਦੀ ਦਾਦਾ ਅਮੀਰ ਹੈਦਰ ਕਰਨਲ ਸਾਹਬ ਦੇ ਜਲਾਲ ਤੋਂ ਨਾ ਯਰਕਿਆ। ਸਲਾਮ ਨਾ ਨਜ਼ਰਾਂ ਨੀਵੀਆਂ। ਸੁਪਰਡੈਂਟ ਜੇਲ੍ਹ ਮੇਜ਼ ਉੱਤੇ ਸਟਿੱਕ ਮਾਰਕੇ ਗੱਜਿਆ: "Listen, this is Martial Law, you know Martial Law administrator General Mohammad Ayub is Khan." ਕੈਦੀ ਜਿਹੜਾ ਪਾਕਿਸਤਾਨ ਬਣਨ ਦੇ ਯਾਰਵੇਂ ਸਾਲ ਚੌਥੀ ਵਾਰ ਜੇਲ੍ਹ ਵਿਚ ਆਇਆ, ਕਰਨਲ ਦੀਆਂ ਅੱਖਾਂ ਵਿਚ ਅੱਖਾਂ ਪਾ ਕੇ ਆਪਣਾ ਬਿਸਤਰਾ ਚੁੱਕਦਿਆਂ "If  I have no peace, neither will you!"

ਦਾਦਾ ਆਪਣੇ ਵਾਰਡ ਵਿਚ ਦਾਖਲ ਹੋਇਆ ਤੇ ਅੱਗੇ ਸੂਬਾ ਸਰਹੱਦ ਤੋਂ ਗ੍ਰਿਫਤਾਰ ਹੋ ਕੇ ਆਏ ਦੋ ਕਾਮਰੇਡ ਬੈਠੇ। ਅਫਜ਼ਲ ਬੰਗਸ਼ ਤੇ ਕਾਕਾ ਸਨੋਬਰ। ਦਾਦਾ ਭਾਵੇਂ ਆਪ ਕੈਦੀ ਪਰ ਉਹਨੂੰ ਇੰਝ ਲੱਗਾ ਜਿਵੇਂ ਸਰਹੱਦੀ ਕਾਮਰੇਡ ਪੋਠੋਹਾਰ ਵਿਚ ਉਹਦੇ ਪ੍ਰਾਹੁਣੇ। ਜੇਲ੍ਹ ਦੇ ਕੁਝ ਪੁਰਾਣੇ ਪੁਲਸੀਏ ਦਾਦੇ ਦੇ ਜਾਣੂੰ। ਜਿਨ੍ਹਾਂ ਦੀ ਮਿੰਨਤ ਕਰ ਕੇ ਉਹਨੇ ਕਸ਼ਮੀਰ ਲਿਬਰੇਸ਼ਨ ਫਰੰਟ ਦੇ ਕੈਦੀਆਂ ਦਾ ਬਚਿਆ ਖਾਣਾ ਆਪਣੇ ਕਾਮਰੇਡਾਂ ਨੂੰ ਪੇਸ਼ ਕੀਤਾ, ਜਿਹੜਾ ਆਪ ਪਿਛਲੇ ਤੀਹ ਘੰਟਿਆਂ ਤੋਂ ਭੁੱਖਾ। ਰਾਵਲਪਿੰਡੀ ਜੇਲ੍ਹ ਵਿਚ 'ਸੀ ਕਲਾਸ' ਦਾ ਬੁਰਾ ਹਾਲ। ਅਫਜ਼ਲ ਬੰਗਸ਼ ਤੇ ਕਾਕਾ ਸਨੋਬਰ ਬਿਮਾਰ ਹੋ ਗਏ, ਜਿਨ੍ਹਾਂ ਲਈ ਦਾਦਾ ਜੇਲ੍ਹ ਦੇ ਅਫਸਰਾਂ ਨਾਲ ਰੋਜ਼ ਲੜੇ।

ਰਾਵਲਪਿੰਡੀ ਜੇਲ੍ਹ ਵਿਚ ਪੂਰਾ ਸਾਲ ਗੁਜ਼ਾਰ ਕੇ ਕਮਿਊਨਿਸਟ ਕੈਦੀ ਇਕ ਇਕ ਕਰ ਕੇ ਲਹੌਰ ਦੇ ਸ਼ਾਹੀ ਕਿਲੇ ਅੱਪੜਦੇ ਗਏ। ਜਿੱਥੇ ਗੰਦੀਆਂ ਕੋਠੜੀਆਂ ਵਿਚ ਭੁੰਜੇ ਸੌਣਾ ਪਵੇ। ਟੁੱਟੇ ਫਰਸ਼ 'ਤੇ ਇੱਟ ਦਾ ਸਰਹਾਣਾ। ਤੰਗ ਥਾਂ ਵਿਚ ਭੁੱਖ, ਬਦਬੂ, ਨ੍ਹੇਰਾ ਤੇ ਇਕਲਾਪਾ। ਸਾਂ ਸਾਂ ਵਿਚ ਮੋਟੇ ਮੱਛਰ ਦੀ ਭੀਂ ਭੀਂ। ਬਾਹਰ ਉਹ ਕੁਝ ਘੜੀਆਂ ਸੌਖਿਆਂ ਲੰਘਣ ਜਦੋਂ ਸਖਤ ਤਫਤੀਸ਼ ਲਈ ਸੀ.ਆਈ.ਡੀ. ਦੇ ਅਫਸਰ ਸਾਹਮਣੇ ਪੇਸ਼ੀ ਹੋਵੇ। ਹਥਿਆਰਬੰਦ ਸੰਤਰੀਆਂ ਦੇ ਪਹਿਰੇ ਵਿਚ ਇਹ ਕੈਦੀ ਆਵਣ ਜਾਵਣ। ਜਿਹੜੇ ਆਪਸ ਵਿਚ ਜਾਣੂੰ, ਇਕ ਦੂਜੇ ਨੂੰ ਵੇਖਦੇ ਪਰ ਆਪਸ ਵਿਚ ਗੱਲ

ਨਾ ਕਰ ਸਕਦੇ। ਦਾਦਾ ਅਮੀਰ ਹੈਦਰ , ਫਜ਼ਲ ਇਲਾਹੀ ਕੁਰਬਾਨ, ਫਿਰੋਜ਼ ਉਲਦੀਨ ਮਨਸੂਰ ਤੇ ਕਸੂਰ ਗਰਵੇਜ਼ੀ ਪੰਜਾਬੀ, ਸਿੰਧ 'ਚੋਂ ਹੈਦਰ ਬਖਸ਼ ਜਤੋਈ ਤੇ ਸੋਭੋ ਗਿਆਨ ਚੰਦਾਨੀ,ਜੀਹਦੀ ਦਾਦੇ ਨੂੰ ਬਹੁਤ ਫਿਕਰ ਜੇ ਓਸ ਹਿੰਦੂ ਨੂੰ ਸੀ.ਆਈ.ਡੀ. ਦੇ ਮੁਸਲਮਾਨ ਅਫਸਰ, ਕਾਫਰ ਤੇ ਇੰਡੀਅਨ ਏਜੰਟ ਮਿਥਕੇ ਦੂਜੇ ਕੈਦੀਆਂ ਤੋਂ ਵੱਧ ਤਸੀਹੇ ਦੇਂਦੇ।

ਕਮਿਊਨਿਸਟਾਂ ਨਾਲ ਇਹ ਸਾਰੀ ਸਖਤੀ ਅਮਰੀਕੀ ਤੇ ਪਾਕਿਸਤਾਨੀ ਖੁਫੀਆ ਏਜੰਸੀਆਂ ਦਾ ਸਾਂਝਾ ਖਾਤਾ ਸਾਫ ਸਹੀ ਹੋਵੇ। ਸੀ.ਆਈ.ਡੀ. ਲਹੌਰ ਦਾ ਹੈੱਡ ਮੀਆਂ ਅਨਵਰ ਅਲੀ, ਜੀਹਨੇ ਕਿਲੇ ਵਿਚ ਬੜੇ ਜੀਅਦਾਰ ਕੈਦੀਆਂ ਦਾ ਪਿਸ਼ਾਬ ਨਿਕਲਦਾ ਵੇਖਿਆ, ਪਰ ਕਿਸੇ ਕਮਿਊਨਿਸਟ ਨੂੰ ਆਪਣੇ ਆਦਰਸ਼ ਤੋਂ ਥਿੜਕਦਿਆਂ ਮਹਿਸੂਸ ਨਾ ਕੀਤਾ। ਉਹਦੀ ਰਿਪੋਰਟ ਉੱਤੇ ਕੈਦੀ ਕਿਲੇ 'ਚੋਂ ਬਾਹਰ ਆਏ ਤੇ ਵੱਖ ਵੱਖ ਜੇਲ੍ਹਾਂ ਨੂੰ ਰਵਾਨਾ ਹੋਏ। ਦਾਦੇ ਨੂੰ ਲਹੌਰ ਦੀ ਸੈਂਟਰਲ ਜੇਲ੍ਹ ਵਿਚ ਲਿਆਂਦਾ ਨੇ, ਜਿੱਥੋਂ ਕੁਝ ਦਿਨ ਮਗਰੋਂ ਉਹ ਪੁਲਸ ਦੀ ਨਿਗਰਾਨੀ ਵਿਚ ਰਾਵਲਪਿੰਡੀ ਜੇਲ੍ਹ ਵਿਚ ਸ਼ਿਫਟ ਹੋਇਆ। ਮਹੀਨਾ ਵੀ ਨਾ ਲੰਘਿਆ, ਦਾਦੇ ਦੀ ਥਾਣਾ ਕਲੱਰ ਸਈਅਦਾਂ ਵਿਚ ਪੇਸ਼ੀ ਹੋਈ ਜਿੱਥੇ ਉਹਨੇ ਰਾਤ ਹਵਾਲਾਤ ਵਿਚ ਗੁਜ਼ਾਰੀ ਤੇ ਅਗਲੇ ਦਿਨ ਪੁਲਸ ਦਾਦੇ ਨੂੰ ਉਹਦੇ ਗਰਾਂ ਵਿਚ ਉਹਦੇ ਸਕੂਲ ਛੱਡ ਆਈ, ਜਿੱਥੋਂ ਸ਼ਾਮੀਂ ਉਹਦੀ ਭੈਣ ਉਹਨੂੰ ਆ ਕੇ ਘਰ ਲੈ ਗਈ।

0 0 0

ਭੈਣ ਭਰਾ ਰੱਜ ਕੇ ਗੱਲਾਂ ਕੀਤੀਆਂ। ਮਾਪੇ ਯਾਦ ਆਏ। ਲੰਘੇ ਵੇਲ਼ੇ ਦੇ ਦੁੱਖਾਂ ਰੁਆਇਆ ਤੇ ਸੁੱਖਾਂ ਹਸਾਇਆ। ਯਾਦਾਂ ਦਾ ਮੇਲਾ ਸਰਦਾਰਨੀ ਬਿਨਾਂ ਕਿਵੇਂ ਲੱਗਦਾ। ਅੱਧੀ ਰਾਤੀਂ ਦਾਦਾ ਦੁਖੀ ਹੋ ਕੇ ਚੁੱਪ ਕੀਤਾ ਤੇ ਸੌਂ ਗਿਆ। ਸਵੇਰ ਹੋਂਦਿਆਂ ਈ ਇਲਾਕੇ ਦੇ ਥਾਣੇਦਾਰ ਆ ਬੂਹਾ ਖੜਕਾਇਆ ਜੀਹਨੇ ਦਾਦੇ ਕੋਲੋਂ ਸਰਕਾਰੀ ਹੁਕਮ ਦੀ ਤਾਮੀਲ ਕਰਵਾਈ ਕਿ ਉਹ ਮਸ਼ਕੂਕ, ਕਾਲੀਆਂ ਸਿਆਲੀਆਂ ਦੀ ਹੱਦੋਂ ਬਾਹਰ ਨਿਕਲਣ ਤੋਂ ਮਨਾਹੀ ਤੇ ਦੂਜਾ ਹਰ ਸੋਮਵਾਰ ਨੂੰ ਥਾਣਾ ਕੱਲਰ ਵਿਚ ਉਹਦੀ ਹਾਜ਼ਰੀ ਲਾਜ਼ਮੀ, ਜਿਹੜਾ ਕਾਲੀਆਂ ਸਿਆਲੀਆਂ ਤੋਂ ਸੋਲ਼੍ਹਾਂ ਮੀਲ ਦੂਰ। ਪੇਸ਼ੀ ਲਈ ਛੇ ਮੀਲ ਦੂਰ ਚੋਹਾ ਖਾਲਸਾ ਪੈਦਲ ਜਾਂਦਾ, ਜਿੱਥੋਂ ਉਹਨੂੰ ਕੱਲਰ ਦੀ ਲਾਰੀ ਮਿਲਦੀ। ਦਾਦੇ ਦੀ ਨਜ਼ਰ 1946 ਤੋਂ ਕਮਜ਼ੋਰ ਹੋਣ ਲੱਗ ਪਈ ਤੇ ਉਹਦੀ ਐਨਕ ਦੇ ਸ਼ੀਸ਼ੇ ਮੋਟੇ ਹੋਂਦੇ ਗਏ। ਸਰਦੀਆਂ ਦੇ ਦਿਨ ਦਾਦਾ ਸੱਜਰੀ ਸਵੇਰੇ ਥਾਣੇ ਪੇਸ਼ੀ ਲਈ ਭੈਣ ਦੇ ਘਰੋਂ ਨਿਕਲਦਾ। ਇਕ ਹੱਥ ਵਿਚ ਖੂੰਡੀ ਹੋਵੇ ਤੇ ਦੂਜੇ ਹੱਥ ਵਿਚ ਲਾਲਟੈਣ। ਥਾਣੇ ਅੱਪੜਦਿਆਂ ਦੁਪਹਿਰ ਹੋ ਜਾਂਦੀ ਤੇ ਹਾਜ਼ਰੀ ਦੀ ਕਾਰਵਾਈ ਹੋਂਦੇ ਹੋਂਦੇ ਪਿਛਲਾ ਪਹਿਰ। ਚੋਹਾ ਖਾਲਸਾ ਲਾਰੀ 'ਚੋਂ ਲਹਿੰਦਿਆਂ ਸ਼ਾਮ ਹੋ ਜਾਏ। ਅੱਗੇ ਛੇ ਮੀਲ ਕੱਚਾ ਪਹਾੜੀ ਰਾਹ, ਜਿਹੜਾ ਉੱਚਾ ਝਿੱਕਾ, ਜਿੱਥੇ ਥਾਂ ਥਾਂ ਝਾੜੀਆਂ, ਭੱਖੜਾ ਪੋਹਲ਼ੀ, ਖਿੰਗਰ ਤੇ ਸਕਰੋੜ। ਨ੍ਹੇਰੇ ਵਿਚ ਸੱਪ, ਠੂੰਹੇਂ, ਕੁੱਤੇ ਤੇ ਬਘਿਆੜ ਦਾ ਡਰ ਰਵ੍ਹੇ, ਜੀਹਦੀ ਵਜਹੂੰ ਦਾਦਾ ਲਾਲਟੈਣ ਤੇ ਖੂੰਡੀ ਚੁੱਕੀ ਰੱਖੇ।

ਇਕ ਸੋਮਵਾਰ ਨੂੰ ਦਾਦੇ ਥਾਣੇ ਪੇਸ਼ੀ ਭੁਗਤੀ ਤੇ ਪਿਛਲੇ ਹਫਤੇ ਦੀਆਂ ਅਖਬਾਰਾਂ ਵੇਖਣ ਲਈ ਉਹ ਅਖਬਾਰ ਫਰੋਸ਼ ਦੀ ਦੁਕਾਨ 'ਤੇ ਗਿਆ। ਅਖਬਾਰਾਂ ਦੀਆਂ ਸਾਰੀਆਂ ਸੁਰਖੀਆਂ ਦੇ ਮੂੰਹ ਕਾਲ਼ੇ। ਲੋਕਾਂ ਲਈ ਇਕ ਵੀ ਚੰਗੀ ਖਬਰ ਨਾ। ਅੱਖਾਂ ਨਾਲ ਲਾਈ ਅਖਬਾਰ ਨੂੰ ਦੂਰ ਕਰਦਿਆਂ ਦਾਦੇ ਦੀਆਂ ਅੱਖਾਂ ਬੁਝ ਗਈਆਂ। ਹਨੇਰੇ ਵਿਚ ਗਰਾਂ ਅੱਪੜਨ ਤਾਈਂ ਉਹ ਘੋਰ ਅਚੰਭੇ ਵਿਚ ਗੁਆਚਿਆ ਰਿਹਾ। ਕਾਲ਼ੀਆਂ ਸਿਆਲ਼ੀਆ ਅੱਪੜਿਆ ਪਰ ਭੈਣ ਦੇ ਘਰ ਦਾ ਰਾਹ ਭੁੱਲ ਗਿਆ। ਸਾਹਮਣੇ ਕੋਈ ਬੂਹਾ ਜੀਹਨੂੰ ਖੜਕਾਂਦਿਆਂ ਉਹਨੇ ਆਪਣਾ ਨਾਂ ਦੱਸਿਆ। ਅੰਦਰੋਂ ਬੁੱਢੀ ਆਵਾਜ਼, "ਅਮੀਰ ਹੈਦਰ ਥੱਕ ਗਿਆ ਏਂ!" ਸਰਦਾਰਨੀ ਇਤਨੀ ਗੱਲ ਈ ਕੀਤੀ ਅਮੀਰ ਹੈਦਰ ਦੀਆਂ ਬੇਨੂਰ ਅੱਖਾਂ ਹੰਝੂਆਂ ਦਾ ਭਾਰ ਲਾਹ ਦਿੱਤਾ। 000

*(290-G-3, Johar Town, Lahore, Pakistan Phone: +92300 8443296*
*email: nainsukh.punjabi@gmail.com)*



## ਦਾਰਜੀ: ਕਹਾਣੀ: ਬਲਜੀਤ ਬਾਸੀ

'ਸਿਰਦਾਰਜੀ' ਨਾਲੋਂ ਸਿਰ ਲਾਹ ਦੇਵੋ ਤਾਂ ਬਣ ਜਾਂਦਾ ਹੈ 'ਦਾਰਜੀ'। ਅਜਿਹੇ ਕਈ ਸਿਰਲੱਥਾਂ ਦੀਆਂ ਸਰਦਾਰਨੀਆਂ ਆਪਣੇ ਪਤੀਆਂ ਨੂੰ ਦਾਰਜੀ ਕਹਿਕੇ ਬੁਲਾਉਂਦੀਆਂ ਹਨ ਤੇ ਨਾਲ ਹੀ ਸਾਰੇ ਘਰ ਦੇ ਜੀਆਂ, ਰਿਸ਼ਤੇਦਾਰਾਂ ਏਥੋਂ ਤਕ ਕਿ ਵਾਕਿਫਕਾਰਾਂ ਦੇ ਵੀ ਉਹ ਦਾਰਜੀ ਬਣ ਜਾਂਦੇ ਹਨ। ਮੈਂ ਹੁਣ ਤਕ ਜਿੰਨੇ ਦਾਰਜੀ ਦੇਖੇ, ਸੁਣੇ, ਬੁਲਾਏ ਹਨ, ਸਾਰੇ ਧੁਨ ਦੇ ਬੜੇ ਪੱਕੇ ਮਲੂਮ ਹੋਏ ਹਨ। ਬਠਿੰਡੇ ਵਸਦੇ ਮੇਰੀ ਪਤਨੀ ਦੇ ਨਾਨਾ ਜੀ ਅਜਿਹੇ ਜਗਤ-ਦਾਰਜੀ ਸਨ ਜੋ ਵਸਤੂਜਗਤ ਨੂੰ ਹਮੇਸ਼ਾ ਖਿੱਚ ਕੇ ਰੱਖਦੇ ਸਨ। ਦਾਰਜੀ ਨੇ ਇਕ ਵਾਰੀ ਆਪਣੇ ਦਿੱਲੀ ਤੋਂ ਆਏ ਪੋਤੇ ਨੂੰ ਬੱਸ ਸਟੈਂਡ 'ਤੇ ਬੱਸ ਚੜ੍ਹਾਉਣ ਜਾਣਾ ਸੀ। ਉਨ੍ਹਾਂ ਨੂੰ ਪਤਾ ਸੀ, ਨਵੀਂ ਪੀੜ੍ਹੀ ਚੜ੍ਹਦਾ ਸੂਰਜ ਦੇਖਕੇ ਨਹੀਂ ਰਾਜ਼ੀ। ਉਨ੍ਹਾਂ ਮੂੰਹ ਹਨੇਰੇ ਘੂਕ ਸੁੱਤੇ ਪਏ ਪੋਤੇ ਦੇ ਸਰੀਰ ਤੋਂ ਖੇਸ ਚੁੱਕ ਮਾਰਿਆ। ਸੂਰਜ ਚੜ੍ਹਨ ਤਕ ਸੁੱਤੇ ਘਰ ਦੇ ਜੀਆਂ ਨਾਲ ਉਹ ਅਕਸਰ ਅਜਿਹਾ ਹੀ ਵਿਹਾਰ ਕਰਿਆ ਕਰਦੇ ਸਨ। ਵਿਚਾਰਾ ਸੁੱਤ ਉਣੀਂਦਾ ਪੋਤਾ, ਮੂੰਹ ਹੱਥ ਧੋ, ਸਾਮਾਨ ਚੁੱਕਕੇ ਰਿਕਸ਼ੇ 'ਤੇ ਚੜ੍ਹ ਗਿਆ।

ਪਰ ਦਾਰਜੀ ਠਹਿਰੇ ਕੱਟੜ ਰਿਕਸ਼ਾ-ਵਿਰੋਧੀ। ਕਿਤੇ ਜਾਣਾ ਹੋਵੇ, ਦਾਰਜੀ ਨੇ ਰਿਕਸ਼ੇ 'ਤੇ ਥੋੜ੍ਹੀ ਚੜ੍ਹਨਾ ਹੁੰਦਾ ਸੀ। ਉਨ੍ਹਾਂ ਜ਼ਿੰਦਗੀ ਭਰ ਇਸ ਤਿਪਹੀਏ ਦੀ ਸਵਾਰੀ ਨਹੀਂ ਕੀਤੀ। ਉਨ੍ਹਾਂ ਦੀ ਪੈਦਲ ਚਾਲ ਹੀ ਹਰ ਪ੍ਰਕਾਰ ਦੇ ਪਹੀਏ ਨੂੰ ਮਾਤ ਪਾਉਂਦੀ ਸੀ। ਨੱਕ ਦੀ ਸੇਧੇ ਤੁਰੇ ਜਾਓ, ਮੰਜ਼ਿਲ ਮੂਹਰੇ ਖੜ੍ਹੀ ਹੁੰਦੀ ਹੈ। ਰਿਕਸ਼ੇ ਨੇ ਵੀਹ ਮੋੜ ਘੇੜ ਕੱਟਣੇ ਹਨ, ਤੀਹਾਂ ਬੰਦਿਆਂ ਦੇ ਵਿਚ ਵੱਜਣਾ ਹੈ, ਪੰਜਾਹਾਂ ਦਾ ਨੋਟ ਖਿੱਚਣਾ ਹੈ- ਰਿਕਸ਼ਾ ਚੜ੍ਹਨ ਵਿਚ ਤਾਂ ਸੌ ਸੌ ਘਾਟੇ ਹਨ। ਨਾਲੇ ਬਠਿੰਡੇ ਦੀ ਆਵਾਜਾਈ ਵਿਚ ਇਕੱਲੇ ਮਨੁੱਖ-ਮਾਤਰ ਦੀ ਇਜਾਰੇਦਾਰੀ ਨਹੀਂ, ਏਥੇ ਊਠਾਂ ਦੀ ਚੜ੍ਹਤ ਹੈ, ਸੂਰਾਂ ਦਾ ਬੋਲਬਾਲਾ ਹੈ, ਮਾਰੂਤਿਆਂ ਤੇ ਘੜੂਕਿਆਂ ਦਾ ਧੂਮ ਧੜੱਕਾ ਹੈ। ਇਹ ਤਾਂ ਕੁਝ ਵੀ ਨਹੀਂ, ਏਥੇ ਰਾਹਾਂ ਦੀ ਹੇਠਲੀ ਉੱਤੇ ਆਈ ਰਹਿੰਦੀ ਹੈ; ਸੜਕਾਂ ਨੂੰ ਖੋਦ ਖੋਦ ਕੇ, ਸੀਵਰੇਜ ਨੂੰ ਪੁੱਟ ਪੁੱਟ ਕੇ ਤੇ ਨਾਲ਼ਿਆਂ ਦਾ ਗੰਦ ਚੁੱਕ ਚੁੱਕ ਕੇ ਪਾਸਿਆਂ 'ਤੇ ਢੇਰ ਲਗਦੇ ਰਹਿੰਦੇ ਹਨ ਤਾਂ ਕਿ ਟਿੱਬਿਆਂ ਵਾਲੇ ਬਠਿੰਡੇ ਦੀ ਪੁਰਾਣੀ ਦਿੱਖ ਬਹਾਲ ਕੀਤੀ ਜਾ ਸਕੇ। ਕਾਲ਼ੀਆਂ ਬੋਲ਼ੀਆਂ ਤੇ ਪੀਲ਼ੀਆਂ ਹਨੇਰੀਆਂ ਮੁੜ ਚੜ੍ਹਾਉਣ ਦੇ ਵੀ ਗੰਭੀਰ ਉਪਰਾਲੇ ਹੁੰਦੇ ਰਹਿੰਦੇ ਸਨ। ਇਸ ਸ਼ਹਿਰ ਵਿਚ ਆਵਾਜਾਈ ਵਜੋਂ ਸੜਕ ਦਾ ਸੰਕਲਪ ਲੋਕਾਂ ਦੇ ਜ਼ਿਹਨ ਵਿਚ ਅਜੇ ਤਕ ਧੁੰਦਲਾ ਧੁੰਦਲਾ ਹੀ ਹੈ। ਦਾਰਜੀ ਖੁਦ ਬਠਿੰਡੇ ਦੇ ਟਿੱਬੇ ਤੇ ਇਸਦੀਆਂ ਕਾਲ਼ੀਆਂ ਬੋਲ਼ੀਆਂ ਤੇ ਪੀਲ਼ੀਆਂ ਹਨੇਰੀਆਂ ਯਾਦ ਕਰਦੇ ਓਦਰੇ ਰਹਿੰਦੇ ਸਨ - ਉਨ੍ਹਾਂ ਨੂੰ ਅਜੇਹੇ ਭੂ-ਦ੍ਰਿਸ਼ ਤੋਂ ਇਕ ਮਾਨਸਿਕ ਸਕੂਨ ਮਿਲਦਾ ਸੀ।

ਪਰ ਉਹ ਔਖੇ ਸਨ ਤਾਂ ਇਸ ਗੱਲੋਂ ਕਿ ਆਈ ਬਰਸਾਤ ਉਨ੍ਹਾਂ ਦੇ ਘਰ ਪਾਣੀ ਹੀ ਪਾਣੀ ਹੋਣ ਲੱਗ ਪਿਆ ਸੀ, ਅਣਚਾਹਤ ਪਾਣੀ। ਉਨ੍ਹਾਂ ਤਾਂ ਕਦੇ ਬਠਿੰਡੇ ਵਿਚ ਪਾਣੀ ਦੀ ਬੂੰਦ ਨਹੀਂ ਸੀ ਦੇਖੀ ਤੇ ਹੁਣ ਪਾਣੀ ਆਇਆ ਤਾਂ ਪਾਣੀ ਜਾਂਦਾ ਹੀ ਨਹੀਂ ਸੀ। ਇਸ ਵਿਚ ਵੀ ਇਕ ਚੱਕਰ ਸੀ। ਗੱਲ ਇਉਂ ਹੋਈ ਕਿ ਇਕ ਵਾਰੀ ਬਠਿੰਡੇ ਵਿਚ ਨਿਯੁਕਤ ਸਿਵਿਲ ਇੰਜਨੀਅਰਾਂ ਨੇ ਆਪਣਾ ਦਿਮਾਗ਼ ਨਾ ਵਰਤਦਿਆਂ ਹੋਇਆਂ ਭਰਤੀ ਪੁਆ ਪੁਆ ਕੇ ਸ਼ਹਿਰ ਦੀਆਂ ਗ਼ਲੀਆਂ ਗਜ਼ ਗਜ਼ ਉੱਚੀਆਂ ਚੁੱਕ ਦਿੱਤੀਆਂ। ਮਕਸਦ ਸੀ ਮੀਂਹ ਦਾ ਪਾਣੀ ਆਬਾਦੀ ਵਿਚ ਨਾ ਆਵੇ। ਪਰ ਇਸ ਭਰਤੀ ਨਾਲ ਗ਼ਲੀਆਂ ਨਾਲ ਲਗਦੇ ਘਰ ਨੀਵੇਂ ਹੋ ਗਏ ਤੇ ਬਰਸਾਤਾਂ ਦਾ ਸਾਰਾ ਪਾਣੀ ਗ਼ਲੀਆਂ 'ਚੋਂ ਘਰਾਂ 'ਚ ਆ ਗਿਆ। ਹਾਹਾਕਾਰ ਮੱਚ ਗਈ। ਸਿਵਿਲ ਇੰਜਨੀਅਰਾਂ ਨੂੰ ਪਾਣੀ ਦੇ ਨਿਯਮਾਂ ਵਿਚ ਕੁਝ ਕਾਲ਼ਾ ਕਾਲ਼ਾ ਦਿਖਾਈ ਦਿੱਤਾ। ਨਿਯਮ ਹੈ ਕਿ ਪਾਣੀ ਉਚਾਣ ਤੋਂ ਨਿਵਾਣ ਵੱਲ ਵਹਿੰਦਾ ਹੈ। ਇੰਜਨੀਅਰਾਂ ਨੂੰ ਸ਼ੱਕ

ਪੈ ਗਈ ਕਿ ਬਠਿੰਡੇ ਵਿਚ ਸ਼ਾਇਦ ਇਹ ਨਿਯਮ ਉਲਟੇ ਦਾਅ ਲਾਗੂ ਹੁੰਦਾ ਹੈ। ਹਾਕਮਾਂ ਨੂੰ ਯਕੀਨ ਦੁਆਇਆ ਗਿਆ ਕਿ ਜਦ ਸਲਾਮ ਹੇਠਾਂ ਤੋਂ ਉਪਰ ਵੱਲ ਨੂੰ ਵੱਜਦਾ ਹੈ ਤਾਂ ਪਾਣੀ ਵੀ ਨਿਵਾਣ ਤੋਂ ਉਚਾਣ ਵੱਲ ਵਗ ਸਕਦਾ ਹੈ। ਇਸ ਤਰ੍ਹਾਂ ਉਨ੍ਹਾਂ ਨੂੰ ਇਸ ਨਿਯਮ ਦੀ ਸਚਾਈ ਦੀ ਪਰਖ ਕਰਨ ਦੀ ਇਜਾਜ਼ਤ ਮਿਲ ਗਈ। ਉਦੋਂ ਤੋਂ ਉਹ ਮਿੱਟੀ ਪੁੱਟ ਪੁੱਟ ਕੇ ਏਧਰ ਉਧਰ ਕਰਦੇ ਧਰਾਤਲ ਦਾ ਪਾਸਕੂ ਠੀਕ ਕਰਦੇ ਰਹਿੰਦੇ ਹਨ ਤੇ ਘੋਖ ਕਰਦੇ ਰਹਿੰਦੇ ਹਨ ਕਿ ਕਿਹੜੇ ਕਾਰਨਾਂ ਕਰਕੇ ਲੋਕਾਂ ਦੇ ਘਰਾਂ ਵਿਚ ਪਾਣੀ ਭਰ ਜਾਂਦਾ ਹੈ ਤੇ ਕਿਹੜੇ ਕਾਰਨਾਂ ਕਰਕੇ ਸੜਕਾਂ 'ਤੇ ਸੁਕਪਕਾ ਰਹਿੰਦਾ ਹੈ।

ਦਾਰਜੀ ਨੇ ਪੈਦਲ ਚੱਲ ਕੇ ਵੀ ਤੇ ਸਭ ਸਲਾਮਾਂ ਵਸੂਲ ਕੇ ਵੀ ਰਿਕਸ਼ੇ ਤੋਂ ਪਹਿਲਾਂ ਅੱਡੇ 'ਤੇ ਪਹੁੰਚ ਜਾਣਾ ਸੀ। ਉਨ੍ਹਾਂ ਖੰਘੂਰੇ ਮਾਰਦੇ ਹੋਏ ਚੱਲਣਾ ਹੁੰਦਾ ਸੀ। ਦਾਰਜੀ ਦਾ ਖੰਘੂਰਾ ਸੁਣਕੇ ਸੱਤ ਘਰਾਂ ਦੀਆ ਵਹੁਟੀਆਂ ਕੁੜੀਆਂ ਅਨੁਸ਼ਾਸਨ ਵਿਚ ਆ ਜਾਂਦੀਆਂ ਸਨ- ਪਹਿਲੀਆਂ 'ਚ ਤਾਂ ਧਾਰ ਕਢਦੀ ਉਨ੍ਹਾਂ ਦੀ ਆਪਣੀ ਸਰਦਾਰਨੀ ਦੇ ਪੱਟਾਂ 'ਚੋਂ ਦੁੱਧ ਵਾਲੀ ਬਾਲਟੀ ਭੁੜਕ ਜਾਂਦੀ ਸੀ। ਉਹ ਖੁਦ ਇਸਦੀ ਤਾਨ ਵਿਚ ਆਏ ਮਿੰਟਾਂ ਸਕਿੰਟਾਂ 'ਚ ਕਿਤੇ ਦੀ ਕਿਤੇ ਪਹੁੰਚ ਜਾਂਦੇ ਸਨ। ਏਹੀ ਹੋਇਆ। ਦਾਰਜੀ ਨੇ ਅੱਡੇ ਪਹੁੰਚ ਕੇ ਦਿੱਲੀ ਵਾਲੀ ਬੱਸ ਨੂੰ ਵੀ ਕਾਬੂ ਕਰ ਲਿਆ ਪਰ ਭਈਆ ਅਜੇ ਸ਼ਾਇਦ ਰਿਕਸ਼ੇ ਨੂੰ ਹੱਥਾਂ ਨਾਲ ਧੱਕ ਧੱਕ ਕੇ ਰਸਤੇ ਦੇ ਟੋਏ ਟਿੱਬੇ ਹੀ ਪਾਰ ਕਰਾ ਰਿਹਾ ਸੀ। ਦਾਰਜੀ ਨੂੰ ਪਤਾ ਸੀ ਕਿ ਦਿੱਲੀ ਵਾਲੀ ਬੱਸ ਦਿੱਲੀ ਵਾਲੇ ਕਾਊਂਟਰ 'ਤੇ ਨਹੀਂ ਬਲਕਿ ਇੱਕਲਵਾਂਝੇ ਖਲੋਤੀ ਹੋਵੇਗੀ, ਜਿੱਥੇ ਆਲ਼ੇ ਦੁਆਲ਼ੇ ਪਾਣੀ ਦੇ ਚਰਗਲ਼ਾਂ ਦੀ ਭਰਮਾਰ ਹੋਵੇਗੀ। ਦਿੱਲੀ ਵਾਲੀ ਬੱਸ ਵੈਸੇ ਵੀ ਆਪਣੇ ਆਪ ਨੂੰ ਦਿੱਲੀ ਵਾਲੀ ਬੱਸ ਸਮਝਦੀ ਹੈ, ਇਹ ਕੋਈ ਬਾਜਾਖਾਨੇ ਜਾਣ ਵਾਲੀ ਬੱਸ ਥੋੜ੍ਹੀ ਹੈ ਜੋ ਆਪਣੇ ਬਜਦੇ ਹੋਏ ਬਾਜੇ ਲੁਕੋਣ ਲਈ ਹੋਰ ਬੱਸਾਂ ਦੇ ਝੁਰਮੁਟ 'ਚ ਲੁਕਦੀ ਫਿਰੇ। ਸ਼ਹਿਰ ਦੇ ਪੁਰਾਣੇ ਵਾਸੀ ਹੋਣ ਦੇ ਬੜੇ ਲਾਭ ਹੁੰਦੇ ਹਨ। ਅਸਮਾਨੀ ਨਛੱਤਰਾਂ ਤੋਂ ਇਲਾਵਾ ਤੁਹਾਨੂੰ ਸ਼ਹਿਰ ਦੀ ਹਰ ਗਤੀ ਦਾ ਗਿਆਨ ਹੁੰਦਾ ਹੈ। ਨਾਲੇ ਦਾਰਜੀ ਬਠਿੰਡੇ ਦੇ ਪੁਰਾਣੇ ਵਾਸੀ ਹੀ ਨਹੀਂ, ਉਨ੍ਹਾਂ ਬਠਿੰਡੇ ਨੂੰ ਪਿੰਡ ਤੋਂ ਸ਼ਹਿਰ ਬਣਦਾ ਵੇਖਿਆ ਸੀ। ਉਹ ਤਾਂ ਅੱਖਾਂ ਮੀਟ ਕੇ ਵੀ ਸਾਰਾ ਸ਼ਹਿਰ ਗਾਹ ਸਕਦੇ ਸਨ ਤੇ ਮੁਬਾਰਕ ਕਿਲੇ ਦੀ ਦੀਵਾਰ ਉਪਰ ਪਰਿਕਰਮਾ ਕਰ ਸਕਦੇ ਸਨ।

ਦੁਨੀਆ ਭਰ ਦੇ ਪੋਤੇ ਹਮੇਸ਼ਾ ਚੰਦ ਚੜ੍ਹਾਈ ਰੱਖਦੇ ਹਨ ਪਰ ਦਾਰਜੀ ਦੇ ਇਸ ਪੋਤੇ ਨੇ ਤਾਂ ਉਸ ਦਿਨ ਸੂਰਜ ਵੀ ਚੜ੍ਹਾ ਦਿੱਤਾ। ਪਹੁਫੁਟਾਲੇ ਦੀਆਂ ਸੀਤਲ ਕਿਰਨਾਂ ਦਾਰਜੀ ਦੀਆਂ ਅੱਖਾਂ ਵਿਚ ਸੂਲ਼ਾਂ ਬਣ ਬਣ ਠੁਕਣ ਲੱਗ ਪਈਆਂ। ਉਨ੍ਹਾਂ ਨੂੰ ਰਹਿ ਰਹਿ ਕੇ ਗੁੱਸਾ ਆ ਰਿਹਾ ਸੀ, ਅਜੇ ਤਕ ਪੋਤੇ ਦਾ ਰਿਕਸ਼ਾ ਅੱਡੇ 'ਤੇ ਨਹੀਂ ਅੱਪੜਿਆ। ਕਿਧਰੇ ਬੱਸ ਹੀ ਨਾ ਖੁੰਝ ਜਾਏ। ਦਾਰਜੀ ਨੇ ਖੁਦ ਆਪਣੀ ਜ਼ਿੰਦਗੀ ਵਿਚ ਕਦੇ ਪਹਿਲੀ ਬੱਸ ਨਹੀਂ ਸੀ ਖੁੰਝਾਈ। ਉਹ ਕਦੇ ਪਹਿਲੀ ਬੱਸ ਤੋਂ ਬਿਨਾਂ ਦੂਜੀ ਬੱਸ ਵਿਚ ਬੈਠੇ ਹੀ ਨਹੀਂ। ਬੱਸ ਇਕ ਵਾਰੀ ਜ਼ਿੰਦਗੀ ਵਿਚ ਉਨ੍ਹਾਂ ਤੋਂ ਇਕ ਗ਼ਲਤੀ ਜ਼ਰੂਰ ਹੋ ਗਈ। ਕਿਤੇ ਜਾਣ ਲਈ ਉਹ ਜਦ ਸਵੇਰੇ ਸਵੇਰੇ ਅੱਡੇ 'ਤੇ ਪਹੁੰਚੇ ਤਾਂ ਪਹਿਲੀ ਬੱਸ ਨਿਕਲ ਚੁੱਕੀ ਸੀ, ਦਾਰਜੀ ਉਨ੍ਹੀਂ ਪੈਰੀਂ ਮੁੜ ਆਏ। ਉਹ ਮੁਕਾਣ ਅਗਲੇ ਦਿਨ ਦੇ ਆਉਣਗੇ ਪਰ ਸਫ਼ਰ ਪਹਿਲੀ ਬੱਸ ਦਾ ਹੀ ਕਰਨਾ ਹੈ। ਦਾਰਜੀ ਦਾ ਵੱਸ ਚੱਲਦਾ ਜਾਂ ਘੱਟੋ ਘੱਟ ਬੱਸ ਚੱਲਦੀ ਤਾਂ ਉਨ੍ਹਾਂ ਦੂਜੀਆਂ ਤੀਜੀਆ ਬੱਸਾਂ ਹੀ ਚਲਾਉਣੀਆਂ ਬੰਦ ਕਰ ਦੇਣੀਆਂ ਸਨ।

ਪੋਤਾ ਅਜੇ ਤਕ ਨਹੀਂ ਸੀ ਆਇਆ। ਦਾਰਜੀ ਤੰਤ ਮੰਤ ਹੋ ਗਏ। ਪਰ ਉਹ ਕਦੇ ਪੋਤਿਆਂ ਨੂੰ ਬੁਰਾ ਭਲਾ ਨਹੀਂ ਸੀ ਕਹਿੰਦੇ। ਬੇਚੈਨੀ ਵਿਚ ਉਨ੍ਹਾਂ ਏਧਰ ਉਧਰ ਕਵਾਇਦ ਕਰਨੀ ਸ਼ੁਰੂ ਕਰ ਦਿੱਤੀ। ਬਠਿੰਡੇ ਦੇ ਪਿੰਡ ਤੋਂ ਸ਼ਹਿਰ ਬਣਨ ਪਿੱਛੋਂ ਡੱਡੂ-ਰੰਗੇ ਹੋ ਚੁੱਕੇ ਲੋਕਾਂ ਦੀ ਹੋਣੀ 'ਤੇ ਕੁੜ੍ਹਨਾ ਸ਼ੁਰੂ ਕਰ ਦਿੱਤਾ; ਲੋਕਾਂ ਦੇ ਕਿਰਦਾਰ ਵਿਚ ਆਈ ਗਿਰਾਵਟ ਬਾਰੇ ਆਪਣੇ ਆਪ ਨਾਲ ਗੱਲਾਂ ਕਰਨੀਆਂ ਸ਼ੁਰੂ ਕਰ ਦਿੱਤੀਆਂ ਤੇ ਸ਼ਹਿਰ 'ਤੇ ਧਾਵਾ ਕਰ ਚੁੱਕੇ ਵਾਹਣਾਂ ਦੇ ਪ੍ਰਦੂਸ਼ਨ ਤੇ ਥਰਮਲ ਪਲਾਂਟਾਂ ਦੀ ਸਿਰ 'ਚ ਪੈਂਦੀ ਸੁਆਹ ਨੂੰ ਕੋਸਣ ਲੱਗ ਪਏ। ਉਹ ਧਰਤੀ 'ਚ ਜ਼ੋਰ ਜ਼ੋਰ ਦੀ ਪੈਰ



ਮਾਰਨ ਲੱਗੇ, ਤੇ ਹੱਥਾਂ ਨੂੰ 'ਹੈ ਨਹੀਂ, ਹੈ ਨਹੀਂ' ਦੀ ਮੁਦਰਾ 'ਚ ਛਣਕਾਉਣ ਲੱਗੇ। ਪਰ ਐਨ ਇਸੇ ਵੇਲੇ ਪੋਤੇ ਦਾ ਰਿਕਸ਼ਾ ਉਨ੍ਹਾਂ ਦੇ ਅੱਗੇ ਆ ਪਹੁੰਚਾ। ਇਕ ਦਮ ਸਥਿਰ ਹੋ ਗਏ ਦਾਰਜੀ, ਅੱਖਾਂ ਲਟ ਲਟ ਬਲ਼ ਗਈਆਂ। ਉਨ੍ਹਾਂ ਰਿਕਸ਼ੇ ਦੇ ਸਿੰਗਾਂ ਨੂੰ ਮੂਹਰਿਓਂ ਹੀ ਫੜ ਲਿਆ। ਮੁੰਡੇ ਨੇ ਉਤਰਦਿਆਂ ਹੀ ਫਟਾਫਟ ਰਿਕਸ਼ੇ ਵਾਲੇ ਦਾ ਭੁਗਤਾਨ ਕੀਤਾ, ਉਸਨੂੰ ਪਤਾ ਸੀ ਦਾਰਜੀ ਵਿਚ ਆ ਗਏ ਤਾਂ ਅਮੁੱਕ ਅਸੂਲੀ ਲੜਾਈ ਸ਼ੁਰੂ ਹੋ ਜਾਣੀ ਸੀ। ਦਾਰਜੀ ਨੇ ਅਟੈਚੀ ਚੁੱਕਿਆ ਤੇ ਬੈਗ ਮੁੰਡੇ ਦੇ ਹੱਥ ਫੜਾਇਆ। ਪਰਿਵਹਨ ਨਿਯਮਾਂ ਅਨੁਸਾਰ ਅਟੈਚੀ ਬੱਸ ਦੀ ਛੱਤ 'ਤੇ ਰੱਖਣਾ ਅਨਿਵਾਰੀ ਸੀ। ਮੁੰਡੇ ਖੁੰਡੇ ਬੱਸ ਦੀ ਛੱਤ 'ਤੇ ਚੜ੍ਹਨਾ ਸ਼ਾਨ ਦੇ ਖਿਲਾਫ ਸਮਝਦੇ ਹਨ ਤੇ ਪੁਰਾਣੇ ਖੁੰਢ ਦਾਰਜੀ ਕੁਲੀ ਤੋਂ ਸਮਾਨ ਚੜ੍ਹਾਉਣਾ ਨੇਕ ਕਮਾਈ ਨੂੰ ਰੋੜ੍ਹ ਦੇਣਾ ਖਿਆਲਦੇ ਸਨ। ਦਾਰਜੀ ਦੇ ਸਾਹਮਣੇ ਤਾਂ ਵੈਸੇ ਵੀ ਕੋਈ ਕੁਲੀ ਖੜ੍ਹਾ ਨਹੀਂ ਹੋ ਸਕਦਾ। ਦਾਰਜੀ ਦੇ ਸਾਹਮਣੇ ਤਾਂ ਕਦੇ ਕੋਈ ਮੰਗਤਾ ਨਹੀਂ ਖੜ੍ਹਿਆ। ਇਕ ਵਾਰੀ ਪੱਟੀਆਂ ਬੰਨ੍ਹੀ ਇਕ ਢੋਂਗੀ ਮੰਗਤਾ ਆਪਣੇ ਅਪਾਹਜਪੁਣੇ 'ਤੇ ਤਰਸ ਦੀ ਭਾਵਨਾ ਜਗਾਉਂਦਾ ਗਲ਼ੀ ਵਿਚ ਆ ਗਿਆ। ਦਾਰਜੀ ਨੇ ਉਸਦੀਆਂ ਪੱਟੀਆਂ ਖੋਲ੍ਹ ਕੇ ਸ਼ਰ੍ਹੇਆਮ ਉਸਦੇ ਸਾਬਤ ਅੰਗਾਂ ਦਾ ਪਰਦਾ ਫਾਸ਼ ਕਰ ਦਿੱਤਾ ਤੇ ਉਸਦਾ ਉਹ ਤਵੰਜ ਉਡਾਇਆ ਕਿ ਮੰਗਤਾ ਬਠਿੰਡੇ ਦੀ ਜੂਹ ਹੀ ਛੱਡ ਗਿਆ।

ਦਾਰਜੀ ਅਟੈਚੀਕੇਸ ਸਿਰ 'ਤੇ ਰੱਖਕੇ ਬੱਸ ਦੀ ਛੱਤ 'ਤੇ ਚੜ੍ਹਨ ਲੱਗੇ ਤਾਂ ਪੋਤੇ ਦੇ ਪੈਰਾਂ ਹੇਠੋਂ ਜ਼ਮੀਨ ਹੀ ਖਿਸਕਣ ਲੱਗੀ। ਸਾਰੇ ਬਠਿੰਡੇ ਦੇ ਚੜ੍ਹ ਚੜ੍ਹਾਉਂਦੇ ਲੋਕ ਬੱਸ ਅੱਡੇ 'ਤੇ ਸਨ ਤੇ ਉਸਦੇ ਦਾਰਜੀ ਸਿਰ 'ਤੇ ਅਟੈਚੀ ਰੱਖੀ ਜਲੂਸ ਕੱਢਣ ਲੱਗੇ ਹੋਏ ਸਨ। ਉਹ ਆਪਣਾ ਸਿਰ ਲੁਕਾਉਂਦਾ ਨੱਸਾ। ਉਸਨੇ ਪਹਿਲਾਂ ਅਖਬਾਰ ਖਰੀਦੀ ਤੇ ਫਿਰ ਕੰਧ ਨਾਲ ਲੱਗ ਕੇ ਪਿਸ਼ਾਬ ਕਰਨ ਲੱਗ ਪਿਆ। ਸਭ ਕੰਮ ਨਿਪਟਾ ਕੇ ਉਸਨੇ ਚੋਰ ਅੱਖ ਨਾਲ ਦੇਖਿਆ, ਦਾਰਜੀ ਅਜੇ ਵੀ ਬੱਸ ਦੀ ਛੱਤ 'ਤੇ ਹੀ ਸਨ। ਹਾਰ ਕੇ ਉਹ ਮੀਣੇ ਵੱਛੇ ਵਾਂਗ ਨੀਵਾਂ ਹੁੰਦਾ ਹੁੰਦਾ ਬੱਸ ਦੇ ਅੰਦਰ ਵੜਕੇ ਅਖਬਾਰ ਪੜ੍ਹਨ ਲੱਗ ਪਿਆ। ਦਾਰਜੀ ਅਟੈਚੀਕੇਸ ਰੱਖਣ ਲਈ ਢੁਕਦੀ ਜਗਹ ਲੱਭਣ ਦੇ ਆਹਰ ਵਿਚ ਕਿੰਨਾ ਚਿਰ ਜੋੜ ਤੋੜ ਲਾਉਂਦੇ ਰਹੇ। ਉਨ੍ਹਾਂ ਨੂੰ ਇਸ ਗੱਲ ਦੀ ਖੁੜਕ ਸੀ ਕਿ ਜੇ ਅਟੈਚੀ ਮੂਹਰੇ ਜਿਹੇ ਰੱਖਿਆ ਤਾਂ ਰਾਹ 'ਚੋਂ ਉਤਰਦੀ ਕੋਈ ਸਵਾਰੀ ਖਿਸਕਾ ਕੇ ਤੁਰਦੀ ਬਣੇਗੀ, 'ਮੇਰੇ ਸਾਲ਼ੇ ਅੱਜ ਦੇ ਜੁਆਕ, ਕਿਤੇ ਬੱਸ 'ਚੋਂ ਉਤਰਕੇ ਥੋੜ੍ਹੋ ਦੇਖਦੇ ਨੇ', ਦਾਰਜੀ ਠੀਕ ਸੋਚ ਰਹੇ ਸਨ। ਅਖੀਰ ਉਨ੍ਹਾਂ ਬੱਸ ਦੇ ਅੱਗੇ ਜਿਹੇ ਸਪੇਅਰ ਟਾਇਰ ਵਾਲੀ ਸਭ ਤੋਂ ਸੁਰੱਖਿਅਤ ਥਾਂ 'ਤੇ ਅਟੈਚੀ ਕੇਸ ਟਿਕਾਉਣ ਦਾ ਵਿਚਾਰ ਬਣਾਇਆ। ਪਰ ਦਾਰਜੀ ਦੂਰਦਰਸ਼ੀ ਸਨ, ਉਨ੍ਹਾਂ ਦਾ ਅਨੁਭਵ ਤੇ ਸੂਝ ਉਨ੍ਹਾਂ ਦੀ ਉਮਰ ਜਿੰਨਾ ਵਿਸ਼ਾਲ ਸੀ। ਉਨ੍ਹਾਂ ਨੂੰ ਪਤਾ ਸੀ ਮੌਸਮ ਬੇਯਕੀਨਾ ਹੁੰਦਾ ਹੈ। ਨਾਲੇ ਚਲਦੀ ਬੱਸ ਤਾਂ ਉਂਝ ਵੀ ਤੇਜ਼ ਹਵਾ ਨੂੰ ਨਾਲ ਲਈ ਫਿਰਦੀ ਹੈ। ਨੇ ਜਾਣੀਏ, ਰਾਹ 'ਚ ਕਿਤੇ ਇਹ ਹਲਕਾ ਜਿਹਾ ਅਟੈਚੀ ਹਵਾ ਹੀ ਉਡਾ ਲਿਜਾਵੇ। ਦਾਰਜੀ ਤਾਂ ਹਰ ਚੀਜ਼ ਕੱਸਣ ਦੇ ਮਾਹਰ ਸਨ, ਸਾਰੇ ਘਰ ਬਾਹਰ ਦੇ ਮੰਜੇ ਤੇ ਬੰਦੇ ਉਨ੍ਹਾਂ ਕੱਸ ਕੇ ਰੱਖੇ ਹੋਏ ਸਨ। ਉਹ ਕਦੇ ਕਿਸੇ ਢਿੱਲ ਨੂੰ ਬਰਦਾਸ਼ਤ ਨਹੀਂ ਸੀ ਕਰਦੇ। ਢਿੱਲਾ ਮੰਜਾ ਦੇਖਿਆ ਨਹੀਂ, ਇਸ ਨੂੰ ਵਿਹੜੇ 'ਚ ਢਾਹ ਲੈਂਦੇ ਸਨ। ਫਿਰ ਇਸਦੀ ਦੌਣ ਕੱਸ ਕੱਸ ਕੇ ਮੰਜੇ ਦੀਆ ਚੂਲ਼ਾਂ ਹਿਲਾ ਦਿੰਦੇ ਸਨ। ਗੱਲ ਬਹੁਤੀ ਵਿਗੜੀ ਹੋਵੇ ਤਾਂ ਉਹ ਮੰਜਾ ਉਧੇੜਕੇ, ਨਵਾਂ ਜੀਅ ਪਾਕੇ ਨਵੇਂ ਸਿਰਿਉਂ ਬੁਣਨ ਲੱਗ ਪੈਂਦੇ ਸਨ, ਲੋੜ ਪੈਣ 'ਤੇ ਹੋਰ ਵਾਣ ਖਰੀਦ ਲਿਆਉਂਦੇ ਸਨ। ਪਰ ਇਸ ਰੁਝੇਵੇਂ ਦੌਰਾਨ ਉਹ ਕਿਸੇ ਹੋਰ ਨੂੰ ਨੇੜੇ ਨਹੀਂ ਸਨ ਫੜਕਣ ਦੇਂਦੇ। ਢਿੱਲਾ ਮੰਜਾ ਤੇ ਢਿੱਲਾ ਬੰਦਾ ਤਾਂ ਉਨ੍ਹਾਂ ਨੂੰ ਚਾਰ ਘਰ ਪਰੇ ਵੀ ਦਿਸ ਪੈਂਦਾ ਸੀ।

ਦਾਰਜੀ ਨੇ ਏਧਰ ਉਧਰ ਦੇਖਿਆ। ਅੱਡੇ ਦੀਆਂ ਹੱਟੀਆਂ ਤੋਂ ਤਾਂ ਰੱਸੀਆਂ ਨਹੀਂ ਮਿਲ ਸਕਦੀਆਂ, ਮਿਲ ਵੀ ਜਾਂਦੀਆਂ, ਦਾਰਜੀ ਅਜਿਹੇ ਕੰਮਾਂ ਲਈ ਰੁਪਿਆਂ ਦਾ ਨਬੇੜਾ ਨਹੀਂ ਸਨ ਕਰਦੇ। ਦਾਰਜੀ ਚਾਹੁੰਦੇ ਤਾਂ ਡਰਾਈਵਰ ਬੱਸ ਨੂੰ ਉਨ੍ਹਾਂ ਦੇ ਘਰ ਦੇ ਕੋਲ਼ ਦੀ ਲਿਜਾ ਸਕਦਾ ਸੀ ਪਰ ਬਠਿੰਡੇ ਦੀਆਂ ਗਲ਼ੀਆਂ ਰੁਕਾਵਟ ਸਨ। ਕਿਧਰੇ ਤਾਂ ਏਨੀਆਂ ਚੌੜੀਆਂ ਕਿ ਭਾਵੇਂ ਬੋਇੰਗ ਜਹਾਜ਼

ਲੰਘਾ ਲਵੇ ਤੇ ਕਿਧਰੇ ਏਨੀਆਂ ਭੀੜੀਆਂ ਕਿ ਭੋਰਾ ਜੁਆਕ ਗਡੀਰਾ ਵੀ ਨਹੀਂ ਲੰਘਾ ਸਕਦਾ। ਪਰ ਦਾਰਜੀ ਨੂੰ ਦਾਰਜੀ ਫਿਰ ਕੌਣ ਆਖਦਾ ਜੇ ਉਹ ਖੜ੍ਹੇ ਪੈਰ ਏਨੇ ਗੰਭੀਰ ਮਸਲੇ ਦਾ ਹੱਲ ਨਾ ਲੱਭਦੇ। ਉਨ੍ਹਾਂ ਏਧਰ ਉਧਰ ਮੌਕਾ ਦੇਖਿਆ, ਹੱਲ ਉਨ੍ਹਾਂ ਦੇ ਨੇਫੇ 'ਚ ਸੀ। ਉਨ੍ਹਾਂ ਝਬਦੇ ਆਪਣਾ ਪਾਜਾਮਾ ਖੋਲ੍ਹਿਆ ਤੇ ਮਦਾਰੀ ਦੇ ਖੁੱਡ 'ਚੋਂ ਸੱਪ ਕੱਢਣ ਵਾਂਗ ਇਸਦੇ ਨੇਫੇ 'ਚੋਂ ਨਾਲ਼ਾ ਕੱਢ ਲਿਆ। ਦਾਰਜੀ ਦੇ ਪਾਜਾਮੇ ਦਾ ਨਾਲ਼ਾ ਕੋਈ ਹਮਾਤੜ ਦੇ ਪਾਜਾਮੇ ਦਾ ਨਾਲ਼ਾ ਥੋੜ੍ਹੀ ਸੀ। ਊਠ ਦੀ ਲਗਾਮ ਜਿੱਡਾ ਸੀ, ਭਾਵੇਂ ਬੱਸ ਦੇ ਸਾਰੇ ਨਗਾਂ ਨੂੰ ਇਸ ਨਾਲ ਬੰਨ ਲਵੋ। ਉਨ੍ਹਾਂ ਪਾਜਾਮਾ ਝਾੜਕੇ ਬੱਲਾਰੱਤੇ ਮੋਢੇ 'ਤੇ ਸੁੱਟਿਆ ਤੇ ਅਟੈਚੀ ਕੇਸ ਨੂੜਨ ਦੀ ਵਿਉਂਤ ਲਾਉਣ ਲੱਗੇ। ਉਨ੍ਹਾਂ ਬੱਸ ਦੀ ਛੱਤ 'ਤੇ ਅਟੈਚੀ ਦੀ ਹਰ ਸੰਭਵ ਵਿਰਲ, ਗਲ਼ੀ ਤੇ ਟੇਕ ਵਿਚ ਦੀ ਨਾਲ਼ੇ ਨੂੰ ਲੰਘਾਇਆ ਤੇ ਅਟੈਚੀ ਨੂੰ ਇਸ ਤਰ੍ਹਾਂ ਜਕੜ ਦਿੱਤਾ ਕਿ ਹੁਣ ਭਾਵੇਂ ਕਿੰਨੀ ਕਾਲ਼ੀ ਬੋਲ਼ੀ ਤੇ ਪੀਲ਼ੀ ਹਨੇਰੀ ਬੱਸ ਦੇ ਉਪਰ ਦੀ ਲੰਘ ਜਾਵੇ, ਬੱਸ ਉਡ ਜਾਵੇਗੀ ਪਰ ਅਟੈਚੀ ਟੱਸ ਤੋਂ ਮੱਸ ਨਹੀਂ ਹੋਵੇਗਾ।

ਸਾਰਾ ਕੰਮ ਨਿਬੇੜ ਕੇ ਤੇ ਤਸੱਲੀ ਵਜੋਂ ਵੱਡਾ ਸਾਰਾ ਖੰਘੂਰਾ ਮਾਰ ਕੇ ਦਾਰਜੀ ਬੱਸ ਤੋਂ ਹੇਠਾਂ ਲਹਿ ਗਏ ਤੇ ਇਸ ਦੇ ਅੰਦਰ ਵੜ ਗਏ। ਮੁੰਡੇ ਨੂੰ ਸਮਝਾਉਣਾ ਸੀ, ਬੱਸ ਵਿਚ ਸਾਮਾਨ ਕਿਵੇਂ ਸੰਭਾਲੀਦਾ ਹੈ। ਬੱਸ ਦੀਆਂ ਸਵਾਰੀਆਂ ਨੇ ਗੋਡਿਆਂ ਤਕ ਨੰਗੇ ਤੇ ਮੋਢੇ ਪਾਜਾਮਾ ਰੱਖੀ ਵਧੇ ਆ ਰਹੇ ਦਾਰਜੀ ਨੂੰ ਦੇਖਿਆ। ਦਾਰਜੀ ਨੂੰ ਕੌਣ ਕੁਝ ਕਹਿ ਸਕਦਾ ਸੀ, ਅੱਧੀਆਂ ਸਵਾਰੀਆਂ ਤਾਂ ਉਨ੍ਹਾਂ ਨੂੰ ਜਾਣਦੀਆਂ ਸਨ। ਉਨ੍ਹਾਂ ਸ਼ਰਧਾ ਤੇ ਸ਼ਰਮ ਦੇ ਮਿਲੇ ਜੁਲੇ ਭਾਵਾਂ ਨਾਲ ਅੱਖਾਂ ਨੀਵੀਆਂ ਪਾ ਲਈਆਂ। ਪਰ ਸਭਿਅਤਾ ਦੀ ਇਸ ਮੁੱਢਲੀ ਅਵਸਥਾ ਵਿਚ ਦਾਰਜੀ ਨੂੰ ਦੇਖਕੇ ਮੁੰਡੇ ਦੇ ਹੋਸ਼ ਉਡ ਗਏ। ਪਾਣੀਉਂ ਪਾਣੀ ਹੋਇਆ, ਸੋਚਣ ਲੱਗਾ ਪਾਣੀ ਬਣਿਆ ਉਹ ਕਿਧਰੇ ਬੱਸ ਦੀ ਫ਼ਰਸ਼ ਵਿਚ ਹੀ ਵਹਿ ਜਾਵੇ। ਇਨ੍ਹਾਂ ਸਵਾਰੀਆਂ ਦੇ ਸੰਗ ਵਿਚ ਇਹ ਨਮੋਸ਼ੀ ਹੁਣ ਦੂਰ ਦਿੱਲੀ ਤਕ ਉਸਦੇ ਨਾਲ ਚੁੰਬੜੀ ਰਹਿਣੀ ਸੀ। ਉਹ ਕੰਬ ਉਠਿਆ। ਉਸਨੇ ਇਸ਼ਾਰਿਆਂ ਨਾਲ ਬਥੇਰਾ ਕਿਹਾ ਕਿ ਦਾਰਜੀ ਹੁਣ ਜਾਓ; ਦਿੱਲੀ ਤਕ ਮੈਂ ਆਪਣਾ ਆਪ ਤੇ ਆਪਣਾ ਸਾਮਾਨ ਸੰਭਾਲ਼ ਲਵਾਂਗਾ; ਪਰ ਦਾਰਜੀ ਨੂੰ ਪਤਾ ਸੀ ਅੱਜੋਕੀ ਪੀੜ੍ਹੀ ਕਿੰਨੀ ਅਲਗਰਜ਼ ਹੈ। ਉਨ੍ਹਾਂ ਪਾਜਾਮੇ ਨਾਲ ਨੱਕ ਪੂੰਝਿਆ ਤੇ ਪੋਤੇ ਨੂੰ ਮੁਖਾਤਿਬ ਹੋਏ, "ਕਾਕਾ ਹੁਣ ਨਹੀਂ ਜਾਂਦਾ ਤੇਰਾ ਟੈਚੀ ਕਿਤੇ। ਰਾਹ 'ਚ ਦੇਖਦਾ ਜਾਈਂ।" ਪਰ ਖਿੜਕੀ ਤੋਂ ਬਾਹਰ ਮੂੰਹ ਕਰੀ ਮੁੰਡਾ ਦਾਰਜੀ ਨੂੰ ਅਣਡਿੱਠ ਕਰ ਰਿਹਾ ਸੀ, ਬੁੜ੍ਹਾ ਹੁਣ ਦਫਾ ਹੋਵੇ ਪਰਾਂਹ। ਪਰ ਦਾਰਜੀ ਦੀ ਅਜੇ ਵੀ ਇਕ ਹੋਰ ਕਾਰਵਾਈ ਬਾਕੀ ਰਹਿੰਦੀ ਸੀ। ਉਨ੍ਹਾਂ ਜੇਬ ਵਿਚੋਂ ਦਸਾਂ ਦਾ ਨੋਟ ਕੱਢ ਲਿਆ। ਜਿਨ੍ਹਾਂ ਦਿਨਾਂ ਵਿਚ ਲੋਕ ਪਿਆਰ ਵਜੋਂ ਇਕ ਰੁਪਿਆ ਦਿਆ ਕਰਦੇ ਸਨ, ਦਾਰਜੀ ਦਸ ਰੁਪਏ ਦਿੰਦੇ ਸਨ ਤੇ ਹੁਣ ਜਦੋਂ ਸੌ ਰੁਪਏ ਦੇਣ ਦਾ ਰਿਵਾਜ ਚੱਲ ਪਿਆ ਤਾਂ ਵੀ ਦਾਰਜੀ ਜੇਬ 'ਚੋਂ ਦਸ ਰੁਪਏ ਹੀ ਢਿੱਲੇ ਕਰਦੇ ਸਨ। ਮੋਢੇ 'ਤੇ ਪਾਜਾਮਾ ਤੇ ਹੱਥ ਵਿਚ ਦਸ ਦਾ ਨੋਟ ਫੜੀ ਦਾਰਜੀ ਪੋਤੇ ਨੂੰ ਜਮਦੂਤ ਦਿਖਾਈ ਦੇ ਰਹੇ ਸਨ। ਪੋਤੇ ਨੇ ਉਨ੍ਹਾਂ ਦੇ ਹੱਥ 'ਚੋਂ ਦਵਾਸ਼ੱਟ ਨੋਟ ਖਿੱਚ ਲਿਆ ਤੇ ਬੱਸ ਤੋਂ ਉਤਰ ਆਇਆ। ਉਹ ਦੂਜੀ ਬੱਸ ਫੜਨ ਬਾਰੇ ਵੀ ਸੋਚਣ ਲੱਗਾ ਸੀ ਕਿ ਕੰਡਕਟਰ ਨੇ ਸੀਟੀ ਵਜਾ ਦਿੱਤੀ। ਦਾਰਜੀ ਬੱਸ ਤੋਂ ਬਾਹਰ ਹੋ ਗਏ।

ਦਾਰਜੀ ਵਾਪਸੀ ਤੇ ਮੋਢੇ 'ਤੇ ਪਾਜਾਮਾ ਰੱਖੀ ਘਰ ਆ ਰਹੇ ਸਨ ਪਰ ਮਜਾਲ ਹੈ ਦੁਕਾਨਦਾਰ, ਗਲ਼ੀ ਮਹੱਲਿਆਂ ਦੇ ਲੋਕ, ਗੁਆਂਢੀ ਉਨ੍ਹਾਂ ਦੀ ਅੱਖ ਨਾਲ ਅੱਖ ਮਿਲਾ ਸਕਣ। ਕਈ ਤਾਂ ਡਰਦੇ ਮਾਰੇ ਸਬਾਤਾਂ 'ਚ ਹੀ ਵੜ ਜਾਂਦੇ ਸਨ। ਘਰ ਪਹੁੰਚਣ 'ਤੇ ਨਾਨੀ ਜੀ ਨੇ ਦਾਰਜੀ ਦੀ ਸਾਰੀ ਵਿਥਿਆ ਸੁਣੀ ਤਾਂ ਬੋਲੀ, "ਜੇ ਦੋ ਟੈਚੀ ਹੁੰਦੇ ਤਾਂ ਤੁਸੀਂ ਆਪਣੇ ਕਛਹਿਰੇ ਦਾ ਨਾਲ਼ਾ ਵੀ ਖੋਲ੍ਹ ਲੈਣਾ ਸੀ। ਉਸਦਾ ਨਾਲ਼ਾ ਤਾਂ ਪਾਜਾਮੇ ਨਾਲੋਂ ਵੀ ਲੰਮਾ ਹੈ।" ਦਾਰਜੀ ਤੋਂ ਠੁਸਕ ਜਿਹਾ ਖੰਘੂਰਾ ਹੀ ਸਰਿਆ ਤੇ ਉਹ ਪਰੇ ਨੂੰ ਚਲੇ ਗਏ। ਉਹ ਆਪਣੀ ਸਰਦਾਰਨੀ ਤੋਂ ਹੀ ਸੂਤ ਰਹਿੰਦੇ ਸਨ। 000

***(8345 Opal Drive, Westland, MI 48185 USA)***



# ਪਿੱਛਾ ਰਹਿ ਗਿਆ ਦੂਰ: ਕਹਾਣੀ: ਦੀਪਤੀ ਬਬੂਟਾ

"ਜੋ ਸੁੱਖ ਛੱਜੂ ਦੇ ਚੁਬਾਰੇ ਨਾ ਬਲਖ ਨਾ ਬੁਖਾਰੇ। ਉਹ ਵੀ ਕੋਈ ਬੰਦਾ ਹੋਇਆ ਜਿਹੜਾ ਸਿਰ ਲੁਕੋਣ ਲਈ ਇੱਕ ਕੁੱਲੀ ਨਾ ਛੱਤ ਸਕੇ। ਬੰਦੇ ਦੀ ਦੌੜ ਘਰ ਤੋਂ ਘਰ ਤਕ। ਪੰਛੀ ਜਨੌਰ ਵੀ ਤਿਣਕਾ-ਤਿਣਕਾ ਇਕੱਠਾ ਕਰਦੇ ਆ। ਬਿਜੜੇ ਵਰਗਾ ਆਲ੍ਹਣਾ ਨਾ ਬਣਾ ਸਕਣ ਪਰ ਚਿੜੀਆਂ ਵੀ ਅੰਡੇ ਦੇਣ ਤੋਂ ਪਹਿਲਾਂ ਕੱਖ-ਕਾਨਾ ਜੋੜਦੀਐਂ। ਧਰਤੀ ਦੇ ਜੀਵ ਖੁੱਡਾਂ ਪੁੱਟ ਕੇ ਪਰਿਵਾਰ ਦਾ ਸਿਰ ਢਕਣ ਦੀ ਚਾਰਾਜੋਈ ਕਰਦੇ ਆ। ਨਾ ਸਾਰੀ ਉਮਰ ਆਹ ਸਰਕਾਰੀ ਖੁੱਡੀ 'ਚ ਤੇ ਨਹੀਂ ਕੱਟ ਹੋਣੀ। ਨਵੀਂ ਥਾਂ 'ਤੇ ਸੈੱਟ ਹੋਏ ਨਹੀਂ ਹੁੰਦੇ ਤੇ ਆਰਡਰ ਆ ਜਾਣਗੇ... ਬਦਲੀ ਹੋ ਗਈ। ਸਾਮਾਨ ਬੰਨ੍ਹੋ। ਕਦੀ ਇਸ ਸਟੇਸ਼ਨ ਕਦੀ ਉਸ। ਨੌਕਰੀ ਜਿੱਥੇ ਵੀ ਕਰੋ, ਜਿੱਥੇ ਸੌਖ ਹੋਵੇ ਉੱਥੇ ਰਵ੍ਹੋ, ਪਰ ਬੰਦੇ ਦਾ ਕੋਈ ਤਾਂ ਪੱਕਾ ਥਾਂ ਟਿਕਾਣਾ ਹੋਵੇ। ਇੱਥੋਂ ਪੁੱਟ ਕੇ ਉੱਥੇ ਲਾਉ, ਉੱਥੋਂ ਪੁੱਟ ਕੇ ਉੱਥੇ ਲਾਉਂਦਿਆਂ ਪੌਦਾ ਵੀ ਜੜ੍ਹ ਛੱਡ ਜਾਂਦੈ। ਰੱਬ ਜਾਣੇ ਬਾਲਾਂ ਦੇ ਸਕੂਲਾਂ ਦੀ ਅਦਲਾ-ਬਦਲੀ ਕੀ ਚੰਨ ਚੜ੍ਹਾਊਗੀ! ਪਤਾ ਲੱਗੂ ਜਿੱਦਣ ਰਿਟਾਇਰ ਹੋਏ ਤੇ ਜੁੱਲੀ ਬਿਸਤਰਾ ਲੈ ਕੇ ਰਾਹ ਨਾ ਮਿਲਿਆ ਸਿਰ ਲੁਕੋਣ ਦਾ।"

ਸਾਮਾਨ ਪੈਕ ਕਰਦੀ ਮਾਲਤੀ ਦੇ ਇਹ ਸ਼ਬਦ ਪਹਿਲੀ ਵਾਰੀ ਨਹੀਂ ਸੀ ਸੁਣੇ ਜਾ ਰਹੇ। ਅਸਲ ਵਿਚ ਘਰ ਦੇ ਨਿੱਕੇ-ਵੱਡੇ ਸਾਰੇ ਕੰਨ ਆਦੀ ਹੋ ਚੁੱਕੇ ਹਨ ਸੁਣਨ ਦੇ ਤੇ ਬੁੱਲ੍ਹਾਂ ਨੂੰ ਆਦਤ ਪੈ ਚੁੱਕੀ ਸੀ ਚੁੱਪ ਰਹਿਣ ਦੀ। ਹਾਂ, ਅੱਖਾਂ ਇਸ ਮਾਮਲੇ ਵਿਚ ਖ਼ੁਸ਼ਕਿਸਮਤ ਰਹਿੰਦੀਆਂ ਤੇ ਮੌਕੇ ਦਾ ਭਰਪੂਰ ਆਨੰਦ ਮਾਣਦੀਆਂ ਖ਼ੂਬ ਠਹਾਕੇ ਮਾਰਦੀਆਂ। ਜੇ ਕਿਧਰੇ ਉਸ ਦੀਆਂ ਗੱਲਾਂ ਦਾ ਦਿਮਾਗ਼ ਨੋਟਿਸ ਲੈ ਲਵੇ ਤਾਂ ਦਿਲ ਦਾ ਵਹਿਣ ਅੱਖਾਂ ਨੂੰ ਠੱਲ੍ਹਣਾ ਔਖਾ ਹੋ ਜਾਂਦਾ। ਨਵੇਂ ਕੁਆਟਰ 'ਚ ਸਾਮਾਨ ਟਿਕਾਅ ਰਹੀ ਹੁੰਦੀ, ਜਾਂ ਅਗਲੇ ਸਟੇਸ਼ਨ ਜਾਣ ਦੀ ਤਿਆਰੀ ਕਰਦੀ ਸਾਮਾਨ ਬੰਨ੍ਹ ਰਹੀ ਹੁੰਦੀ, ਉਹਦੀ ਬੁੜ-ਬੁੜ ਉਦੋਂ ਤਕ ਨਾ ਰੁਕਦੀ, ਜਦੋਂ ਤਕ ਨਵੇਂ ਮਾਹੌਲ 'ਚ ਰਚਮਿਚ ਕੇ ਜ਼ਿੰਦਗੀ ਦੀ ਰੇਲ ਪਟੜੀ 'ਤੇ ਨਾ ਆ ਜਾਂਦੀ।

ਇਹ ਕੈਸੇਟ ਰਿਵਾਈਂਡ ਹੋ ਕੇ ਵਾਰ-ਵਾਰ ਚੱਲਣ ਲੱਗਦੀ ਜਦੋਂ ਘਰ ਦੇ ਕੰਮ ਲੱਗੀ ਨੂੰ ਸਾਮਾਨ ਟਿਕਾਉਣ 'ਚ ਦਿੱਕਤ ਪੇਸ਼ ਆ ਜਾਂਦੀ, ਜਾਂ ਫਿਰ ਕੰਮ ਤੋਂ ਵਿਹਲੀ ਹੋ ਕੇ ਝੱਟ ਆਰਾਮ ਕਰਨ ਲਈ ਥਾਂ ਨਾ ਮਿਲਦੀ।

"ਜ਼ਰੂਰੀ ਤਾਂ ਨਹੀਂ ਮਹੱਲ ਖੜ੍ਹੇ ਕੀਤੇ ਜਾਣ। ਭਾਵੇਂ ਮਰਲਾ ਥਾਂ ਹੋਵੇ, ਬੰਦਾ ਹੇਠਾਂ ਉੱਤੇ ਕਮਰੇ ਛੱਤ ਲਵੇ। ਅੰਦਰ ਭੰਗੜਾ ਨਾ ਪਾ ਸਕੇ, ਘੱਟੋ-ਘੱਟ ਕੋਈ ਇਕ ਕਮਰਾ ਤਾਂ ਹੋਵੇ ਜਿਸ ਨਾਲ ਆਪਣੇ-ਆਪ ਨੂੰ ਜੋੜ ਕੇ ਬੰਦਾ ਆਪਣੀ ਹੋਂਦ ਮਹਿਸੂਸ ਕਰ ਸਕੇ।"

ਉਹ ਜੋ ਵੀ ਬੋਲਦੀ, ਸਾਰੇ ਮੌਨੀ ਸਾਧ ਬਣੇ ਸੁਣੀ ਜਾਂਦੇ। ਸੁਣਦੇ ਵੀ ਕਿਉਂ ਨਾ। ਕੁੱਝ ਝੂਠ ਜਾਂ ਗ਼ਲਤ ਕਹਿੰਦੀ ਹੋਵੇ ਤਾਂ ਕੋਈ ਚੂੰ-ਚਾਂ ਕਰੇ ਵੀ।

ਪਰ...!

ਉਸ ਦਾ ਅੰਮ੍ਰਿਤ ਜਿਹਾ ਸੱਚ...! ਮੇਰੇ ਲਈ ਜ਼ਹਿਰ ਦਾ ਘੁੱਟ ਹੋ ਜਾਂਦਾ। ਸੱਚੀਂ ਸੰਘੋਂ ਲੰਘਾਉਣਾ ਔਖਾ।

*****

ਆਪਣੀ ਛੱਤ...! ਸੁਖ਼ਦ ਅਹਿਸਾਸ...!! ਜ਼ਿੰਦਗੀ ਦਾ ਹੁਸੀਨ ਸੁਪਨਾ ਸੌਂਦੇ-ਜਾਗਦੇ ਦਿਖਾਉਣ ਵਾਲੀ ਮੇਰੀ ਅਰਧਾਂਗਨੀ।

ਮਾਲਤੀ...!

ਡੋਲੀਓਂ ਉਤਰੀ।

ਅਲਤੇ ਨਾਲ ਸ਼ਿੰਗਾਰੇ ਪੈਰ ਦਹਿਲੀਜ਼ ਅੰਦਰ ਪਏ। ਝਾਂਜਰਾਂ ਦਾ ਛਣਕਾਟਾ ਵੀ ਨਾ ਸੁਣਿਆ ਤੇ ਕੁਆਟਰ ਦਾ ਘੇਰਾ ਪੈਰਾਂ ਹੇਠ ਦੱਬ ਗਿਆ।

ਇਕ ਕਮਰਾ, ਰਸੋਈ, ਗੁਸਲਖ਼ਾਨਾ, ਪਖ਼ਾਨਾ ਤੇ ਟੀਨ ਦੀ ਚਾਦਰ ਲਾ ਕੇ ਕਮਰੇ ਦਾ ਰੂਪ ਦਿੱਤਾ ਹੋਇਆ ਨਿੱਕਾ ਜਿਹਾ ਬਰਾਂਡਾ।

ਇਹ ਕੁਆਟਰ...! ਇੰਨਾ ਛੋਟਾ...!! ਅਹਿਸਾਸ ਪਹਿਲਾਂ ਕਦੀ ਨਹੀਂ ਸੀ ਹੋਇਆ। ਬਰਾਂਡੇ ਵੱਲ ਖੁੱਲ੍ਹਦਾ ਕਮਰੇ ਦਾ ਦਰਵਾਜ਼ਾ, ਜੋ ਇਸ ਵੇਲੇ ਬੰਦ ਹੈ, ਦੀਆਂ ਝੀਤਾਂ ਵਿਚੋਂ ਕਈ ਕੁੱਝ ਮੇਰੇ ਆਰ-ਪਾਰ ਗੁਜ਼ਰ ਰਿਹਾ ਹੈ। ਬਰਾਂਡੇ ਅੰਦਰ ਚੱਲ ਰਹੇ ਸਾਹਾਂ ਦੀਆਂ ਆਵਾਜ਼ਾਂ ਮੇਰੇ ਕੰਨਾਂ ਅੰਦਰ ਤੂਫ਼ਾਨ ਮਚਾ ਰਹੀਆਂ ਹਨ। ਦਿਲ ਜ਼ੋਰ ਨਾਲ ਧੜਕਣ ਲੱਗਿਆ ਹੈ। ਸੁਹਾਗ ਸੇਜ 'ਤੇ ਨਵੀਂ ਨਵੇਲੀ ਦੁਲਹਨ ਸੁਹਾਗਣ ਬਣਨ ਲਈ ਆਪਣੇ ਆਪ ਵਿਚ ਸਿਮਟਦੀ ਜਾ ਰਹੀ ਹੈ ਤੇ ਮੈਂ...ਮੈਂ...! ਮੇਰੇ ਪਸੀਨੇ ਛੁੱਟ ਰਹੇ ਹਨ। ਕਮਰੇ ਅਤੇ ਬਰਾਂਡੇ ਅੰਦਰ ਚੱਲ ਰਹੇ ਸਾਹਾਂ ਦਾ ਸ਼ੋਰ ਮੇਰੇ ਦਿਲ ਦਿਮਾਗ਼ ਨੂੰ ਜਕੜਨ ਲੱਗਿਆ ਹੈ। ਹੁਸੀਨ ਪਲਾਂ 'ਤੇ ਜ਼ਿਹਨੀ ਨਿਪੁੰਸਕਤਾ ਭਾਰੀ ਪੈਣ ਲੱਗੀ ਹੈ।

ਨਵੀਂ ਜ਼ਿੰਦਗੀ ਦਾ ਆਗਾਜ਼...! ਹਿੰਮਤ ਕਰਕੇ ਮੈਂ ਬੈੱਡ 'ਤੇ ਸਿੱਧਾ ਹੋ ਕੇ ਬੈਠਣ ਲੱਗਿਆ। ਚਰ..ਰਰ...। ਬੈੱਡ ਦੀ ਚੂਲ ਹਿੱਲੀ। ਮੈਂ ਥਾਂਏਂ ਬੁੱਤ ਹੋ ਗਿਆ। ਬਰਾਂਡੇ ਅੰਦਰੋਂ ਸਾਹਾਂ ਦੀ ਆਵਾਜ਼ ਹੋਰ ਉੱਚੀ ਹੋ ਕੇ ਚੂਲ ਦੀ ਚਰ..ਰਰ 'ਤੇ ਹੱਸਣ ਲੱਗੀ। ਪਹਿਲੇ ਸਾਹ ਤੋਂ ਜੋ ਦਰਜਾ ਚਾਰ ਕੁਆਟਰ ਸੁੱਖ-ਦੁੱਖ ਦਾ ਸਾਥੀ ਰਿਹਾ ਸੀ, ਅੱਜ ਅਰਮਾਨਾਂ 'ਤੇ ਹਾਵੀ ਹੋਇਆ ਸੁਰਗਾਂ 'ਚ ਬੈਠੇ ਬਾਪ ਨੂੰ ਮਿਹਣੇਂ-ਮਿਹਣੀਂ ਹੋਣ ਲੱਗਿਆ। ਪਿਤਾ ਜੀ...! ਅਸੀਂ ਤੁਹਾਡਾ ਕੀ ਵਿਗਾੜਿਆ ਸੀ, ਜੋ...

ਪਿਤਾ ਜੀ ਗੇਟਮੈਨ...ਰੇਲਵੇ ਦਰਜਾ ਚਾਰ ਮੁਲਾਜ਼ਮ। ਦਿਨ ਰਾਤ ਫ਼ਾਟਕ ਬੰਦ ਕਰਨ ਖੋਲ੍ਹਣ 'ਚ ਲੱਗੇ ਰਹਿੰਦੇ। ਜਾਂ ਫਿਰ ਬਾਊਆਂ ਦੇ ਘਰੇਲੂ ਹੁਕਮ ਵਜਾਉਣ ਲਈ ਗਰਦਨ ਝੁਕਾ ਕੇ ਹੱਥ ਜੋੜੀ ਰੱਖਦੇ। ਮਾਂ ਘਰੇਲੂ ਔਰਤ। ਵਿਹਲੇ ਵੇਲੇ ਲਿਫ਼ਾਫ਼ੇ ਬਣਾਉਂਦੀ। ਤੰਗੀਆਂ-ਤੁਰਸ਼ੀਆਂ ਨਾਲ ਦੋ-ਚਾਰ ਹੁੰਦੇ ਮਾਂ ਤੇ ਪਿਤਾ ਜੀ। ਸਾਨੂੰ ਚਾਰ ਭੈਣ ਭਰਾਵਾਂ ਨੂੰ ਸੁਨਹਿਰਾ ਭਵਿੱਖ ਦੇਣ ਦੇ ਖ਼ੁਆਬ ਸਜਾਉਂਦੇ ਨਿੱਤ ਨਵੀਂ ਸਵੇਰ ਉਡੀਕਦੇ।

ਚਾਰ ਭੈਣ-ਭਰਾਵਾਂ 'ਚੋਂ ਮੈਂ ਵੱਡਾ ਤੇ ਮੈਥੋਂ ਨਿੱਕੀਆਂ ਤਿੰਨ ਭੈਣਾਂ।

ਸੁਣੇ ਬੋਲ ਅਰਥ ਬਣਨ ਦੀ ਸੋਝੀ ਆਉਂਦੀ, ਏਸ ਤੋਂ ਪਹਿਲਾਂ ਮੇਰੇ ਨਿੱਕੇ-ਨਿੱਕੇ ਕੰਨ ਮਾਂ ਦੀ ਇਕੋ ਗੱਲ ਸੁਣਨ ਦੇ ਆਦੀ ਹੋ ਗਏ, "ਉਹ ਵੀ ਕੋਈ ਬੰਦਾ ਹੋਇਆ, ਜਿਹੜਾ ਸਾਰੀ ਉਮਰਾਂ ਸਿਰ ਦੀ ਛੱਤ ਵੀ ਨਾ ਛੱਤ ਸਕੇ।" ਮਾਂ ਹੱਥ ਧੋ ਕੇ ਪਿਤਾ ਜੀ ਦੇ ਪਿੱਛੇ ਪਈ ਰਹਿੰਦੀ।

'ਆਪਣਾ ਘਰ' ਜ਼ਿੱਦ ਪੁਗਾਉਣ ਲਈ ਤਿਲ-ਤਿਲ ਬਚਾਉਂਦੀ,ਪਰ ਤਿਲਾਂ 'ਚੋਂ ਇੰਨਾ ਤੇਲ ਨਾ ਨਿਕਲਦਾ ਕਿ ਸੁਪਨਿਆਂ ਦੀ ਦਹਿਲੀਜ਼ 'ਤੇ ਚੋਇਆ ਜਾ ਸਕਦਾ।

ਪਿਤਾ ਜੀ ਦੀ ਜ਼ੁਬਾਨ ਵੀ ਇਹੀ ਦੁਹਰਾਉਂਦੀ,"ਬਾਲਾਂ ਦੇ ਜਵਾਨ ਹੋਣ ਤੋਂ ਪਹਿਲਾਂ ਛੱਤ ਨਾ ਵੀ ਪਵੇ, ਪਰ ਕਿਸੇ ਤਰ੍ਹਾਂ ਔਖੇ-ਸੌਖੇ ਜ਼ਮੀਨ ਦਾ ਟੋਟਾ ਜੁੜ ਜਾਏ। ਫਿਰ ਇੱਟ ਨਾਲ ਇੱਟ ਜੁੜਦਿਆਂ ਆਪੇ ਕਦੀ ਨਾ ਕਦੀ ਛੱਤ ਵੀ ਪੈ 'ਜੇਗੀ। "

ਪੂਰਾ ਮਹੀਨਾ ਅਗਲੀ ਤਨਖ਼ਾਹ 'ਚੋਂ ਅੱਧੀ ਨਹੀਂ ਤਾਂ ਚੌਥਾ ਹਿੱਸਾ ਬੱਚਤ ਦੀ ਪੱਕੀ ਗੰਢ ਪਾ ਕੇ ਬਚਾਅ-ਬਚਾਅ ਕੇ ਖ਼ਰਚ ਕੀਤਾ ਜਾਂਦਾ। ਘੁੱਟੇ ਹੱਥ 'ਚੋਂ ਰੇਤ ਤਿਲਕ ਜਾਂਦੀ ਤੇ ਲਿਫ਼ਾਫ਼ਾ ਖੁੱਲ੍ਹਣ ਤੋਂ ਪਹਿਲਾਂ ਹੀ ਤਨਖ਼ਾਹ ਨੂੰ ਲੋੜਾਂ ਨਿਗਲ ਚੁੱਕੀਆਂ ਹੁੰਦੀਆਂ। ਇਸ ਉਧੇੜ ਬੁਣ 'ਚ ਉਧੇੜ ਦਾ ਪੱਲੜਾ ਇੰਨਾ ਭਾਰੀ ਪੈ ਗਿਆ ਕਿ ਇਕ ਦਿਨ ਪੂਰਾ ਤਾਣਾ ਉੱਧੜ ਗਿਆ।



ਸਿਗਨਲ ਡਾਊਨ ਹੋਏ ਪਏ ਸਨ। ਆਊਟਰ ਤੋਂ ਗੱਡੀ ਸਟੇਸ਼ਨ ਵੱਲ ਕੂਕਾਂ ਮਾਰਦੀ ਆ ਰਹੀ ਸੀ। ਬੰਦ ਰੇਲਵੇ ਫਾਟਕ ਕੋਲ ਖੜ੍ਹੀ ਇਕ ਔਰਤ ਦਾ ਹੱਥ ਛੁਡਾ ਕੇ ਨਿੱਕਾ ਜਿਹਾ ਬਾਲ ਅਚਾਨਕ ਭੱਜ ਕੇ ਰੇਲਵੇ ਕ੍ਰਾਸਿੰਗ ਵਿਚਾਲੇ ਜਾ ਪਹੁੰਚਿਆ। ਕੁਰਲਾਹਟ ਸੁਣ ਕੇ ਪਿਤਾ ਜੀ ਭੱਜ ਪਏ। ਸਿਰ 'ਤੇ ਆ ਪਹੁੰਚੀ ਗੱਡੀ ਦਾ ਵੀ ਖ਼ਿਆਲ ਨਾ ਕੀਤਾ। ਬਾਲ ਨੂੰ ਬਾਹੋਂ ਫੜ ਕੇ ਫਾਟਕੋਂ ਪਾਰ ਧੱਕ ਦਿੱਤਾ। ਆਪ ਭੱਜ ਕੇ ਅੱਗੇ ਹੋਣ ਲੱਗੇ। ਅਚਾਨਕ ਪੈਰ ਥੁੜਕ ਗਿਆ ਤੇ ਸਿਰ ਪਰਨੇ ਪਿੱਠ ਭਾਰ ਡਿੱਗ ਪਏ।

ਕੂਕਾਂ ਮਾਰਦੀ ਗੱਡੀ ਲੰਘ ਗਈ। ਪਿੱਛੇ ਰਹਿ ਗਿਆ ਰੇਲਵੇ ਕ੍ਰਾਸਿੰਗ ਵਿਚਾਲੇ ਪਿਤਾ ਜੀ ਦੇ ਸਿਰ ਦਾ ਮਲੀਦਾ। ਫਾਟਕ ਖੁੱਲ੍ਹ ਗਿਆ। ਆਵਾਜਾਈ ਚੱਲ ਪਈ ਪਰ ਸਾਡੀ ਜ਼ਿੰਦਗੀ ਠਹਿਰ ਗਈ।

ਮੈਂ ਬੀ.ਏ. ਦੇ ਪਹਿਲੇ ਸਾਲ ਵਿਚ ਸਾਂ। ਮੇਰੇ ਤੋਂ ਛੋਟੀ ਭੈਣ ਦਸਵੀਂ, ਉਸ ਤੋਂ ਛੋਟੀ ਨੌਵੀਂ ਤੇ ਸਭ ਤੋਂ ਛੋਟੀ ਸੱਤਵੀਂ 'ਚ।

ਪਿਤਾ ਜੀ ਦੀ ਮੌਤ ਨੌਕਰੀ ਦੌਰਾਨ ਹੋਈ ਸੀ। ਤਰਸ ਦੇ ਆਧਾਰ 'ਤੇ ਮੈਨੂੰ ਨੌਕਰੀ ਮਿਲਣਾ ਤੈਅ ਸੀ। ਪੜ੍ਹਾਈ 'ਚੋਂ ਮੈਂ ਹਮੇਸ਼ਾ ਮੋਹਰੀ ਰਹਿੰਦਾ। ਗ਼ਰੀਬ ਮਾਪੇ ਪੁੱਤਰ 'ਚੋਂ ਅਫ਼ਸਰੀ ਦੀ ਝਾਕ ਰੱਖਦੇ ਆਪਾ ਵੇਚਣ ਦੀਆਂ ਤਕਰੀਰਾਂ ਕਰਦੇ, ਪਰ...!

ਮੇਰੀ ਪਹਿਲੇ ਦਰਜੇ 'ਚ ਪਾਸ ਕੀਤੀ ਹੁਣ ਤਕ ਦੀ ਪੜ੍ਹਾਈ ਮੇਰੇ ਸੁਪਨਿਆਂ ਦਾ ਰਥ ਅੱਗੇ ਨਾ ਦੌੜਾ ਸਕੀ। ਵੱਡੇ ਸੁਪਨੇ ਜ਼ਿੰਮੇਵਾਰੀਆਂ ਦੇ ਬੋਝ ਹੇਠ ਸਾਹ ਘੁੱਟ ਗਏ। ਐੱਨ.ਆਰ.ਐੱਮ.ਯੂ. ਪ੍ਰਧਾਨ ਨੇ ਸਿਰਾ ਚੁੱਕਿਆ। ਤਰਸ ਦੇ ਆਧਾਰ 'ਤੇ ਮੈਂ ਗੁਡਜ਼ ਕਲਰਕ ਲੱਗ ਗਿਆ। ਮਾਂ ਦੀ ਪੈਨਸ਼ਨ ਆਉਣ ਲੱਗੀ। ਪਿਉ ਦੀ ਨੌਕਰੀ ਮੈਨੂੰ ਮਿਲੀ ਤੇ ਕੁਆਟਰ ਵੀ ਮੇਰੇ ਨਾਂ 'ਤੇ ਸਾਡੇ ਬੇਘਰਿਆਂ ਦੇ ਸਿਰ ਦੀ ਛੱਤ ਬਣ ਗਿਆ।

ਜ਼ਿੰਦਗੀ ਤੁਰ ਪਈ। ਭੈਣਾਂ ਦੀ ਪੜ੍ਹਾਈ, ਮਾਂ ਦੀ ਦਵਾ-ਦਾਰੂ...। ਨਿੱਕੀ ਉਮਰੇ ਵੱਡੀਆਂ ਜ਼ਿੰਮੇਵਾਰੀਆਂ। ਜਵਾਨੀ ਪ੍ਰੌੜ੍ਹ ਹੋ ਗਈ।

ਜ਼ਿੰਦਗੀ...! ਕਿੱਥੇ ਸੀ ਜ਼ਿੰਦਗੀ!! ਤਿੰਨ ਸਾਲ ਰੇਤ ਵਾਂਗ ਹੱਥੋਂ ਕਿਰ ਗਏ। ਮੈਨੂੰ ਪੜ੍ਹਾਈ ਦਾ ਕੀੜਾ ਲੜਦਾ। ਮਰੇ ਸੁਪਨੇ ਨੀਂਦ 'ਤੇ ਪਹਿਰਾ ਲਾਉਂਦੇ। ਮੈਨੂੰ ਕਚੀਚੀਆਂ ਪੈਂਦੀਆਂ, ਪਰ ਭੈਣਾਂ ਦੇ ਚੰਗੇ ਨਤੀਜੇ ਚਿਹਰੇ ਦੀ ਨੁਹਾਰ ਬਦਲ ਦਿੰਦੇ।

ਮੇਰੇ ਨਾਲੋਂ ਨਿੱਕੀ ਆਈ.ਟੀ.ਆਈ. 'ਚ ਸਿਲਾਈ ਕਢਾਈ ਦਾ ਡਿਪਲੋਮਾ ਕਰਨ ਲੱਗੀ। ਮੈਂ ਛੇਤੀ ਹੀ ਇਕ ਭੈਣ ਨੂੰ ਵਿਆਹ ਕੇ ਭਾਰ ਹੌਲਾ ਕਰਨ ਲਈ ਦਿਨ-ਰਾਤ ਵਿਉਂਤਾਂ ਘੜਨ ਲੱਗਿਆ। ਉਸ ਨਾਲੋਂ ਛੋਟੀਆਂ ਵੀ ਸਿਰ ਨਾਲੋਂ ਉੱਚੀਆਂ ਹੋ ਕੇ ਡੋਬੂ ਪਾਉਣ ਲੱਗੀਆਂ ਕਿ...

*****

ਵਿਆਹ ਵਿਚ ਬੀਅ ਦਾ ਰੌਲ਼ਾ...! ਮੈਂ ਵੀ ਕਦੀ ਸਿਹਰਾ ਬੰਨ੍ਹਾਂਗਾ...! ਚਿੱਤ-ਚੇਤੇ ਵੀ ਨਹੀਂ ਸੀ। ਮੈਂ ਤਾਂ ਜਿੰਨੀ ਛੇਤੀ ਹੋ ਸਕੇ ਭੈਣਾਂ ਨੂੰ ਹੰਨੇ-ਬੰਨੇ ਲਾਉਣ ਦੀਆਂ ਸਕੀਮਾਂ 'ਚ ਉਲਝਿਆ ਵਿਭਾਗੀ ਚਿਤਾਵਨੀਆਂ ਦੇ ਜਵਾਬ ਦਿੰਦਾ, ਡਰ ਤੋਂ ਆਦਤ ਤਕ ਦਾ ਪੈਂਡਾ ਤੈਅ ਕਰ ਚੁੱਕਿਆਂ।

"ਬਾਊ ਜੀ, ਵਿਆਹ ਕਰਵਾ ਲਉ। ਹੋਰ ਕੁੱਝ ਨਹੀਂ ਤਾਂ ਪੈਂਟ ਦੀ ਜ਼ਿੱਪ ਤਾਂ ਬੰਦ ਕਰਨ ਦਾ ਖ਼ਿਆਲ ਰਿਹਾ ਕਰੂ।"

ਵਾਟਰਮੈਨ ਦਾਰੀ...ਚਾਹ ਦੇਣ ਆਇਆ ਹੱਸੀ ਜਾਵੇ। ਵਧੀ ਦਾੜ੍ਹੀ, ਖਿੱਲਰੇ ਵਾਲ਼। ਮੈਂ ਮੂੰਹ ਸਿਰ 'ਤੇ ਹੱਥ ਫੇਰੀ ਜਾਵਾਂ ਤੇ ਉਹ ਪੈਂਟ ਦੀ ਜ਼ਿੱਪ ਵੱਲ ਇਸ਼ਾਰਾ ਕਰਦਾ ਦੋਹਰਾ-ਚੌਹਰਾ ਹੋਈ ਜਾਵੇ।

ਉਸ ਦੀ ਹਰਕਤ ਦਾ ਨੋਟਿਸ ਲੈਂਦਾ ਮੇਰਾ ਹੱਥ ਸਿੱਧਾ ਪੈਂਟ ਦੀ ਜ਼ਿੱਪ 'ਤੇ। ਮੇਰਾ ਰੰਗ ਉੱਡ

ਗਿਆ। ਪੂਰਾ ਲੈਟਰਬਾਕਸ ਖੁੱਲ੍ਹਾ। ਤੇੜ ਕੱਛਾ ਵੀ ਨਾ। ਜ਼ਿੱਪ ਬੰਦ ਕਰਾਂ। ਫਰ੍ਹੀ ਹੋਈ ਹੇਠਾਂ ਉੱਤੇ ਭੱਜੀ ਜਾਵੇ।

ਕਿੰਨੇ ਪਾਰਸਲ ਦਰਸ਼ਨ ਕਰ ਗਏ...! ਸੋਚ ਕੇ ਮੇਰਾ ਵੀ ਹਾਸਾ ਛੁੱਟ ਗਿਆ।

ਹਾਸੇ ਤੋਂ ਥੋੜ੍ਹਾ ਸਾਹ ਆਇਆ ਤਾਂ ਦਾਰੀ ਨੇ ਮੈਨੂੰ ਵਿਆਹ ਕਰਵਾ ਲੈਣ ਦੀ ਸਲਾਹ ਦੇਣ ਦੇ ਨਾਲ ਹੀ ਦਸਵੀਂ ਪਾਸ ਆਪਨੀ ਚਚੇਰੀ ਭੈਣ ਮਾਲਤੀ ਦੀ ਦੱਸ ਪਾ ਦਿੱਤੀ। ਮੈਂ ਗੱਲ ਆਈ-ਗਈ ਕਰ ਦਿੱਤੀ। ਚਾਰ ਦਿਨ ਨਹੀਂ ਪਏ ਮੈਂ ਡਿਊਟੀ ਕਰਕੇ ਕੁਆਟਰ ਪਰਤਿਆ। ਅੱਗੋਂ ਦਾਰੀ ਦੇ ਮਾਂ-ਪਿਉ ਮੇਰੀ ਮਾਂ ਕੋਲ ਸ਼ਗਨ ਲੈ ਕੇ ਪਹੁੰਚੇ ਹੋਏ।

"ਭੈਣਜੀ ਬਿਨਾਂ ਮਾਂ-ਪਿਉ ਦੀ ਧੀ ਨੂੰ ਮੈਂ ਤਾਂ ਦਾਰੀ ਨਾਲ ਆਵਦੀ ਛਾਤੀ ਦਾ ਦੁੱਧ ਚੁੰਘਾ ਕੇ ਪਾਲਿਐ। ਕੁੱਖੋਂ ਨਹੀਂ ਜੰਮੀ ਤਾਂ ਕੀ ਹੋਇਆ, ਦੁੱਧ ਦੀ ਆਂਦਰ ਤਾਂ ਹੈ। ਮੇਰੀ ਧੀ ਵਰਗੀ ਧੀ ਨਹੀਂ ਮਿਲਣੀ ਤੁਹਾਨੂੰ ਆਵਦੇ ਪੁੱਤਰ ਲਈ।" ਦਾਰੀ ਦੀ ਚਾਚੀ ਦੀ ਗੱਲਬਾਤ ਤੋਂ ਸਪੱਸ਼ਟ ਹੋਇਆ ਮਾਲਤੀ ਦੀ ਮਾਂ ਸ਼ਿਲੇ 'ਚ ਚੱਲ ਵੱਸੀ ਸੀ ਤੇ ਪਿਉ ਬਿਨਾਂ ਦੱਸੇ ਕਿਹੜੇ ਦੇਸ਼ ਦਾ ਵਾਸੀ ਹੋ ਗਿਆ, ਰੱਬ ਜਾਣੇ। ਮਾਲਤੀ ਨੂੰ ਚਾਚੇ-ਚਾਚੀ ਨੇ ਧੀ ਵਾਂਙ ਪਾਲਿਆ-ਪੋਸਿਆ ਤੇ ਪੜ੍ਹਾਇਆ-ਲਿਖਾਇਆ।

ਲਗਰ ਵਾਂਗ ਵਧਦੀਆਂ ਭੈਣਾਂ, ਦਵਾਈਆਂ ਖਾਂਦੀ ਮਾਂ...! ਅਜਿਹੇ ਵਿਚ ਸ਼ਹਿਨਾਈ... ਸ਼ੋਰ ਬਣ ਕੇ ਸਿਰ ਦੀਆਂ ਨਾੜਾਂ ਨੂੰ ਚੜ੍ਹੇ, ਪਰ ਮਾਲਤੀ ਨਾਲ ਬਣੇ ਸੰਜੋਗ ਨਾ ਟਲੇ।

ਵਿਆਹ ਦੀ ਪਹਿਲੀ ਰਾਤ ਰਿਸ਼ਤੇਦਾਰਾਂ ਦੇ ਰੌਲੇ-ਗੌਲੇ 'ਚ ਲੰਘ ਗਈ। ਮਾਲਤੀ ਨੂੰ ਜੀਅ ਭਰ ਕੇ ਵੇਖਣ ਨੂੰ ਜੀਅ ਕਰੇ, ਪਰ ਸੁਹਾਗ ਰਾਤ ਵੀ ਹੁੰਦੀ ਹੈ ਉੱਕਾ ਖ਼ਿਆਲ ਨਾ।

ਅਗਲੇ ਦਿਨ ਰਿਸ਼ਤੇਦਾਰ ਚਲੇ ਗਏ।

ਹੁਣ ਕੁਆਟਰ ਸੀ। ਮਾਂ, ਭੈਣਾਂ, ਮੈਂ ਤੇ ਹਨੇਰ ਕੋਠੜੀ 'ਚ ਦੀਵੇ ਦੀ ਲੋਅ ਬਣ ਕੇ ਆਈ ਮਾਲਤੀ।

ਵਿਆਹ ਦੀ ਦੂਜੀ ਪਰ ਮਿਲਣ ਦੀ ਪਹਿਲੀ ਰਾਤ!

ਅਜੀਬ ਕਸ਼-ਮ-ਕਸ਼...! ਗੱਲ ਕਰਦਿਆਂ ਝਾਕਾ ਆਵੇ। ਕਮਰੇ ਦੇ ਦਰਵਾਜ਼ੇ ਨਾਲ ਬਰਾਂਡੇ 'ਚ ਸੁੱਤੀਆਂ ਮਾਂ ਤੇ ਭੈਣਾਂ। ਸ਼ਰਮ ਵੱਢ-ਵੱਢ ਖਾਵੇ। ਗੱਲ ਕਰਨ ਲਈ ਧੁੰਨੀ ਵਿਚੋਂ ਆਵਾਜ਼ ਕੱਢਾਂ, ਪਰ ਬੁੱਲ੍ਹਾਂ ਤਕ ਆਉਂਦਿਆਂ ਫੁੱਸ।

ਮੈਂ...ਮਾਲਤੀ...! ਮਾਲਤੀ...ਮੈਂ...! ਦੀ ਉਲਝਣ ਵਿਚ ਉਲਝਿਆ ਸੀ ਕਿ ਅਚਾਨਕ ਮਾਲਤੀ ਬੈੱਡ ਤੋਂ ਉਛਲੀ। ਸਿਰ ਤੋਂ ਚੁੰਨੀ ਲਾਹ ਕੇ ਪਰ੍ਹਾਂ ਵਗਾਹ ਮਾਰੀ ਤੇ ਚੌਂਕੜਾ ਮਾਰ ਕੇ ਮੇਰੀਆਂ ਅੱਖਾਂ 'ਚ ਅੱਖਾਂ ਗੱਡ ਦਿੱਤੀਆਂ।

ਮੈਂ ਡੌਰ-ਭੌਰਾ, ਤ੍ਰੇਲੀਓ-ਤ੍ਰੇਲੀ ਤੇ ਮਾਲਤੀ ਹੱਸਦੀ ਲੋਟ-ਪੋਟ ਹੋਈ ਜਾਵੇ।

ਮੇਰਾ ਹੱਥ ਸਿੱਧਾ ਜ਼ਿੱਪ 'ਤੇ। ਪੈਂਟ ਦੀ ਥਾਂ ਪਜਾਮਾ। ਨੇਫ਼ਾ ਟਟੋਲਿਆ। ਲੱਕ ਤੋਂ ਨਾੜਾ ਕੱਸਿਆ ਹੋਇਆ। ਫਿਰ ਕੀ ਹੋਇਆ ਹੋਵੇ...!

ਉਲਝਣ 'ਚ ਪਾਣੀ ਵਾਲਾ ਜੱਗ ਚੁੱਕਿਆ। ਆਪਨੇ ਮੂੰਹ 'ਤੇ ਛਿੱਟੇ ਮਾਰੇ ਤੇ ਬਚਿਆ ਪਾਣੀ ਮਾਲਤੀ ਦੇ ਸਿਰ 'ਚ। ਦੋਵਾਂ ਦੇ ਹਾਸੇ ਇੱਕਮਿੱਕ। ਬਰਾਂਡੇ 'ਚੋਂ ਮਾਂ ਦਾ ਖੰਘੂਰਾ ਰੁਕਣ 'ਚ ਨਾ ਆਵੇ ਤੇ ਇੱਧਰ ਧੜਕਣਾਂ ਬੇਕਾਬੂ।

ਅਗਲੀ ਸਵੇਰ...! ਨਹਾਤੀ ਧੋਤੀ ਤਰੋ-ਤਾਜ਼ਾ ਮਾਲਤੀ ਕੁਆਟਰ ਦੇ ਕੋਨੇ-ਕੋਨੇ 'ਚ ਮਹਿਕਦੀ ਫਿਰੇ। ਜ਼ਿੰਦਗੀ ਖ਼ੂਬਸੂਰਤ ਹੈ ਯਾਰ...! ਮੈਨੂੰ ਆਪਨਾ-ਆਪ ਸੋਹਣਾ-ਸੋਹਣਾ ਲੱਗੇ। ਐਵੇਂ ਹੀ ਅੰਦਰੋਂ ਧੁਣਧੁਣੀਆਂ ਜਿਹੀਆਂ ਛਿੜੀ ਜਾਣ। ਰੋਮ-ਰੋਮ ਝਾਂਜਰ ਹੋ ਛਣਕਾਟੇ ਪਾਵੇ।

ਡਿਊਟੀ ਤੋਂ ਘਰ ਪਰਤਿਆ। ਮਾਲਤੀ ਨੂੰ ਵੇਖਣ ਦੀ ਕਾਹਲ। ਸਿੱਧਾ ਬੈੱਡਰੂਮ 'ਚ ਜਾ



ਵੜਿਆ। ਬੈੱਡ ਦੀ ਢੋਅ 'ਤੇ ਬੀ.ਏ. ਦੀਆਂ ਅੱਧਵਾਟੇ ਛੁੱਟੀਆਂ ਮੇਰੀਆਂ ਕਿਤਾਬਾਂ...! ਮੈਂ ਹੈਰਾਨ...!! ਮਾਲਤੀ ਖ਼ੁਸ਼।

"ਛੁੱਟਿਆ ਪਿੱਛਾ ਕਿੱਥੇ ਫੜਿਆ ਜਾਂਦੈ। ਭੈਣਾਂ ਨੂੰ ਹੰਨੇ-ਬੰਨੇ ਲਾਉਂਦਾ ਆਪਨਾ ਵਿਆਹ ਕਰਵਾ ਕੇ ਬਹਿ ਗਿਆਂ। ਮੈਨੂੰ ਤਾਂ ਰਸੋਈ ਦਾ ਹਿਸਾਬ ਲਾਉਣਾ ਔਖਾ ਲੱਗਦੈ ਮਾਲਤੀ...। ਮੋਈਆਂ ਸੱਧਰਾਂ ਨਾਲ ਮੋਹ ਨਹੀਂ ਪਾਲ਼ੀ ਦਾ...।" ਆਖ ਕੇ ਮੈਂ ਚੁੱਪ ਕਰ ਗਿਆ।

"ਕੁੱਝ ਪਿੱਛੇ ਨਹੀਂ ਛੁੱਟਿਆ, ਨਾ ਕੁੱਝ ਮੋਇਐ। ਆਪਾਂ ਮਿਲ ਕੇ ਸਾਰੀਆਂ ਜ਼ਿੰਮੇਵਾਰੀਆਂ ਨਿਭਾਵਾਂਗੇ। ਤੁਹਾਡੀਆਂ ਭੈਣਾਂ ਮੇਰੀਆਂ ਵੀ ਭੈਣਾਂ ਨੇ। ਤੁਸੀਂ ਬੀ.ਏ. ਮੁਕੰਮਲ ਕਰੋ। ਸੁਪਨਾ ਟੁੱਟੇ ਤਾਂ ਜੁੜ ਵੀ ਸਕਦੈ, ਬਸ ਮਰੇ ਨਾ।"

ਉਸ ਦੀਆਂ ਚਮਕਦੀਆਂ ਅੱਖਾਂ, ਉੱਠੀ ਹੋਈ ਗਰਦਨ ਤੇ ਫ਼ਿਲਾਸਫ਼ੀ ਭਰਪੂਰ ਤਕਰੀਰ ਮੂਹਰੇ ਉਸ ਦੇ ਹੱਥ ਹੇਠ ਦੱਬਿਆ ਮੇਰਾ ਹੱਥ ਢਿੱਲਾ ਪੈ ਗਿਆ ਤੇ ਜ਼ੁਬਾਨ ਠਾਕੀ ਗਈ।

ਵਿਆਹ ਤੋਂ ਬਾਅਦ ਤਨਖ਼ਾਹ ਦੀ ਉਡੀਕ ਮੇਰੇ ਨਾਲੋਂ ਜ਼ਿਆਦਾ ਮਾਲਤੀ ਨੂੰ। ਅਖੇ, "ਮੈਂ ਕਮੇਟੀ ਪਾਈ ਏ। ਪੰਜ ਸੌ ਰੁਪਏ ਦੇ ਦਿਉ। ਕਿਸ਼ਤ ਭਰਨੀ ਏ। ਤਿਣਕਾ-ਤਿਣਕਾ ਕਰ ਕੇ ਜੋੜਾਂਗੀ ਤਾਂ ਜਾ ਕੇ ਆਪਨੇ ਘਰ ਦਾ ਸੁਪਨਾ ਪੂਰਾ ਹੋਵੇਗਾ।" ਮੇਰੇ ਪੈਰਾਂ ਹੇਠੋਂ ਜ਼ਮੀਨ ਹਿੱਲ ਗਈ। ਆਪਨਾ ਘਰ...! ਮੈਂ ਤਾਂ ਕਦੀ ਸੋਚਿਆ ਹੀ ਨਹੀਂ। ਮਾਂ ਦੀ ਦਵਾਈ। ਭੈਣਾਂ ਦੀਆਂ ਫ਼ੀਸਾਂ ਭਰ ਕੇ ਇੱਥੇ ਤਾਂ ਰਸੋਈ ਚਲਾਉਣੀ ਔਖੀ। ਮੈਂ ਕਦੀ ਖ਼ਾਲੀ ਜੇਬ 'ਤੇ ਹੱਥ ਫੇਰਾਂ, ਕਦੀ ਮੂੰਹ 'ਤੇ ਆਈ ਤ੍ਰੇਲੀ 'ਤੇ।

"ਮਾਲਤੀ, ਰੋਟੀ-ਕੱਪੜਾ ਮਿਲਦਾ ਹੈ। ਉਹੀ ਬੜੀ ਵੱਡੀ ਗੱਲ ਏ। ਮੈਂ ਆਪਨੀਆਂ ਜ਼ਿੰਮੇਵਾਰੀਆਂ ਤੋਂ ਭੱਜ ਕੇ ਸੁਪਨਿਆਂ ਦੀ ਦੌੜ ਪੂਰੀ ਨਹੀਂ ਕਰ ਸਕਦਾ।" ਮੈਂ ਚੁੱਪ ਕਰ ਗਿਆ ਤੇ ਬੋਲੀ ਮਾਲਤੀ ਵੀ ਨਹੀਂ।

ਕਈ ਦਿਨਾਂ ਤੋਂ ਮਾਲਤੀ ਆਪਨੀ ਵੱਡੀ ਨਨਾਣ ਨਾਲ ਬੈਠੀ ਕਦੀ ਕੋਈ ਕੱਪੜਾ ਕੱਟ ਰਹੀ ਹੁੰਦੀ, ਕਦੀ ਕੋਈ ਤੋਪਾ ਭਰ ਰਹੀ ਹੁੰਦੀ। ਇਕ ਦਿਨ ਡਿਊਟੀ ਤੋਂ ਘਰ ਪਰਤਿਆ। ਦਹਿਲੀਜ਼ 'ਤੇ ਖੜ੍ਹੀ ਮੈਨੂੰ ਵੇਖ ਕੇ ਚਹਿਕੀ ਤੇ ਅੰਦਰ ਨੂੰ ਭੱਜ ਗਈ। ਜਿਵੇਂ ਹੀ ਮੈਂ ਅੰਦਰ ਵੜਿਆ ਨਵਾਂ ਸਿਉਂਤਾ ਕਢਾਈ ਕੀਤਾ ਕੁਰਤਾ ਮੇਰੇ ਅੱਗੇ ਕਰਕੇ ਬਾਲਾਂ ਵਾਂਗ ਉੱਛਲੀ ਜਾਵੇ।

"ਮੈਂ ਸਿਉਂਤੈ। ਭੈਣ ਜੀ ਕੋਲੋਂ ਸਿੱਖਿਆ ਵੱਲ।" ਤੇ ਅਗਲੇ ਦਿਨ ਬਰਾਂਡੇ ਵਿਚ ਇਕ ਕੋਨਾ ਖ਼ਾਲੀ ਕਰ ਕੇ ਮਾਲਤੀ ਨੇ ਮਸ਼ੀਨ ਦੀ ਅਜਿਹੀ ਹੱਥੀ ਚਲਾਈ ਕਿ ਨਨਾਣ ਭਰਜਾਈ ਨੇ ਕੁਆਟਰ 'ਚੋਂ ਹੀ ਬੂਟੀਕ ਚਲਾ ਲਿਆ। ਮੇਰੇ ਕੋਲੋਂ ਮਾਲਤੀ ਨੇ ਕਦੀ ਇਕ ਪੈਸਾ ਨਾ ਮੰਗਿਆ, ਪਰ ਦਿੰਦੀ ਆਪਨੀ ਕਮਾਈ ਵੀ ਨਾ। ਅਖੇ, "ਜੇ ਮੈਂ ਕੰਮ ਨਾ ਕਰਦੀ ਤਾਂ ਵੀ ਤੇ ਤੁਸੀਂ ਸਾਰੀਆਂ ਜ਼ਿੰਮੇਵਾਰੀਆਂ ਨਿਭਾਉਂਦੇ।"

ਕਦੀ ਬਰਾਂਡੇ ਵਿਚ ਕਮੇਟੀ ਦੀ ਬੋਲੀ ਲੱਗ ਰਹੀ ਹੁੰਦੀ, ਤਾਂ ਕਦੀ ਸਿਲਾਈ-ਕਢਾਈ ਸਿੱਖਣ ਆਈਆਂ ਕੁੜੀਆਂ ਨੂੰ ਕਾਤਰਾਂ ਜੋੜ ਕੇ ਕੁਸ਼ਨ, ਚਾਦਰਾਂ ਬਣਾਉਣ ਦੇ ਗੁਰ ਦੱਸੇ ਜਾ ਰਹੇ ਹੁੰਦੇ।

ਮੈਂ ਪੁੱਛ ਬੈਠਿਆ, "ਇਹ ਕਮੇਟੀ ਕੀ ਹੁੰਦੀ ਏ? ਪੰਜ ਸੌ ਰੁਪਏ ਦਾ ਚੱਕਰ ਕੀ ਹੈ?" ਮੇਰੇ ਸਵਾਲ 'ਤੇ ਉਹ ਹੱਸੀ ਤੇ ਦੱਸਣ ਲੱਗੀ, "ਕੁੱਝ ਨਹੀਂ। ਅਸੀਂ ਰੇਲਵੇ ਕੁਆਟਰਾਂ ਵਾਲੀਆਂ ਤੇ ਕੁੱਝ ਮੇਰੀਆਂ ਕਸਟਮਰ, ਜੋ ਕੱਪੜੇ ਸੁਆਉਣ ਆਉਂਦੀਆਂ, ਮਿਲ ਕੇ ਕਮੇਟੀ ਦਾ ਕੰਮ ਸ਼ੁਰੂ ਕੀਤੈ। ਕੁੱਲ ਪੰਦਰਾਂ ਮੈਂਬਰ। ਹਰ ਮੈਂਬਰ ਪੰਜ ਸੌ ਰੁਪਏ ਕਮੇਟੀ ਦਿੰਦੈ। ਇਸ ਤਰ੍ਹਾਂ ਪੰਦਰਾਂ ਜਣਿਆਂ ਦਾ ਜੁੜਿਆ ਪੈਸਾ ਪੰਡੱਤਰ ਸੌ ਰੁਪਏ ਬਣ ਜਾਂਦੈ। ਜ਼ਰੂਰੀ ਨਹੀਂ ਕਿਸ਼ਤ ਪੰਜ ਸੌ ਰੁਪਏ ਮਹੀਨੇ ਹੀ ਰੱਖੀ ਜਾਵੇ। ਜਿੰਨੀ ਕਿਸ਼ਤ ਸਾਰੇ ਆਸਾਨੀ ਨਾਲ ਆਪਨੀ ਬੱਚਤ ਵਿਚੋਂ ਕੱਢ ਸਕਣ ਮੈਂਬਰਾਂ ਦੀ ਸਲਾਹ ਨਾਲ ਉਨੀ ਕਿਸ਼ਤ ਦੀ ਮਾਸਿਕ ਕਮੇਟੀ ਪਾ ਲਈ ਜਾਂਦੀ ਹੈ। ਹਰ ਮਹੀਨੇ ਅਸੀਂ ਕਮੇਟੀ

ਦੀ ਬੋਲੀ ਲਗਾਉਂਦੇ ਹਾਂ। ਲੋੜਵੰਦ ਆਪਣਾ ਹਿਸਾਬ ਲਗਾ ਕੇ ਬੋਲੀ ਦਿੰਦਾ ਹੈ। ਸਭ ਤੋਂ ਵੱਧ ਬੋਲੀ ਲਗਾਉਣ ਵਾਲੇ ਨੂੰ ਬੋਲੀ ਵਾਲੀ ਕੀਮਤ ਕੱਟ ਕੇ ਬਾਕੀ ਪੈਸੇ ਦੇ ਦਿੱਤੇ ਜਾਂਦੇ ਹਨ। ਜੋ ਬੋਲੀ ਲੱਗੀ ਹੁੰਦੀ ਹੈ, ਦਾ ਮੁਨਾਫ਼ਾ ਸਾਰੇ ਮੈਂਬਰਾਂ ਵਿਚ ਵੰਡ ਲਿਆ ਜਾਂਦਾ ਹੈ। ਕੈਸ਼ੀਅਰ ਨੂੰ ਬੋਲੀ ਤੋਂ ਰਾਹਤ ਹੁੰਦੀ ਹੈ ਤੇ ਕਮੇਟੀ ਦੀ ਸ਼ਰਤ ਮੁਤਾਬਕ ਉਸ ਨੂੰ ਦੂਸਰੀ ਜਾਂ ਤੀਸਰੀ ਪੂਰੀ ਕਮੇਟੀ ਯਾਨੀ ਕਿ ਬਿਨਾਂ ਕਾਟ ਤੋਂ ਪੂਰੀ ਰਕਮ ਮਿਲਦੀ ਹੈ ਤੇ ਜਨਾਬ! ਕੈਸ਼ੀਅਰ ਮੈਂ ਹਾਂ। ਸੋ ਬੋਲੀ ਸਾਡੇ ਕੁਆਟਰ ਵਿਚ ਲੱਗਦੀ ਹੈ।" ਉਹ ਤਣ ਕੇ ਮੇਰੇ ਅੱਗੇ ਖੜ੍ਹੀ ਸੀ।

"ਹੈ ਤਾਂ ਵਧੀਆ ਕੰਮ ਪਰ ਸੰਭਲ ਕੇ ਚੱਲੀਂ ਮਾਲਤੀ। "

"ਚਿੰਤਾ ਨਾ ਕਰੋ...।" ਸੱਚਮੁੱਚ ਹੀ ਉਸ ਨੇ ਮੈਨੂੰ ਕਦੀ ਚਿੰਤਿਤ ਹੋਣ ਵੀ ਨਹੀਂ ਦਿੱਤਾ। ਚਿਹਰਾ ਪੜ੍ਹ ਕੇ ਦਿਲ ਦੀ ਵੇਦਨਾ ਸਮਝ ਲੈਂਦੀ। ਮੁਸ਼ਕਿਲ ਦਾ ਹੱਲ ਤਾਂ ਸੁਝਾਅ ਦਿੰਦੀ, ਪਰ ਆਪਣੀ ਪੋਟਲੀ 'ਚੋਂ ਨਿੱਕੇ ਪੈਸੇ ਦੀ ਮਦਦ ਨਾ ਕਰਦੀ।

"ਪੈਸੇ ਦੀ ਪੀਰ।" ਮੈਂ ਚਿੜ੍ਹਾਉਂਦਾ। "ਹਾਂ ਜੀ ਬਿਲਕੁਲ।" ਹੱਸ ਕੇ ਗਰਦਨ ਹੋਰ ਉੱਚੀ ਕਰ ਲੈਂਦੀ।

*****

ਇਸੇ ਤਣਾ-ਤਣੀ 'ਚ ਵਿਆਹ ਨੂੰ ਚਾਰ ਸਾਲ ਹੋ ਗਏ। ਮਾਂ ਅਗਲੀ ਪੀੜ੍ਹੀ ਝੋਲੀ ਖਿਡਾਉਣ ਦੀ ਰੀਝ ਲੈ ਕੇ ਚੱਲ ਵਸੀ। ਵੱਡੀ ਭੈਣ ਦਾ ਵਿਆਹ ਹੋ ਗਿਆ। ਉਸ ਨਾਲੋਂ ਛੋਟੀ ਨਰਸ ਬਣ ਗਈ ਤੇ ਸਭ ਤੋਂ ਛੋਟੀ ਨਾਲ ਮੇਰੀ ਵੀ ਬੀ.ਏ. ਮੁਕੰਮਲ ਹੋ ਗਈ। ਅਸੀਂ ਦੋਹਾਂ ਨੇ ਰੇਲਵੇ ਭਰਤੀ ਲਈ ਇਮਤਿਹਾਨ ਦਿੱਤਾ।

ਮੇਰਾ ਸਹਾਇਕ ਸਟੇਸ਼ਨ ਮਾਸਟਰ ਤੇ ਛੋਟੀ ਦਾ ਕਲੈਰੀਕਲ ਪਰੀਖਿਆ ਟੈਸਟ ਕਲੀਅਰ ਹੋ ਗਿਆ।

ਮੈਂ ਦਰਜਾ ਚਾਰ ਤੋਂ ਦਰਜਾ ਤਿੰਨ 'ਚ ਪਰਮੋਟ ਹੋ ਕੇ ਟਰੇਨਿੰਗ ਲਈ ਚੰਦੌਸੀ ਜਾ ਪਹੁੰਚਿਆ। ਟਰੇਨਿੰਗ ਪਾਸ ਕੀਤੀ। ਜਿਸ ਸਟੇਸ਼ਨ 'ਤੇ ਸਾਰੀ ਉਮਰ ਪਿਤਾ ਜੀ ਨੇ ਸਿਰ ਝੁਕਾ ਕੇ ਹੱਥ ਬੰਨ੍ਹੀ ਰੱਖੇ ਸਨ, ਉਸੇ ਸਟੇਸ਼ਨ 'ਤੇ ਮੈਂ ਸਹਾਇਕ ਸਟੇਸ਼ਨ ਮਾਸਟਰ ਲੱਗ ਕੇ ਗੱਡੀਆਂ ਆਰ-ਪਾਰ ਕਰਵਾਉਣ ਲੱਗਿਆ।

ਦਰਜਾ ਚਾਰ ਕੁਆਟਰਾਂ ਤੋਂ ਪਿੱਛਾ ਛੁੱਟ ਗਿਆ। ਅਸੀਂ ਛੋਟੇ ਕੁਆਟਰ ਤੋਂ ਬਾਊਆਂ ਦੇ ਵੱਡੇ ਕੁਆਟਰ 'ਚ ਪਹੁੰਚ ਗਏ। ਇਨ੍ਹਾਂ ਕੁਆਟਰਾਂ 'ਚ ਕਦੀ ਮੇਰੇ ਪਿਤਾ ਜੀ ਸਿਰ ਝੁਕਾਈ ਬਾਊਆਂ ਦੇ ਹੁਕਮ ਪੁਗਾਉਂਦੇ ਸਾਡੇ ਚਾਰਾਂ ਭੈਣ-ਭਰਾਵਾਂ ਲਈ ਵੱਡੇ ਸੁਪਨੇ ਵੇਖਿਆ ਕਰਦੇ ਸਨ। ਕਾਸ਼...! ਇਹ ਸਭ ਵੇਖਣ ਲਈ ਉਹ ਜੀਉਂਦੇ ਹੁੰਦੇ।

ਪੰਜਵੇਂ ਸਾਲ ਮਾਲਤੀ ਦੀ ਕੁੱਖ ਹਰੀ ਹੋਈ। ਦੋਵੇਂ ਨਿੱਕੀਆਂ ਭੈਣਾਂ ਨੌਕਰੀ 'ਚ ਆ ਗਈਆਂ ਤੇ ਸੁੱਖ ਨਾਲ ਦੋਵਾਂ ਨੂੰ ਆਪਣੇ ਖੇਤਰ ਦੇ ਵਰ ਵੀ ਮਿਲ ਗਏ।

ਮਾਂ-ਪਿਤਾ ਜੀ ਕੰਧ 'ਤੇ ਟੰਗੀ ਤਸਵੀਰ ਹੋ ਗਏ। ਭੈਣਾਂ ਆਪੋ-ਆਪਣੇ ਘਰਾਂ ਵਿਚ ਰੁੱਝ ਗਈਆਂ। ਮਾਲਤੀ ਮੈਨੂੰ ਪਿਤਾ ਬਣਨ ਦਾ ਸੁੱਖ ਦੇਣ ਵਾਲੀ ਸੀ।

ਪਿਛਲੇ ਪੰਜ ਸਾਲਾਂ ਵਿਚ ਇਹ ਸਭ ਕੁੱਝ... ਮੈਨੂੰ ਸੁਪਨਾ ਜਾਪਦਾ। ਸੱਚ-ਝੂਠ ਪਰਖਣ ਲਈ ਮੈਂ ਕਦੀ ਪਿੰਡੇ ਚੂੰਢੀ ਵੱਢਦਾ, ਕਦੀ ਆਪਣੇ ਹੀ ਮੂੰਹ 'ਤੇ ਚਪੇੜ ਮਾਰ ਕੇ ਖ਼ੁਦ ਨੂੰ ਸੱਚ ਦੀ ਤਸੱਲੀ ਕਰਵਾਉਂਦਾ।ਮਾਲਤੀ ਨੇ ਧੀ ਪੁੱਤ ਜੌੜੇ ਬਾਲਾਂ ਨੂੰ ਜਨਮ ਦਿੱਤਾ। ਛੇ ਸਾਲਾਂ ਵਿਚ ਦੋ ਬਾਲ ਹੀ ਹੋਣੇ ਸਨ। ਸੋਚ ਕੇ ਮੇਰਾ ਆਪ-ਮੁਹਾਰੇ ਹਾਸਾ ਛੁੱਟ ਗਿਆ। ਮੇਰਾ ਪਰਿਵਾਰ। ਭਰਿਆ-ਪੂਰਾ ਘਰ-ਸੰਸਾਰ, ਪਰ ਮਾਲਤੀ ਦਾ 'ਆਪਣਾ ਘਰ'...ਸੁਪਨਾ ਪੂਰਾ ਕਰਨਾ ਮੇਰੇ ਲਈ ਪਹਾੜ ਦੀ ਚੋਟੀ ਸਰ ਕਰਨਾ ਸੀ। ਜੌੜੇ ਬਾਲਾਂ ਦਾ ਪਾਲਣ-ਪੋਸ਼ਣ, ਵਿਆਹੀਆਂ ਭੈਣਾਂ ਦੀ ਕਬੀਲਦਾਰੀ। ਸਟੇਸ਼ਨ ਮਾਸਟਰ ਦੀ ਤਨਖ਼ਾਹ ਸਾਰਿਆਂ ਨਾਲ ਪੂਰੀ ਲਹਿੰਦੀ ਹੰਭ ਜਾਂਦੀ। ਇੱਧਰ ਮਾਲਤੀ ਗਾਹੇ-ਬ-ਗਾਹੇ ਬੋਲਦੀ ਰਹਿੰਦੀ, "ਕੋਈ ਪੱਕਾ ਥਾਂ ਟਿਕਾਣਾ ਹੋਵੇ ਤਾਂ ਦੁਕਾਨ ਕਿਰਾਏ 'ਤੇ ਲੈ ਕੇ ਬੂਟੀਕ ਖੋਲ੍ਹ ਲਵਾਂ। ਹਰ ਚੌਥੇ ਸਾਲ ਨਵਾਂ ਕੁਆਟਰ। ਬਾਲਾਂ ਲਈ ਨਵਾਂ ਸਕੂਲ। ਅਜੇ ਬੂਟੀਕ ਦੇ ਗਾਹਕ ਪੱਕੇ ਹੋਣ ਲੱਗਦੇ ਨੇ ਤੇ ਸਾਡਾ ਬੋਰੀ-ਬਿਸਤਰਾ ਬੰਨ੍ਹਣ ਦਾ ਵਕਤ ਆ ਜਾਂਦੈ।" ਤਬਾਦਲੇ ਦੇ ਦਿਨ ਮੇਰੀ ਆਰਥਿਕਤਾ ਦਾ ਰੱਜ ਕੇ ਮੂੰਹ ਚਿੜਾਉਂਦੇ, ਪਰ ਗੱਡੀ ਚੱਲੀ ਜਾਂਦੀ। ਕਦੀ 'ਕੋਸ਼ਨ' ਆ ਜਾਂਦਾ, ਪਰ ਲਾਈਨ ਦੀ ਮੁਰੰਮਤ ਹੁੰਦੇ ਹੀ ਜ਼ਿੰਦਗੀ ਰਫ਼ਤਾਰ ਫੜ ਲੈਂਦੀ।

*****

ਵਿਆਹ ਦੀ ਪੰਦਰ੍ਹਵੀਂ ਵਰ੍ਹੇ ਗੰਢ...!

ਮਾਲਤੀ ਨੂੰ ਕੁੱਝ ਜ਼ਿਆਦਾ ਹੀ ਚਾਅ ਚੜ੍ਹਿਆ ਹੋਇਆ।

ਅੰਦਰ ਹੀ ਅੰਦਰ ਕੋਈ ਤਾਣਾ ਬੁਣਿਆ ਜਾ ਰਿਹੈ...! ਮੈਂ ਉਸ ਦਾ ਚਿਹਰਾ ਪੜ੍ਹ ਕੇ ਅੰਦਰ ਜਾਣਨ ਦੀ ਉਲਝਣ 'ਚ ਉਲਝਿਆ ਸੀ ਕਿ ਉਹੀ ਗੱਲ ਹੋਈ...! ਪਤਾ ਨਹੀਂ ਕਿਹੜੀ ਨੁੱਕਰ 'ਚ ਸਾਂਭੇ ਪੈਸੇ ਕੱਢ ਲਿਆਈ ਤੇ ਅੱਖਾਂ ਭਰ ਕੇ ਪੈਸੇ ਮੇਰੇ ਅੱਗੇ ਢੇਰੀ ਕਰਦਿਆਂ ਕਹਿਣ ਲੱਗੀ, "ਆਪਣਾ ਘਰ...।"

"ਇੰਨੇ ਪੈਸੇ...! " ਮੈਂ ਹੱਕਾ-ਬੱਕਾ ਰਹਿ ਗਿਆ। ਮੈਂ ਤਾਂ ਕਦੀ ਮਾਲਤੀ ਨੂੰ ਤਨਖ਼ਾਹ 'ਚੋਂ ਕੁੱਝ ਫੜਾਇਆ ਨਹੀਂ। ਪਹਿਲੀ ਵਾਰੀ ਕਮੇਟੀ ਲਈ ਮੰਗੇ ਪੰਜ ਸੌ ਰੁਪਏ ਦੇਣ ਤੋਂ ਇਨਕਾਰ ਕੀ ਕੀਤਾ, ਉਸ ਨੇ ਫੇਰ ਕਦੀ ਮੇਰੇ ਕੋਲੋਂ ਨਿੱਕਾ ਪੈਸਾ ਵੀ ਨਾ ਮੰਗਿਆ।

ਮੈਂ ਉਲਝਣ ਸੁਲਝਾਉਣ 'ਚ ਉਲਝਿਆ ਸੀ ਕਿ ਉਹ ਬੋਲ ਪਈ, "ਬਦਲੀ ਜਿੱਥੇ ਹੋਵੇ ਹੁੰਦੀ ਰਵ੍ਹੇ, ਪਰ ਬੰਦੇ ਕੋਲ ਆਪਣੇ ਸਿਰ ਦੀ ਛੱਤ ਵੀ ਨਾ ਹੋਵੇ। ਪਤਾ ਉਦੋਂ ਲੱਗੂ ਜਦੋਂ ਰਿਟਾਇਰ ਹੋਏ। ਹੁਣ ਤਾਂ ਜਵਾਕ ਛੋਟੇ ਨੇ, ਕੱਲ੍ਹ ਨੂੰ ਜਦੋਂ ਵੱਡੇ ਹੋ ਗਏ ਫਿਰ ਨਹੀਂ ਖ਼ਰਚੇ ਸਾਹ ਲੈਣੇ। ਨਾਲੇ ਮੈਂ ਕਿਹੜਾ ਤੁਹਾਡੀ ਤਨਖ਼ਾਹ 'ਚੋਂ ਹਿੱਸਾ ਮਾਰਿਐ। ਕੱਲ੍ਹ ਨੂੰ ਵੱਡੇ ਹੋਏ ਬਾਲ ਇਹ ਤਾਂ ਮਿਹਣਾ ਨਾ ਮਾਰਨ ਕਿ ਅਸੀਂ ਆਪਣਾ ਘਰ ਵੀ ਨਾ ਬਣਾ ਸਕੇ।" ਜਾਣਦਾ ਸਾਂ ਉਸ ਦੀਆਂ ਸਾਰੀਆਂ ਉੱਚੀਆਂ ਆਵਾਜ਼ਾਂ ਮੇਰੀ ਨਾਭੀ 'ਚ ਦੱਬੀ ਆਵਾਜ਼ ਨੂੰ ਦਫ਼ਨ ਕਰਨ ਲਈ ਲਗਾਤਾਰ ਉੱਚੀਆਂ ਹੋ ਰਹੀਆਂ ਹਨ। ਅਸਲ ਵਿਚ ਉਸ ਅੱਗੇ ਮੇਰੀ ਆਵਾਜ਼ ਹਮੇਸ਼ਾ ਦੱਬ ਕੇ ਰਹਿ ਜਾਂਦੀ। ਲੋੜਾਂ-ਥੋੜਾਂ ਗਿਣਾਉਣ ਦੀ ਬਜਾਏ ਮੈਂ ਸਿੱਧਾ-ਸਪਾਟ ਪੁੱਛਿਆ,

"ਪਤਾ ਵੀ ਲੱਗੇ ਘਰ ਬਣਾਉਣਾ ਕਿੱਥੇ ਆ? ਜਦੋਂ ਤਕ ਨੌਕਰੀ ਏ ਰਹਿਣਾ ਤਾਂ ਜਿੱਥੇ ਪੋਸਟਿੰਗ ਹੋਏਗੀ ਉੱਥੇ ਹੀ ਪੈਣੈ।"

ਮੇਰਾ ਇਹ ਸੰਸਾ ਵੀ ਉਸ ਨੇ ਆਪੇ ਹੀ ਹੱਲ ਕਰ ਦਿੱਤਾ। ਤਪਾਕ ਦੇਣੀ ਬੋਲੀ, "ਜ਼ਿਲ੍ਹਾ ਹੈੱਡ ਕੁਆਟਰ। ਗੁੱਡੀ ਵਿਆਹੀ ਜਾਵੇਗੀ। ਕਾਕਾ ਜੋ ਵੀ ਕਰੇ, ਜਿੱਥੇ ਵੀ ਰਹੇ। ਘੱਟੋ-ਘੱਟ ਉਸ ਨੂੰ ਆਪਣੀ ਛੱਤ ਉਸਾਰਨ ਦੀ ਚਿੰਤਾ ਤਾਂ ਨਾ ਖਾਵੇਗੀ। ਉਸ ਦਾ ਵੀ ਆਪਣਾ ਜੱਦੀ-ਪੁਸ਼ਤੀ ਘਰ ਹੋਵੇਗਾ।"

ਅਸੀਂ ਦੋਹਾਂ ਨੇ ਮਿਲ ਕੇ ਉਸ ਦੇ ਜੋੜੇ ਪੈਸੇ ਗਿਣੇ। ਛੋਟੇ ਵੱਡੇ ਨੋਟ ਤੇ ਸਿੱਕੇ ਮਿਲਾ ਕੇ ਇਕ ਲੱਖ ਤ੍ਰੇਹਠ ਹਜ਼ਾਰ ਦੇ ਕਰੀਬ।

"ਇਹਦਾ ਕੀ ਆਏਗਾ?" ਮੈਂ ਹੱਸਿਆ।

ਉੱਠੀ...। ਪਤਾ ਨਹੀਂ ਕਿਹੜੀ ਖੁੱਡ 'ਚੋਂ ਇਕ ਲੀਰਾਂ ਲੱਥਾ ਲੈਦਰ ਦਾ ਬੈਗ ਚੁੱਕ ਲਿਆਈ।

"ਇਹ ਵੇਖੋ, ਕਿੰਨੀਆਂ ਐਫ.ਡੀਆਂ ਤੇ ਕਿਸਾਨ ਵਿਕਾਸ ਪੱਤਰ...! ਮੇਰੀ ਹਰ ਕਮੇਟੀ ਦਾ ਹਿਸਾਬ...। " ਹੁਣ ਉਸ ਦਾ ਹੱਸਣਾ ਤੇ ਮੇਰੀਆਂ ਅੱਖਾਂ ਫਟੀਆਂ ਰਹਿ ਜਾਣਾ ਸੁਭਾਵਕ ਸੀ। ਗਿਣਨ ਲੱਗੇ...! ਪੰਜ ਹਜ਼ਾਰ, ਛੇ ਹਜ਼ਾਰ, ਪੰਝੱਤਰ ਸੌ, ਬਾਰਾਂ ਹਜ਼ਾਰ...ਵਾਲੀਆਂ ਮਿਚਿਉਰ

ਹੋਈਆਂ ਐੱਫ.ਡੀਆਂ, ਕਿਸਾਨ ਵਿਕਾਸ ਪੱਤਰ ਗਿਣਦਿਆਂ ਉਸ ਦੇ ਚਿਹਰੇ ਦੀ ਵਧਦੀ ਚਮਕ ਨੇ ਮੇਰੀਆਂ ਅੱਖਾਂ ਜਲ-ਥਲ ਕਰ ਦਿੱਤੀਆਂ।

"ਵਾਹ ਓਏ ਦਾਰੀ! ਜੀਉਂਦਾ ਰਹਿ ਭਲਿਆ ਲੋਕਾ।" ਮਾਲਤੀ ਨੂੰ ਬੁੱਕਲ 'ਚ ਲੈਂਦਿਆਂ ਮੈਂ ਮੇਲ ਦਾ ਸਬੱਬ ਬਣੇ ਦਾਰੀ ਦਾ ਦਿਲੋਂ ਧੰਨਵਾਦ ਕੀਤਾ।

ਮਾਲਤੀ ਦੀਆਂ ਅੱਖਾਂ ਰਾਹੀਂ ਵੇਖਿਆ, ਮੈਨੂੰ ਆਪਣੇ ਘਰ ਦਾ ਸੁਪਨਾ ਸਾਕਾਰ ਹੁੰਦਾ ਲੱਗਿਆ। ਅਗਲੇ ਹੀ ਦਿਨ ਪਲਾਟ ਦੀ ਭਾਲ ਲਈ ਦਲਾਲਾਂ ਨਾਲ ਗੱਲ ਹੋ ਗਈ। ਹਫ਼ਤਾ ਨਹੀਂ ਪਿਆ। ਇਕ ਮਰਲਾ ਨਹੀਂ, ਬਲਕਿ ਦਸ ਮਰਲੇ ਪਲਾਟ ਦੀ ਪੇਸ਼ਗੀ ਸਾਈ ਦੇ ਦਿੱਤੀ ਗਈ। ਹੌਲੀ-ਹੌਲੀ ਨੀਹਾਂ ਭਰੀਆਂ ਗਈਆਂ। ਉਸ ਦੀ ਹਿੰਮਤ ਮੇਰਾ ਹੌਸਲਾ ਬਣਨ ਲੱਗੀ। ਮੈਂ ਸੁਸਾਇਟੀ ਲੋਨ ਤਾਂ ਲੈ ਲਿਆ, ਪਰ ਜੀ.ਪੀ. ਫੰਡ 'ਚੋਂ ਪੈਸੇ ਕਢਵਾਉਣ ਦੀ ਗੱਲ ਮਾਲਤੀ ਨੇ ਮੇਰੇ ਸੰਘ ਅੰਦਰ ਹੀ ਘੁੱਟ ਦਿੱਤੀ। ਅਖੇ, "ਮੇਰੇ ਬਾਲਾਂ ਦਾ ਭਵਿੱਖ ਦਾਅ 'ਤੇ ਲਾ ਕੇ ਸੁਪਨੇ ਨਹੀਂ ਉਸਾਰਨੇ ਮੈਂ। ਕੋਈ ਨਾ ਨੀਹਾਂ ਭਰੀਆਂ ਗਈਆਂ। ਆਪੇ ਹੌਲੀ-ਹੌਲੀ ਕੰਧਾਂ ਵੀ ਖੜ੍ਹੀਆਂ ਹੋ ਜਾਣਗੀਆਂ।

ਮਾਲਤੀ ਬਾਲਾਂ ਨੂੰ ਸੰਭਾਲਦੀ। ਜਿੱਥੇ ਵੀ ਜਾਂਦੀ ਆਪਣਾ ਬੂਟੀਕ ਨਾਲ ਚੁੱਕੀ ਰੱਖਦੀ। ਇਕ ਤੋਂ ਦੂਜੇ ਸਟੇਸ਼ਨ 'ਤੇ ਬਦਲੀ ਨੇ ਉਸ ਦੇ ਗਾਹਕਾਂ ਦੇ ਡੱਬੇ ਕਈ ਸਟੇਸ਼ਨਾਂ ਤਕ ਪਹੁੰਚਾ ਦਿੱਤੇ ਸਨ। ਸਰਵਾਈਕਲ ਦੀ ਪਰੇਸ਼ਾਨੀ ਕਾਰਨ ਚਾਹੇ ਸਿਲਾਈ ਦਾ ਕੰਮ ਟੇਲਰ ਮਾਸਟਰ ਕਰਨ ਲੱਗਿਆ, ਪਰ ਮਾਲਤੀ ਆਪਣਾ ਹਿਸਾਬ ਨਾ ਵਿਗੜਨ ਦਿੰਦੀ।

*****

ਵਿਆਹ ਦੀ ਬਾਈਵੀਂ ਵਰ੍ਹੇਗੰਢ। ਦੋਹਰਾ ਜਸ਼ਨ ਬਣ ਕੇ ਆਈ।

ਮੈਂ ਸਟੇਸ਼ਨ ਮਾਸਟਰ ਤੋਂ ਸਟੇਸ਼ਨ ਸੁਪਰਡੈਂਟ ਪਰਮੋਟ ਹੋਇਆ ਤੇ ਮਾਲਤੀ ਦੀਆਂ ਅੱਖਾਂ ਨਾਲ ਵੇਖਿਆ ਸਾਡਾ ਸੁਪਨਾ 'ਆਪਣਾ ਘਰ', ਬਿਜਲੀਆਂ ਸੰਗ ਨਹਾਤਾ ਫੁੱਲਾਂ ਨਾਲ ਸ਼ਿੰਗਾਰਿਆ ਸਾਡੀਆਂ ਅੱਖਾਂ ਸਾਹਮਣੇ ਸਾਕਾਰ ਖੜ੍ਹਾ ਹੈ।

ਭੈਣਾਂ ਪਰਿਵਾਰਾਂ ਨਾਲ ਹੱਸਦੀਆਂ ਨੇ ਘਰ ਦੀ ਦਹਿਲੀਜ਼ 'ਤੇ ਪੈਰ ਧਰਿਆ। ਮਾਲਤੀ ਨੇ ਚਾਈਂ-ਚਾਈਂ ਤੇਲ ਚੋਇਆ। ਸਕੇ-ਸਨੇਹੀਆਂ ਦੀ ਭੀੜ ਵਿਚ ਕੋਈ ਨਜ਼ਰ ਨਹੀਂ ਸੀ ਆ ਰਿਹਾ ਤਾਂ ਗੁੱਡੀ ਤੇ ਕਾਕਾ। ਅਸਲ ਵਿਚ ਆਈ.ਆਈ.ਟੀ. 'ਚ ਦਾਖ਼ਲੇ ਨੇ ਦੋਹਾਂ ਦੇ ਸੁਪਨਿਆਂ ਨੂੰ ਖੰਭ ਲਾ ਦਿੱਤੇ ਸਨ। ਦੋਹਾਂ ਵੱਲੋਂ ਆਨਲਾਈਨ ਬੁੱਕ ਕੀਤਾ ਕੇਕ ਸ਼ਾਮ ਨੂੰ ਸਹੀ ਸਮੇਂ ਗੇਟ 'ਤੇ ਡਿਲਿਵਰੀ ਲਈ ਪਹੁੰਚ ਗਿਆ। ਕੇਕ ਫੜਦੀ ਮਾਲਤੀ ਖ਼ੁਸ਼, ਬੇਹੱਦ ਖ਼ੁਸ਼। ਮਹਿਮਾਨਾਂ ਨੂੰ ਹੱਸ-ਹੱਸ ਮਿਲਦੀ ਨੇ ਘਰ ਦੀ ਚੱਠ ਕੀਤੀ।

ਰਾਤ ਤਕ ਮੁਬਾਰਕਾਂ ਦਿੰਦੇ ਮਹਿਮਾਨ ਵਿਦਾਅ ਹੋ ਗਏ।

ਆਪਣੇ ਘਰ ਵਿਚ ਸਾਡੇ ਦੋਹਾਂ ਦੀ ਪਹਿਲੀ ਰਾਤ...! ਬੈੱਡਰੂਮ 'ਚ ਪਹੁੰਚੇ। ਅਜੀਬ ਜਿਹੀ ਝਰਨਾਹਟ ਨਾਲ ਰੋਮ-ਰੋਮ ਲਬਰੇਜ਼, ਜਿਵੇਂ ਸਾਡੇ ਵਿਆਹ ਦੀ ਇਹ ਪਹਿਲੀ ਰਾਤ ਹੋਵੇ। ਇਕ ਮਿੰਟ ਨਾ ਮਾਲਤੀ ਸੁੱਤੀ ਨਾ ਮੇਰੀ ਅੱਖ ਲੱਗੀ। ਜ਼ਿੰਦਗੀ ਦੇ ਦੋ ਦਹਾਕੇ ਅੱਖਾਂ 'ਚ ਪਿਘਲਦੇ ਗੱਲਾਂ 'ਚੋਂ ਫਲਦੇ ਇਕ ਦੂਜੇ ਦੀ ਬੁੱਕਲ ਦਾ ਨਿੱਘ ਬਣਦੇ ਰਹੇ।

ਖ਼ੁਸ਼ੀ ਦੇ ਖੰਭਾਂ 'ਤੇ ਸਵਾਰ ਉਡਦੀ ਹੋਈ ਰਾਤ ਲੰਘ ਗਈ। ਮੈਂ ਅਗਲੀ ਸਵੇਰ ਡਿਊਟੀ 'ਤੇ ਪਹੁੰਚਣਾ ਸੀ। ਤੜਕੇ ਉੱਠੇ। ਨਹਾਅ-ਧੋ ਕੇ ਰੋਜ਼ੀ ਰੋਟੀ ਦੇ ਟਿਕਾਣੇ ਵੱਲ ਪਰਤਣ ਲਈ ਤਿਆਰ ਹੋ ਗਏ।

"ਇਹ ਕੀ ਮਾਲਤੀ...?"

ਘਰ ਦੀਆਂ ਕੰਧਾਂ ਸਹਿਲਾਉਂਦੀ। ਦਰਵਾਜ਼ੇ ਚੁੰਮ ਕੇ ਪਿਆਰ ਨਾਲ ਹੱਥ ਫੇਰਦੀ ਦੀਆਂ ਭਰੀਆਂ ਅੱਖਾਂ। ਮੇਰਾ ਪੁੱਛਣਾ ਵਾਜਬ ਸੀ।



"ਕੁੱਝ ਨਹੀਂ, ਬਸ ਮੈਂ ਚਾਹੁੰਦੀ ਆਂ ਇਸ ਘਰ ਨੂੰ ਮੇਰੀ ਤੇ ਮੈਨੂੰ ਇਸ ਘਰ ਦੀ ਇੰਨੀ ਆਦਤ ਪੈ ਜਾਏ ਕਿ ਮੈਂ ਕੁੱਝ ਚਿਰ ਨਾ ਆਵਾਂ ਤਾਂ ਇਹ ਮੈਥੋਂ ਉਦਾਸ ਹੋ ਜਾਵੇ। ਮੈਨੂੰ ਖਿੱਚ ਪਾਵੇ ਤੇ ਮੈਂ ਭੱਜੀ ਆਵਾਂ ਤੁਹਾਡੇ ਤੇ ਬਾਲਾਂ ਨਾਲ ਸਕੂਨ ਦੀ ਤਲਾਸ਼ 'ਚ।" ਉਸ ਦੀਆਂ ਭਰੀਆਂ ਅੱਖਾਂ ਛਲਕ ਪਈਆਂ।

"ਝੱਲੀ ਨਾ ਹੋਵੇ ਤਾਂ।" ਮੈਂ ਮਾਲਤੀ ਨੂੰ ਕਲਾਵੇ 'ਚ ਸਮੇਟਿਆ। ਘਰ ਨੂੰ ਤਾਲਾ ਲਗਾਇਆ ਤੇ ਵਾਪਸ ਚੱਲ ਪਏ। ਫ਼ੈਸਲਾ ਹੋਇਆ...! ਕੋਈ ਵੀ ਤਿੱਥ-ਤਿਉਹਾਰ, ਜਨਮ ਦਿਹਾੜਾ ਜਾਂ ਵਿਆਹ ਦੀ ਵਰ੍ਹੇਗੰਢ ਹੋਵੇ, ਜਸ਼ਨ ਆਪਣੇ ਆਲ੍ਹਣੇ ਵਿਚ ਹੀ ਮਨਾਇਆ ਜਾਵੇਗਾ।

ਕੈਰੀਅਰ ਦੀਆਂ ਮਜਬੂਰੀਆਂ 'ਚ ਬੱਝੇ ਦੋਵੇਂ ਬੱਚੇ ਭਾਵੇਂ ਕਿਸੇ ਸਮਾਗਮ 'ਚ ਸ਼ਾਮਲ ਨਾ ਹੋ ਸਕਦੇ ਪਰ ਅਸੀਂ ਦੋਹਾਂ ਜੀਆਂ ਨੇ ਪਾਈ ਪਿਰਤ ਨਾ ਤੋੜੀ।

ਗੁੱਡੀ ਦਾ ਵਿਆਹ ਕੀਤਾ। ਸਹੁਰਿਆਂ ਦੀ ਇੱਛਾ ਮੁਤਾਬਿਕ ਉਨ੍ਹਾਂ ਦੇ ਮਨਪਸੰਦ ਮੈਰਿਜ ਪੈਲੇਸ 'ਚ ਸਾਰਾ ਫ਼ੰਕਸ਼ਨ ਹੋਇਆ, ਪਰ ਗੁੱਡੀ ਦੀ ਲਾਵਾਂ ਦੀ ਵੇਦੀ ਸਾਡੇ ਆਪਣੇ ਆਸ਼ਿਆਨੇ ਦੇ ਵਿਹੜੇ 'ਚ ਸਜਾਈ ਗਈ। ਬਾਬੁਲ ਦੀ ਦਹਿਲੀਜ਼ ਤੋਂ ਖ਼ੁਸ਼ੀ ਭਰੇ ਹੰਝੂਆਂ 'ਚ ਵਿਦਾਈ ਦਾ ਸਕੂਨ ਮਾਲਤੀ ਦਾ ਰੋਮ-ਰੋਮ ਪੜ੍ਹਨ ਵਾਲਾ ਹੀ ਜਾਣੇ।

ਧੀ ਸਹੁਰੇ ਘਰ ਹੱਸਣ ਵੱਸਣ ਲੱਗੀ।

ਪੁੱਤਰ ਨੂੰ ਦਾਣਾ-ਪਾਣੀ ਗੁੜਗਾਉਂ ਖਿੱਚ ਕੇ ਲੈ ਗਿਆ। ਇਕੋ ਦਫ਼ਤਰ 'ਚ ਕੰਮ ਕਰਦਿਆਂ ਦਿਲਾਂ ਦੀ ਖਿੱਚ ਜ਼ਿੰਦਗੀ ਦੀ ਗੰਢ ਬਣ ਗਈ। ਕਾਕੇ ਦਾ ਵਿਆਹ ਗੁੜਗਾਉਂ ਹੋਇਆ। ਸਾਰੀਆਂ ਤਿਆਰੀਆਂ ਬਾਲਾਂ ਨੇ ਆਪ ਹੀ ਕਰ ਲਈਆਂ। ਮਹਿਮਾਨ ਬਣ ਕੇ ਅਸੀਂ ਗੁੜਗਾਉਂ ਜਾ ਪਹੁੰਚੇ।

"ਜਿੱਥੇ ਤੇ ਜਿਵੇਂ ਬੱਚੇ ਖ਼ੁਸ਼ ਅਸੀਂ ਵੀ ਖ਼ੁਸ਼।" ਆਖਦੀ ਮਾਲਤੀ ਨੂੰਹ ਪੁੱਤਰ ਨੂੰ ਛੇਤੀ ਆਪਣੇ ਘਰ ਫੇਰਾ ਪਾਉਣ ਦੀ ਤਾਕੀਦ ਕਰਕੇ ਮੇਰੇ ਨਾਲ ਵਾਪਸ ਪਰਤ ਆਈ। ਉਸ ਦਾ ਅੰਦਰ ਰਿਝਦਾ ਮੈਂ ਮਹਿਸੂਸ ਕਰਦਾ, ਪਰ ਜਾਣਦਾ ਸੀ ਇਸ ਵੇਲੇ ਤਕਰੀਰ ਤਕਰਾਰ ਬਣ ਜਾਵੇਗੀ ਤੇ ਚੁੱਪ ਅੱਲ੍ਹੇ ਜ਼ਖ਼ਮ ਦਾ ਫੰਬਾ।

ਜ਼ਿੱਦ ਮੱਲ ਬੈਠੀ। ਰਿਟਾਇਰਮੈਂਟ ਤੋਂ ਬਾਅਦ ਅਸੀਂ ਕਿਧਰੇ ਨਹੀਂ ਜਾਣਾ। ਆਪਣੇ ਘਰ ਰਹਾਂਗੇ। ਨੂੰਹ ਪੁੱਤਰ ਦੋਵੇਂ ਨੌਕਰੀ ਵਾਲੇ ਨੇ। ਆਉਂਦੇ-ਜਾਂਦੇ ਰਹਿਣਗੇ, ਪਰ ਪੋਤਾ ਹੋਵੇ ਜਾਂ ਪੋਤੀ, ਅਸੀਂ ਆਪਣੇ ਕੋਲ ਰੱਖਾਂਗੇ ਆਪਣੇ ਘਰ।

"ਠੀਕ ਹੈ ਮਾਲਤੀ, ਜੋ ਤੂੰ ਆਖੇਂਗੀ ਉਹੀ ਹੋਵੇਗਾ।" ਜ਼ਿੰਦਗੀ ਕਈ ਦਿਨ ਡੁਸਕਦੀ ਰਹੀ। ਕਦੀ ਧੀ ਨੂੰ ਫ਼ੋਨ ਕਰ ਲਿਆ, ਕਦੀ ਨੂੰਹ ਪੁੱਤ ਨੂੰ। ਹੌਲੀ-ਹੌਲੀ ਫਿਰ ਮਸਤ ਚਾਲ ਚੱਲਦੇ ਅਸੀਂ ਸੁਪਨੇ ਉਲੀਕਣ ਲੱਗੇ।

ਮੇਰੀ ਰਿਟਾਇਰਮੈਂਟ 'ਚ ਦੋ ਸਾਲ ਰਹਿ ਗਏ। ਮਾਲਤੀ ਨੂੰ ਘਰ ਦਾ ਹੇਜ ਕੁੱਝ ਜ਼ਿਆਦਾ ਹੀ ਹੋਣ ਲੱਗਿਆ। ਸਪਤਾਹਿਕ ਛੁੱਟੀ ਲੈ ਕੇ ਅਸੀਂ ਘਰ ਚਲੇ ਜਾਣਾ।

ਦਹਿਲੀਜ਼ 'ਤੇ ਪੱਬ ਧਰਦੀ ਹੱਥ ਨਾਲ ਧਰਤੀ ਛੂਹ ਕੇ ਮੱਥੇ ਨੂੰ ਲਾਉਂਦੀ। ਦਰਵਾਜ਼ੇ ਸਹਿਲਾਉਂਦੀ, ਕੰਧਾਂ ਚੁੰਮਦੀ। ਸੱਚਮੁੱਚ ਹੀ ਘਰ ਦੇ ਰੋਮ ਰੋਮ 'ਚ ਜ਼ਿੰਦਗੀ ਧੜਕਦੀ।

ਨੂੰਹ ਪੁੱਤਰ ਨੇ ਵਿਆਹ ਦੀ ਪਹਿਲੀ ਸਾਲਗਿਰਾਹ ਘਰ ਆਉਣ ਦਾ ਵਾਅਦਾ ਕੀਤਾ। ਰਾਹ ਉਡੀਕਦੀਆਂ ਅੱਖਾਂ ਥੱਕ ਗਈਆਂ। ਫੇਰਾ ਤਾਂ ਨਾ ਪਾਇਆ ਪਰ ਪੁੱਤਰ ਵੱਲੋਂ ਛੇਤੀ ਹੀ ਦਾਦਾ-ਦਾਦੀ ਬਣਾਉਣ ਦੀ ਖ਼ੁਸ਼ਖ਼ਬਰੀ ਕੀ ਸੁਣ ਲਈ, ਮਾਲਤੀ ਨੇ ਤੂਫ਼ਾਨ ਚੁੱਕ ਲਿਆ। ਮੇਰੀ ਅੰਸ਼ ਮੇਰੇ ਆਪਣੇ ਘਰ 'ਚ ਹੀ ਜਨਮ ਲਵੇਗੀ। ਪਰ...!

ਪੁੱਤਰ ਦੀ ਜ਼ਿੱਦ ਅੱਗੇ ਚਾਅ ਫਿਰ ਹਾਰ ਮੰਨ ਗਏ। ਮੇਰਾ ਨੌਕਰੀ ਦਾ ਆਖਰੀ ਮਹੀਨਾ ਮੇਰੇ ਦਾਦਾ ਬਣਨ ਦਾ ਪਹਿਲਾ ਮਹੀਨਾ ਵੀ ਸੀ।

ਰਿਟਾਇਰਮੈਂਟ ਲੈ ਕੇ ਮਗਰ ਪਹੁੰਚਣ ਦਾ ਇਰਾਦਾ ਕਰਕੇ ਮਾਲਤੀ ਨੂੰ ਗੁੜਗਾਉਂ ਲਈ ਰਵਾਨਾ ਕਰ ਦਿੱਤਾ।

ਨਵੀਂ ਜ਼ਿੰਦਗੀ ਦੀ ਆਮਦ ਉਡੀਕਦਿਆਂ ਸਮਾਂ ਖੰਭ ਲਾ ਕੇ ਉੱਡ ਗਿਆ।

*****

ਹਸਪਤਾਲ ਦੇ ਬਾਹਰ ਮੈਂ ਤੇ ਬੇਟਾ ਦੋਵੇਂ ਸੂਲੀ ਲਟਕੇ ਪਲਾਂ ਨਾਲ ਦੋ ਚਾਰ ਹੋ ਰਹੇ ਹਾਂ। ਮਾਲਤੀ ਅੰਦਰ ਲੇਬਰ ਰੂਮ 'ਚ ਨੂੰਹ ਕੋਲ ਹੈ।

"ਬਸ ਥੋੜ੍ਹਾ ਸਬਰ ਮੇਰੀ ਬੇਟੀ।" ਮਾਲਤੀ ਦੇ ਨੂੰਹ ਨੂੰ ਹੌਸਲਾ ਦਿੰਦੇ ਬੋਲ ਸਾਡੇ ਕੰਨਾਂ ਤਕ ਪਹੁੰਚ ਕੇ ਸਾਡੀ ਉਤਸੁਕਤਾ ਵਧਾ ਰਹੇ ਹਨ।

"ਊਂਆਂ... ਊਂਆਂ...! " ਬਾਲ ਦੇ ਰੋਣ ਦੀ ਆਵਾਜ਼ ਸਾਡੇ ਪਿਉ-ਪੁੱਤ ਦੀ ਕਿਲਕਾਰੀ ਬਣ ਗਈ ਹੈ। ਲੇਬਰ ਰੂਮ ਦੇ ਦਰਵਾਜ਼ੇ 'ਤੇ ਇਕ ਟੱਕ ਅੱਖਾਂ ਠਹਿਰ ਗਈਆਂ ਹਨ। ਕੁੱਝ ਮਿੰਟਾਂ ਵਿਚ ਤੌਲੀਏ 'ਚ ਲਪੇਟੀ ਆਪਣੀ ਅੰਸ਼ ਕਾਲਜੇ ਨਾਲ ਲਾਈ ਹੱਸਦੀ ਹੋਈ ਮਾਲਤੀ ਬਾਹਰ ਆਈ।

" ਆਪਣਾ ਪੋਤਾ...! ਆਪਾਂ...! ਦਾਦਾ-ਦਾਦੀ...!! "

ਥੋੜ੍ਹੀ ਜਿਹੀ ਖ਼ੁਸ਼ੀ ਮਿਲੀ ਨਹੀਂ ਕਿ ਝੱਲੀ ਦੀਆਂ ਅੱਖਾਂ ਸਮੁੰਦਰ ਹੋਈਆਂ ਨਹੀਂ।

ਨਿੱਕੇ ਜਿਹੇ ਬੋਟ ਨਾਲ ਲਾਡ ਲਡਾਉਂਦੇ ਸਾਨੂੰ ਦਿਨ ਰਾਤ ਦਾ ਫ਼ਰਕ ਭੁੱਲ ਗਿਆ। ਨੂੰਹ-ਪੁੱਤ ਨੌਕਰੀ 'ਤੇ ਚਲੇ ਜਾਂਦੇ ਤੇ ਅਸੀਂ ਪਿੱਛੋਂ ਆਪਣੀ ਅੰਸ਼ ਦੇ ਹੁੰਗਾਰੇ ਮਾਣਦੇ। ਬਾਲ ਛੇ ਮਹੀਨੇ ਦਾ ਹੋ ਗਿਆ। ਮਾਲਤੀ ਨੂੰ ਘਰ ਦੀ ਖਿੱਚ ਪੈਣ ਲੱਗੀ। ਉਸ ਦਾ ਉਦਾਸ ਚਿਹਰਾ ਵੇਖ ਮੈਂ ਬੱਚਿਆਂ ਨੂੰ ਹੁਣ ਕੁੱਝ ਦਿਨ ਆਪਣੇ ਘਰ ਚੱਲਣ ਲਈ ਜ਼ੋਰ ਮਾਰਿਆ।

"ਡੈਡੀ ਇਹ ਕਿਹੜਾ ਬੇਗਾਨਾ ਘਰ ਏ। ਇਹ ਵੀ ਤਾਂ ਤੁਹਾਡੇ ਪੁੱਤਰ ਦਾ...ਨਹੀਂ, ਤੁਹਾਡਾ ਆਪਣਾ ਹੀ ਘਰ ਏ। ਨਾਲੇ ਰਿਟਾਇਰ ਹੋ ਗਏ ਤੁਸੀਂ। ਹੁਣ ਇੱਥੇ ਹੀ ਰਹੋ ਸਾਡੇ ਕੋਲ।"

ਨੂੰਹ-ਪੁੱਤਰ ਸਾਨੂੰ ਆਪਣੇ ਕੋਲ ਰੱਖਣ ਲਈ ਜ਼ੋਰ ਪਾਉਣ ਪਰ ਮਾਲਤੀ ਦੀ ਜ਼ਿੱਦ ਅੱਗੇ ਅੜਨਾ ਤਾਂ ਕੀ ਮੈਂ ਕਦੀ ਕਿੰਤੂ-ਪਰੰਤੂ ਵੀ ਨਹੀਂ ਕੀਤਾ। ਘਰ ਵਾਪਸੀ ਦੀ ਤਿਆਰੀ ਹੋ ਗਈ। ਸ਼ਾਮ ਨੂੰ ਵਾਪਸ ਪਰਤਣਾ ਸੀ ਤੇ ਮਾਲਤੀ ਨੇ ਬਾਲਾਂ ਨੂੰ ਜਾਣ ਤੋਂ ਪਹਿਲਾਂ ਆਪਣੇ ਹੱਥ ਦੇ ਪਰੌਂਠੇ ਖੁਆਉਣ ਦੀ ਜ਼ਿੱਦ ਫੜ ਲਈ।

ਨੂੰਹ ਪੁੱਤਰ ਲਈ ਖਾਣਾ ਪੈਕ ਕਰਕੇ ਨੰਨ੍ਹੇ ਲਈ ਦੁੱਧ ਦੀ ਬੋਤਲ ਤਿਆਰ ਕੀਤੀ...।

****

" ਡੈਡੀ ਹਟੋ ਜ਼ਰਾ...। " ਬੋਲਦੇ ਬੇਟੇ ਨੇ ਤਾਲਾ ਖਿੱਚਿਆ। ਤੜਾਕ ਕਰਦਾ ਲਾਕ ਟੁੱਟਿਆ ਤੇ ਨਾਲ ਹੀ ਮੇਰੀ ਸੋਚਾਂ ਦੀ ਲੜੀ ਟੁੱਟ ਗਈ।

"ਵਾਹ ਮਾਲਤੀ...! "

ਘਰ ਦੀ ਦਹਿਲੀਜ਼ 'ਤੇ ਪੈਰ ਧਰਿਆ, ਦਹਿਲੀਜ਼ ਤੋਂ ਲੈ ਕੇ ਮਿੱਟੀ ਬੁੱਲ੍ਹਾਂ ਨਾਲ ਛੁਹਾਈ। ਦਰਵਾਜ਼ੇ, ਕੰਧਾਂ ਪਲੋਸਦੇ ਦੀ ਧਾਹ ਨਿਕਲ ਗਈ।

ਧੂੜ-ਮਿੱਟੀ ਨਾਲ ਭਰਿਆ ਘਰ, ਥਾਂ-ਥਾਂ ਲੱਗੇ ਜਾਲੇ। ਨਾਲ ਆਏ ਨੌਕਰ ਨੇ ਆਉਂਦੇ ਹੀ ਡਿਊਟੀ ਸੰਭਾਲ ਲਈ। ਕੁੱਝ ਘੰਟੇ ਲੱਗੇ। ਘਰ ਬੈਠਣ ਲਾਇਕ ਸਾਫ਼ ਹੋ ਗਿਆ।

ਘਰ ਦਾ ਦਰਵਾਜ਼ਾ ਚੁੰਮਦੇ ਨੇ ਕੰਧਾਂ ਸਹਿਲਾਈਆਂ। ਸਾਹਮਣੀ ਦੀਵਾਰ 'ਤੇ ਟੰਗੀ ਮਾਲਤੀ ਦੀ ਤਸਵੀਰ। ਧੂੜ-ਮਿੱਟੀ ਨਾਲ ਧੁੰਦਲੀ ਹੋਈ ਪਈ ਹੈ। ਤਸਵੀਰ 'ਤੇ ਪਾਇਆ ਫੁੱਲਾਂ ਦਾ ਹਾਰ ਸੁੱਕ ਚੁੱਕਿਆ ਹੈ, ਪਰ ਸੁੱਕੇ ਫੁੱਲਾਂ ਦੀ ਮਹਿਕ ਘਰ ਦੇ ਕੋਨੇ-ਕੋਨੇ 'ਚ ਮਾਲਤੀ ਦੀ ਮੌਜੂਦਗੀ ਬਣ ਕੇ ਸੁਗੰਧੀਆਂ ਫੈਲਾ ਰਹੀ ਹੈ।

" ਤਿੰਨ ਸਾਲ ਹੋ ਗਏ ਮਾਲਤੀ...! ਹੱਸਦੀ-ਖੇਡਦੀ ਪੋਤੇ ਦਾ ਮੂੰਹ ਵੇਖਣ ਗਈ, ਫੁੱਲਾਂ ਦੇ ਰੂਪ



ਵਿਚ ਕਲਸ਼ 'ਚ ਬੰਦ ਹੋ ਕੇ ਆਖਰੀ ਫੇਰੀ ਪਾਉਣ ਆਈ, ਤੇ ਹਮੇਸ਼ਾ ਲਈ ਕੰਧ 'ਤੇ ਟੰਗੀ ਤਸਵੀਰ ਬਣ ਗਈ। ਕੋਈ ਇੰਝ ਵੀ ਜਾਂਦੈ...! " ਮੇਰੀ ਹੁੱਬ ਨਿਕਲ ਗਈ।

"ਤੇਰੇ ਜਾਣ ਮਗਰੋਂ ਅੱਜ ਆਇਆਂ। ਵੇਖ, ਤੇਰਾ ਪੋਤਾ ਨਾਲ ਲੈ ਕੇ।" ਮੈਂ ਕੁੱਛੜ ਚੁੱਕੇ ਪੋਤੇ ਦਾ ਮੱਥਾ ਮਾਲਤੀ ਦੀ ਤਸਵੀਰ ਨਾਲ ਛੁਹਾਇਆ।

"ਵੇਖੋ ਡੈਡੀ ਤੁਹਾਡੀ ਇੱਛਾ ਸਾਡੇ ਸਿਰ ਮੱਥੇ। ਕੱਲ੍ਹ ਨੰਨ੍ਹੇ ਦੇ ਮੁੰਡਨ ਕਰਵਾ ਕੇ ਨਾਲ ਹੀ ਦਲਾਲ ਨਾਲ ਗੱਲ ਕਰ ਲਉ। ਹੁਣ ਮੇਰਾ ਤੇ ਤੁਹਾਡੀ ਨੂੰਹ ਦਾ ਇੱਥੇ ਆਉਣਾ ਸੰਭਵ ਨਹੀਂ। ਗੁੜਗਾਉਂ ਵਰਗੀ ਥਾਂ ਛੱਡ ਕੇ ਇੱਥੇ ਆਉਣਾ...! ਕੋਈ ਕੀ, ਅਸੀਂ ਖ਼ੁਦ ਵੀ ਆਪਣੇ-ਆਪ ਨੂੰ ਮੂਰਖ ਨਹੀਂ ਮਹਾਂਮੂਰਖ ਹੀ ਕਹਾਂਗੇ।"

"ਪਰ ਬੇਟੇ ਇਸ ਘਰ ਦੀ ਮਾਲਕਣ ਤੁਹਾਡੀ ਮਾਂ ਹੈ। ਉਸ ਦੀ ਇੱਛਾ ਬਗ਼ੈਰ ਮੈਂ ਇਹ ਫ਼ੈਸਲਾ ਨਹੀਂ ਲੈ ਸਕਦਾ।" ਆਖ ਕੇ ਮੈਂ ਇਕੋ ਵਾਕ 'ਚ ਬਹਿਸ ਦਾ ਅੰਤ ਕਰ ਦਿੱਤਾ।

ਨੂੰਹ-ਪੁੱਤ ਨੂੰ ਵਾਪਸ ਜਾਣ ਦੀ ਕਾਹਲੀ ਹੈ। ਮੈਨੂੰ ਵੀ ਨਾਲ ਲੈ ਕੇ ਜਾਣ ਦੀ ਜ਼ਿੱਦ ਫੜੀ ਹੋਈ ਹੈ। ਉਨ੍ਹਾਂ ਨੂੰ ਮੇਰੀ ਕੋਈ ਲੋੜ ਨਹੀਂ, ਸਗੋਂ ਬੁਢਾਪੇ ਵਿਚ ਬੀਮਾਰੀ ਖਾਧਾ ਸ਼ਰੀਰ ਮੇਰੇ ਆਪਣੇ ਵਾਸਤੇ ਹੀ ਬੋਝ ਹੈ। ਅਸਲ ਵਿਚ ਬੱਚੇ ਮੇਰਾ ਬਹੁਤ ਖ਼ਿਆਲ ਰੱਖਦੇ ਨੇ ਤੇ ਇਸ ਹਾਲਤ ਵਿਚ ਮੈਨੂੰ ਇੱਕਲਾ ਛੱਡਣ ਲਈ ਮੂਲੋਂ ਰਾਜ਼ੀ ਨਹੀਂ। ਮਾਲਤੀ ਦੇ ਜਾਣ ਤੋਂ ਬਾਅਦ ਪਹਿਲਾਂ ਵਾਲਾ ਮੈਂ ਰਿਹਾ ਹੀ ਕਿੱਥੇ ਹਾਂ।

ਮਾਲਤੀ ਦੀ ਤਸਵੀਰ ਲਗਾਉਣ ਲਈ ਪੂਰੀ ਕੰਧ 'ਤੇ ਕਰਵਾਇਆ ਤਾਜ਼ਾ ਪੇਂਟ ਮਹਿਕ ਰਿਹਾ ਹੈ। ਮਾਲਤੀ ਦੀ ਤਸਵੀਰ ਨੌਕਰ ਹੱਥੋਂ ਲੈ ਕੇ ਮੈਂ ਆਪ ਸਾਫ਼ ਕਰਕੇ ਟੰਗੀ ਹੈ। ਤਾਜ਼ਾ ਗੇਂਦੇ ਦਾ ਹਾਰ ਪਾ ਕੇ ਤਸਵੀਰ ਬਣੀ ਵੀ ਫੁਲਵਾੜੀ ਵਾਂਙ ਖਿੜੀ ਲੱਗ ਰਹੀ ਹੈ ਮੇਰੀ ਮਾਲਤੀ। ਮੈਂ ਤਸਵੀਰ ਨੂੰ ਸਹਿਲਾਇਆ। ਹੁਬਕੀਆਂ ਲੈਂਦਿਆਂ ਪਤਾ ਨਹੀਂ ਚਿੱਤ ਵਿਚ ਕੀ ਆਇਆ। ਜੇਬ ਵਿਚੋਂ ਪਰਸ ਕੱਢਿਆ। ਆਪਣੀ ਪਾਸਪੋਰਟ ਸਾਈਜ਼ ਫੋਟੋ ਕੱਢੀ। ਮਾਲਤੀ ਦੀ ਫੋਟੋ ਦਾ ਹਾਰ ਇਕ ਪਾਸਿਉਂ ਚੁੱਕ ਕੇ, ਸੱਜੇ ਪਾਸੇ ਆਪਣੀ ਫੋਟੋ ਫਰੇਮ ਵਿਚ ਅੜੁੰਗ ਦਿੱਤੀ।

ਵਾਪਸੀ ਦੀ ਤਿਆਰੀ ਹੋ ਗਈ ਹੈ। ਘਰ ਨੂੰ ਲਗਾਉਣ ਲਈ ਆਇਆ ਨਵਾਂ ਤਾਲਾ ਹੱਥ ਵਿਚ ਫੜੀ ਪੁੱਤਰ ਦਲਾਲ ਨਾਲ ਘਰ ਵੇਚਣ ਦੀ ਗੱਲ ਕਰ ਰਿਹਾ ਹੈ।

ਮੈਂ ਘਰ ਦੀਆਂ ਦੀਵਾਰਾਂ ਸਹਿਲਾਉਂਦਾ ਮੁੱਖ ਦਰਵਾਜ਼ਾ ਚੁੰਮ ਰਿਹਾ ਹਾਂ।

"ਦਾਦੂ...।" ਪੋਤੇ ਨੇ ਮੇਰਾ ਹੱਥ ਖਿੱਚਿਆ। ਮੈਂ ਆਖ਼ਰੀ ਵਾਰ ਦਰਵਾਜ਼ੇ ਨੂੰ ਸਹਿਲਾ ਕੇ ਚੁੰਮਿਆ।

"ਕੁਝ ਪਿੱਛੇ ਨਹੀਂ ਛੁੱਟਿਆ। ਨਾ ਹੀ ਕੋਈ ਸੁਪਨਾ ਮੋਇਐ...।" ਮੇਰਾ ਤ੍ਰਾਹ ਨਿਕਲ ਗਿਆ। ਮਾਲਤੀ...! ਜਿਵੇਂ ਮੇਰੇ ਕੰਨ 'ਚ ਬੋਲ ਰਹੀ ਹੋਵੇ। ਬੁਖਲਾਹਟ 'ਚ 'ਮਾਲਤੀ...ਮਾਲਤੀ...' ਆਵਾਜ਼ ਮਾਰਦਾ ਇੱਧਰ-ਉੱਧਰ ਝਾਕਣ ਲੱਗਿਆ।

"ਇਹ ਕੀ...? ਨੰਨ੍ਹੇ...!! " ਨੰਨ੍ਹਾ ਕੰਧਾਂ ਸਹਿਲਾਉਂਦਾ, ਦਰਵਾਜ਼ਾ ਚੁੰਮਦਾ ਮੁਸਕਰਾ ਰਿਹੈ। ਮੇਰੀਆਂ ਭਰੀਆਂ ਅੱਖਾਂ ਛਲਕੀਆਂ। ਫੜਫੜਾਉਂਦੇ ਬੁੱਲ੍ਹਾਂ 'ਤੇ ਮੁਸਕਾਨ ਫੈਲ ਗਈ। ਨੰਨ੍ਹਾ ਤਾੜੀਆਂ ਮਾਰਦਾ ਵਾਰ-ਵਾਰ ਦਰਵਾਜ਼ਾ ਚੁੰਮਣ ਲੱਗਿਆ ਹੈ। ਨੂੰਹ-ਪੁੱਤਰ ਕਾਰ ਵਿਚ ਜਾ ਬੈਠੇ ਹਨ ਤੇ ਸਾਨੂੰ ਦਾਦੇ-ਪੋਤੇ ਨੂੰ ਜਲਦੀ ਆਉਣ ਲਈ ਆਵਾਜ਼ਾਂ ਮਾਰਨ ਲੱਗੇ ਹਨ।

ਨੰਨ੍ਹੇ ਨੂੰ ਉਂਗਲ ਲਗਾਈ ਮੈਂ ਕਾਰ ਵੱਲ ਚੱਲ ਪਿਆ ਹਾਂ। ਕਾਰ ਵੱਲ ਵਧਦਾ ਮੈਂ ਹੀ ਨਹੀਂ ਨੰਨ੍ਹਾ ਵੀ ਪਿੱਛੇ ਮੁੜ ਕੇ ਵੇਖ ਰਿਹਾ ਹੈ। ਉਸ ਦਾ ਸਿਰ ਪਲੋਸਦਿਆਂ ਮੈਂ ਚੁੰਮਣਾਂ ਦੀ ਝੜੀ ਲਾ ਦਿੱਤੀ ਹੈ।000

***(ਮਕਾਨ ਨੰਬਰ 726 ਏ, ਨੇੜੇ ਕਮਾਂਡੋ ਕੰਪਲੈਕਸ, ਫੇਜ਼ 11, ਸੈਕਟਰ 65, ਮੁਹਾਲੀ 160 062 ਫੋਨ: 98146-70707)***

# ਪੰਜਾਬੀ ਸਾਹਿਤ ਦਾ ਅਫ਼ਲਾਤੂਨ ਬਲਦੇਵ ਸਿੰਘ ਸੜਕਨਾਮਾ:

## ਰੇਖਾ-ਚਿਤਰ: ਹਰਜਿੰਦਰ ਸਿੰਘ ਸੂਰੇਵਾਲੀਆ

ਬਲਦੇਵ ਸਿੰਘ ਨਾਲ ਪਹਿਲੀ ਮਿਲਣੀ ਉਪਰੰਤ ਮੇਰੀ ਧਾਰਨਾ ਉਸ ਪ੍ਰਤੀ ਚੰਗੀ ਨਹੀਂ ਸੀ ਬਣੀ।

ਇਕ ਵਾਰ ਅਸੀਂ 'ਸਾਹਿਤ ਸਭਾ ਜੈਤੋ' ਦੀ ਰਾਤ ਦੀ ਵਿਸ਼ੇਸ਼ ਮੀਟਿੰਗ ਦਬੜੀਖਾਨੇ ਪਿੰਡ ਦੀ ਰੱਖ ਕੇ ਬਲਦੇਵ ਸਿੰਘ ਨੂੰ ਵਿਸ਼ੇਸ ਮਹਿਮਾਨ ਦੇ ਤੌਰ 'ਤੇ ਸੱਦਿਆ। ਉਹ ਕੁੱਝ ਚਿਰ ਪਹਿਲਾਂ ਹੀ ਕਲਕੱਤਿਉਂ ਆਪਣਾ ਟਰੱਕਾਂ ਦਾ ਕਰੋਬਾਰ ਸਮੇਟ ਕੇ ਮੋਗੇ ਆ ਗਿਆ ਸੀ। ਉਸ ਸਮੇਂ ਉਹ ਆਪਣੇ ਕਾਲਮ 'ਸੜਕਨਾਮਾ ' ਕਰਕੇ ਅਤੇ ਇਕ ਕਹਾਣੀਕਾਰ ਦੇ ਤੌਰ 'ਤੇ ਹੀ ਜਾਣਿਆ ਜਾਂਦਾ ਸੀ। ਨਾਵਲਕਾਰ ਵਜੋਂ ਉਸਦੀ ਪਹਿਚਾਣ ਅਜੇ ਨਹੀਂ ਸੀ ਬਣੀ। ਇਸ ਮੀਟਿੰਗ ਦਾ ਮੇਜ਼ਬਾਨ ਸੀ ਪਿੰਡ ਦਾ ਸਰਪੰਚ ਅਤੇ ਸਾਡੀ ਸਭਾ ਦਾ ਮੈਂਬਰ ਸੁਰਿੰਦਰਪਾਲ ਸਿੰਘ ਢਿੱਲੋਂ ਜੋ ਪਿੰਡ ਤੋਂ ਫੁਰਲਾਂਗ ਕੁ ਬਾਹਰ ਆਪਣੇ ਖੇਤਾਂ ਵਿਚ ਪਾਏ ਮਕਾਨ ਵਿਚ ਰਹਿ ਰਿਹਾ ਸੀ। ਮਕਾਨ ਦੇ ਬਾਹਰਲੇ ਪਾਸੇ ਲੱਗੇ ਟਿਊਬਵੈੱਲ 'ਤੇ ਦੋ ਕਮਰੇ ਪਾਏ ਹੋਏ ਸਨ ਤੇ ਇਕ ਕਮਰੇ ਵਿਚ ਸਭਾ ਦੀ ਮੀਟਿੰਗ ਹੋਈ, ਜਿਸ ਵਿਚ ਸਾਹਿਤ ਚਰਚਾ ਘੱਟ ਤੇ ਖੁੰਢ ਚਰਚਾ ਵਧੇਰੇ ਹੋਈ। ਪਹਿਲੀਆਂ ਰਾਤ ਦੀਆਂ ਮੀਟਿੰਗਾਂ ਦੌਰਾਨ ਅਸੀਂ ਆਪਣੀਆਂ ਰਚਨਾਵਾਂ ਪੜ੍ਹ ਕੇ ਤੇ ਉਹਨਾਂ ਉਪਰ ਚਰਚਾ ਕਰਨ ਤੋਂ ਬਾਅਦ ਹੀ ਲੇਖਕਾਂ ਨੂੰ ਸ਼ਕਤੀ ਵਾਟਰ ਵਰਤਾਉਂਦੇ ਸਾਂ ਪਰ ਉਸ ਦਿਨ ਇਹ ਨਿਯਮ ਭੰਗ ਹੋ ਗਿਆ ਸੀ। ਦਿਨ ਦੇ ਛਿਪਾਅ ਨਾਲ ਜਦੋਂ ਅਸੀਂ ਸਭਾ ਦੇ ਸੱਤ ਅੱਠ ਮੈਂਬਰ ਮੀਟਿੰਗ ਵਾਲੇ ਸਥਾਨ 'ਤੇ ਪੁੱਜੇ ਤਾਂ ਬਲਦੇਵ ਸਿੰਘ ਸਾਥੋਂ ਵੀ ਪਹਿਲਾਂ ਪਹੁੰਚਿਆ ਹੋਇਆ ਸੀ। ਮਹਿਮਾਨ ਤੇ ਮੇਜ਼ਬਾਨ ਦੋਵੇਂ ਹੀ ਸਰੂਰ ਵਿਚ ਹੋਏ ਬੈਠੇ ਸਨ ਤੇ ਸਾਡੀ ਉਡੀਕ ਕਰ ਰਹੇ ਸਨ। ਨਵੇਂ ਪਹੁੰਚੇ ਮੈਂਬਰਾਂ ਨੂੰ ਵੀ ਫੋਕਾ ਪਾਣੀ ਦੇਣ ਦੀ ਥਾਂ ਸ਼ਕਤੀ ਵਾਟਰ ਹੀ ਪਿਆ ਦਿੱਤਾ ਗਿਆ ਤੇ ਨਾਲ ਦੀ ਨਾਲ ਹੀ ਮੀਟਿੰਗ ਦੀ ਕਾਰਵਾਈ ਵੀ ਆਰੰਭ ਦਿੱਤੀ ਗਈ। ਬਲਦੇਵ ਸਿੰਘ ਸਿਰ 'ਤੇ ਡੱਬੀਆਂ ਵਾਲਾ ਸਾਫਾ ਵਲੇਟੀ ਇਕ ਮੰਜੇ ਉਪਰ ਵਿਚਾਲੇ ਚੌਂਕੜੀ ਮਾਰ ਕੇ ਜੱਚਿਆ ਬੈਠਾ ਸੀ, ਜਿਵੇਂ ਸੜਕਾਂ ਕਿਨਾਰੇ ਬਣੇ ਢਾਬਿਆਂ ਉਪਰ ਡੱਠੇ ਮੰਜਿਆਂ 'ਤੇ ਰੋਟੀ ਖਾਣ ਵਾਲੇ ਡਰਾਈਵਰ ਬੈਠੇ ਹੁੰਦੇ ਹਨ। ਸ਼ੁਰੂਆਤ ਅਮਰਜੀਤ ਢਿੱਲੋਂ ਦੀ ਰੁਮਾਂਟਿਕ ਗ਼ਜ਼ਲ ਨਾਲ ਹੋਈ। ਉਸ ਨੂੰ ਗਾਉਣ ਦੀ ਏ. ਬੀ. ਸੀ. ਵੀ ਨਹੀਂ ਆਉਂਦੀ ਪਰ ਪੈੱਗ ਲਾ ਕੇ ਉਹ ਆਪਣੀ ਗ਼ਜ਼ਲ ਤਰੰਨਮ ਵਿਚ ਹੀ ਸੁਣਾਉਂਦਾ ਹੈ। ਗ਼ਜ਼ਲ ਖਤਮ ਹੋਣ 'ਤੇ ਸਾਰਿਆਂ ਨੇ ਖੂਬ ਵਾਹ ਵਾਹ ਕੀਤੀ ਤੇ ਪਲੇਟਾਂ ਵਿਚ ਪਈਆਂ ਨਮਕੀਨ ਪਕੌੜੀਆਂ ਅਤੇ ਸਲਾਦ ਨੂੰ ਮੂੰਹ ਮਾਰਨ ਲੱਗ ਪਏ। ਇਸ ਸਮੇਂ ਦੌਰਾਨ ਮੀਟ ਵੀ ਬਣਕੇ ਆ ਗਿਆ ਸੀ ਤੇ ਫਿਰ ਲੇਖਕਾਂ ਦਾ ਜ਼ਿਆਦਾ ਧਿਆਨ ਹੱਡੀਆਂ ਚੂੰਡਣ ਵੱਲ ਹੋ ਗਿਆ। ਇਹਨਾਂ ਰਾਤ ਦੀਆਂ ਮੀਟਿੰਗਾਂ ਵਿਚ ਅਸੀਂ ਸਭਾ ਦੇ ਸਾਰੇ ਮੈਂਬਰ ਕੁੱਝ ਨਾ ਕੁੱਝ ਨਵਾਂ ਸੁਣਾਉਣ ਦੀ ਕੋਸ਼ਿਸ਼ ਜ਼ਰੂਰ ਕਰਦੇ ਸਾਂ। ਮੈਂ ਵੀ ਬੜੇ ਚਾਅ ਨਾਲ ਇਸ ਵਾਰ ਨਵੀਂ ਕਹਾਣੀ ਪੜ੍ਹਨੀ ਸੀ। ਕਹਾਣੀ ਬਹੁਤ ਵਧੀਆ ਸੀ ਤੇ ਆਧੁਨਿਕ ਨਿੱਕੀ ਕਹਾਣੀ ਦੇ ਮਾਪਦੰਡਾਂ 'ਤੇ ਪੂਰੀ ਉਤਰਦੀ ਪੰਦਰਾਂ ਕੁ ਮਿੰਟ ਦੀ ਦਿਲਚਸਪ ਕਹਾਣੀ ਕੁੱਝ ਇਸ ਤਰ੍ਹਾਂ ਸੀ -

'ਦਸਵੀਂ ਵਿਚ ਪੜ੍ਹਦੇ ਪੰਮੇ ਨਾਂ ਦੇ ਇਕ ਮੁੰਡੇ ਨੂੰ ਇਹ ਅਹਿਸਾਸ ਹੋ ਜਾਂਦਾ ਕਿ ਪਿੰਡ ਦੀ ਕੁੜੀ ਚਰਨੋ ਉਸ ਨੂੰ ਪਿਆਰ ਕਰਨ ਲੱਗ ਪਈ ਹੈ। ਉਹ ਇਕ ਦਿਨ ਉਸ ਨੂੰ ਇਕੱਲੀ ਵੇਖ ਕੇ ਬੁਲਾ ਲੈਂਦਾ ਹੈ ਪਰ ਚਰਨੋ ਅੱਗੋਂ ਗਾਲ੍ਹਾਂ ਦਾ ਬਰਸਟ ਮਾਰ ਦਿੰਦੀ ਹੈ ਤੇ ਆਪਣੇ ਘਰੇ ਦੱਸ ਦੇਣ ਦਾ ਡਰਾਵਾ ਵੀ ਦੇ ਦਿੰਦੀ ਹੈ। ਡਰਿਆ ਹੋਇਆ ਪੰਮਾਂ ਘਰੇ ਜਾਣ ਦੀ ਬਜਾਏ ਓਸੇ ਪਲ ਸਿੱਧਾ ਆਪਣੇ



ਖੇਤਾਂ ਨੂੰ ਭੱਜ ਜਾਂਦਾ ਹੈ ਤੇ ਸਾਰਾ ਦਿਨ ਖੇਤਾਂ ਵਿਚ ਹੀ ਭੁੱਖਣ-ਭਾਣਾ ਲੁਕਦਾ ਫਿਰਦਾ ਹੈ। ਹਨੇਰਾ ਹੋਣ 'ਤੇ ਹੀ ਉਹ ਡਰਦਾ ਡਰਦਾ ਘਰੇ ਵੜਦਾ ਹੈ। ਪਰ ਉਸਦਾ ਡਰ ਨਿਰਮੂਲ ਸਾਬਤ ਹੁੰਦਾ ਹੈ ਕਿਉਂਕਿ ਚਰਨੋ ਨੇ ਘਰੇ ਨਹੀਂ ਦੱਸਿਆ ਸੀ। ਉਲਟਾ ਘਰ ਆਏ ਨੂੰ ਉਸਦੀ ਭੈਣ ਦੱਸਦੀ ਹੈ ਕਿ ਅੱਜ ਚਰਨੋ ਆਪਣੇ ਘਰੇ ਆਈ ਸੀ ਤੇ ਕਹਿੰਦੀ ਸੀ ਕਿ ਆਪਣੇ ਭਰਾ ਪੰਮੇ ਨੂੰ ਆਖੀਂ ਸਾਨੂੰ ਮੰਡੀਉਂ ਲਾਲ ਮਣਕੇ ਤੇ ਤਾਰਾਂ ਲਿਆ ਕੇ ਦੇਵੇ, ਆਪਾਂ ਟੋਕਰੀਆਂ ਬਣਾਵਾਂਗੀਆਂ। ਇਸ ਤਰ੍ਹਾਂ ਕਹਾਣੀ ਦਾ ਬੜਾ ਸੁਖਾਵਾਂ ਤੇ ਨਾਟਕੀ ਅੰਤ ਹੁੰਦਾ ਹੈ। ਕਹਾਣੀ ਦੇ ਬਹੁਤੇ ਹਿੱਸੇ ਵਿਚ ਖੇਤਾਂ ਵਿਚ ਭਟਕਦੇ ਨੌਜਵਾਨ ਦੀ ਮਾਨਸਿਕ ਅਵਸਥਾ ਨੂੰ ਬਿਆਨ ਕੀਤਾ ਗਿਆ ਸੀ। ਖੇਤਾਂ ਵਿਚ ਉਸ ਦਾ ਕਾਲੇ ਨਾਗ ਨਾਲ ਵੀ ਸਾਹਮਣਾ ਹੁੰਦਾ ਹੈ ਜੋ ਉਸਦੇ ਸਾਹਮਣੇ ਆਪਣਾ ਫ਼ਣ ਚੁੱਕ ਕੇ ਖੜੋ ਗਿਆ ਸੀ। ਅਜਿਹੀ ਸਥਿਤੀ ਵਿਚ ਨਾਗ ਆਪਣੇ ਸਰੀਰ ਦੀ ਕੁੱਲ ਲੰਬਾਈ ਦਾ ਮੂਹਰਲਾ ਤੀਜਾ ਹਿੱਸਾ ਜ਼ਮੀਨ ਤੋਂ ਉਪਰ ਚੁੱਕ ਸਕਦਾ ਹੈ। ਮੇਰੀ ਕਹਾਣੀ ਵਿਚ ਇਕ ਵਾਕ ਸੀ ਕਿ ਸੱਪ ਆਪਣਾ ਫ਼ਣ ਚੁੱਕ ਕੇ ਪੰਮੇ ਮੂਹਰੇ ਪੂਛ 'ਤੇ ਖੜੋ ਗਆ। ਬਲਦੇਵ ਸਿੰਘ ਨੇ ਤਾੜੀ ਮਾਰ ਕੇ ਗੱਲ ਚੱਕ ਲਈ ਕਿ ਸੱਪ ਪੂਛ 'ਤੇ ਕਿਵੇਂ ਖੜੋ ਸਕਦਾ ਹੈ? ਮੇਰੇ ਦੂਜੇ ਸਾਥੀ ਵੀ ਵਿਸ਼ੇਸ਼ ਮਹਿਮਾਨ ਦੀ ਹਾਂ ਵਿਚ ਹਾਂ ਮਿਲਾਉਣ ਲੱਗ ਪਏ। ਮੈਂ ਉਹਨਾਂ ਨੂੰ ਸਪੱਸ਼ਟੀਕਰਨ ਦੇਣ ਦੀ ਕੋਸ਼ਿਸ ਕੀਤੀ ਕਿ ਪੂਛ 'ਤੇ ਖੜਨ ਤੋਂ ਭਾਵ ਇਹ ਨਹੀਂ ਕਿ ਉਹ ਪੂਛ ਦੀ ਟਿੱਪ ਥੱਲੇ ਲਾ ਕੇ ਸੋਟੀ ਵਾਂਗ ਸਿੱਧਾ ਖੜ੍ਹਾ ਹੋ ਜਾਂਦਾ ਹੈ। ਪਰ ਸ਼ਰਾਬੀਆਂ ਦੀ ਮੈਂ ਨਾ ਮਾਨੂੰ ਵਾਲੀ ਗੱਲ ਅੱਗੇ ਮੇਰੀ ਕੋਈ ਪੇਸ਼ ਨਾ ਗਈ। ਕਹਾਣੀ ਦੇ ਵਿਸ਼ੇ ਅਤੇ ਕਲਾਤਮਕ ਪੱਖ ਦੀ ਗੱਲ ਕਰਨ ਦੀ ਬਜਾਏ ਬਲਦੇਵ ਸਿੰਘ ਵਾਰ ਵਾਰ ਕਹਿ ਰਿਹਾ ਸੀ, ' ਲੈ ਸੱਪ ਐਂ ਕਿਵੇਂ ਪੂਛ 'ਤੇ ਖੜਜੂ?'

ਫਿਰ ਮੈਂ ਅੱਕ ਕੇ ਕਹਿ ਦਿੱਤਾ ਕਿ ਨਹੀਂ ਯਾਰ ਤੁਸੀਂ ਸੱਚੇ ਹੋ, ਸੱਪ ਪੰਮੇ ਮੂਹਰੇ ਪੂਛ 'ਤੇ ਨਹੀਂ ਖੜ੍ਹਾ ਸੀ, ਉਹ ਤਾਂ ਗੋਡਿਆਂ ਪਰਨੇ ਹੋ ਗਿਆ ਸੀ।

ਤੇ ਉਸ ਦਿਨ ਮੈਨੂੰ ਲੱਗਾ ਕਿ ਇਹ ਬੰਦਾ ਸਾਹਿਤਕਾਰ ਨਹੀਂ, ਇਹ ਤਾਂ ਵਾਕਿਆ ਹੀ ਟਰੱਕ ਡਰਾਈਵਰ ਹੈ।

ਤੇ ਉਹ ਸੀ ਵੀ ਟਰੱਕ ਡਰਾਈਵਰ ਹੀ। ਟਰੱਕਾਂ ਵਾਲਿਆਂ ਤੋਂ ਵੱਧ ਪੜ੍ਹਿਆ ਲਿਖਿਆ ਤੇ ਸੰਵੇਦਨਸ਼ੀਲ ਹੋਣ ਕਰਕੇ ਉਸਨੇ ਟਰੱਕ ਡਰਾਈਵਰ ਦੀ ਇਕ ਸੱਚੀ ਦਾਸਤਾਨ ਲਿਖ ਕੇ 'ਨਾਗਮਣੀ' ਨੂੰ ਭੇਜ ਦਿੱਤੀ ਜੋ ਅਮ੍ਰਿਤਾ ਨੇ ਛਾਪ ਦਿੱਤੀ। ਤੇ ਫਿਰ ਉਸਨੇ ਇਕ ਹੋਰ ਭੇਜੀ ਤਾਂ ਉਹ ਵੀ ਛਪ ਗਈ ਤੇ ਨਾਲ ਹੀ ਉਸ ਨੂੰ ਅਮ੍ਰਿਤਾ ਦਾ ਪੱਤਰ ਮਿਲਿਆ, ਜਿਸ ਵਿਚ ਲਿਖਿਆ ਸੀ ਕਿ ਮੈਂ ਨਹੀਂ ਜਾਣਦੀ ਕਿ ਤੂੰ ਕੌਣ ਹੈਂ ਤੇ ਸੜਕਾਂ ਜਾਂ ਟਰੱਕ ਡਰਾਈਵਰਾਂ ਬਾਰੇ ਤੇਰਾ ਕਿੰਨਾ ਕੁ ਅਨੁਭਵ ਹੈ ਤੇ ਤੂੰ ਕਿੰਨਾ ਕੁ ਪੜ੍ਹਿਆ ਲਿਖਿਆ ਹੈਂ, ਪਰ ਜੇ ਤੂੰ ਸਾਨੂੰ ਹਰ ਮਹੀਨੇ ਅਜਿਹੀ ਦਿਲਚਸਪ ਰਚਨਾ ਲਿਖ ਕੇ ਭੇਜ ਸਕਦਾ ਹੈਂ ਤਾਂ ਅਸੀਂ ਆਪਣੇ ਪਰਚੇ ਵਿਚ ਤੇਰਾ ਸਥਾਈ ਕਾਲਮ ਸ਼ੁਰੂ ਕਰ ਸਕਦੇ ਹਾਂ। ਇਸ ਤਰ੍ਹਾਂ ਕਾਲਮ 'ਸੜਕਨਾਮਾ' ਦਾ ਜਨਮ ਹੋਇਆ, ਜੋ ਲਗਪਗ 'ਨਾਗਮਣੀ' ਦੇ ਬੰਦ ਹੋਣ ਤਕ ਲਗਾਤਾਰ ਛਪਦਾ ਰਿਹਾ ਤੇ ਬਲਦੇਵ ਸਿੰਘ 'ਸੜਕਨਾਮਾ' ਦੇ ਨਾਂ ਨਾਲ ਮਸ਼ਹੂਰ ਹੋ ਗਿਆ। ਇਹ ਕਾਲਮ ਏਨਾ ਪਾਪੂਲਰ ਹੋਇਆ ਕਿ ਕਈ ਲੋਕ ਤਾਂ 'ਸੜਕਨਾਮਾ' ਕਰਕੇ ਹੀ 'ਨਾਗਮਣੀ' ਪੜ੍ਹਦੇ ਸਨ ਤੇ ਜਿਸ ਮਹੀਨੇ ਕਾਲਮ ਛਪਣੋਂ ਰਹਿ ਜਾਂਦਾ ਸੀ, ਉਹ 'ਨਾਗਮਣੀ' ਹੀ ਨਹੀਂ ਖਰੀਦਦੇ ਸਨ। ਇਸ ਕਰਕੇ, ਕਈ ਵਾਰ ਜੇਕਰ ਉਸ ਤੋਂ ਸਮੇਂ ਸਿਰ ਆਰਟੀਕਲ ਨਾ ਭੇਜਿਆ ਜਾਂਦਾ ਤਾਂ ਅਮ੍ਰਿਤਾ 'ਨਾਗਮਣੀ' ਨੂੰ ਪ੍ਰੈੱਸ ਵਿਚ ਜਾਣ ਤੋਂ ਰੋਕ ਲੈਂਦੀ ਸੀ ਤੇ 'ਸੜਕਨਾਮਾ' ਦੀ ਕਿਸ਼ਤ ਆਉਣ 'ਤੇ ਹੀ ਪਰਚਾ ਪ੍ਰੈੱਸ ਵਿਚ ਭੇਜਿਆ ਜਾਂਦਾ ਸੀ। ਅਮ੍ਰਿਤਾ ਜੋ ਬਲਦੇਵ ਸਿੰਘ ਨੂੰ ਜਾਣਦੀ ਤਕ ਨਹੀਂ ਸੀ, ਜਦੋਂ ਇਕ ਵਾਰ ਕਲਕੱਤੇ ਕਿਸੇ ਸਮਾਗਮ 'ਤੇ ਗਈ ਤਾਂ ਆਪਣੀ ਪੰਜ ਸਿਤਾਰਾ ਹੋਟਲ ਦੀ ਰਹਾਇਸ਼ ਛੱਡ ਕੇ ਬਲਦੇਵ ਦੇ ਛੋਟੇ ਜਿਹੇ ਘਰ ਵਿਚ ਖਾਣਾ ਖਾਣ ਚਲੀ ਗਈ ਸੀ। ਉਸ ਸਮੇਂ ਵੱਖ

ਵੱਖ ਭਾਸ਼ਾਵਾਂ ਦੇ ਵੱਡੇ ਵੱਡੇ ਲੇਖਕ ਮੂੰਹ ਵਿਚ ਉਂਗਲਾਂ ਪਾ ਰਹੇ ਸਨ ਕਿ ਇਕ ਡਰਾਈਵਰ ਜਿਹੇ ਬੰਦੇ ਨਾਲ ਉਹ ਕਿਵੇਂ ਚਲੀ ਗਈ? ਉਸ ਦਿਨ ਅਮ੍ਰਿਤਾ ਨੇ ਬਲਦੇਵ ਸਿੰਘ ਦੀ ਪਤਨੀ ਕੁਲਜੀਤ ਕੌਰ ਨੂੰ ਪੁੱਛਿਆ, "ਕੀ ਤੈਨੂੰ ਪਤਾ ਐ ਕਿ ਤੇਰਾ ਘਰ ਵਾਲਾ ਕਿੱਡਾ ਵੱਡਾ ਲੇਖਕ ਹੈ?" ਕੁਲਜੀਤ ਕੌਰ ਨੇ ਜਵਾਬ ਦਿੱਤਾ, "ਵੱਡੇ ਛੋਟੇ ਦਾ ਤਾਂ ਮੈਨੂੰ ਪਤਾ ਨਹੀਂ, ਊਂ ਮੈਨੂੰ ਪਤਾ ਐ ਬਈ ਇਹ ਲਿਖਦੈ ਤੇ ਸਾਰਾ ਦਿਨ ਮੇਰੀਆਂ ਸੌਂਕਣਾਂ 'ਕਿਤਾਬਾਂ' ਨਾਲ ਹੀ ਮੱਥਾ ਮਾਰਦੈ, ਪਹਿਲਾਂ ਮੇਰੀਆਂ ਸੌਂਕਣਾਂ ਇਹਦੀਆਂ ਗੱਡੀਆਂ ਹੁੰਦੀਆਂ ਸਨ ਤੇ ਹੁਣ ਕਿਤਾਬਾਂ ਵੀ ਬਣ ਗਈਆਂ ਹਨ।"

ਗੁਰਬਖਸ਼ ਸਿੰਘ ਪ੍ਰੀਤਲੜੀ, ਨਾਨਕ ਸਿੰਘ ਅਤੇ ਜਸਵੰਤ ਸਿੰਘ ਕੰਵਲ ਤੋਂ ਬਾਅਦ ਸ਼ਾਇਦ ਹੀ ਕਿਸੇ ਹੋਰ ਪੰਜਾਬੀ ਲੇਖਕ ਦਾ ਬਲਦੇਵ ਸਿੰਘ ਜਿੰਨਾ ਪਾਠਕ ਵਰਗ ਹੋਵੇ। ਵਿਦੇਸ਼ਾਂ ਵਿਚ ਵੀ ਉਸਦੇ ਅਣਗਿਣਤ ਪਾਠਕ ਹਨ ਜੋ ਉਸ ਨਾਲ ਫੋਨ 'ਤੇ ਗੱਲਬਾਤ ਕਰਦੇ ਰਹਿੰਦੇ ਹਨ। ਉਸਦਾ ਹਰ ਨਾਵਲ ਮੇਲੇ ਵਿਚ ਨਿਕਲਦੀਆਂ ਤੱਤੀਆਂ ਜਲੇਬੀਆਂ ਵਾਂਗ ਝੱਟ ਵਿਕ ਜਾਂਦਾ ਹੈ। ਅੱਜ ਦੇ ਜੀਵਤ ਲੇਖਕਾਂ ਵਿਚੋਂ ਬਲਦੇਵ ਸਿੰਘ ਸਭ ਤੋਂ ਵੱਧ ਪੜ੍ਹਿਆ ਜਾਣ ਵਾਲਾ ਲੇਖਕ ਹੈ ਤੇ ਉਸ ਦੇ ਹੀ ਸਭ ਲੇਖਕਾਂ ਤੋਂ ਵੱਧ ਰੂ-ਬ-ਰੂ ਹੋ ਰਹੇ ਹਨ। ਜਦੋਂ ਉਸਦਾ ਨਾਵਲ 'ਅੰਨਦਾਤਾ' ਇਕ ਅਖਬਾਰ ਵਿਚ ਲੜੀਵਾਰ ਛਪ ਰਿਹਾ ਸੀ ਤਾਂ ਪਿੰਡਾਂ ਦੀਆਂ ਸੱਥਾਂ ਵਿਚ ਬੈਠੇ ਲੋਕ ਇਸ ਦੇ ਇਕ ਇਕ ਕਾਂਡ ਨੂੰ ਕਿਸੇ ਧਾਰਮਿਕ ਗ੍ਰੰਥ ਦੀ ਕਥਾ ਵਾਂਗ ਪੜ੍ਹਦੇ ਸੁਣਦੇ ਸਨ। ਮੋਗੇ ਜ਼ਿਲ੍ਹੇ ਦੇ ਪਿੰਡ 'ਪੰਡੋਰੀ ਅਰਾਈਆਂ' ਵਿਚ ਤਾਂ ਉਸ ਦੇ ਨਾਵਲ 'ਪੰਜਵਾਂ ਸਾਹਿਬਜ਼ਾਦਾ' ਦਾ ਰੋਜ਼ਾਨਾ ਹੀ ਇਕ ਕਾਂਡ ਪਿੰਡ ਦੇ ਗੁਰਦਵਾਰੇ ਤੋਂ ਸਪੀਕਰ ਵਿਚ ਪੜ੍ਹਕੇ ਪਿੰਡ ਵਾਸੀਆਂ ਨੂੰ ਸੁਣਾਇਆ ਜਾਂਦਾ ਸੀ। ਇਸ ਨਾਵਲ ਦੇ ਛਪਣ ਤੋਂ ਬਾਅਦ ਤਾਂ ਉਸ ਨੂੰ ਦਲਿਤ ਸਮਾਜ ਨੇ ਵੀ ਸਿਰਾਂ 'ਤੇ ਚੱਕ ਲਿਆ ਸੀ। ਡਾਇਨਾਮਿਕ ਗਰੁੱਪ ਆਫ ਰੰਗਰੇਟਾਜ਼' ਨਾਂ ਦੀ ਇਕ ਸੰਸਥਾ, ਜਿਸ ਵਿਚ ਬਹੁਤ ਚੋਟੀ ਦੇ ਪ੍ਰਸ਼ਾਸਨਕ ਅਧਿਕਾਰੀ ਸ਼ਾਮਲ ਹਨ, ਨੇ ਅਮ੍ਰਿਤਸਰ ਵਿਖੇ ਬਹੁਤ ਹੀ ਵੱਡੇ ਪੱਧਰ 'ਤੇ ਸਮਾਗਮ ਕਰਕੇ ਉਸ ਨੂੰ ਇਕਵੰਜਾ ਹਜ਼ਾਰ ਦੀ ਥੈਲੀ ਭੇਂਟ ਕੀਤੀ ਸੀ ਅਤੇ ਇਸ ਨਾਵਲ ਦੀਆਂ ਪੰਜ ਹਜ਼ਾਰ ਕਾਪੀਆਂ ਖਰੀਦ ਕੇ ਆਪਣੇ ਦਲਿਤ ਭਾਈਚਾਰੇ ਵਿਚ ਵੰਡ ਦਿੱਤੀਆਂ ਸਨ।

ਪਰ ਜਦੋਂ ਬਲਦੇਵ ਸਿੰਘ ਨੂੰ 'ਢੁੱਡੀਕੇ ਟ੍ਰੱਸਟ' ਦਾ ਇਨਾਮ ਮਿਲਿਆ ਸੀ ਤਾਂ ਉਸ ਨੇ ਬਹੁਤੀ ਖੁਸ਼ੀ ਨਾ ਪ੍ਰਗਟਾਈ। ਉਸਦੇ ਇਕ ਮਿੱਤਰ ਨੇ ਵਧਾਈਆਂ ਦਿੱਤੀਆਂ ਤਾਂ ਉਸ ਨੇ ਢਿੱਲੀ ਜਿਹੀ ਆਵਾਜ਼ ਵਿਚ ਕਿਹਾ, 'ਇਹ ਤਾਂ ਯਾਰ ਲੋਕਲ ਇਨਾਮ ਹੀ ਸੀ...।' ਅਤੇ ਫਿਰ ਮਿੱਤਰ ਨੇ ਉਸ ਦੇ ਗਿੱਟਿਆਂ 'ਤੇ ਮਾਰਦੇ ਹੋਏ ਕਿਹਾ, 'ਜੇ ਲੋਕਲ ਇਨਾਮ ਤਾਈਂ ਪਹੁੰਚਣ 'ਚ ਤੈਨੂੰ ਤੀਹ ਵਰ੍ਹੇ ਲੱਗਗੇ, ਦਿੱਲੀ ਤਾਂ ਫਿਰ ਅਜੇ ਬਹੁਤ ਦੂਰ ਹੈ। ਓਥੋਂ ਵਾਲੇ ਇਨਾਮ ਤਕ ਪਹੁੰਚਣ ਨੂੰ ਤਾਂ ਤੈਨੂੰ ਸੌ ਸਾਲ ਲੱਗਣਗੇ।'

ਤੇ ਲੱਗਦਾ ਵੀ ਇਉਂ ਹੀ ਸੀ। ਪਹਿਲਾਂ ਪਹਿਲ ਯੂਨੀਵਰਸਿਟੀਆਂ ਦੇ ਸਾਡੇ 'ਪ੍ਰੋਫੈਸਰ' ਅਤੇ ਮੱਠਾਂ ਦੇ ਆਗੂ 'ਵਿਦਵਾਨ' ਲੋਕ ਉਸ ਨੂੰ ਥੜ੍ਹੇ ਨਹੀਂ ਸੀ ਚੜ੍ਹਨ ਦਿੰਦੇ ਅਤੇ ਉਸ ਨੂੰ ਟਰੱਕ ਡਰਾਈਵਰ ਹੀ ਸਮਝ ਕੇ ਉਸ ਦੀਆਂ ਲਿਖਤਾਂ ਨੂੰ ਅੱਖੋਂ ਪਰੋਖੇ ਕਰੀ ਰੱਖਦੇ ਸਨ। ਪਰ ਬਹੁਤਾ ਸਮਾਂ ਉਸ ਨੂੰ ਨਜ਼ਰ ਅੰਦਾਜ਼ ਨਾ ਕੀਤਾ ਜਾ ਸਕਿਆ ਤੇ ਕੁੱਝ ਸਮੇਂ ਬਾਅਦ ਹੀ ਉਸਦੇ 'ਸਾਹਿਤ ਅਕੈਡਮੀ ' ਅਤੇ 'ਸ਼੍ਰੋਮਣੀ ਪੰਜਾਬੀ ਸਾਹਿਤਕਾਰ' ਦੇ ਇਨਾਮਾਂ ਦਾ ਟਿੱਕਾ ਲੱਗ ਹੀ ਗਿਆ। ਇਥੋਂ ਤਕ ਪਹੁੰਚਣ ਲਈ ਉਸ ਨੂੰ ਬਹੁਤ ਹੀ ਮਿਹਨਤ ਅਤੇ ਸੰਘਰਸ਼ ਕਰਨਾ ਪਿਆ। ਇਕ ਡਰਾਈਵਰ ਬੰਦਾ ਆਮ ਬੰਦਿਆਂ ਦੇ ਮੁਕਾਬਲੇ ਇਹ ਗੱਲ ਬਿਹਤਰ ਸਮਝਦਾ ਹੈ ਕਿ ਖੁੱਭੀ ਕਿਵੇਂ ਕੱਢੀਦੀ ਹੈ। ਬਹੁਤੇ ਲੇਖਕ ਹੀਲੇ ਵਸੀਲੇ ਵਰਤ ਕੇ ਇਹ 'ਸਾਹਿਤ ਅਕੈਡਮੀ ਵਾਲਾ ਉੱਚਾ ਇਨਾਮ ਪ੍ਰਾਪਤ ਕਰ ਤਾਂ ਲੈਂਦੇ ਹਨ ਪਰ ਫਿਰ ਅਕੈਡਮੀ ਦੇ ਇਸ ਪਾਲ਼ੇ ਨੂੰ ਟੱਚ ਕਰਨ ਸਾਰ ਉਹਨਾਂ ਦਾ ਸਾਹ ਟੁੱਟ ਜਾਂਦਾ ਹੈ। ਪਿਛਲੇ ਵੀਹ ਕੁ ਸਾਲਾਂ ਵਿਚ ਕਿੰਨੇ ਹੀ ਸਾਹਿਤ ਅਕੈਡਮੀ ਇਨਾਮ ਜੇਤੂ ਲੇਖਕਾਂ ਦੇ ਨਾਂ



ਪਾਠਕਾਂ ਦੀ ਯਾਦਾਸ਼ਤ ਵਾਲੀ ਫੱਟੀ ਤੋਂ ਪੋਚੇ ਗਏ ਹਨ। ਪਰ ਬਲਦੇਵ ਸਿੰਘ ਤਾਂ ਲੰਮੀ ਰੇਸ ਦੇ ਘੋੜੇ ਵਾਂਗ ਹੁਣ ਵੀ ਸਾਹਿਤ ਦੇ ਮੈਦਾਨ ਵਿਚ ਸਰਪੱਟ ਦੌੜ ਰਿਹਾ ਹੈ ਤੇ ਦੂਰ ਤਕ ਉਸਦੇ ਪਿੱਛੇ ਆਉਂਦਾ ਕੋਈ ਨਜ਼ਰ ਵੀ ਨਹੀਂ ਆ ਰਿਹਾ। ਉਸਦਾ ਜੀਵਨ ਅਨੁਭਵ ਬਹੁਤ ਹੀ ਵਿਸ਼ਾਲ ਅਤੇ ਵਿਭਿੰਨ ਤਰ੍ਹਾਂ ਦਾ ਹੈ। ਉਸ ਨੇ ਦੇਸ਼ ਦਾ ਸਭ ਦਿੱਲੀ-ਦੱਖਣ ਗਾਹਿਆ ਹੋਇਆ ਹੈ। ਉਸ ਕੋਲ ਵੱਖ ਵੱਖ ਖਿੱਤਿਆਂ ਦੇ ਵੱਖ ਵੱਖ ਤਰ੍ਹਾਂ ਦੇ ਲੋਕਾਂ ਬਾਰੇ ਬੇਮਿਸਾਲ ਜਾਣਕਾਰੀ ਹੋਣ ਕਰਕੇ, ਲਿਖਣ ਲਈ ਏਨਾ ਮਸਾਲਾ ਜਮ੍ਹਾਂ ਹੋਇਆ ਪਿਆ ਹੈ ਜੋ ਉਹ ਦੋ ਜਨਮਾਂ ਵਿਚ ਵੀ ਨਹੀਂ ਲਿਖ ਸਕਦਾ। ਇਸੇ ਕਰਕੇ ਉਸਦੇ ਨਾਵਲਾਂ ਵਿਚ ਕਦੇ ਵੀ ਵਿਸ਼ੇ ਦਾ ਦੁਹਰਾਓ ਨਹੀਂ ਹੁੰਦਾ। ਸਾਹਿਤ ਅਕੈਡਮੀ ਦਾ ਇਨਾਮ ਜੇਤੂ ਹੋਣ ਤੋਂ ਬਾਅਦ ਵੀ ਉਸ ਨੇ ਪੰਜਾਬੀ ਸਾਹਿਤ ਦੀ ਝੋਲੀ ਵਿਚ ਸੱਤ ਮਿਆਰੀ ਨਾਵਲ ਹੋਰ ਪਾ ਦਿੱਤੇ ਹਨ। ਸਾਹਿਤ ਅਕੈਡਮੀ ਅਵਾਰਡ ਇਕ ਵਾਰ ਕਿਸੇ ਲੇਖਕ ਨੂੰ ਦੇਣ ਤੋਂ ਬਾਅਦ ਦਸ ਸਾਲਾਂ ਪਿੱਛੋਂ ਫਿਰ ਉਸੇ ਲੇਖਕ ਦੀ ਕਿਸੇ ਹੋਰ ਕਿਰਤ ਨੂੰ ਵੀ ਦਿੱਤਾ ਜਾ ਸਕਦਾ ਹੈ ਤੇ ਜੇ ਬਲਦੇਵ ਸਿੰਘ ਏਸੇ ਰਫ਼ਤਾਰ ਤੇ ਮਿਆਰ ਨਾਲ ਲਿਖਦਾ ਰਿਹਾ ਤਾਂ ਹੋ ਸਕਦਾ ਹੈ ਕਿ ਉਹ ਦੂਸਰੀ ਵਾਰ ਵੀ 'ਸਾਹਿਤ ਅਕੈਡਮੀ ਅਵਾਰਡ' ਲੈ ਜਾਵੇ, ਜੋ ਅਜੇ ਤਕ ਕਿਸੇ ਵੀ ਪੰਜਾਬੀ ਲੇਖਕ ਨੇ ਦੋ ਵਾਰ ਹਾਸਲ ਨਹੀਂ ਕੀਤਾ। ਕੇ.ਐੱਲ.ਗਰਗ ਕਹਿੰਦਾ ਹੁੰਦਾ ਹੈ ਕਿ ਜਿਵੇਂ ਕੁੱਕੜੀ ਹਰ ਦਿਨ ਇਕ ਆਂਡਾ ਦੇ ਦਿੰਦੀ ਹੈ, ਓਸੇ ਤਰ੍ਹਾਂ ਬਲਦੇਵ ਸਿੰਘ ਵੀ ਹਰ ਸਾਲ ਇਕ ਨਾਵਲ ਦੇ ਦਿੰਦਾ ਹੈ ਤੇ ਕੁੱਕੜੀ ਤਾਂ ਕੁੱਝ ਆਂਡੇ ਦੇ ਕੇ ਸੇਵਾ ਮੰਗ ਲੈਂਦੀ ਹੈ ਪਰ ਬਲਦੇਵ ਤਾਂ ਸੇਵਾ ਵੀ ਨਹੀਂ ਮੰਗਦਾ।

ਮੋਗੇ ਕਾਲਿਜ ਵਿਚ ਪੜ੍ਹਨ ਸਮੇਂ ਉਸ ਨੇ ਆਪਣਾ ਤਖ਼ੱਲਸ 'ਪ੍ਰੇਮੀ' ਰੱਖ ਲਿਆ ਤਾਂ ਉਸਦੇ ਪੰਜਾਬੀ ਦੇ ਪ੍ਰੋਫੈਸਰ ਕਿਰਪਾਲ ਸਾਗਰ ਨੇ ਉਸਨੂੰ ਪੁੱਛਿਆ ਕਿ ਕੀ ਤੈਨੂੰ ਪ੍ਰੇਮੀ ਦੇ ਅੰਗਰੇਜ਼ੀ ਵਿਚ ਅਰਥਾਂ ਦਾ ਪਤਾ ਹੈ? ਪ੍ਰੋਫੈਸਰ ਸਾਗਰ ਦਾ ਵਿਅੰਗ ਸਮਝ ਕੇ ਉਸ ਨੇ ਮਹੀਨਾ ਕੁ ਪਹਿਲਾਂ ਹੀ ਆਪਣੇ ਨਾਂ ਨਾਲ ਜੋੜਿਆ ਇਹ ਤਖ਼ੱਲਸ ਤਾਂ ਲਾਹ ਸੁੱਟਿਆ ਪਰ ਬਾਅਦ ਵਿਚ ਉਸਦੇ ਨਾਂ ਨਾਲ ਅਨੇਕਾਂ ਤਖ਼ੱਲਸ ਆਪਣੇ ਆਪ ਹੀ ਜੁੜਦੇ ਗਏ। ਕਦੇ ਉਸ ਨੂੰ ਬਲਦੇਵ ਸਿੰਘ ਮੋਗਾ ਕਿਹਾ ਗਿਆ ਤੇ ਕਦੇ ਬਲਦੇਵ ਸਿੰਘ ਕਲਕੱਤਾ। ਉਸ ਦੀਆਂ ਲਿਖਤਾਂ ਪਾਠਕਾਂ ਵਿਚ ਏਨੀਆਂ ਮਕਬੂਲ ਹੋਈਆਂ ਕਿ ਉਸ ਦੀ ਰਚਨਾ ਦਾ ਨਾਂ ਹੀ ਉਸ ਦਾ ਤਖ਼ੱਲਸ ਬਣਨ ਲੱਗ ਪਿਆ। ਭਾਰਤ ਦੀਆਂ ਸੜਕਾਂ ਗਾਹੁੰਦੇ ਤੇ ਸਮਾਜ ਵਿਚ ਬਦਨਾਮ ਭਾਈਚਾਰੇ ਦੇ ਤੌਰ 'ਤੇ ਜਾਣੇ ਜਾਂਦੇ ਟਰੱਕ ਡਰਾਈਵਰਾਂ ਬਾਰੇ ਕਾਲਮ 'ਸੜਕਨਾਮਾ' ਨਾਗਮਣੀ ਵਿਚ ਲਿਖਣ ਲੱਗਿਆ ਤਾਂ ਉਹ 'ਸੜਕਨਾਮਾ' ਦੇ ਤੌਰ 'ਤੇ ਜਾਣਿਆ ਜਾਣ ਲੱਗਾ ਤੇ ਜਦੋਂ ਉਸਦਾ ਨਾਵਲ 'ਲਾਲ ਬੱਤੀ' ਆਇਆ ਤਾਂ ਉਸਦਾ ਤਖੱਲਸ 'ਲਾਲ ਬੱਤੀ' ਬਣ ਗਿਆ, ਤੇ ਜਦੋਂ ਉਸ ਦਾ ਨਾਵਲ ' ਅੰਨਦਾਤਾ ' ਛਪਿਆ ਤਾਂ ਉਸ ਦੇ ਨਾਂ ਦੇ ਨਾਲ 'ਅੰਨਦਾਤਾ' ਜੁੜ ਗਿਆ। ਹੁਣ ਪਾਠਕ ਜਾਂ ਆਲੋਚਕ ਉਸਦੇ ਕਿੰਨੇ ਕੁ ਤਖ਼ੱਲਸ ਰੱਖਣ, ਉਹ 'ਅਫਲਾਤੂਨ' ਤਾਂ ਮਿਆਰੀ ਨਾਵਲ ਰਚੀ ਹੀ ਜਾ ਰਿਹਾ ਹੈ। ਇੰਦਰਾ ਗਾਂਧੀ ਦੇ ਕਤਲ ਤੋਂ ਬਾਅਦ ਜਦੋਂ ਦੇਸ਼ ਦੇ ਕਈ ਹਿੱਸਿਆਂ ਵਿਚ ਸਿੱਖਾਂ ਦੇ ਖਿਲਾਫ ਰੋਹ ਪੈਦਾ ਹੋ ਗਿਆ ਸੀ ਤਾਂ ਉਸ ਨੇ ਆਪਣਾ ਕਲਕੱਤੇ ਵਾਲਾ ਕਾਰੋਬਾਰ ਸਮੇਟ ਕੇ ਮੋਗੇ ਘਰ ਵਾਪਸੀ ਕਰ ਲਈ। ਓਦੋਂ ਤੋਂ ਉਹ ਆਂਢ ਗੁਆਂਢ ਲਈ ਬਲਦੇਵ ਸਿੰਘ ਕਲਕੱਤਾ ਹੈ ਤੇ ਉਸ ਨੇ ਵੀ ਕ੍ਰਿਸ਼ਨਾ ਨਗਰ ਵਿਚ ਬਣੀ ਆਪਣੀ ਕੋਠੀ ਦੇ ਗੇਟ 'ਤੇ ਬਲਦੇਵ ਸਿੰਘ 'ਕੱਲਕੱਤਾ' ਦੀ ਤਖ਼ਤੀ ਲਵਾ ਰੱਖੀ ਹੈ।

ਜੀਵਨ ਵਿਚ ਜਿੰਨੇ ਸੰਘਰਸ਼ਮਈ ਅਤੇ ਔਝੜ ਰਾਹਾਂ 'ਤੇ ਬਲਦੇਵ ਸਿੰਘ ਚੱਲਿਆ ਹੈ, ਸ਼ਾਇਦ ਹੀ ਕੋਈ ਪੰਜਾਬੀ ਲੇਖਕ ਚੱਲਿਆ ਹੋਵੇ। ਇਹ ਗੱਲ ਵੀ ਕਿਸੇ ਨੇ ਚੜ੍ਹਦੇ ਲਹਿੰਦੇ ਨਹੀਂ ਸੁਣੀ ਹੋਣੀ ਕਿ ਪੰਦਰਾਂ ਸੋਲਾਂ ਜਮਾਤਾਂ ਪਾਸ ਕਰ ਕੇ ਸੋਹਣੇ ਜਿਹੇ ਪਹਾੜੀ ਇਲਾਕੇ ਦੇ ਵਧੀਆ ਜਿਹੇ ਸਕੂਲ ਵਿਚ ਅਧਿਆਪਕ ਦੀ ਸਰਕਾਰੀ ਨੌਕਰੀ ਕਰਦਾ ਕੋਈ ਬੰਦਾ ਆਪਣੀ ਕੁਰਸੀ 'ਤੇ ਬੈਠਣ ਵਾਲੀ ਨੌਕਰੀ ਨੂੰ ਲੱਤ ਮਾਰ ਕੇ ਦੂਰ ਪ੍ਰਦੇਸਾਂ ਵਿਚ ਜਾ ਕੇ ਟਰੱਕ ਡਰਾਈਵਰਾਂ ਦਾ ਖਲਾਸੀ ਬਣ ਜਾਵੇ।

ਪਰ ਬਲਦੇਵ ਸਿੰਘ ਨੇ ਏਹੀ ਕੁੱਝ ਕੀਤਾ ਹੈ। ਅਚਾਨਕ ਹੀ ਮਿਲਣ ਆਏ ਤਾਏ ਦੇ ਪੁੱਤ ਵੱਲੋਂ ਵਿਖਾਏ ਸਬਜ਼ ਬਾਗਾਂ ਦੇ ਲਾਲਚ ਵਿਚ ਉਹ ਆਪਣੀ ਬੀ.ਏ.ਬੀ.ਐਡ. ਅਧਿਆਪਕ ਦੀ ਨੌਕਰੀ ਛੱਡ ਕੇ ਅਤੇ ਬਿਨਾਂ ਮਾਂ ਪਿਓ ਦੀ ਸਹਿਮਤੀ ਲਏ ਕਲਕੱਤੇ ਭੱਜ ਜਾਂਦਾ ਹੈ। ਹਰ ਕੋਈ ਉਸਦੇ ਇਸ ਤਰ੍ਹਾਂ ਨੌਕਰੀ ਛੱਡ ਜਾਣ 'ਤੇ ਹੈਰਾਨ ਤਾਂ ਹੁੰਦਾ ਹੀ ਹੈ ਤੇ ਨਾਲ ਹੀ ਇਹ ਗੱਲ ਕਿਸੇ ਦੇ ਸੰਘੋਂ ਵੀ ਨਹੀਂ ਉੱਤਰਦੀ। ਉਸ ਸਮੇਂ ਉਸਦੇ ਸਿਰ ਦੇ ਕੇਸ ਕੱਟੇ ਹੋਏ ਸਨ ਤੇ ਉਹ ਪੱਗ ਵੀ ਨਹੀਂ ਬੰਨ੍ਹਦਾ ਹੁੰਦਾ ਸੀ। ਉਸਦੇ ਸਾਥੀ ਡਰਾਈਵਰ ਉਸ ਦੀ ਫਿਲਮੀ ਐਕਟਰਾਂ ਵਰਗੀ ਸ਼ਕਲ ਸੂਰਤ ਵੇਖ ਕੇ ਤਾਂ ਇਹੀ ਸਮਝਦੇ ਸਨ ਕਿ ਉਸ ਨੇ ਸਕੂਲ ਵਿਚ ਪੜ੍ਹਦੀ ਕਿਸੇ ਕੁੜੀ-ਕੱਤਰੀ ਜਾਂ ਮਾਸਟਰਾਨੀ ਨੂੰ ਛੇੜ-ਛੂੜ ਲਿਆ ਹੋਣਾ ਹੈ, ਤੇ ਤਾਂ ਹੀ ਉਹ ਡਰਦਾ ਕਲਕੱਤੇ ਨੂੰ ਭੱਜ ਆਇਆ ਹੈ। ਗਰਗ ਤਾਂ ਹੁਣ ਵੀ ਕਹਿ ਦਿੰਦਾ ਹੈ ਕਿ ਚੰਗਾ ਰਹਿ ਗਿਆ ਬਲਦੇਵ ਪਹਿਲਾਂ ਹੀ ਮਾਸਟਰੀ ਛੱਡ ਕੇ ਭੱਜ ਗਿਆ, ਨਹੀਂ ਤਾਂ ਉਸ ਨੇ ਛੇੜ-ਛੂੜ ਵਾਲਾ ਕੰਮ ਤਾਂ ਬਾਅਦ ਵਿਚ ਵੀ ਕਰ ਹੀ ਦੇਣਾ ਸੀ।

ਇਕ ਤਾਂ ਉਸਦਾ ਕਿੱਤਾ ਹੀ ਟਰੱਕ ਡਰਾਈਵਰਾਂ ਵਾਲਾ ਰਿਹਾ ਹੈ ਤੇ ਦੂਜਾ ਉਸਦਾ ਚਿਹਰਾ-ਮੁਹਰਾ ਵੀ ਵੇਖਣ ਨੂੰ ਤਾਂ ਸ਼ਰਾਰਤੀ ਹੀ ਲੱਗਦਾ ਹੈ, ਪਰ ਉਹ ਅਜਿਹਾ ਨਹੀਂ ਹੈ। ਉਹ ਤਾਂ ਇਸਤਰੀ ਜਾਤੀ ਦਾ ਸਨਮਾਨ ਕਰਨ ਵਾਲਾ, ਉਸਦੇ ਦੁੱਖਾਂ ਦਰਦਾਂ ਨੂੰ ਸਮਝਣ ਤੇ ਬਿਆਨਣ ਵਾਲਾ ਮਨੁੱਖ ਹੈ। ਜਿਸ ਤਰ੍ਹਾਂ ਉਸ ਨੇ ਇਸਤਰੀਆਂ ਦੀ ਵੇਦਨਾ ਦਾ ਕਰੁਣਾਮਈ ਬਿਆਨ ਕੀਤਾ ਹੈ, ਉਸ ਤਰ੍ਹਾਂ ਤਾਂ ਇਸਤਰੀ ਲੇਖਕਾਵਾਂ ਵੀ ਨਹੀਂ ਕਰ ਸਕੀਆਂ। ਉਸ ਦੇ ਪਹਿਲੇ ਨਾਵਲ 'ਕੱਲਰੀ ਧਰਤੀ' ਵਿਚ ਵੀ ਵਿਆਹ ਦੀ ਉਮਰੋਂ ਟੱਪਦੀ ਜਾਂਦੀ ਗ਼ਰੀਬ ਘਰ ਦੀ ਨੌਜਵਾਨ ਲੜਕੀ ਦੀ ਮਾਨਸਿਕ ਹਾਲਤ ਦਾ ਮਾਰਮਿਕ ਵਰਨਣ ਕੀਤਾ ਗਿਆ ਹੈ। ਉਸ ਦਾ ਨਾਵਲ 'ਲਾਲ ਬੱਤੀ' ਵੀ ਸਮਾਜ ਵਿਚ ਸਭ ਤੋਂ ਘਟੀਆ ਸਮਝੇ ਜਾਣ ਵਾਲੇ ਪੇਸ਼ੇ ਵਿਚ ਪਈਆਂ ਗ਼ਰੀਬ, ਲਾਚਾਰ ਅਤੇ ਬੇਬੱਸ ਔਰਤਾਂ ਦੀ ਜ਼ਿੰਦਗੀ ਦਾ ਹਿਰਦੇ ਵੇਧਕ ਵਰਨਣ ਹੈ, ਜਿਸ ਨੂੰ ਪੜ੍ਹਕੇ ਪਾਠਕਾਂ ਦੇ ਮਨਾਂ ਵਿਚ ਕੋਠੇ ਵਾਲੀਆਂ ਔਰਤਾਂ ਨਾਲ ਹਮਦਰਦੀ ਵੀ ਹੁੰਦੀ ਹੈ ਤੇ ਉਸ ਥਾਂ 'ਤੇ ਜਾਣ ਦਾ ਵਿਚਾਰ ਮੂਲੋਂ ਹੀ ਉਹਨਾਂ ਦੇ ਮਨਾਂ ਵਿਚੋਂ ਨਿਕਲ ਜਾਂਦਾ ਹੈ। ਇਸੇ ਤਰ੍ਹਾਂ ਨਾਵਲ 'ਗੰਧਲੇ ਪਾਣੀ' ਵਿਚ ਵੇਸਵਾਗਿਰੀ ਦੇ ਧੰਧੇ ਵਿਚ ਆਈਆਂ ਔਰਤਾਂ ਦੇ ਸਮਾਜਕ, ਆਰਥਿਕ ਅਤੇ ਮਾਨਸਿਕ ਚਿਤਰਣ ਦਾ ਕਮਾਲ ਦਾ ਵਰਨਣ ਹੈ। ਉਸ ਨੇ ਔਰਤ ਦੀਆਂ ਦੱਬੀਆਂ ਭਾਵਨਾਵਾਂ ਅਤੇ ਜਜ਼ਬਿਆਂ ਨੂੰ ਵੀ ਜੁਬਾਨ ਦਿੱਤੀ ਹੈ। ਉਸ ਦੀ ਇਕ ਚਰਚਤ ਕਹਾਣੀ 'ਫੁੱਲਕਾਰੀ' ਦੀ ਨਾਇਕਾ ਆਪਣੇ ਪਤੀ ਦੀ ਜਾਇਦਾਦ ਖਰੀਦਣ ਦੀ ਹੱਵਸ ਤੋਂ ਦੁਖੀ ਹੋ ਕੇ ਕੋਠੇ ਦੀ ਛੱਤ 'ਤੇ ਚੜ੍ਹ ਕੇ ਐਲਾਨ ਕਰ ਦਿੰਦੀ ਹੈ ਕਿ ਪਿੰਡਾ ਮੈਂ ਵਿਕਾਊ ਹਾਂ! ਮੈਨੂੰ ਖਰੀਦਣ ਵਾਲਾ ਹੈ ਕੋਈ?

ਆਮ ਤੌਰ 'ਤੇ ਬਚਪਨ ਤੋਂ ਹੀ ਬਹੁਤੀਆਂ ਕਿਤਾਬਾਂ ਪੜ੍ਹਨ ਵਾਲੇ ਬੱਚੇ ਵੱਡੇ ਹੋ ਕੇ ਲੇਖਕ ਬਣਦੇ ਹਨ ਪਰ ਬਲਦੇਵ ਸਿੰਘ ਅਜਿਹਾ ਲੇਖਕ ਹੈ ਜੋ ਲੇਖਕ ਬਣ ਕੇ ਹੀ ਕਿਤਾਬਾਂ ਪੜ੍ਹਨ ਲੱਗਿਆ ਸੀ। ਜਦੋਂ ਉਸ ਦਾ 'ਨਾਗਮਣੀ' ਵਿਚ ਕਾਲਮ ਛਪਣ ਲੱਗਿਆ ਤਾਂ ਉਸ ਨੂੰ ਵੀ ਸਹਿਤ ਪੜ੍ਹਨ ਦੀ ਚੇਟਕ ਲੱਗ ਗਈ ਤੇ ਉਹ ਕਲਕੱਤੇ ਦੀ ਨੈਸ਼ਨਲ ਲਾਇਬਰੇਰੀ ਦਾ ਮੈਂਬਰ ਬਣ ਕੇ ਪੁਸਤਕਾਂ ਪੜ੍ਹ ਪੜ੍ਹ ਕੇ ਅਗਲੀਆਂ ਪਿਛਲੀਆਂ ਕਸਰਾਂ ਕੱਢਣ ਲੱਗਿਆ। ਉਸ ਨੂੰ ਟਰੱਕ ਚਲਾਉਂਦੇ ਵਕਤ ਜਿੱਥੇ ਕਿਤੇ ਵੀ ਵਕਤ ਮਿਲਦਾ ਉਹ ਆਪਣੇ ਟਰੱਕ ਦੇ ਕੈਬਿਨ ਵਿਚ ਜਾ ਕੇ ਪੜ੍ਹਨ ਜਾਂ ਲਿਖਣ ਬੈਠ ਜਾਂਦਾ ਸੀ, ਜਦੋਂ ਕਿ ਉਸਦੇ ਸਾਥੀ ਡਰਾਈਵਰ ਢਾਬਿਆਂ 'ਤੇ ਸ਼ਰਾਬਾਂ ਪੀ ਕੇ ਖਰਮਸਤੀਆਂ ਕਰਦੇ ਰਹਿੰਦੇ ਸਨ। ਲੰਮੇ ਸਫ਼ਰਾਂ ਦੇ ਸਮੇਂ ਉਸਦੇ ਟਰੱਕ ਦਾ ਕੈਬਿਨ ਹੀ ਉਸਦਾ ਸਟੱਡੀ ਕਮ ਰਾਈਟਿੰਗ ਰੂਮ ਹੁੰਦਾ ਸੀ। ਉਸ ਨੇ ਬਹੁਤ ਸਾਰੀਆਂ ਕਿਤਾਬਾਂ ਆਪਣੇ ਟਰੱਕ ਦੇ ਕੈਬਿਨ ਵਿਚ ਬੈਠ ਕੇ ਹੀ ਪੜ੍ਹੀਆਂ ਹਨ ਤੇ ਇਸੇ ਤਰ੍ਹਾਂ ਕਈ ਕਹਾਣੀਆਂ ਵੀ ਉਸ ਨੇ ਆਪਣੇ ਟਰੱਕ ਦੇ ਕੈਬਿਨ ਵਿਚ ਬੈਠ ਕੇ ਹੀ ਲਿਖੀਆਂ ਹਨ।

ਜਦੋਂ ਉਸਦੇ ਕਹਾਣੀ ਸੰਗ੍ਰਹਿ 'ਹਵੇਲੀ ਛਾਂਵੇਂ ਖੜ੍ਹਾ ਰੱਬ' 'ਤੇ ਗੋਸ਼ਟੀ ਹੋਈ ਤਾਂ ਤੇਜਵੰਤ ਮਾਨ ਨੇ ਉਸਦੀਆਂ ਕਹਾਣੀਆਂ ਦੀ ਬਹੁਤ ਹੀ ਕਰੜੀ ਆਲੋਚਨਾ ਕਰ ਦਿੱਤੀ ਸੀ। ਉਸ ਦੀ ਇਸ ਡਾਂਗ



ਮਾਰੂ ਆਲੋਚਨਾ ਦੇ ਜਵਾਬ ਵਿਚ ਕੇ.ਐੱਲ.ਗਰਗ ਨੇ ਇਕ ਟੋਟਕਾ ਸੁਣਾ ਕੇ ਕਿਹਾ ਸੀ ਕਿ ਲੇਖਕ ਨੂੰ ਪੰਜਾਬੀ ਸਾਹਿਤ ਦੇ ਇਨ੍ਹਾਂ 'ਪੁਲਸੀਆ ਆਲੋਚਕਾਂ' ਤੋਂ ਨਹੀਂ ਡਰਨਾ ਚਾਹੀਦਾ ਤੇ ਆਪਣੀ ਲਿਖਣ ਵਾਲੀ ਗੱਡੀ ਭਜਾਉਂਦੇ ਹੀ ਰਹਿਣਾ ਚਾਹੀਦਾ ਹੈ। ਉਸ ਵਕਤ ਬਲਦੇਵ ਸਿੰਘ ਨੇ ਆਪਣੀ ਸੀਟ ਤੋਂ ਖੜ੍ਹਾ ਹੋ ਕੇ ਕਿਹਾ ਸੀ ਕਿ ਮੈਂ ਡਰਨ ਵਾਲਾ ਬੰਦਾ ਨਹੀਂ ਹਾਂ ਤੇ ਮੇਰਾ ਵਾਹ ਤਾਂ ਸਾਰੀ ਉਮਰ ਏਹੋ ਜਿਹੇ ਪੁਲਸੀਆਂ ਨਾਲ ਹੀ ਪੈਂਦਾ ਰਿਹਾ ਹੈ। ਜਦੋਂ ਉਹ ਇਹ ਜਵਾਬ ਦੇ ਰਿਹਾ ਸੀ ਤਾਂ ਉਸਦਾ ਲਾਲ ਚਿਹਰਾ ਤੰਦੂਰ ਵਾਂਗ ਤਪ ਰਿਹਾ ਸੀ ਤੇ ਉਸਦੇ ਚਿਹਰੇ ਉਪਰ ਝਲਕਦਾ ਆਤਮ-ਵਿਸ਼ਵਾਸ ਅਤੇ ਜਲੌਅ ਵੀ ਵੇਖਣ ਵਾਲਾ ਸੀ। ਉਸਦੇ ਜਵਾਬ ਦੀ ਦਾਦ ਪੰਡਾਲ ਵਿਚ ਬੈਠੇ ਦਰਸ਼ਕਾਂ ਨੇ ਵੀ ਖੂਬ ਤਾੜੀਆਂ ਮਾਰ ਕੇ ਦਿੱਤੀ।

ਟਰੱਕ ਡਰਾਈਵਰਾਂ ਵਾਲੀ ਸਖ਼ਤ ਜ਼ਿੰਦਗੀ ਹੰਢਾਈ ਹੋਣ ਕਾਰਨ ਅਤੇ ਆਪਣੇ ਆਤਮ ਵਿਸ਼ਵਾਸ ਦੇ ਬਲ ਸਦਕਾ ਉਹ ਛੇਤੀ ਕੀਤੇ ਘਬਰਾਉਂਦਾ ਵੀ ਨਹੀਂ। ਉਸਦੇ ਨਾਵਲ ' ਸੂਰਜ ਦੀ ਅੱਖ ' ਦੇ ਨਾਇਕ ਮਹਾਰਾਜਾ ਰਣਜੀਤ ਸਿੰਘ ਦੇ ਕਿਰਦਾਰ ਦੀ ਪੇਸ਼ਕਾਰੀ ਦੇ ਵਿਰੋਧ ਵਿਚ ਕੁੱਝ ਸਿੱਖ ਕੱਟੜ-ਪੰਥੀਆਂ ਨੇ ਫੇਸ ਬੁੱਕ ਫਰੰਟ 'ਤੇ ਬਹੁਤ ਹੀ ਊਲ-ਜਲੂਲ ਤੇ ਧਮਕੀਆਂ ਭਰੀ ਭਾਸ਼ਾ ਵਿਚ ਉਸ ਦਾ ਮਨੋਬਲ ਡੇਗਣ ਦੀ ਕੋਸ਼ਿਸ ਕੀਤੀ ਸੀ ਪਰ ਬਲਦੇਵ ਡੋਲਿਆ ਜਾਂ ਡਰਿਆ ਨਹੀਂ। ਹਾਂ, ਬੇਦਲੀਲੇ ਇਲਜ਼ਾਮਾਂ ਕਰਕੇ ਨਿਰਾਸ਼ ਜ਼ਰੂਰ ਹੋ ਗਿਆ ਸੀ। ਅਸਲ ਵਿਚ ਉਹ ਨਾਵਲ 'ਪੰਜਵਾਂ ਸਾਹਿਬਜ਼ਾਦਾ' ਅਤੇ 'ਮਹਾਂਬਲੀ ਸੂਰਾ' ਲਿਖਣ ਤੋਂ ਬਾਅਦ ਹੀ ਸਿੱਖ ਕੱਟੜ-ਪੰਥੀਆਂ ਦੀਆਂ ਅੱਖਾਂ ਵਿਚ ਰੜਕਣ ਲੱਗ ਪਿਆ ਸੀ। ਕਿਉਂਕਿ ਇਹਨਾਂ ਨਾਵਲਾਂ ਵਿਚ ਉਸ ਨੇ ਵਿਗਿਆਨਕ ਸੋਚ 'ਤੇ ਪਹਿਰਾ ਦਿੰਦੇ ਹੋਏ ਕਰਾਮਾਤਾਂ ਅਤੇ ਗ਼ੈਬੀ ਸ਼ਕਤੀਆਂ ਦਾ ਖੰਡਣ ਕਰਦੇ ਹੋਏ ਇਹਨਾਂ ਵਿਚਲੇ ਨਾਇਕਾਂ ਨੂੰ ਮਨੁੱਖਾਂ ਦੇ ਤੌਰ 'ਤੇ ਹੀ ਚਿਤਰਿਆ ਹੈ। ਅਸਲ ਵਿਚ ਬਲਦੇਵ ਸਿੰਘ ਵਿਗਿਆਨਕ ਸੋਚ ਦਾ ਧਾਰਨੀ ਅਤੇ ਤਰਕਸ਼ੀਲ ਵਿਚਾਰਾਂ ਵਾਲਾ ਲੇਖਕ ਹੈ।

'ਸੱਭੇ ਖੇਡਾਂ ਨੇ ਖੇਡ ਕੇ ਵੇਖ ਲਈਆਂ, ਆਓ ਭੜਭੂੰਜੀ ਵੀ ਖੇਡ ਕੇ ਵੇਖ ਲਈਏ' ਦੀ ਕਹਾਵਤ ਵਾਂਗ ਉਸ ਨੇ ਵੀ ਆਪਣੇ ਪਿਤਾ ਵਾਂਗ ਅਨੇਕਾਂ ਹੀ ਕਿੱਤਿਆਂ ਦੀਆਂ ਖੇਡਾਂ ਖੇਡੀਆਂ ਹਨ ਪਰ ਆਪਣੇ ਪਿਤਾ ਵਾਂਗ ਹੀ ਆਪਣੇ ਪੁਰਖਿਆਂ ਦੇ ਸਵਰਨਕਾਰੀ ਦੇ ਕਿੱਤੇ 'ਤੇ ਕਦੇ ਵੀ ਹੱਥ ਨਹੀਂ ਅਜ਼ਮਾਇਆ। ਉਸ ਨੇ ਐਸ਼ ਕਰਨ ਵਾਲੀ ਮਾਸਟਰੀ ਛੱਡ ਕੇ ਲੜਨ ਭਿੜਨ ਵਾਲੀ ਟਰੱਕ ਡਰਾਈਵਰੀ ਦਾ ਕਲੀਂਡਰ ਗਲ਼ 'ਚ ਪਵਾਇਆ, ਕਲਕੱਤਾ ਛੱਡਣ ਤੋਂ ਮਗਰੋਂ ਮੋਗੇ ਦੁਬਾਰਾ ਪੈਰ ਜਮਾਉਣ ਲਈ ਛਾਪਾਖਾਨਾ ਲਾਇਆ, ਤਿੰਨ ਪਹੀਆਂ ਵਾਲਾ ਸਕੂਟਰ, ਜਿਸ ਨੂੰ ਪਿੰਡਾਂ ਵਾਲੇ ਭੂੰਡ ਕਹਿੰਦੇ ਹਨ, ਉਹ ਚਲਾਇਆ ਅਤੇ ਮਿੰਨੀ-ਬੱਸਾਂ ਦਾ ਮਾਲਕ ਬਣਕੇ ਛੋਟੇ ਟਰਾਂਸਪੋਰਟਰਾਂ ਵਾਲੀਆਂ ਖੱਜਲ ਖੁਆਰੀਆਂ ਝੱਲੀਆਂ, ਪਰ ਹੌਂਸਲਾ ਕਦੇ ਵੀ ਨਾ ਹਾਰਿਆ। ਕੰਮ ਉਹ ਚਾਹੇ ਕੋਈ ਵੀ ਕਰੇ, ਪਰ ਉਹ ਹਰ ਕੰਮ ਸੋਚ ਵਿਚਾਰ ਕੇ ਤੇ ਦਿਲ ਲਾ ਕੇ ਹੀ ਕਰਦਾ ਹੈ। ਪਿਤਾ ਦੀ ਸਖ਼ਤੀ ਕਰਕੇ ਉਹ ਤਾਂ ਬਚਪਨ ਵਿਚ ਹੀ ਚੰਡਿਆ ਗਿਆ ਸੀ ਤੇ ਸ਼ੁਰੂ ਤੋਂ ਹੀ ਮਿਹਨਤ ਕਰਨੀ ਸਿੱਖ ਗਿਆ ਸੀ। ਕੋਮਲਤਾ, ਸਹਿਜ ਅਤੇ ਸੰਵੇਦਨਸ਼ੀਲਤਾ ਦੇ ਗੁਣ ਉਸ ਨੂੰ ਆਪਣੀ ਮਾਂ ਤੋਂ ਪ੍ਰਾਪਤ ਹੋ ਗਏ ਸਨ। ਘਾਟ ਘਾਟ ਦਾ ਉਸ ਨੇ ਪਾਣੀ ਪੀ ਲਿਆ ਹੈ। ਉਸ ਨੂੰ ਆਪਣਾ ਕੰਮ ਕਢਵਾਉਣਾ ਆਉਂਦਾ ਹੈ ਤੇ ਲਗਦੀ ਵਾਹ ਉਹ ਕਦੇ ਘਾਟਾ ਵੀ ਨਹੀਂ ਖਾਂਦਾ। ਪੈਸੇ ਟਕੇ ਦਾ ਪੂਰਾ ਹਿਸਾਬੀ ਕਿਤਾਬੀ ਹੈ। ਜਦੋਂ ਕਦੇ ਮੋਗੇ ਦੇ ਲੇਖਕ ਟੋਲੇ ਨੇ ਕਿਧਰੇ ਸਾਹਿਤਕ ਸਮਾਗਮ 'ਤੇ ਜਾਣਾ ਹੋਵੇ ਤਾਂ ਉਹ ਪਹਿਲਾਂ ਹੀ ਕਹਿ ਦਿੰਦਾ ਹੈ ਕਿ ਬਈ ਗੱਡੀ ਤਾਂ ਮੈਂ ਲੈ ਚੱਲਦਾ ਹਾਂ ਪਰ ਤੇਲ ਤੂਲ ਤਾਂ ਰਲ ਮਿਲ ਕੇ ਹੀ ਚੱਲੂ ਤੇ ਉਹ ਅੱਡਾ ਇਨਚਾਰਜ ਬੱਸ ਕੰਡਕਟਰਾਂ ਵਾਂਗ ਗੱਡੀ ਵਿਚ ਬਿਠਾਉਣ ਤੋਂ ਪਹਿਲਾਂ ਹੀ ਉਹਨਾਂ ਤੋਂ ਪੈਸੇ ਵਸੂਲ ਲੈਂਦਾ ਹੈ। ਰੇਲ ਗੱਡੀ ਤੋਂ ਬਿਨਾਂ ਉਸ ਨੇ ਜ਼ਮੀਨ 'ਤੇ ਚੱਲਣ ਵਾਲਾ ਹਰ ਕਿਸਮ ਦਾ ਵਾਹਨ ਚਲਾਇਆ ਹੈ। ਹੋਰ ਤਾਂ ਹੋਰ ਆਪਣੇ ਵਿਆਹ ਵਿਚ ਆਪਣਾ ਘਰ ਦਾ ਸਪੀਕਰ ਉਸ ਨੇ ਆਪ ਵਜਾਇਆ ਹੈ। ਉਸ ਵੇਲੇ ਜੇ

ਕਿਸੇ ਗੀਤਕਾਰ ਨੂੰ ਇਸ ਗੱਲ ਦਾ ਪਤਾ ਲੱਗ ਜਾਂਦਾ ਤਾਂ ਉਸਨੇ ਗੀਤ ਜੋੜ ਦੇਣਾ ਸੀ, 'ਨੀ ਮੁੰਡਾ ਆਪਣੇ ਵਿਆਹ ਦੇ ਵਿਚ ਆਪਣਾ ਹੀ ਸਪੀਕਰ ਵਜਾਉਂਦਾ ਫਿਰੇ... ਨੀ ਮੁੰਡਾ।'

ਉਸ ਨੇ ਕਿਤਾਬਾਂ ਦੇ ਗੱਡਿਆਂ ਦੇ ਗੱਡੇ ਪੜ੍ਹੇ ਹੋਏ ਹਨ ਤੇ ਪੜ੍ਹ ਰਿਹਾ ਹੈ। ਰਾਤ ਨੂੰ ਬਿਜਲੀ ਚਲੀ ਜਾਵੇ ਤਾਂ ਉਹ ਮੋਮਬੱਤੀ ਜਗਾ ਕੇ ਪੜ੍ਹਨ ਲੱਗ ਜਾਂਦਾ ਹੈ। ਇਤਿਹਾਸਕ ਨਾਵਲ ਲਿਖਣ ਸਮੇਂ ਵੀ ਉਹ ਉਸ ਵਿਸ਼ੇ ਨਾਲ ਸੰਬੰਧਤ ਸਮੱਗਰੀ ਦਾ ਪੂਰਾ ਅਧਿਐਨ ਕਰ ਕੇ ਹੀ ਨਾਵਲ ਲਿਖਣ ਬੈਠਦਾ ਹੈ। ਉਹ ਬਹੁਤ ਹੀ ਮਿਹਨਤੀ ਅਤੇ ਸਿਰੜੀ ਬੰਦਾ ਹੈ। ਬਹੁਤੇ ਲੇਖਕਾਂ ਵਾਂਗ ਇਤਿਹਾਸਕ ਨਾਵਲ ਉਸ ਨੇ ਆਪਣੇ ਬੈੱਡ-ਰੂਮ ਦੇ ਟੇਬਲ ਉਪਰ ਬੈਠ ਕੇ ਨਹੀਂ ਲਿਖੇ, ਸਗੋਂ ਜਿਹੜਾ ਵੀ ਉਸ ਨੇ ਨਾਵਲ ਲਿਖਿਆ ਉਸ ਦੀ ਪਿੱਠ ਭੂਮੀ ਵਿਚ ਜਾ ਕੇ, ਸਾਰੇ ਹਾਲਾਤ ਨੂੰ ਮੱਦੇ-ਨਜ਼ਰ ਰੱਖ ਕੇ ਤੇ ਉਹਨਾਂ ਰਾਹਾਂ ਅਤੇ ਥਾਵਾਂ ਤੇ ਆਪ ਜਾ ਕੇ ਵੇਖਿਆ, ਭਾਲਿਆ ਤੇ ਸਮਝਿਆ ਹੈ। ਜਿਸ ਰਸਤੇ ਰਾਹੀਂ ਭਾਈ ਜੈਤਾ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਸੀਸ ਦਿੱਲੀ ਤੋਂ ਲੈ ਕੇ ਆਨੰਦਪੁਰ ਸਾਹਿਬ ਪਰਤਦਾ ਹੈ, ਉਸ ਸਾਰੇ ਰਸਤੇ 'ਤੇ ਬਲਦੇਵ ਸਿੰਘ ਵੀ ਆਪ ਚੱਲਿਆ ਹੈ। 'ਢਾਵਾਂ ਦਿੱਲੀ ਦੇ ਕਿੰਗਰੇ' ਅਤੇ 'ਸਤਲੁਜ ਵਹਿੰਦਾ ਰਿਹਾ' ਨਾਵਲ ਲਿਖਣ ਸਮੇਂ ਉਸ ਨੇ ਇਸ ਮਕਸਦ ਨਾਲ ਹੀ ਪਾਕਿਸਤਾਨ ਦੀ ਯਾਤਰਾ ਕੀਤੀ ਤੇ ਭਗਤ ਸਿੰਘ ਅਤੇ ਦੁੱਲੇ ਭੱਟੀ ਨਾਲ ਸੰਬੰਧਤ ਸਾਰੀਆਂ ਥਾਵਾਂ ਵੇਖਣ ਦੀ ਕੋਸ਼ਿਸ਼ ਕੀਤੀ, ਤਾਂ ਕਿ ਇਹਨਾਂ ਇਤਿਹਾਸਕ ਨਾਵਲਾਂ ਵਿਚ ਯਥਾਰਥ ਦੀ ਰੰਗਤ ਭਰੀ ਜਾ ਸਕੇ। ਉਸ ਨੇ ਦੁੱਲੇ ਦੇ ਪਿੰਡ 'ਪਿੰਡੀ ਭੱਟੀਆਂ' ਦਾ ਵੀ ਇਕ ਗੇੜਾ ਲਾਇਆ ਜਿੱਥੇ ਪਿੰਡ ਵਾਸੀਆਂ ਵੱਲੋਂ ਉਸ ਦਾ ਜ਼ਬਰਦਸਤ ਸਵਾਗਤ ਕੀਤਾ ਗਿਆ। ਉਸ ਨਾਲ ਪਾਕਿਸਤਾਨ ਗਏ ਲੇਖਕ ਆਲੋਚਕ ਤਾਂ 'ਪਿੰਡੀ' ਜਾਣ ਤੋਂ ਉਂਝ ਹੀ ਡਰ ਗਏ ਸਨ। ਸਮਾਧੀ ਲਾ ਕੇ ਬੈਠਣ ਵਾਲਿਆਂ ਵਾਂਗ ਉਹ ਇਤਿਹਾਸਕ ਨਾਵਲ ਲਿਖਣ ਸਮੇਂ ਇਕ ਕਿਸਮ ਦੀ ਸਮਾਧੀ ਲਾ ਕੇ ਉਹਨਾਂ ਸਮਿਆਂ ਵਿਚ ਪਹੁੰਚ ਜਾਂਦਾ ਹੈ। ਉਸ ਨੇ ਓਸ ਨਿੰਮ ਦੀ ਓਟ ਵਿਚ ਵੀ ਖੜੋ ਕੇ ਵੇਖਿਆ ਜਿਸ ਨਿੰਮ ਦੀ ਓਟ ਲੈ ਕੇ ਭਗਤ ਸਿੰਘ ਨੇ ਸਾਂਡਰਸ ਨੂੰ ਗੋਲੀ ਮਾਰੀ ਸੀ। ਉਹ 'ਸ਼ਾਦਮਾਨ ਚੌਕ' ਵਿਚ ਖੜੋਤਾ ਵੀ ਆਪਣੀ ਕਲਪਣਾ ਵਿਚ ਹੀ ਓਸ ਸਮੇਂ ਵਿਚ ਜਾ ਪਹੁੰਚਿਆ ਸੀ ਜਦੋਂ ਭਗਤ ਸਿੰਘ ਨੂੰ ਫਾਂਸੀ ਦਿੱਤੀ ਜਾ ਰਹੀ ਸੀ। ਇਹ 'ਸ਼ਾਦਮਾਨ ਚੌਕ' ਲਾਹੌਰ ਜੇਲ੍ਹ ਦੇ ਉਸ ਹਿੱਸੇ ਨੂੰ ਢਾਹ ਕੇ ਬਣਾਇਆ ਗਿਆ ਜਿੱਥੇ ਭਗਤ ਸਿੰਘ ਅਤੇ ਉਸ ਦੇ ਸਾਥੀਆਂ ਨੂੰ ਫਾਂਸੀ ਦਿੱਤੀ ਗਈ ਸੀ। ਹੁਣ ਭਾਰਤ ਅਤੇ ਪਾਕਿਸਤਾਨ ਦੇ ਜਾਗਰੂਕ ਲੋਕ ਮੰਗ ਕਰ ਰਹੇ ਹਨ ਕਿ ਇਸ ਚੌਕ ਦਾ ਨਾਂ 'ਸ਼ਹੀਦ ਭਗਤ ਸਿੰਘ ਚੌਂਕ' ਹੀ ਹੋਣਾ ਚਾਹੀਦਾ ਹੈ।

ਬਲਦੇਵ ਸਿੰਘ ਇਕ ਲੇਖਕ ਹੀ ਨਹੀਂ ਹੈ, ਬਲਕਿ ਇਕ ਵਧੀਆ ਐਕਟਰ ਵੀ ਹੈ। ਮਾਸਟਰੀ ਛੱਡ ਕੇ ਜੇ ਉਹ ਟਰੱਕ ਚਲਾਉਣ ਕਲਕੱਤੇ ਨੂੰ ਨਾ ਭੱਜਦਾ ਤੇ ਧਰਮਿੰਦਰ ਵਾਂਗ ਫਿਲਮੀ ਦੁਨੀਆਂ ਦੀ ਨਗਰੀ ਬੰਬਈ ਜਾ ਕੇ ਫਿਲਮਾਂ ਵਿਚ ਕਿਸਮਤ ਅਜ਼ਮਾ ਲੈਂਦਾ, ਤਾਂ ਸ਼ਰਤੀਆ ਹੀ ਓਧਰ ਵੀ ਉਹ ਹੁਣ ਨੂੰ ਇਕ ਸਫਲ ਹੀਰੋ ਜਾਂ ਫਿਲਮ ਨਿਰਮਾਤਾ ਜਾਂ ਸਫਲ ਡਾਇਆਲਾਗ ਲੇਖਕ ਜ਼ਰੂਰ ਬਣ ਗਿਆ ਹੁੰਦਾ। ਉਸ ਨੇ ਆਪ ਹੀ ਨਾਟਕ ਲਿਖੇ ਹਨ ਤੇ ਆਪ ਹੀ ਖੇਡੇ ਹਨ ਅਤੇ ਕਈ ਪ੍ਰਸਿੱਧ ਨਾਵਲਾਂ ਦਾ ਨਾਟਕੀ ਰੂਪਾਂਤਰਣ ਵੀ ਕੀਤਾ ਹੈ। ਸਵਰਗੀ ਅਜਮੇਰ ਸਿੰਘ ਔਲਖ ਵਾਂਗ ਉਸ ਨੇ ਵੀ ਘਰ ਦੀ ਹੀ ਨਾਟਕ-ਮੰਡਲੀ ਬਣਾ ਰੱਖੀ ਸੀ। ਇਕ ਨਾਟਕ ਵਿਚ ਉਹ ਬਾਣੀਏ ਦਾ ਏਨਾ ਜ਼ਬਰਦਸਤ ਰੋਲ ਕਰਦਾ ਹੈ ਕਿ ਇਕ ਵਾਰ ਜਦੋਂ ਉਹ 'ਡੇਲਿਆਂ ਵਾਲੀ' ਪਿੰਡ ਵਿਚ ਆਪਣਾ ਇਹੀ ਨਾਟਕ ਖੇਡ ਰਿਹਾ ਸੀ ਤਾਂ ਸਾਡੇ ਪਿੱਛੇ ਬੈਠੀ ਪਿੰਡ ਦੀ ਇਕ ਮਾਈ ਨੇ ਟਿੱਪਣੀ ਕੀਤੀ ਸੀ, 'ਨੀ ਫੋਅਟ!, ਇਹ ਤਾਂ ਜਮਾਂ ਈ ਆਪਣੇ ਪਿੰਡ ਵਾਲਾ ਕਿੱਕੀ ਕਰਾੜ ਹੀ ਲੱਗਦੈ।' ਇਹਨਾਂ ਨਾਟਕਾਂ ਵਿਚ ਉਸਦੇ ਬੇਟਿਆਂ ਤੋਂ ਇਲਾਵਾ ਉਸਦਾ ਛੋਟਾ ਭਰਾ ਗੁਰਮੇਲ ਸਿੰਘ ਵੀ ਰੋਲ ਕਰਦਾ ਹੁੰਦਾ ਸੀ। ਬੱਚਿਆਂ ਦੇ ਵੱਡੇ ਹੋਣ 'ਤੇ ਅਤੇ ਆਪੋ ਆਪਣੇ ਕਿੱਤਿਆਂ 'ਤੇ ਹੋਣ ਕਾਰਨ ਉਹਨਾਂ ਨੂੰ ਨਾਟਕ ਮੰਡਲੀ ਦਾ ਤਾਂ ਭੋਗ ਪਾਉਣਾ ਪਿਆ। ਪਰ ਉਹ ਦੋਵੇਂ ਭਰਾ ਰਾਮ ਲਛਮਣ ਦੀ ਜੋੜੀ ਵਾਂਗ



ਅੱਜ ਵੀ ਜਿੱਥੇ ਜਾਂਦੇ ਹਨ ਇਕੱਠੇ ਹੀ ਜਾਂਦੇ ਹਨ।

ਅੱਜ ਦੇ ਸਮੇਂ ਵਿਚ ਉਹ ਪੰਜਾਬੀ ਦਾ ਸਭ ਤੋਂ ਵੱਧ ਪੜ੍ਹਿਆ ਜਾਣ ਵਾਲਾ ਲੇਖਕ ਹੈ ਤੇ ਉਸ ਨੂੰ ਪੰਜਾਬ ਦੇ ਵੱਖ ਹਿੱਸਿਆਂ ਦੇ ਪਿੰਡਾਂ, ਸਕੂਲਾਂ, ਕਾਲਿਜਾਂ, ਵਿੱਦਿਅਕ ਅਦਾਰਿਆਂ ਅਤੇ ਯੂਨੀਵਰਸਿਟੀਆਂ ਆਦਿ ਵਿਚ ਲੈਕਚਰ ਦੇਣ ਲਈ ਸੱਦਿਆ ਜਾ ਰਿਹਾ ਹੈ। ਉਹ ਹਰ ਥਾਂ ਜਾਂਦਾ ਹੈ ਤੇ ਸਮੇਂ ਸਿਰ ਜਾਂਦਾ ਹੈ। ਉਹ ਸਮੇਂ ਦਾ ਬਹੁਤ ਪਾਬੰਦ ਹੈ ਪਰ ਬੋਲਣ ਸਮੇਂ ਉਹ ਬੇਬਾਕ ਹੋ ਜਾਂਦਾ ਹੈ ਤੇ ਬਿਨਾਂ ਕਿਸੇ ਝਿਜਕ ਜਾਂ ਲੁੱਕ ਲਪੇਟ ਦੇ ਸ਼ਪਸ਼ਟ ਗੱਲ ਕਹਿ ਦਿੰਦਾ ਹੈ। ਇਕ ਪਿੰਡ ਦੇ ਸਕੂਲ ਵਿਚ ਪਿੰਡ ਦੀ ਪੰਚਾਇਤ ਦੀ ਹਾਜ਼ਰੀ ਵਿਚ ਉਸਦਾ ਰੂ-ਬ-ਰੂ ਕਰਵਾਇਆ ਜਾ ਰਿਹਾ ਸੀ। ਖ਼ਸਤਾ ਹਾਲਤ ਸਕੂਲ ਦੀ ਇਮਾਰਤ ਦੇ ਨਾਲ ਹੀ ਪਿੰਡ ਦੇ ਗੁਰਦਵਾਰੇ ਦੀ ਸੰਗਮਰਮਰੀ ਚਮਕਦੀ ਇਮਾਰਤ ਸਕੂਲ ਦਾ ਮੂੰਹ ਚਿੜ੍ਹਾ ਰਹੀ ਸੀ ਤਾਂ ਉਸ ਨੇ ਗੁਰਦਵਾਰੇ ਵੱਲ ਇਸ਼ਰਾ ਕਰਕੇ ਪੰਚਾਇਤ ਨੂੰ ਸੰਬੋਧਨ ਹੁੰਦੇ ਹੋਏ ਕਹਿ ਦਿੱਤਾ ਸੀ ਕਿ ਓਧਰ ਤਾਂ ਸੰਗਮਰਮਰ ਜੜਤੇ, ਇੱਧਰ ਵੀ ਕੋਈ ਇਕ ਅੱਧ ਪੱਥਰ ਲਾ ਦੇਵੋ, ਸਕੂਲ ਵੀ ਤਾਂ ਵਿੱਦਿਆ ਦਾ ਮੰਦਰ ਹੁੰਦਾ ਹੈ।

ਅੱਜ ਬਲਦੇਵ ਸਿੰਘ ਦੀ ਚੜ੍ਹਤ ਹੈ। ਉਹ ਹੁਣ ਵਿਅਕਤੀ ਵਿਸ਼ੇਸ਼ ਬਣ ਚੁੱਕਾ ਹੈ। ਜਿੱਧਰੋਂ ਵੀ ਲੰਘਦਾ ਹੈ, ਲੋਕ ਉਸ ਨੂੰ ਪਛਾਣ ਲੈਂਦੇ ਹਨ ਤੇ ਉਸ ਬਾਰੇ ਗੱਲਾਂ ਕਰਦੇ ਹਨ। ਪਹਿਲਾਂ ਜਦੋਂ ਕਦੇ ਉਹ ਬੱਸ ਵਿਚ ਸਫ਼ਰ ਕਰਦਾ ਸੀ ਤਾਂ ਟਿਕਟ ਕਟਾਉਣ ਤੋਂ ਬਚਣ ਲਈ ਉਹ ਆਪਣੇ ਆਪ ਨੂੰ ਸਟਾਫ਼ ਮੈਂਬਰ ਦੱਸ ਦਿੰਦਾ ਸੀ ਪਰ ਅੱਜ ਕੱਲ ਤਾਂ ਕੰਡਕਟਰ ਉਸ ਨੂੰ ਪਛਾਣ ਕੇ ਆਪ ਹੀ ਉਸ ਦੀ ਟਿਕਟ ਨਹੀਂ ਕੱਟਦੇ। ਵੈਸੇ ਹੁਣ ਉਹ ਬੱਸਾਂ 'ਤੇ ਸਫ਼ਰ ਘੱਟ ਹੀ ਕਰਦੈ ਤੇ ਆਪਣੀ ਕਾਰ 'ਤੇ ਹੀ ਜਾਂਦਾ ਆਉਂਦਾ ਹੈ। ਜਦੋਂ ਉਸ ਕੋਲ ਮਿੰਨੀ ਬੱਸਾਂ ਸਨ ਤਾਂ ਇਕ ਦਿਨ ਉਹ ਮੋਗੇ ਦੇ ਬੱਸ ਅੱਡੇ ਵਿਚ ਆਪਣੀ ਬੱਸ ਲਈ ਸਵਾਰੀਆਂ ਨੂੰ ਵਾਜਾਂ ਮਾਰ ਰਿਹਾ ਸੀ ਤਾਂ ਇਕ ਪੇਂਡੂ ਜਿਹਾ ਬੰਦਾ ਉਸ ਨੂੰ ਆ ਕੇ ਕਹਿੰਦਾ, 'ਬਾਈ ਤੂੰ ਕੰਮ ਕੀ ਕਰਦੈਂ?'

'ਬਾਈ ਤੂੰ ਦੇਖ ਹੀ ਰਿਹਾ ਹੈਂ, ਮੈਂ ਤਾਂ ਸਵਾਰੀਆਂ ਨੂੰ ਹਾਕਾਂ ਮਾਰਨ ਵਾਲਾ ਹਾਂ।'

'ਮੈਂ ਅਖ਼ਬਾਰ ਵਿਚ ਛਪਣ ਵਾਲਾ ਨਾਵਲ 'ਅੰਨਦਾਤਾ' ਪੜ੍ਹਦਾ ਹੁੰਦਾ ਹਾਂ ਤੇ ਉਸਦੇ ਲੇਖਕ ਬਲਦੇਵ ਸਿੰਘ ਦੀ ਫੋਟੋ ਜਵਾਂ ਈ ਤੇਰੇ ਨਾਲ ਮਿਲਦੀ ਐ।' ਉਸ ਬੰਦੇ ਨੇ ਕਿਹਾ ਤੇ ਕੁਦਰਤ ਦੇ ਕ੍ਰਿਸ਼ਮੇ 'ਤੇ ਹੈਰਾਨ ਹੁੰਦਾ ਅੱਗੇ ਤੁਰ ਗਿਆ। ਬਲਦੇਵ ਸਿੰਘ ਫਿਰ 'ਰਣੀਆ, ਘੋਲੀਆ, ਰਣੀਆ ਘੋਲੀਆ' ਦੀਆਂ ਆਵਾਜ਼ਾਂ ਦੇਣ ਲੱਗ ਪਿਆ।

ਆਪਣੇ ਸੰਘਰਸ਼ਮਈ ਜੀਵਨ ਦੀ ਪੌਣੀ ਸਦੀ ਹੰਢਾ ਚੁੱਕਾ ਬਲਦੇਵ ਸਿੰਘ ਹੁਣ ਵੀ ਪੂਰੀ ਤਰ੍ਹਾਂ ਨਾਲ ਫਿੱਟ ਫਾਰ ਹੈ ਤੇ ਕਾਲੀ-ਚਿੱਟੀ ਡੱਬ-ਖੜੱਬੀ ਦਾੜ੍ਹੀ ਰੰਗੇ ਤੋਂ ਤਾਂ ਉਸਦੀ ਉਮਰ ਪੌਣੀ ਤੋਂ ਘਟ ਕੇ ਅੱਧੀ ਸਦੀ ਦੀ ਲੱਗਣ ਲੱਗ ਪੈਂਦੀ ਹੈ। ਪਰ ਉਹ ਪੱਕੇ ਤੌਰ 'ਤੇ ਦਾੜ੍ਹੀ ਨਹੀਂ ਰੰਗਦਾ, ਕਦੇ ਕਦੇ ਮੂਡ ਵਿਚ ਆਇਆ ਦਾੜ੍ਹੀ ਰੰਗਣੀ ਛੱਡ ਵੀ ਦਿੰਦਾ ਹੈ ਤੇ ਸਮਾਂ ਪਾ ਕੇ ਫਿਰ ਕੂਚੀ ਚੱਕ ਲੈਂਦਾ ਹੈ। ਉਹ ਕਦੇ ਮਨਮੋਹਨ ਬਾਵਾ ਵਾਂਗ ਸਿਰਫ ਠੋਡੀ ਅਤੇ ਮੁੱਛਾਂ ਦੇ ਵਾਲ਼ ਕਾਲ਼ੇ ਕਰਦਾ ਹੈ ਤੇ ਕਦੇ ਗੱਲ੍ਹਾਂ ਤੋਂ ਉਤਾਂਹ ਉਤਾਂਹ ਅਤੇ ਮੁੱਛਾਂ ਕਾਲੀਆਂ ਕਰ ਲੈਂਦਾ ਹੈ। ਕਦੇ ਕਦੇ ਉਹ ਗੇਰੂਏ ਵਸਤਰ ਪਾ ਕੇ ਸਾਧ ਦਾ ਰੂਪ ਧਾਰਨ ਕਰੀ ਰੱਖਦੈ। ਫਿਲਮੀ ਤੇ ਨਾਟਕੀ ਕਲਾਕਾਰਾਂ ਵਾਂਗ ਉਹ ਪੂਰਾ ਬਹੁਰੂਪੀਆ ਹੈ। ਉਹ ਰੂਪ ਹੀ ਬਦਲਦਾ ਹੈ ਪਰ ਦਿਲ ਨਹੀਂ। ਮਿਲਣ ਗਿਲਣ ਵਾਲਿਆਂ ਲਈ ਉਸਦੇ ਘਰ ਦੇ ਦਰਵਾਜੇ ਹਮੇਸ਼ਾ ਹੀ ਖੁੱਲ੍ਹੇ ਰਹਿੰਦੇ ਹਨ ਤੇ ਬਹੁਤੀ ਵਾਰੀ ਤਾਂ ਉਹ ਆਪ ਬਾਹਰ ਆ ਕੇ ਮਹਿਮਾਨਾਂ ਨੂੰ ਲੈ ਕੇ ਜਾਂਦਾ ਹੈ।

ਉਹ ਬਹੁ ਵਿਧਾਵੀ ਲੇਖਕ ਹੈ। ਉਸ ਨੇ ਸਾਹਿਤ ਦੀਆਂ ਅਨੇਕਾਂ ਹੀ ਸਿਨਫਾਂ ਉਪਰ ਸਫਲਤਾ ਨਾਲ ਹੱਥ ਅਜ਼ਮਾਇਆ ਹੈ। ਉਸ ਨੇ ਬਾਲ ਸਾਹਿਤ ਵੀ ਲਿਖਿਆ ਹੈ ਤੇ ਇਕ ਰੋਜ਼ਾਨਾ ਅਖ਼ਬਾਰ ਵਿਚ ਛਪਦਾ ਉਸਦਾ ਬਾਲ ਨਾਵਲ 'ਮੋਠੂ ਦੇ ਘੁੰਗਰੂ' ਵੀ ਬਾਲ ਪਾਠਕਾਂ ਵੱਲੋਂ ਬਹੁਤ ਪਸੰਦ ਕੀਤਾ

ਗਿਆ ਸੀ ਅਤੇ ਕਈ ਸਕੂਲਾਂ ਵਿਚ ਸਵੇਰ ਦੀ ਸਭਾ ਵਿਚ ਇਸ ਦਾ ਇਕ ਇਕ ਕਾਂਡ ਪੜ੍ਹਕੇ ਸੁਣਾਇਆ ਜਾਂਦਾ ਸੀ। ਨਾਵਲ, ਕਹਾਣੀਆਂ ਅਤੇ ਨਾਟਕਾਂ ਤੋਂ ਇਲਾਵਾ ਉਸ ਨੇ ਕਈ ਪ੍ਰਮੁੱਖ ਸ਼ਖਸੀਅਤਾਂ ਨਾਲ ਲੰਮੀਆਂ 'ਮੁਲਾਕਾਤਾਂ' ਵੀ ਕੀਤੀਆਂ ਹਨ ਜੋ ਇਕ ਰੋਜ਼ਾਨਾ ਅਖ਼ਬਾਰ ਵਿਚ ਲਗਾਤਾਰ ਛਪਦੀਆਂ ਰਹੀਆਂ ਸਨ। ਜਦੋਂ ਉਸ ਨੇ ਸ਼ਿਰੋਮਣੀ ਕਵੀਸ਼ਰ ਬਾਪੂ ਕਰਨੈਲ ਸਿੰਘ ਪਾਰਸ ਨਾਲ ਮੁਲਾਕਾਤ ਕਰਨੀ ਸੀ ਤਾਂ ਪਾਰਸ ਨਾਲ ਉਸਦਾ ਮੇਲ ਨਹੀਂ ਸੀ ਹੋ ਰਿਹਾ। ਇਕ ਦਿਨ ਉਸਨੂੰ ਪਤਾ ਲੱਗਿਆ ਕਿ 'ਪਾਰਸ' ਤਾਂ ਮੋਗੇ ਦੇ ਬਾਜ਼ਾਰ ਵਿਚ ਇਕ ਦੁਕਾਨ 'ਤੇ ਬੈਠਾ ਹੈ। ਬਲਦੇਵ ਸਿੰਘ ਨੇ ਉਸ ਨੂੰ ਆਪਣਾ ਮਕਸਦ ਦੱਸਿਆ ਤਾਂ 'ਪਾਰਸ' ਟਾਲ਼ ਮਟੋਲ਼ ਕਰਨ ਲੱਗ ਪਿਆ। ਪਰ ਫਿਰ ਕਹਿਣ ਲੱਗਾ ਜੇ ਮੈਨੂੰ 'ਸੜਕਨਾਮਾ' ਮਿਲਾ ਦੇਵੇਂ ਤਾਂ ਮੈਂ ਇੰਟਰਵਿਊ ਦੇ ਸਕਦਾ ਹਾਂ। ਉਸਨੇ ਦੱਸਿਆ ਕਿ ਮੈਂ ਹੀ 'ਸੜਕਨਾਮਾ' ਹਾਂ ਤਾਂ 'ਪਾਰਸ' ਉਸਦੇ ਪੈਰਾਂ ਵੱਲ ਅਹੁਲ਼ਿਆ ਪਰ ਉਸੇ ਸਮੇਂ ਬਲਦੇਵ ਸਿੰਘ ਫੁਰਤੀ ਨਾਲ ਪਿਛਾਂਹ ਹਟ ਗਿਆ ਤੇ ਝੁਕ ਕੇ ਪਾਰਸ ਨੂੰ ਮੋਢਿਉਂ ਫੜ ਕੇ ਸਿੱਧਾ ਖੜ੍ਹਾ ਕਰਕੇ ਆਪ ਉਸਦੇ ਗੋਡੀਂ ਹੱਥ ਲਾ ਦਿੱਤੇ। ਬਾਪੂ ਪਾਰਸ ਨੇ ਵੀ ਉਸ ਨੂੰ ਜੱਫੀ ਵਿਚ ਘੁੱਟਦਿਆਂ ਕਿਹਾ, 'ਬਲਦੇਵ ਤੂੰ ਪਿੰਡ ਆਈਂ, ਮੈਂ ਤੈਨੂੰ ਉਹ ਗੱਲਾਂ ਦੱਸੂੰ ਜੋ ਪਹਿਲਾਂ ਕਿਸੇ ਨੂੰ ਵੀ ਨਹੀਂ ਦੱਸੀਆਂ।' ਅਸਲ ਵਿਚ ਪਾਰਸ 'ਨਾਗਮਣੀ' ਦਾ ਪੱਕਾ ਪਾਠਕ ਸੀ ਤੇ 'ਸੜਕਨਾਮਾ' ਕਾਲਮ ਨੂੰ ਉਹ ਬਹੁਤ ਹੀ ਪਸੰਦ ਕਰਦਾ ਸੀ। ਬਲਦੇਵ ਸਿੰਘ ਵੱਲੋਂ ਉਸ ਨਾਲ ਕੀਤੀ ਮੁਲਾਕਾਤ ਬੜੀ ਕਾਮਯਾਬ ਰਹੀ ਤੇ ਸਾਹਿਤਕ ਹਲਕਿਆਂ ਵਿਚ ਵੀ ਬਹੁਤ ਸਲਾਹੀ ਗਈ।

ਜਿਵੇਂ ਇਕ ਕੌਮੀ ਪਾਰਟੀ ਦੇ ਪ੍ਰਧਾਨ ਨੇ ਇਕ ਲੱਖ ਰੁਪਏ ਦੀ ਗੁੱਟੀ ਰਿਸ਼ਵਤ ਵਜੋਂ ਲੈ ਕੇ ਆਪਣੇ ਮੱਥੇ ਨੂੰ ਛੁਹਾ ਕੇ ਕਿਹਾ ਸੀ, 'ਖੁਦਾ ਕਸਮ ਪੈਸਾ ਖੁਦਾ ਤਾਂ ਨਹੀਂ ਪਰ ਖੁਦਾ ਤੋਂ ਘੱਟ ਵੀ ਨਹੀਂ,' ਓਸੇ ਤਰ੍ਹਾਂ ਬਲਦੇਵ ਸਿੰਘ ਵੀ ਪੈਸੇ ਨੂੰ ਬਹੁਤ ਹੀ ਅਹਿਮੀਅਤ ਦਿੰਦਾ ਹੈ। ਕਈ ਸਾਥੀ ਸਾਹਿਤਕਾਰ ਤਾਂ ਉਸ ਨੂੰ ਪੈਸੇ ਦਾ ਪੀਰ ਵੀ ਕਹਿ ਦਿੰਦੇ ਹਨ। ਵੱਡਾ ਲੇਖਕ ਹੋ ਕੇ ਵੀ ਉਹ ਖੁਸ਼ੀ ਖੁਸ਼ੀ ਛੋਟੇ ਇਨਾਮ ਵੀ ਲੈ ਲੈਂਦਾ ਹੈ। ਉਂਝ ਤਾਂ ਉਹ ਪੱਕਾ ਨਾਸਤਕ ਅਤੇ ਤਰਕਸ਼ੀਲ ਵਿਚਾਰਾਂ ਦਾ ਧਾਰਨੀ ਹੈ ਪਰ ਜੇ ਕੋਈ ਧਾਰਮਿਕ ਸੰਸਥਾ ਉਸ ਨੂੰ ਕੋਈ ਇਨਾਮ ਦਿੰਦੀ ਹੈ ਤਾਂ ਉਹ ਵੀ ਇਨਕਾਰ ਨਹੀਂ ਕਰਦਾ। ਇਕ ਵਾਰ 'ਸਾਹਿਤ ਸਭਾ ਨਿਹਾਲ ਸਿੰਘ ਵਾਲਾ' ਵੱਲੋਂ ਉਸ ਦਾ ਰੂ-ਬ-ਰੂ ਅਤੇ ਸਨਮਾਨ ਕੀਤਾ ਗਿਆ। ਸਮਾਗਮ ਦੇ ਅੰਤ 'ਤੇ ਸਭਾ ਦੇ ਪ੍ਰਧਾਨ ਦੇਵ ਰਾਊਕੇ ਨੇ ਜਦੋਂ ਉਸ ਨੂੰ ਯਾਦਗਾਰੀ ਚਿੰਨ੍ਹ ਭੇਂਟ ਕੀਤਾ ਤਾਂ ਉਹ ਹੱਸ ਕੇ ਬੋਲਿਆ, 'ਯਾਰ ਕੀ ਲੱਕੜ ਜਿਹੀ ਦੇਈ ਜਾਂਦਾ ਏਂ, ਹੋਰ ਕੁੱਝ ਵੀ ਦੇ ਦੇ।' ਅੱਗੋਂ ਦੇਵ ਰਾਊਕੇ ਨੇ ਉਸ ਨੂੰ ਮੋੜ ਦਿੰਦੇ ਹੋਏ ਕਿਹਾ, 'ਬਾਈ ਜੀ, ਮੈਂ ਤਾਂ ਤਖਾਣ ਹਾਂ ਲੱਕੜ ਹੀ ਦੇ ਸਕਦਾ ਹਾਂ, ਹੋਰ ਤੈਨੂੰ ਸਿਉਂਨਾ ਕਿੱਥੋਂ ਦੇ ਦਿਆਂ?'

ਬਲਦੇਵ ਸਿੰਘ ਨਿਮਾਣਾ ਜਿਹਾ ਬੰਦਾ ਹੈ ਤੇ ਕਦੇ ਕਿਸੇ ਕਿਸਮ ਦੀ ਹਉਮੈ ਦਾ ਸ਼ਿਕਾਰ ਨਹੀਂ ਹੋਇਆ। ਉਂਝ ਵੀ ਉਹ ਬਹੁਤ ਹੀ ਮੂਹ-ਕੂਲ਼ ਅਤੇ ਸ਼ਾਂਤ ਸੁਭਾਅ ਦਾ ਮਨੁੱਖ ਹੈ। ਉਸ ਨੂੰ ਗੁੱਸਾ ਵੀ ਨਹੀਂ ਆਉਂਦਾ ਭਾਵੇਂ ਕੋਈ ਉਸ ਨਾਲ ਵਧੀਕੀ ਹੀ ਕਰ ਰਿਹਾ ਹੋਵੇ। ਉਹ ਹਮੇਸ਼ਾ ਹੀ ਹੋਊ-ਪਰੇ ਕਰ ਛੱਡਦਾ ਹੈ। ਪਿੰਡ ਦੇ ਸਕੂਲ ਪੜ੍ਹਨ ਸਮੇਂ ਉਹ ਆਪਣੀ ਕਲਾਸ ਵਿਚ ਸਰੀਰਕ ਪੱਖ ਤੋਂ ਸਭ ਤੋਂ ਮਾੜਾ ਹੁੰਦਾ ਸੀ ਤੇ ਪੜ੍ਹਨ ਵਿਚ ਵੀ ਉਹ ਸਾਰਿਆਂ ਤੋਂ ਫਾਡੀ ਹੀ ਸੀ। ਘਰ ਵਿਚ ਪਿਤਾ ਦੀ ਚੰਡਾ-ਚੰਡਾਈ ਅਤੇ ਸਕੂਲ ਵਿਚ ਮਾਸਟਰਾਂ ਦੀ ਕੁੱਟ-ਕੁਟਾਈ ਨੇ ਉਸ ਨੂੰ ਸ਼ੁਰੂ ਤੋਂ ਹੀ ਦੱਬੂ ਮਾਨਸਿਕਤਾ ਵਾਲਾ ਬਣਾ ਦਿੱਤਾ ਸੀ। ਇਕ ਵੇਰਾਂ ਦਾਰੂ ਦੇ ਡੱਕੇ ਦੋ ਮਝੈਲ ਕਵੀ ਅੱਧੀ ਰਾਤ ਨੂੰ ਉਸ ਦੇ ਘਰੇ ਆ ਧਮਕੇ। ਉਹਨਾਂ ਨੂੰ ਦਾਰੂ ਦੀ ਬੋਤਲ ਵੀ ਪਿਆਈ ਗਈ, ਰੋਟੀਆਂ ਵੀ ਖਵਾਈਆਂ ਗਈਆਂ, ਪਰ ਉਹ ਭਾਊ ਖੁਸ਼ ਨਾ ਹੋਏ। ਦਾਲ਼ ਦੀਆਂ ਕੌਲੀਆਂ ਮੂੰਹ ਨੂੰ ਲਾ ਲਾ ਪੀਂਦੇ ਰਹੇ ਤੇ ਨਾਲੋ ਨਾਲ ਉਸ ਨੂੰ ਟਕੋਰਾਂ ਲਾਉਂਦੇ ਰਹੇ ਕਿ ਆਹ ਵੇਖ ਸੁਨਿਆਰਿਆ ਤੇਰੇ ਮੀਟ ਦੀ ਤਰੀ 'ਚ ਤਾਂ ਸੰਖੀਆਂ ਈ ਹੈ ਨੀ। ਪਰ ਉਹ ਸਾਊ ਬੰਦਾ ਚੁੱਪ ਚਾਪ ਉਹਨਾਂ ਦੀਆਂ ਨਸ਼ਤਰਾਂ ਸਹਿੰਦਾ ਰਿਹਾ। ਜੇ ਏਨਾ ਖਰੂਦ ਉਹਨਾਂ



ਕਿਸੇ ਹੋਰ ਲੇਖਕ ਦੇ ਘਰ ਪਾਇਆ ਹੁੰਦਾ ਤਾਂ ਡਾਂਗਾਂ ਮਾਰ ਮਾਰ ਘਰੋਂ ਕੱਢੇ ਹੁੰਦੇ।

ਬਲਦੇਵ ਸਿੰਘ ਵੇਖਣ ਵਿਚ ਹੀ ਬਹੁਤ ਚੁਸਤ ਚਲਾਕ ਬੰਦਾ ਜਾਪਦਾ ਹੈ ਤੇ ਉਹ ਹੈ ਵੀ, ਪਰ ਕਈ ਵਾਰ ਸੱਤ ਪੱਤਣਾਂ ਦਾ ਤਾਰੂ ਵੀ ਮਾਰ ਖਾ ਹੀ ਜਾਂਦਾ ਹੈ। ਉਸਦਾ ਇਕ ਰਿਸ਼ਤੇਦਾਰ ਉਸਦੀ ਉਂਗਲ ਫੜ ਕੇ ਲੇਖਕ ਬਣਨ ਦੇ ਰਾਹ ਤਾਂ ਪੈ ਚੱਲਿਆ ਸੀ ਪਰ ਫਿਰ ਉਹ ਉਭਰਦਾ ਸਾਹਿਤਕਾਰ ਛੇਤੀ ਹੀ ਉਸ ਨੂੰ ਲੱਖਾਂ ਦਾ ਚੂਨਾ ਲਾ ਕੇ ਸ਼ੂ ਮੰਤਰ ਹੋ ਗਿਆ। ਸੰਘ ਵਿਚ ਮੱਛੀ ਦਾ ਕੰਡਾ ਫਸਣ ਦੇ ਦਰਦ ਵਾਂਗ ਉਸ ਨੂੰ ਵੀ ਇਸ ਕੰਡੇ ਦਾ ਦਰਦ ਕਦੇ ਵੀ ਨਹੀਂ ਭੁੱਲਦਾ ।

ਆਲੂ ਦੇ ਹਰ ਸਬਜ਼ੀ ਵਿਚ ਮਿਕਸ ਹੋ ਜਾਣ ਵਾਂਗ ਬਲਦੇਵ ਸਿੰਘ ਵੀ ਹਰ ਤਰ੍ਹਾਂ ਦੀ ਸੁਸਾਇਟੀ ਵਿਚ ਫਿੱਟ ਹੋ ਜਾਂਦਾ ਹੈ ਤੇ ਹਰ ਮਹਿਫ਼ਲ ਵਿਚ ਉਸ ਦੀ ਸੰਗਤ ਰੰਗਤ ਲੈ ਆਉਂਦੀ ਹੈ। ਬੁੱਧੀਜੀਵੀਆਂ ਦੀ ਸੰਗਤ ਵਿਚ ਬੈਠਾ ਉਹ ਵਿਦਵਾਨਾਂ ਵਾਲੀਆਂ ਗੱਲਾਂ ਕਰ ਸਕਦਾ ਹੈ, ਡਰਾਈਵਰਾਂ ਵਿਚ ਬੈਠ ਕੇ ਉਹ ਜੜਾਂਗੇ ਮਾਰਦਾ ਹੈ ਤੇ ਯਾਰਾਂ ਦੋਸਤਾਂ ਦੀ ਢਾਣੀ ਵਿਚ ਬੈਠਾ ਨਾਨ ਵੈੱਜ ਲਤੀਫੇ ਸੁਣਾ ਕੇ ਉਹਨਾਂ ਦਾ ਸਰੂਰ ਦੁੱਗਣਾ ਤਿੱਗਣਾ ਕਰ ਦਿੰਦਾ ਹੈ। ਸਰਦੀਆਂ ਦੀ ਰਾਤ ਨੂੰ ਹੋ ਰਹੀ ਇਕ ਸਾਹਿਤਕ ਬੈਠਕ ਵਿਚ ਕਾਲ਼ੀ ਕੰਬਲ਼ੀ ਲਈ ਬੈਠਾ ਬਲਦੇਵ ਸਿੰਘ ਆਪਣੀ ਟੁਣਕਵੀਂ ਆਵਾਜ਼ ਵਿਚ ਸਾਥੀਆਂ ਨੂੰ ਮਸ਼ਕਰੀਆਂ ਕਰ ਰਿਹਾ ਸੀ ਤਾਂ ਇਕ ਕਵੀ ਨੇ ਉਸ ਵੱਲ ਇਸ਼ਾਰਾ ਕਰਕੇ ਕਿਹਾ, 'ਜਿੱਥੇ ਬੈਠ ਗਏ ਕੰਬਲ਼ੀਆਂ ਵਾਲੇ ਹਾਸਿਆਂ ਦੇ ਫ਼ੁਹਾਰੇ ਛੁੱਟ ਪਏ।' ਜਿੱਥੇ ਉਹ ਬੈਠ ਜਾਂਦਾ ਹੈ ਓਥੇ ਹੀ ਹਾਸਿਆਂ ਦੇ ਅਨਾਰ ਖਿੜਨ ਲੱਗਦੇ ਹਨ। ਉਹ ਬਹੁਤ ਹੱਸਮੁੱਖ, ਖੁਸ਼ ਰਹਿਣੀ ਤਬੀਅਤ ਦਾ ਮਾਲਕ ਸਿਰੇ ਦਾ ਹਾਜ਼ਰ ਜਵਾਬ ਅਤੇ ਮੂੰਹ-ਫੱਟ ਹੈ।ਪੰਜਾਬੀ ਸਾਹਿਤ ਅਕੈਡਮੀ ਲੁਧਿਆਣਾ ਦੀਆਂ ਪਿਛਲੀਆਂ ਚੋਣਾਂ ਵਾਲੇ ਦਿਨ, ਉਮਰਾਂ ਦੇ ਛੇ ਕੁ ਦਹਾਕੇ ਲੰਘੀ ਚੰਡੀਗੜ੍ਹ ਦੀ ਇਕ ਲੇਖਿਕਾ ਆਪਣੇ ਵੱਲ ਧਾਵਾ ਕਰੀ ਆਉਂਦੀ ਵੇਖੀ ਤਾਂ ਉਸ ਨੇ ਪਹਿਲਾਂ ਹੀ ਦੋਵੇਂ ਹੱਥ ਜੋੜ ਦਿੱਤੇ। ਪਰ ਲੇਖਿਕਾ ਨੇ ਆਪਣੀਆਂ ਬਾਹਾਂ ਖਲਾਰ ਲਈਆਂ ਤੇ ਬੋਲੀ, 'ਇੰਝ ਨਹੀਂ, ਮੈਂ ਤੇ ਇੰਝ ਮਿਲਾਂਗੀ! ਜੱਫੀ ਪਾ ਕੇ।'

'ਇੰਝ ਮਿਲਣਾ ਸੀ ਤਾਂ ਤੂੰ ਤੀਹ ਸਾਲ ਪਹਿਲਾਂ ਕਿੱਥੇ ਗਈ ਸੀ?' ਬਲਦੇਵ ਸਿੰਘ ਨੇ ਮੱਥੇ 'ਤੇ ਹੱਥ ਮਾਰਦੇ ਹੋਏ ਕਿਹਾ ਤੇ ਉਸਦੇ ਹੱਥ ਫੜ ਲਏ।

ਉਸ ਦੇ ਉਚ ਯੋਗਤਾ ਪ੍ਰਾਪਤ ਤਿੰਨ ਬੇਟੇ ਅਤੇ ਇਕ ਬੇਟੀ ਹੈ ਜਿਨ੍ਹਾਂ ਦੇ ਜੀਵਨ ਸਾਥੀ ਵੀ ਪੜ੍ਹੇ ਲਿਖੇ ਹਨ ਤੇ ਸਾਰੇ ਆਪੋ ਆਪਣੇ ਘਰੀਂ ਰੰਗੀਂ ਵੱਸਦੇ ਹਨ। ਪੌਣੀ ਦਰਜਨ ਬੱਚਿਆਂ ਦਾ ਉਹ ਨਾਨਾ-ਦਾਦਾ ਹੈ। ਉਹ ਪੂਰੇ ਸਾਧਨ ਸੰਪੰਨ, ਖੁਸ਼ੀਆਂ ਮਾਣ ਰਹੇ ਖੁਸ਼ਹਾਲ ਪਰਿਵਾਰ ਦਾ ਮੁਖੀ ਹੈ। ਪਰ ਇਸ ਪਰਿਵਾਰ ਨੂੰ ਸਦੀ ਬਦਲਣ ਤੋਂ ਕੁਝ ਮਹੀਨੇ ਪਹਿਲਾਂ ਇਕ ਬਹੁਤ ਹੀ ਵੱਡੀ ਤਰਾਸਦੀ ਵੀ ਸਹਿਣੀ ਪਈ ਹੈ। ਉਸ ਦੇ ਵਿਚਕਾਰਲੇ ਲੜਕੇ ਜਗਰੂਪ ਸਿੰਘ ਦਾ ਚਾਰ ਸਾਲ ਤੋਂ ਘੱਟ ਉਮਰ ਦਾ ਲੜਕਾ ਜਦੋਂ ਬਲੱਡ ਕੈਂਸਰ ਨੇ ਆਪਣੇ ਮਾਰੂ ਜਬ੍ਹਾੜੇ ਵਿਚ ਲੈ ਲਿਆ ਸੀ ਤਾਂ ਸਮੁੱਚੇ ਪਰਿਵਾਰ ਨੇ ਆਪਣੇ ਪਿਆਰੇ ਨੰਨ੍ਹੇ ਬੱਚੇ ਨੂੰ ਮਹਿੰਗੇ ਪਰ ਬੁੱਚੜਖਾਨਿਆਂ ਵਰਗੇ ਹਸਪਤਾਲਾਂ ਵਿਚ ਸਰੀਰਕ ਕਸ਼ਟ ਸਹਿੰਦੇ ਨੂੰ ਤਿਲ਼ ਤਿਲ਼ ਮਰਦੇ ਵੇਖ ਕੇ ਜੋ ਮਾਨਸਿਕ ਸੰਤਾਪ ਭੋਗਿਆ, ਉਸ ਨੂੰ ਤੇ ਬੱਚੇ ਦੀ ਮਾਨਸਿਕ ਦਸ਼ਾ ਨੂੰ ਸ਼ੁਰੂ ਤੋਂ ਅੰਤ ਤਕ ਬਲਦੇਵ ਸਿੰਘ ਨੇ ਜਿਵੇਂ ਸ਼ਬਦਾਂ ਵਿਚ ਬਿਆਨ ਕੀਤਾ ਹੈ, ਉਸ ਨੂੰ ਪੜ੍ਹਕੇ ਪਾਠਕ ਵਿਆਕੁਲ ਹੋ ਉਠਦਾ ਹੈ। ਮੇਰੇ ਵਰਗੇ ਬਹੁਤੇ ਸੰਵੇਦਨਸ਼ੀਲ ਪਾਠਕ ਤਾਂ ਸਾਰਾ ਵੇਰਵਾ ਪੜ੍ਹ ਹੀ ਨਹੀਂ ਸਕਦੇ, ਪਹਿਲਾਂ ਹੀ ਧਾਹਾਂ ਨਿੱਕਲ ਜਾਂਦੀਆਂ ਹਨ। ਕਿਸੇ ਵੱਡੇ ਲੇਖਕ ਦੀ ਲੇਖਣੀ ਵਿਚ ਹੀ ਅਜਿਹੀ ਸ਼ਕਤੀ ਹੁੰਦੀ ਹੈ।

ਬਲਦੇਵ ਸਿੰਘ ਸੱਚ ਮੁੱਚ ਹੀ ਪੰਜਾਬੀ ਦਾ ਵੱਡਾ ਲੇਖਕ ਹੈ।00

***(ਸੂਰੇਵਾਲੀਆ ਕੰਪਲੈਕਸ, ਬਠਿੰਡਾ ਰੋਡ, ਨੇੜੇ ਬਾਈਪਾਸ,***
***ਸ੍ਰੀ ਮੁਕਤਸਰ ਸਾਹਿਬ, ਫੋਨ: 95010-50016)***

## ਸੁਰਜੀਤ ਹਾਂਸ ਦੀਆਂ ਦੋ ਲਿਖਤਾਂ

# ਯੌਰਪ ਵਿਚ ਪ੍ਰਵਾਸੀ ਅਤੇ ਪੁਲਸ ਸੰਬੰਧ

ਪ੍ਰਵਾਸੀ-ਪੁਲਸ ਸੰਬੰਧ ਗਿਆਨ ਦਾ ਵਿਸ਼ਾ ਸਮਾਜੀ ਗੜਬੜ ਦੇ ਪ੍ਰਤਿਕਰਮ ਵਜੋਂ ਹੋਂਦ 'ਚ ਆਇਆ:

| | |
|---|---|
| ਲਾਸ ਅੰਜਲੀਜ਼ 'ਚ ਵਾਟਸ ਫ਼ਸਾਦ | 1965 |
| ਸ਼ਿਕਾਗੋ ਵਿਚ | 1966 |
| ਬਰਿਕਸਟਨ (ਇੰਗਲੈਂਡ) | 1981 |
| ਟੋਟਨਹਮ (ਲੰਡਨ) | 2011 |

ਜੱਜ ਸਕਾਰਮਨ ਦੀ ਰਪੋਰਟ ਅਨੁਸਾਰ (1981) ਪੁਲਸ ਆਪ ਪ੍ਰਵਾਸੀ-ਵਿਰੋਧੀ ਦੰਗੇ 'ਚ ਸ਼ਾਮਿਲ ਸੀ। ਸਟੀਫ਼ਨ ਲਾਰੰਸ ਦੀ ਮੌਤ, ਇਨਕਵੈਰੀ ਰਪੋਰਟ (1999) ਵਿਚ ਦਰਜ ਹੈ ਕਿ ਪੁਲਸ ਨੇ ਨਸਲੀ ਵਿਤਕਰੇ ਕਾਰਨ ਕਤਲ ਦੀ ਤਫ਼ਤੀਸ਼ ਵਿਚ ਜਾਣ ਬੁਝ ਕੇ ਅਣਗਹਿਲੀ ਕੀਤੀ।

ਕਰਤਾ ਅਮਰੀਕਾ, ਇੰਗਲੈਂਡ ਵਿਚ ਪ੍ਰਵਾਸ ਬਾਰੇ ਗਿਆਨਵਾਨ ਹੋਣ ਤੋਂ ਇਲਾਵਾ ਉਹਨੇ ਆਪ ਪੈਰਿਸ ਵਿਚ ਨਿਜੀ ਅਨੁਭਵ ਕਮਾਇਆ। ਉਹ ਕਈ ਵਾਰ ਗਰਿਫਤਾਰ ਸ਼ੁਦਾ ਪ੍ਰਵਾਸੀ ਮਗਰ ਥਾਣੇ ਪਹੁੰਚਦਾ ਹੈ; ਬਹੁਤ ਕਰਕੇ ਉਹ ਪੁਲਸ ਦੀ ਕਿਸੇ ਨਾ ਕਿਸੇ ਗਸ਼ਤੀ ਟੋਲੀ ਨਾਲ ਜਾਂਦਾ ਹੈ। ਉਹ ਪੁਲਸ ਦੇ ਕਾਰੋਬਾਰ ਨੂੰ ਵੇਖਦਾ ਸੁਣਦਾ ਰਹਿੰਦਾ ਪਰ ਚੁੱਪ ਤੋਂ ਬਿਨਾਂ ਹੋਰ ਕੋਈ ਦਖ਼ਲ ਨਹੀਂ ਦਿੰਦਾ ਸੀ। ਮਹੱਤਵਪੂਰਨ ਤੱਥ ਹੈ ਕਿ ਉਹਦਾ ਲੜਕਾ ਇਹਨੂੰ ਪ੍ਰਵਾਸੀ ਜੁੰਡੀ ਵਿਹਾਰ ਦੀਆਂ ਬਾਰੀਕੀਆਂ ਦੱਸਦਾ ਸੀ ਕਿਉਂ ਜੋ ਉਹ ਵੀ ਜੁੰਡੀ ਦਾ ਅੰਗ ਹੁੰਦਾ ਸੀ।

ਗਸ਼ਤੀ ਟੋਲੀ ਦਾ ਅਨੁਭਵ ਵਿਸ਼ੇਸ਼ ਤਰੀਕੇ ਨਾਲ ਅਰਥ ਭਰਪੂਰ ਹੈ ਕਿਉਂ ਜੋ ਗਸ਼ਤੀ ਟੋਲੀ, ਵਿਹਾਰਕ ਰੂਪ ਵਿਚ, ਪ੍ਰਵਾਸ-ਵਾੜੇ 'ਤੇ ਪਹਿਰਾ ਦਿੰਦੀ ਹੈ। ਪ੍ਰਵਾਸ-ਵਾੜਿਆਂ ਦਾ ਖ਼ਿਆਲ ਹੈ ਕਿ ਪੁਲਸ ਉਹਨਾਂ ਦੇ ਮੁੰਡਿਆਂ ਦੀਆਂ ਟੋਲੀਆਂ ਨੂੰ ਝਗੜਾ, ਟੱਕਰ, ਫ਼ਸਾਦ ਕਰਨ ਲਈ ਇਸ਼ਤਿਆਲ (ਭੜਕਾਹਟ) ਦਿੰਦੀ ਹੈ।

ਵੱਡਾ ਦੁੱਖ 'ਰੋਕ, ਪੁੱਛਗਿਛ, ਜਾਮਾ-ਤਲਾਸ਼ੀ' ਦਾ ਹੈ। ਮਾਮੂਲੀ ਵਾਰਦਾਤ ਜੇ ਮੁੜ ਘਿੜ ਹੋਣ ਲੱਗੇ ਤਾਂ ਸਮਾਜੀ ਗ੍ਰਹਣ (ਅਨੁਭਵ ਦੀ ਪ੍ਰਕਿਰਿਆ) ਹੋ ਜਾਂਦੀ ਹੈ। ਨਿੱਤਕਰਮ ਲਈ ਬਣੀ ਪੁਲਸ ਦੀ 'ਮਦਦ' ਸਾਧਾਰਨ ਫਰਾਂਸੀਸੀ ਸ਼ਹਿਰੀ ਲਈ ਨਹੀਂ, ਬਲਕਿ ਪ੍ਰਵਾਸੀ ਦਾ 'ਵਿਸ਼ੇਸ਼ ਅਧਿਕਾਰ' ਹੈ। ਕਾਨੂੰਨੀ ਤੌਰ 'ਤੇ ਸ਼ਨਾਖਤ ਦੀ ਜਾਂਚ ਵਾਜਬ ਸ਼ੱਕ ਦੇ ਆਧਾਰ 'ਤੇ ਹੋ ਸਕਦੀ ਹੈ, ਇਹਦੇ ਉਲਟ ਪ੍ਰਵਾਸੀ ਸਰੀਰਕ ਤੌਰ 'ਤੇ ਮਸ਼ਕੂਕ ਹੈ। ਦੂਸਰੇ, ਪੁੱਛਗਿੱਛ ਯੋਗ ਤਰੀਕੇ ਦੀ ਹੋਣੀ ਚਾਹੀਦੀ ਹੈ ਪਰ ਰੋਕੇ ਪ੍ਰਵਾਸੀ ਨੂੰ ਬਦ-ਕਲਾਮੀ ਅਨੁਭਵ ਕਰਨੀ ਪੈਂਦੀ ਹੈ। ਜੇ ਉਹ ਰੋਸਾ ਕਰੇ ਤਾਂ 'ਪੁਲਸ ਦੀ ਹੱਤਕ ਅਤੇ ਮਜ਼ਾਹਮਤ' ਦਾ ਦੋਸ਼ ਵੀ ਆਇਦ ਹੋ ਸਕਦਾ ਹੈ। 'ਰੋਕ...' ਪੁਲਸ ਦੀ ਮਰਜ਼ੀ ਦੀ ਗੱਲ ਹੈ। ਕੋਈ ਪ੍ਰਵਾਸੀ ਏਨਾ ਮਾਸੂਮ ਨਹੀਂ ਹੁੰਦਾ ਜੋ ਉਹਨੂੰ ਨਿਰਦੋਸ਼ ਸਮਝਿਆ ਜਾਵੇ।

ਪੁਲਸ ਨਾਲ ਸਬੱਬੀ ਮੇਲੇ ਦਾ ਮਤਲਬ ਪ੍ਰਵਾਸੀ ਲਈ ਸ਼ਰਮ ਦਾ ਅਹਿਸਾਸ ਅਤੇ ਅਪਰਾਧ ਭਾਵਨਾ ਹੈ,ਜਿਵੇਂ ਕੋਈ ਉਹਨੇ ਪਦਾਰਥਕ ਗ਼ਲਤੀ ਕੀਤੀ ਹੁੰਦੀ ਹੈ- ਜਿਵੇਂ ਨਿਆਣਾ ਬਾਹਰੋਂ ਕੁੱਟ ਖਾ ਕੇ ਰੋਂਦਾ ਆਵੇ ਤਾਂ ਮਾਂ ਹੋਰ ਕੁੱਟ ਦਿੰਦੀ ਹੈ ਜੋ ਮੁਕਾਬਲਾ ਕਰਨ ਜੋਗਾ ਕਿਉਂ ਨਹੀਂ ਸੀ। ਸ਼ਰਮ-ਅਪਰਾਧ ਭਾਵ ਨੂੰ ਸਰੀਰ 'ਚ ਘੁੱਟ ਕੇ ਰੱਖਣਾ ਅਸੰਭਵ ਹੈ ਕਿਉਂ ਜੋ ਇਹਦੀ ਤਕਲੀਫ਼ ਤਰਕ ਨਹੀਂ ਬਣਾਉਂਦਾ, ਸਗੋਂ ਅਮੂਰਤ ਦਾ ਅਨੁਮਾਨ ਹੁੰਦਾ ਹੈ। ਏਹੀ ਕਿਸੇ ਦਿਨ ਅਚਾਨਕ ਵਿਸਫੋਟ ਹੋ ਜਾਂਦੀ ਹੈ। ਇਕ ਪਾਸੇ ਪੁਲਸ ਦਾ ਆਕ੍ਰਮਣ-ਹਾਰ ਰਵੱਈਆ ਹੁੰਦਾ ਹੈ, ਦੂਜੇ ਪਾਸੇ ਵੈਰ-ਭਾਵੀ ਚੁੱਪ ਹੁੰਦੀ



ਹੈ ਜਿਸ ਵਿਚ ਮੌਨ ਕ੍ਰੋਧ ਵਾਧੇ ਪਿਆ ਰਹਿੰਦਾ ਹੈ।

ਅਪਰਾਧ-ਵਿਰੋਧੀ ਗਸ਼ਤ ਦਾ ਮਨੋਰਥ ਪ੍ਰਵਾਸੀ ਨੂੰ ਸਰੀਰਕ ਸਿੱਖਿਆ (ਫਿਜ਼ੀਕਲ ਐਜੂਕੇਸ਼ਨ) ਦੇਣੀ ਹੈ ਜਿਸ ਦੇ ਸਦਕੇ ਉਹ 'ਸ਼ਹਿਰੀ' ਤੋਂ ਨਿਮਨ ਹੋ ਕੇ 'ਰੱਈਅਤ' ਹੀ ਬਣ ਜਾਂਦਾ ਹੈ।

ਕਰਤਾ ਨੇ ਪੈਰਿਸ ਦੇ ਜਿਹੜੇ ਹਿੱਸੇ 'ਚ ਖੋਜ ਕੀਤੀ ਉਹਦਾ ਨਾਂ 'ਗੁਪਤ' ਰੱਖਿਆ ਗਿਆ ਤਾਂ ਜੋ ਉਹਦੀ ਬਦਨਾਮੀ ਨਾ ਹੋਵੇ। ਆਬਾਦੀ ਦੋ ਲੱਖ, ਵੱਸੋਂ ਨਾਲ ਦੇ ਇਲਾਕਿਆਂ ਨਾਲੋਂ ਬਹੁਤ 'ਜਵਾਨ' ਸੀ। ਵੀਹਾਂ 'ਚੋਂ ਇਕ ਘਰ ਨੂੰ ਕਿਸੇ ਨਾ ਕਿਸੇ ਪਰਉਪਕਾਰੀ ਸੰਸਥਾ ਤੋਂ ਮਦਦ ਮਿਲਦੀ। ਇੱਥੇ ਪੰਜਾਂ 'ਚੋਂ ਇਕ ਪ੍ਰਵਾਸੀ (ਫਰਾਂਸ ਤੋਂ ਬਾਹਰ ਜੰਮਿਆ) ਹੈ, ਅੱਠਾਂ 'ਚੋਂ ਇਕ ਫਰਾਂਸ ਦਾ ਸ਼ਹਿਰੀ (ਨਾਗਰਿਕ) ਨਹੀਂ। ਗ਼ੈਰ-ਫਰਾਂਸੀਆਂ ਵਿਚੋਂ ਦੋ-ਤਿਹਾਈ ਅਫ਼ਰੀਕਨ ਹਨ, ਅੱਧੋ ਅੱਧ ਉੱਤਰੀ-ਅਫਰੀਕਾ ਅਤੇ ਜ਼ੇਰ (ਨਿਮਨ) ਸ਼ਹਿਰਾਂ ਤੋਂ। ਇੱਥੇ ਬਾਕੀ ਪੈਰਿਸ ਨਾਲੋਂ ਬੇ-ਰੋਜ਼ਗਾਰੀ 33% ਜ਼ਿਆਦਾ ਹੈ। ਇੰਝ ਨਸਲੀ, ਆਰਥਿਕ, ਸਮਾਜੀ ਦਸ਼ਾ ਦਾ ਜੁਗਰਾਫ਼ੀਆ ਬਣ ਜਾਂਦਾ ਹੈ। ਇਸੇ ਕਾਰਨ ਜਗਤ ਵਿਚ ਕਈ ਭੂਵਰਣ-ਮ (ਜੁਗਰਾਫ਼ੀਆ-ਦਾਨ) ਵਾਮ-ਪੰਥੀ ਹੋਣ ਲੱਗੇ ਹਨ।

ਪੈਰਿਸ ਦੇ ਕਿਸੇ ਉਪ-ਨਗਰ ਦੀ ਪੜਤਾਲ ਦਾ ਵੇਰਵਾ ਮਿਲਦਾ ਹੈ ਜਿੱਥੇ ਮੁਲਕੀ ਦੰਗੇ (riot) ਦੀਆਂ 10 ਫੀਸਦੀ ਵਾਰਦਾਤਾਂ ਹੋਈਆਂ। ਪਹਿਲੀ ਪੜਤਾਲ ਵਿਚ 115 ਬਾਲਗ਼ ਸੀ, ਬਹੁਤ 21 ਸਾਲ ਤੋਂ ਥੋੜ੍ਹੀ ਉਮਰ ਦੇ। ਅੱਧਿਆਂ 'ਤੇ ਮਾਲ ਨੂੰ ਹਾਨੀ ਪੁਚਾਉਣ ਦਾ ਦੋਸ਼ ਸੀ, ਇਕ ਤਿਹਾਈ ਉੱਤੇ ਪ੍ਰਸ਼ਾਸਕੀ ਅਧਿਕਾਰੀਆਂ ਦਾ ਵਿਰੋਧੀ ਹੋਣ ਦਾ ਇਲਜ਼ਾਮ ਸੀ। ਇਹਨਾਂ 115 ਵਿਚੋਂ ਇਕ ਤਿਹਾਈ ਨੂੰ ਰਿਹਾਅ ਕਰ ਦਿੱਤਾ ਜੋ ਰਿਹਾਈ ਦੀ ਦਰ ਕਚਹਿਰੀਆਂ ਦੀ ਪ੍ਰਚਲਤ ਰਿਹਾਈ ਦੀ ਦਰ ਤੋਂ 7 ਗੁਣੀ ਸੀ। ਇਹ ਮਾਅਰਕਾ ਗਵਾਹੀ ਦੀ ਖੀਣਤਾ ਕਾਰਨ ਸੀ, ਨਾ ਕਿ ਜੱਜਾਂ ਦੀ ਰਹਿਮ-ਦਿਲੀ ਦਾ। ਬਕ੍-ਮਾਨ (contrast) ਵਿਚ ਸਜ਼ਾਵਾਰ ਦੀ ਦਰ ਦਸਾਂ ਵਿਚੋਂ ਨੌਂ ਸੀ ਜੋ ਅਸਾਧਾਰਨ ਰੂਪ ਵਿਚ ਬਹੁਤ ਜ਼ਿਆਦਾ ਹੈ, ਜੋ ਮੈਜਿਸਟਰੇਟਾਂ ਦੀ ਸਖ਼ਤੀ ਦਰਸਾਉਂਦੀ ਹੈ।

ਦੂਸਰੀ ਪੜਤਾਲ 86 ਨਾ-ਬਾਲਗਾਂ ਦੀ ਹੈ। ਦੋ-ਤਿਹਾਈ 'ਤੇ ਮਾਰ-ਧਾੜ ਦਾ ਦੋਸ਼ ਸੀ, ਇਕ-ਤਿਹਾਈ 'ਤੇ ਪੁਲਸ ਦੀ ਹਤਕ ਅਤੇ ਮਜ਼ਾਹਮਤ ਦਾ। ਅੱਧੇ ਮੁਕੱਦਮਿਆਂ ਨੂੰ ਗਵਾਹੀ ਦੇ ਘਾਟੇ ਖ਼ਾਰਜ ਕਰ ਦਿੱਤਾ, ਬਾਕੀ ਦੇ 1/4 ਨੂੰ ਸ਼ੱਕ ਦਾ ਫ਼ਾਇਦਾ ਹੋ ਗਿਆ। ਪਰ ਨਾਲ ਹੀ ਇਹ ਗੱਲ ਪਰਗਟ ਹੁੰਦੀ ਹੈ ਜੋ 40 ਫੀਸਦੀ ਦੋਸ਼ੀਆਂ ਨੇ ਕਾਨੂੰਨ ਲਾਉਣ ਵਾਲਿਆਂ ਖ਼ਿਲਾਫ਼ ਅੱਤਿਆਚਾਰ ਦੀ ਸ਼ਿਕਾਇਤ ਕੀਤੀ, ਨਾਲੇ ਧਿਆਨਯੋਗ ਚੀਜ਼ ਹੈ ਇਹਨਾਂ ਸਾਰਿਆਂ ਨੂੰ ਪੁਲਸ ਪਹਿਲਾਂ ਹੀ ਜਾਣਦੀ ਸੀ।

ਸਾਹਿਤ ਵਿਚ ਉੱਤਰ-ਬਸਤੀਵਾਦੀ ਸਥਿਤੀ ਦਾ ਬਾਜਾ ਵਜਦਾ ਹੈ। ਯੌਰਪ (ਨਾਲੇ ਨਵੇਂ ਯੌਰਪ, ਅਮਰੀਕਾ) ਵਿਚ ਬਸਤੀਵਾਦੀ ਸਥਿਤੀ ਪ੍ਰਵਾਸੀ ਵਾੜਿਆਂ 'ਚ ਉਨੀ ਵੀਹ ਦੇ ਫਰਕ ਨਾਲ ਪਹਿਲਾਂ ਵਰਗੀ ਹੈ, ਓਹੀ ਵਿਹਾਰ, ਓਹੀ ਲਹਿਜਾ, ਓਹ ਪਹਿਰੇ ਦਾ ਪ੍ਰਛਾਵਾਂ, ਓਹੀ ਨਿੰਦਾ-ਪ੍ਰਚਾਰ। ਨਵੇਂ ਆਜ਼ਾਦ ਮੁਲਕਾਂ ਵਿਚ ਉੱਤਰ-ਬਸਤੀਵਾਦ ਰਾਸ਼ਟਰਵਾਦ ਦਾ ਕਮਜ਼ੋਰ ਹੋਣਾ ਅਤੇ ਪੱਛਮ ਦੇ ਗੁਣ ਗਾਉਣਾ ਹੈ।

ਸਰਕਾਰ ਦੀ ਪਹਿਲੀ ਚੁਸਤੀ ਆਰਥਿਕ-ਸਮਾਜਕ ਸਵਾਲ ਨੂੰ ਸੁਰਕਸ਼ਾ ਦੀ ਸਮੱਸਿਆ ਬਣਾਉਣਾ ਹੈ। ਜਿੱਥੇ ਪ੍ਰਵਾਸੀ ਜਮ-ਪਲਾਂ ਤੋਂ ਕੰਮ-ਕਾਰ ਖੋਹ ਲੈਂਦੇ ਹਨ, ਓਥੇ ਦੰਗੇ ਫ਼ਸਾਦ ਅ-ਰਕਸ਼ਾ ਦਾ ਮਾਮਲਾ ਹੋ ਜਾਂਦੇ ਹਨ। ਪ੍ਰਵਾਸੀ ਵਾੜਿਆਂ ਤੋਂ ਅ-ਰਕਸ਼ਾ ਦੀਆਂ ਰਿਸ਼ਮਾਂ ਨਿਕਲਦੀਆਂ ਹਨ ਜਿਸ ਕਰਕੇ ਅਪਰਾਧ-ਵਿਰੋਧੀ ਗਸ਼ਤਾਂ ਦੀਆਂ ਲੋੜ ਪੈਂਦੀ ਹੈ। ਫੇਰ ਪੁਲਸ ਕਾਰਵਾਈ ਦੇ ਅੰਕੜਿਆਂ ਤੋਂ ਸਰਕਾਰ ਦੀ ਸਫ਼ਲਤਾ ਦਰਸਾਈ ਜਾਂਦੀ ਹੈ, ਜਾਂ ਕਹੋ ਪਾਲਸੀ ਦਾ ਅੰਕੜ-ਣ (statistic-ization) ਹੋ ਜਾਂਦਾ ਹੈ, ਅੱਗੇ ਜਾ ਕੇ ਜੋ ਹੋਰ ਦਮਨ ਦੀ ਲੋੜ ਮਹਿਸੂਸ

ਹੁੰਦੀ ਹੈ ਤਾਂ ਅੰਕੜਿਆਂ ਦਾ ਸਿਆਸਤ-ਨ (politicization) ਹੋਈ ਜਾਂਦਾ ਹੈ; ਨਾਲੇ ਹਲੂਣੇ ਦਾ ਫ਼ਾਇਦਾ (windfall) ਆਰਥਿਕ ਸਮੱਸਿਆ ਸਥਾਈ ਰੂਪ ਵਿਚ ਸੁਰਕਸ਼ਾ ਲਈ ਮਦੱਫ਼ੇ ਬੰਨ੍ਹਣ ਦੀ ਬਣੀ ਰਹਿੰਦੀ ਹੈ। ਏਸ ਤੱਥ ਦਾ ਮੁਲਕ ਦੀ ਰਾਜਨੀਤੀ ਨਾਲ ਸਿੱਧਾ ਸੰਬੰਧ ਹੈ। ਪਾਸਕਾ (Pasqua), ਸਾਰਕੋਜ਼ੀ (Sarcozy) ਵਰਗੇ ਆਗੂਆਂ ਨੇ ਆਪਣਾ ਪੁਲੀਟੀਕਲ ਕਰੀਅਰ ਏਸੇ ਤਰ੍ਹਾਂ ਬਣਾਉਣਾ ਹੁੰਦਾ ਹੈ।

ਯਾਦ ਰਹੇ ਜੋ ਉਦਯੋਗ ਦਾ ਤਰਕ ਲੇਖੇ ਦੇ ਹਿਸਾਬ ਦਾ ਹੈ; ਲੋਕਤੰਤਰ ਦਾ ਨਯਾਯ, ਪ੍ਰਸ਼ਾਸਕੀ ਪਾਰਦਰਸ਼ਤਾ (transparency) ਅਤੇ ਜ਼ਿੰਮੇਦਾਰੀ ਹੈ। ਨਾਲੇ ਕੋਈ ਸਾਂਝ ਹੋਣੀ ਹੈ ਜੋ ਅੰਤਰ-ਰਾਸ਼ਟਰੀ ਰੂਪ ਵਿਚ ਦੇਸ਼ਾਂ ਵਿਦੇਸ਼ਾਂ ਦੀਆਂ ਪ੍ਰਵਾਸ ਪ੍ਰਤੀ ਨੀਤੀਆਂ ਸਮਾਨੰਤਰ ਹੋਈ ਜਾਂਦੀਆਂ ਹਨ। ਸਮਾਜੀ ਇਨਸਾਫ਼ 'ਤੇ ਸਮਾਜੀ ਬੰਦੋ-ਬਸਤ ਨੂੰ ਤਰਜੀਹ ਦਿੱਤੀ ਜਾਂਦੀ ਹੈ। ਪ੍ਰਵਾਸ-ਵਾੜਿਆਂ ਨੂੰ ਪਹਿਰੇ ਅਧੀਨ ਰੱਖਿਆ ਜਾਂਦਾ ਹੈ।

ਯੌਰਪੀ ਸੰਘ ਦੇ 27 ਮੁਲਕਾਂ ਵਿਚ ਆਪਣੀ ਆਪਣੀ ਆਬਾਦੀ ਨੂੰ ਨਸਲੀ ਵਿਤਕਰੇ ਦਾ ਗਿਆਨ ਹੈ, ਜਿਸ ਦੀ ਮਾਤਰਾ ਅਨੁਸਾਰ ਨੈਦਰਲੈਂਡ ਨੰਬਰ ਇਕ 'ਤੇ ਹੈ, ਫ਼ਰਾਂਸ ਨੰਬਰ ਦੋ 'ਤੇ ਆਉਂਦਾ ਹੈ।

ਫ਼ਰਾਂਸ 'ਚ ਹੁੰਦੇ ਦੰਗਿਆਂ ਤੋਂ ਪਤਾ ਲੱਗਾ ਕਿ ਅੱਗ ਲਾਉਣ ਨਾਲ ਕਾਰ ਦੋ ਮਿੰਟ 'ਚ ਜਲ ਜਾਂਦੀ ਹੈ।

ਪੁਲਸ ਪ੍ਰਸ਼ਾਸਨ ਦੀ ਬਾਂਹ ਹੁੰਦੀ ਹੈ; ਪ੍ਰਸ਼ਾਸਨ ਪੁਲਸ ਦੀ ਪਿੱਠ ਥਾਪੜਦਾ ਹੈ ਜੋ ਉਹਨੇ ਪੁਲਸ ਤੋਂ ਸੌ ਕੰਮ ਕਰਵਾਉਣੇ ਹੁੰਦੇ ਹਨ। ਪ੍ਰਸ਼ਾਸਨ ਨੂੰ ਅਕਸਰ ਚਿੰਤਾ ਨਹੀਂ ਹੁੰਦੀ ਜੋ ਪੁਲਸ ਕਾਇਦੇ ਕਾਨੂੰਨ ਅਨੁਸਾਰ ਕਾਰਵਾਈ ਕਰਦੀ ਹੈ ਸਗੋਂ ਉਹਦੇ ਤਰੀਕਾ-ਕਾਰ ਹੋਰ ਸਹਾਈ ਬਣਾਉਣਾ ਹੁੰਦਾ ਹੈ। ਇਕ ਪਾਸੇ ਪੁਲਿਸ ਕਹਿੰਦੀ ਹੈ ਕਿ ਅਸੀਂ ਮੁਜਰਮਾਂ ਨੂੰ ਪਕੜਦੇ ਹਾਂ ਪਰ ਜੱਜ ਉਹਨਾਂ ਨੂੰ ਛੱਡ ਦਿੰਦੇ ਹਨ। ਦੂਜੇ ਬੰਨੇ ਸਿਆਸਤਦਾਨ ਨਯਾਯ ਪ੍ਰਣਾਲੀ ਦੇ ਖ਼ਿਲਾਫ਼ ਤਕਰੀਰਾਂ ਕਰਦੇ ਹਨ ਅਤੇ ਕਾਬਲ-ਇ ਗਵਾਹੀ (admissible evidence), ਫ਼ੈਸਲਾ ਸੁਣਾਉਣ ਦੀ ਮਿਆਦ (time limit) ਘਟਾ ਅਤੇ ਜੁਰਮ ਦੀ ਸਜ਼ਾ ਵਧਾ ਦਿੱਤੀ ਜਾਂਦੀ ਹੈ।

ਪਾਰਕ ਦਾ ਅਨੁਮਾਨ ਹੋ ਸਕਦਾ ਹੈ ਜੋ ਟੇਜ਼ਰ (tasser) ਅਤੇ ਪੈਲੱਟ (pellet) ਅਮਰੀਕਾ ਨੇ ਈਜਾਦ ਕੀਤੇ। ਟੇਜ਼ਰ ਬਿਜਲੀ ਦਾ ਡੰਡਾ ਹੈ ਜਿਸ ਦੀ ਇਕੋ ਸੱਟ ਨਾਲ ਬੰਦਾ ਡਿੱਗ ਪੈਂਦਾ ਹੈ, ਕਈ ਤਾਂ ਮਰ ਗਏ ਹਨ। ਪੈਲੱਟ, ਗੋਲੀ ਦੀ ਥਾਂ ਨਿੱਕੇ ਨਿੱਕੇ ਰੋੜੇ ਹਨ।

ਜਨਤਕ ਸਵਾਲ ਤਾਂ ਮੋਟੇ ਹੁੰਦੇ ਹਨ ਪਰ ਇਹਨਾਂ ਨੂੰ ਟਰਕਾਉਣ ਦੀਆਂ ਦਲੀਲਾਂ ਸੂਖਮ ਹੁੰਦੀਆਂ ਹਨ। ਕਈ ਆਚਾਰਕ ਉਜ਼ਰ ਕਰਦੇ ਹਨ ਕਿ ਪੁਲਸ ਨੂੰ ਸੁਭਾਵਕ ਹੀ ਕਸੂਰਵਾਰ ਨਹੀਂ ਮਿੱਥਿਆ ਜਾ ਸਕਦਾ। ਵਿਤਕਰਾ ਆਚਾਰਕ ਸਵਾਲ ਨਹੀਂ, ਸਗੋਂ ਪ੍ਰਸ਼ਾਸਨ ਅਤੇ ਸ਼ਹਿਰੀ ਦੇ ਸੰਬੰਧ ਦਾ ਸਵਾਲ ਹੈ ਜਿਸ ਦੀ ਪੁਸ਼ਟੀ ਸਰਕਾਰੀ ਅੰਕੜੇ ਅਤੇ ਵਿਅਕਤੀਆਂ ਦੇ ਸਰੀਰਕ ਅਨੁਭਵ ਕਰੀ ਜਾਂਦੇ ਹਨ। ਕਈ ਡਰਾਕਲ ਭੁੱਲਣਾ ਚਾਹੁੰਦੇ ਹਨ ਕਿ ਦਲੇਰ ਆਦਮੀ ਮਾੜੇ ਦੀ ਮਦਦ ਕਰਦਾ ਹੈ। ਕਈਆਂ ਨੇ ਮਕਰ ਸਹਿਤ ਹਵਾ ਅਨੁਸਾਰ ਵਾਯੂ ਕੁਕੜ ਹੋਣਾ ਹੁੰਦਾ ਹੈ। ਜਿਸ ਕੰਮ ਨੂੰ ਸਰਕਾਰ ਸ਼ਹਿ ਦਿੰਦੀ ਹੈ, ਉਸ 'ਚ ਸਾਂਝੀਵਾਲ ਹੋ ਕੇ ਕਿਉਂ ਨਾ ਫ਼ਾਇਦਾ ਉਠਾਉਣ?

ਕਰਤਾ ਦੀ ਅਕਾਦਮਿਕ ਜਾਂ ਕਹੋ ਜੁਗਤ-ਸ਼ਾਸਤਰੀ (methodological) ਦਲੀਲ ਹੈ। ਵਿਤਕਰੇ ਦਾ ਆਖਿਆਨ ਤਾਂ ਸਤਿ ਦਾ ਵਰਣਨ ਹੈ ਜਿਹੜਾ ਜ਼ਰੂਰੀ ਤੌਰ 'ਤੇ ਪੱਖਪੂਰ ਅਤੇ ਅਪੂਰਨ ਹੁੰਦਾ ਹੈ ਜਿਸ ਦੀ ਹਮਾਇਤ ਵਿਚ ਠੋਸ ਵਿਹਾਰਕ ਸ਼ਹਾਦਤ (ਗਵਾਹੀ) ਹੁੰਦੀ ਹੈ। ਜੋ ਦ੍ਰਿਸ਼ਟਿਕ ਬੁਨਿਆਦ 'ਤੇ ਖਲੋਤੀ ਹੈ (ਯੂਨਾਨੀ 'ਚ ਥਿਓਰੀ ਦਾ ਲਫ਼ਜ਼ੀ ਅਰਥ 'ਨਜ਼ਰ' ਹੈ)

ਫ਼ੈਸਿਨ (ਕਰਤਾ) ਪੁਲਿਸ ਦੇ ਆਚਾਰਕ ਅਰਥਚਾਰੇ (moral economy) ਦੀ ਗੱਲ ਕਰਦਾ



ਹੈ ਜੋ ਘਰੋਂ ਦੂਰ ਆਪ ਤੋਂ ਵੱਖਰੇ ਲੋਕਾਂ ਵਿਚ ਗਸ਼ਤ ਕਰਦੇ ਹਨ ਜਿਹਨਾਂ ਦੀ ਸੂਝ, ਅਨੁਭਵ ਅਤੇ ਵਿਹਾਰ ਉਹਨਾਂ ਨੂੰ ਇਹ ਗੱਲ ਸਮਝਣ-ਯੋਗ ਨਹੀਂ ਬਣਾਉਂਦੇ ਜੋ ਸਰਕਾਰੀ ਕਰਮਚਾਰੀ ਕੇਵਲ ਅਤੇ ਕੇਵਲ ਕਾਨੂੰਨ ਦੀ ਹੱਦ ਤਕ ਅਮਲ ਕਰ ਸਕਦਾ ਹੈ। (ਜਲਿਆਂਵਾਲਾ ਬਾਗ਼ ਸਮੇਂ ਪੰਜਾਬ ਦਾ ਗਵਰਨਰ ਓ'ਡਵਾਇਰ, ਹੰਟਰ ਕਮਿਸ਼ਨ ਸਾਹਮਣੇ ਮੰਨਿਆ ਕਿ ਮੈਂ ਤਾਂ ਗ਼ਲਤ ਹੀ ਸਮਝਦਾ ਸੀ ਕਿ ਸਰਕਾਰੀ ਆਦਮੀ ਉਹ ਕੰਮ ਵੀ ਕਰ ਸਕਦਾ ਹੈ ਜਿਸ ਦੀ ਮਨਾਹੀ ਨਹੀਂ) ਜਿਸ ਕਰਕੇ ਪੁਲਸ ਦਾ ਵਿਹਾਰ ਸ਼ਕਤੀ ਦੇ ਪ੍ਰਯੋਗ ਤੋਂ ਜ਼ਿਆਦਤੀ ਅਤੇ ਤਸੀਹੇ 'ਚ ਬਦਲ ਜਾਂਦਾ ਹੈ।

ਫ਼ੈਸਿਨ ਸਮਾਜ ਵਿਗਿਆਨ ਬਾਰੇ ਆਪਣੀ ਪਹੁੰਚ ਦਾ ਜਿਸ ਤਰ੍ਹਾਂ ਜ਼ਿਕਰ ਕਰਦਾ ਹੈ, ਉਹ ਸਾਹਿਤਕ ਖੇਤਰ ਵਿਚ ਰਸ਼ਕ ਕਰਨ ਦੇ ਕਾਬਲ ਹੈ। ਵਿਤਕਰੇ ਦਾ ਵਰਣਨ ਦੰਡ ਸ਼ਬਦਾਵਲੀ 'ਚ ਹੋ ਸਕਦਾ ਹੈ, ਅਕਸਰ ਹੁੰਦਾ ਵੀ ਹੈ। ਅਜਿਹਾ ਕਰਨ ਵਿਚ ਰਤਾ ਊਣਤਾਈ ਰਹਿੰਦੀ ਹੈ। ਭੜਕਦਾ ਵਰਣਨ ਤਾਂ ਉਹਨਾਂ ਲਈ ਹੈ ਜੋ ਵਿਤਕਰੇ ਨੂੰ ਮੰਦਾ ਕਰਕੇ ਜਾਣਦੇ ਹਨ ਜਿਹਨਾਂ ਨੂੰ ਸ਼ਾਇਦ ਹੋਰ ਭਾਵਕ ਗਰਮੀ ਦੀ ਲੋੜ ਨਹੀਂ। ਲੋੜ ਤਾਂ ਵਿਤਕਰੇ 'ਚ ਫਸੇ ਵਿਅਕਤੀ ਨਾਲ ਸਹਾਨੁਭੂਤੀ ਦੀ ਹੈ ਜਿਸ ਦਾ ਸਮਾਨੰਤਰ ਦਰਸ਼ਕ ਦੀ ਭਾਵਨਾ ਹੈ ਜਿਸ ਨੂੰ ਗ੍ਰਹਣ-ਯੋਗ (ਕਾਬਲ-ਇ ਫ਼ਹਿਮ) ਜਾਂ intelligible ਬਣਾਉਣ ਦੀ ਲੋੜ ਹੈ। ਸਮਝਿਆ ਭਾਵ ਹੀ ਥਿਰ ਰਹਿੰਦਾ ਹੈ ਜਿਸ ਤੋਂ ਅੱਗੇ ਸੰਭਵ ਰੂਪ ਵਿਚ ਸਮਾਜੀ ਕਰਮ ਹੈ ਜੋ ਵਿਤਕਰੇ ਦੇ ਖ਼ਾਤਮੇ ਲਈ ਜਨ ਨੂੰ ਹਿੱਸੇਦਾਰ ਬਣਾ ਦਿੰਦਾ ਹੈ। ਸਾਹਿਤ ਅਤੇ ਸਮਾਜ ਵਿਗਿਆਨ ਵਿਚ ਸ-ਕਾਰਮਕਤਾ ਦੀ ਚੋਭ ਲੋੜੀਂਦੀ ਹੈ।

ਫ਼ੈਸਿਨ ਸਮਾਜਵਿਗਿਆਨ ਬਾਰੇ ਨਵੀਂ ਪਹੁੰਚ ਕਾਂਗੋ 'ਚ ਕੰਮ ਕਰਨ ਵਾਲੇ ਫਰਾਂਸੀਸੀ ਵਿਦਵਾਨ George Balendier ਤੋਂ ਸਿੱਖਿਆ ਹੈ। ਜੇ ਸਮਾਜ ਵਿਗਿਆਨ ਨੂੰ ਕੇਵਲ ਪਰੰਪਰਾਵਾਂ, ਸਮਾਜੀ ਬਣਤਰ ਦੇ ਵਰਣਨ ਤਕ ਹੀ ਰਹਿਣ ਦੇਈਏ ਤਾਂ ਇਹ ਕਾਲ 'ਚ ਗਤੀਹੀਣ ਅਤੇ ਦੇਸ (ਸਪੇਸ) 'ਚ ਨਿਖੜਿਆ ਰਹਿ ਜਾਂਦਾ ਹੈ। ਦੋਵੇਂ ਪੱਖ ਬਸਤੀਵਾਦੀ ਸਮਿਆਂ ਦੇ ਅਨੁਕੂਲ ਹਨ, ਨਾਲੇ ਇਕ ਤਰ੍ਹਾਂ ਉਹਨਾਂ ਦੀ ਦੇਣ ਸੀ। ਇਹਦੇ ਉਲਟ ਸਥਿਤੀ ਜਾਂ ਸੂਰਤ-ਇ ਹਾਲ ਦੇ ਵਰਣਨ ਵਿਚ ਪਰਿਵਰਤਨ, ਸ਼ਕਤੀ ਅਤੇ ਦਵੰਦ ਦੇ ਵਿਚਾਰ ਸ-ਕਾਰ-ਾਤਮਕ ਹੋ ਜਾਂਦੀ ਹੈ ਜੋ ਵਿਅਕਤੀ ਵਿਹਾਰ ਅੰਤਰ-ਕਰਮ ਰਾਹੀਂ ਨੀਤੀ-ਇਤਿਹਾਸ ਹੋਣ ਲਗਦਾ ਹੈ।

ਏਸ ਕਿਤਾਬ ਬਾਰੇ ਮੇਰੀ ਪ੍ਰਵਾਸੀਆਂ ਨੂੰ ਜ਼ੋਰਦਾਰ ਸਿਫ਼ਾਰਸ਼ ਹੈ ਜੋ ਇਕ ਤਾਂ ਇਹਦੇ 'ਚ ਆਪਣਾ ਚਿਹਰਾ ਵੇਖ ਲੈਣ,ਦੂਜੇ ਭਾਰਤ ਵਿਚ ਅਲਪਾਂ ਦੀ ਜਗ-ਬੀਤੀ ਰਤਾ ਕੁ ਸਮਝ ਲੈਣ।00

ENFORZIN G ORDER: An Ethnography of Urban Policing, Didier Fassin, Polity, 2015

ਪ੍ਰੌੜਤਾ ਲਈ ਵੇਖੋ: Policing the poor in Detroit Analytical Monthly Review, Dec 2016-Jan 2017

## 1917 ਦਾ ਰੂਸੀ ਇਨਕਲਾਬ: ਦੋ ਗੱਲਾਂ ਜੋ ਅਖ਼ਬਾਰਾਂ ਨੇ ਲਿਖੀਆਂ ਨਹੀਂ

ਵਿਸ਼ਵ ਲੜਾਈ ਦੇ ਪਹਿਲੇ ਸਾਲ ਹੀ ਰੂਸੀ ਫ਼ੌਜ 'ਚੋਂ ਪੰਜ ਲੱਖ ਸਿਪਾਹੀ ਭਗੌੜੇ ਹੋ ਗਏ ਸੀ। 1914-17 ਵਿਚ ਅੱਧੇ, ਕੰਮ ਦੀ ਉਮਰ ਦੇ ਕਿਸਾਨ ਤਾਂ ਫ਼ੌਜੀ ਖ਼ਿਦਮਤ ਲਈ ਬੁਲਾ ਗਏ ਸੀ। ਕਈ ਸੂਬਿਆਂ ਵਿਚ 40 ਫ਼ੀਸਦੀ ਘਰਾਂ 'ਚ ਕੋਈ ਮਰਦ ਮੈਂਬਰ ਨਹੀਂ ਸੀ। 1916 ਵਿਚ ਖੇਤਾਂ 'ਚ ਕੰਮ ਕਰਦੀਆਂ ਦੋ ਔਰਤਾਂ ਪ੍ਰਤੀ ਇਕ ਮਰਦ ਸੀ, ਜੋ ਖੇਤੀ ਇਸਤਰੀਆਂ ਦਾ ਧੰਦਾ ਪ੍ਰਤੀਤ ਹੁੰਦਾ ਸੀ। ਵੇਖਣ ਨੂੰ ਪਿੰਡ ਦਾ ਭੂਦ੍ਰਿਸ਼ (Landscape) ਬਦਲ ਗਿਆ ਸੀ। ਜਿਵੇਂ 1960-

ਵਿਆਂ ਵਿਚ ਮੋਰਾਂਵਾਲੀ ਪਿੰਡ 'ਚ ਕੋਈ ਬੰਦਾ ਨਜ਼ਰ ਨਹੀਂ ਆਉਂਦਾ ਸੀ, ਵਲਾਇਤ ਜੋ ਚਲੇ ਗਏ ਸੀ। ਪਿੰਡਾਂ 'ਚੋਂ ਸਰਕਾਰ ਨੂੰ ਅਰਜ਼ੀਆਂ ਜਾਂਦੀਆਂ ਕਿ ਜੰਗੀ ਕੈਦੀਆਂ ਨੂੰ ਪਿੰਡ 'ਚ ਖੇਤੀ ਦੇ ਕੰਮੀਂ ਲਾਇਆ ਜਾਵੇ।

ਕ੍ਰਾਂਤੀ ਕਾਲ ਨੂੰ ਸੰਨ੍ਹ ਲਾਉਂਦੀ ਹੈ ਜੋ ਸਮਾਜ ਦੇ ਕੁਝ ਅੰਸ਼ ਹੱਦਾਂ ਟੱਪ ਜਾਂਦੇ ਹਨ। ਬਹੁਤ ਸਾਰੀਆਂ ਔਰਤਾਂ ਮਰਦਾਨਾ ਭੇਸ ਵਿਚ ਫੌਜ ਵਿਚ ਭਰਤੀ ਹੋ ਗਈਆਂ। ਅਕਸਰ ਭੇਤ ਖੁੱਲ੍ਹ ਜਾਂਦਾ, ਖਾਸ ਕਰ ਬੀਮਾਰ ਹੋਣ 'ਤੇ ਜਾਂ ਹਾਦਸਾ ਪੀੜਤ ਹੋਣ ਕਰਕੇ। ਮਾਰੀਆ ਬੋਚਕਰੇਵਾ (Maria Bochkreva) ਨੇ ਜ਼ਾਰ ਨੂੰ ਆਪਣੀ ਫ਼ੌਜੀ ਆਸਾਮੀ 'ਤੇ ਰਹਿਣ ਦੀ ਅਰਜ਼ੀ ਦਿੱਤੀ ਜੋ ਜ਼ਾਰ ਨੇ ਮਨਜ਼ੂਰ ਕਰ ਲਈ। 1915 'ਚ ਥੋੜ੍ਹੀਆਂ ਕੁ ਔਰਤਾਂ ਫ਼ੌਜੀ ਸਿਪਾਹੀ ਹੋ ਗਈਆਂ ਸਨ। ਫੇਰ 1917 ਵਿਚ ਆਰਜ਼ੀ ਹਕੂਮਤ (provisional government) ਨੇ 6 ਹਜ਼ਾਰ ਔਰਤਾਂ ਦੀ Women's Battalion of Death ਬਣਾਈ। ਬੋਚਕਰੇਵਾ ਦੀ ਮਾਂ ਨੇ ਧੀ ਨੂੰ ਸਮਝਾਇਆ ਸੀ ਕਿ ਫ਼ੌਜੀਆਂ ਨੇ ਸਮਝਣਾ ਹੈ ਜੋ ਤੈਨੂੰ ਵੇਸ਼ਯਾ ਵਜੋਂ ਭਰਤੀ ਕੀਤਾ ਹੈ। ਉਹ ਸਮਝਦੇ ਵੀ ਇੰਝ ਹੀ ਸੀ, ਜੋ ਬੋਚਕਰੇਵਾ ਨੂੰ ਅਜਿਹੇ ਮੱਤ ਵਾਲਿਆਂ ਨੂੰ ਕੁੱਟ ਕੇ ਸਿੱਧਾ ਕਰਨਾ ਪੈਂਦਾ ਸੀ। ਫ਼ੌਜੀਆਂ ਨੂੰ ਸੰਸਕਾਰ ਵਜੋਂ ਭਰਤੀ ਹੋਣ 'ਤੇ ਵੇਸ਼ਯਾ ਦੇ ਲੈ ਕੇ ਜਾਂਦੇ ਸੀ। ਬੋਚਕਰੇਵਾ ਨੂੰ ਵੀ ਅਜਿਹਾ ਸੱਦਾ ਮਿਲਿਆ ਜੋ ਆਪਣੀ ਮਰਦਾਨਗੀ ਹਿਤ ਸੰਸਕਾਰੀਆਂ ਨਾਲ ਰਲ ਗਈ।

ਬੋਚਕਰੇਵਾ ਦਾ ਪ੍ਰਤਿਪਖ Alexandra Kollantai (1872-1952) ਜੋ ਪੀਟਰਜ਼ਬਰਗ ਦੇ ਕੁਲੀਨ ਖਾਨਦਾਨ 'ਚ ਪੈਦਾ ਹੋਇਆ, ਜਿਸ ਨੂੰ ਨਵੀਂ ਕਿਸਮ ਦੇ ਟੱਬਰ, ਪ੍ਰੇਮ ਅਤੇ ਸਮਾਜ ਦੀ ਲੋੜ ਸੀ। ਵੱਖਰੇ ਰਵੱਯੀਏ ਨੂੰ ਵੱਖਰੇ ਗਿਆਨ ਕਰਮ ਦੀ ਪ੍ਰੇਰਨਾ ਹੁੰਦੀ ਹੈ। ਸੰਨ 1905 ਦੇ ਇਨਕਲਾਬ ਵੇਲੇ ਕਾਮਿਆਂ ਦੀਆਂ ਅਧਿਐਨ ਮੰਡਲਾਂ (worker's study cinzles) 'ਚ ਅਤੇ ਸੋਸ਼ਲਿਸਟ ਕਾਰਜ-ਕਰਤਿਆਂ 'ਚ ਰੁੱਝੀ ਰਹੀ। ਉਹਦੇ ਅਨੁਸਾਰ ਆਚਾਰ ਜਾਂ ਸ਼ੁਭ ਚਲਨ ਸਮਾਜੀ ਸੰਬੰਧਾਂ ਦੀ ਉਪਜ ਹੈ ਜੋ ਨਾ ਕਿਸੇ ਦਰਸ਼ਨ, ਨਾ ਕਿਸੇ ਮਹਾਂਪੁਰਸ਼ ਦੀ ਦੇਣ ਹੈ। ਨਿੱਜੀ ਅਭਿਲਾਸ਼ਾ ਸਮਾਜ ਦੇ ਲੋੜੀਂਦੇ ਦਾਅਵੇ ਅਨੁਕੂਲ ਹੋ ਸਕਦੀ ਹੈ ਜੋ ਇਤਿਹਾਸਕ ਵਿਅਕਤੀ ਸਾਹਮਣੇ ਆਉਂਦਾ ਹੈ। ਨਵਾਂ ਅਣਸ ਪ੍ਰਤੀਦਵੰਦੀ ਸ਼੍ਰੇਣੀਆਂ ਤੋਂ ਮਗਰੋਂ ਪੈਦਾ ਹੋਣਾ ਹੈ। ਸੰਨ 1905 ਵਿਚ ਉਹਦੀਆਂ ਇਸਤਰੀ ਕਾਮਿਆਂ ਨੂੰ ਜਥੇਬੰਦ ਕਰਨ ਦੀਆਂ ਕੋਸ਼ਿਸ਼ਾਂ ਨੂੰ ਕ੍ਰਾਂਤੀ ਦਾ ਦਮ ਭਰਨ ਵਾਲੇ ਆਗੂ ਅਤੇ ਕਾਮੇ ਡਰ ਅਤੇ ਨਫ਼ਰਤ ਦੀ ਭਾਵਨਾ ਨਾਲ ਵੇਖਦੇ ਸਨ।

ਸਰਮਾਏਦਾਰੀ ਅਧੀਨ ਇਸਤਰੀ ਕਾਮੇ ਨੂੰ ਤੀਹਰਾ ਕੰਮ ਕਰਨਾ ਪੈਂਦਾ ਹੈ। ਸ਼੍ਰਮਕ, ਗ੍ਰਿਹ-ਪਾਲ ਅਤੇ ਮਾਤ੍ਰ ਦਾ। ਵਲਾਇਤੀਆਂ ਨੂੰ ਤਾਂ ਇਹ ਤੱਥ ਪ੍ਰਤੱਖ ਨਜ਼ਰ ਆਉਂਦਾ ਹੈ, ਸਾਡੇ ਦੇਸ਼ ਵਿਚ ਸ਼ਾਇਦ ਦਲੀਲ ਦੀ ਮੰਗ ਕਰਦਾ ਲਗਦਾ ਹੈ। ਆਧੁਨਕ ਸਮੇਂ 'ਚ ਭੋਗ ਵੀ ਆਪਣਾ ਵਕਾਰ (ਜਾਂ ਦਰਜਾ) ਗੁਆ ਬੈਠਾ ਹੈ। ਕੇਵਲ ਆਕਾਂਖਾ ਹੈ ਜੋ ਮੂਰਤੀਮਾਨ ਹੋਣ ਵਾਲੀ ਨਹੀਂ। ਕੀ ਪਾਠਕ 'ਮਤਸਯ-ਮੰਧਾ' ਨੂੰ ਜਾਣਦੈ?

ਨਵੀਂ ਇਸਤਰੀ ਦਾ ਉਦਭਵ ਘਰੋਗੀ ਮਿਹਣੇ ਤੋਂ ਉਪਰੰਤ, ਖ਼ਾਨਦਾਨੀ ਚਣੌਤੀਆਂ ਤੋਂ ਵੱਖਰਾ, ਆਤਮ-ਵਿਸ਼ਵਾਸ ਨਾਲ ਹੁੰਦਾ ਹੈ, ਜਿਸ ਦੀ ਇਕੱਲੀ ਇਕਹਿਰੀ ਨਾਰੀ ਨੂੰ ਲੋੜ ਹੈ। ਅਜਿਹਾ ਉਦੇਸ਼ ਪੇਸ਼ਾਵਰ ਡਾਕਟਰ, ਅਧਿਆਪਕ, ਅਫ਼ਸਰ ਇਸਤਰੀ ਲਈ ਸੰਭਵ ਹੈ ਪਰ ਗ਼ਰੀਬ, ਅਣਵਿਆਹੀ, ਮਜ਼ਦੂਰ ਇਸਤਰੀ ਲਈ ਦੂਰ ਦਾ ਲਕਸ਼ ਹੈ।

ਜਿਹੜੀ ਗੱਲ ਸਮਝਣ ਵਾਲੀ ਹੈ, ਉਹ ਇਹਦੀ ਅ-ਕਰਮਸ਼ੀਲਤਾ (passivity), ਅਧੀਨਗੀ, ਤਾਬੇਦਾਰੀ ਅਤੇ ਮ੍ਰਿਦੁਲਤਾ ਉਹਨੂੰ ਘਾਟਾ ਪਾਉਣ ਵਾਲੇ ਗੁਣ ਹਨ। ਸਪੀਨੋਜ਼ਾ (Spinoza 1632-77) ਨੇ ਤਾਂ ਬੰਦਿਆਂ ਨੂੰ ਦੱਸਿਆ ਸੀ ਕਿ ਨਿਮਰਤਾ ਅਣ-ਪ੍ਰਕਿਰਤਕ ਗੁਣ ਹੈ। ਬਾਕੀ ਭਾਵੁਕਤਾ ਦੇ ਵੇਗ 'ਚ ਵਹਿਣ ਨਾਲ ਕੇਵਲ ਧੋਖਾ ਖਾਣਾ ਹੀ ਸੌਖਾ ਹੁੰਦਾ ਹੈ। ਭਾਵਕ ਸਵੈ-ਨਿਯਮਤਾ ਜੀਵਨ ਦਾ ਸੱਭੋ ਕੁਝ



ਨਹੀਂ; ਸਗੋਂ ਇਕ ਪੱਖ ਹੈ। ਪ੍ਰੇਮ ਦੀ ਆਜ਼ਾਦੀ ਤਾਂ ਠੀਕ ਹੈ ਜੋ ਇਹਦਾ ਗੁਲਾਮ ਹੋਣ ਦੀ ਲੋੜ ਨਹੀਂ।

ਲਿੰਗ ਵੀ ਸ਼੍ਰੈਣਿਕ ਸੰਘਰਸ਼ ਦਾ ਅੰਗ ਹੈ, ਸੈਮੀ ਆਚਾਰ ਸ਼੍ਰੈਣਿਕ ਵਿਚਾਰਧਾਰਾ ਦਾ ਅੰਗ ਹੈ। ਸਮਾਜਵਾਦ ਵਿਚ ਹੀ ਜਾਣਨ ਦਾ ਸੁਆਦ ਆਉਣਾ ਹੈ। ਪ੍ਰਚਲਤ ਇਸਤਰੀਵਾਦ ਦੇ ਮੁਕਾਬਲੇ 'ਚ ਸ਼੍ਰੈਣਿਕ ਇਸਤਰੀਵਾਦ ਘੋਖਣ ਅਤੇ ਕਮਾਉਣ, ਹੰਢਾਉਣ ਦੀ ਲੋੜ ਹੈ।

1917 ਵਿਚ ਕੌਲਕਤਾਈ ਪੈਟਰੋਗਰਾਡ ਵਿਚ ਲੋਕ-ਪ੍ਰਿਯ ਭਾਸ਼ਨਕਾਰ ਸੀ, ਖਾਸ ਕਰ ਇਸਤਰੀ ਕਾਮਿਆਂ ਦੇ 'ਕੱਠਾਂ ਵਿਚ। ਇਨਕਲਾਬ ਆਇਆ ਤਾਂ ਉਹ ਲੋਕ-ਭਲਾਈ ਦੀ ਵਜ਼ੀਰ ਬਣ ਗਈ। ਦੁਨੀਆਂ ਦੇ ਇਤਿਹਾਸ ਵਿਚ ਇਹ ਪਹਿਲੀ ਮਿਸਾਲ ਸੀ ਜੋ ਕਿਸੇ ਮੁਲਕ ਦੀ ਸਰਕਾਰ ਵਿਚ ਔਰਤ ਵਜ਼ੀਰ ਹੋਵੇ। ਇਨਕਲਾਬ 'ਚ ਅਲੋਕਾਰ ਸੰਭਵ ਹੁੰਦਾ ਹੈ।

1920-21 'ਚ ਲੜਾਈ ਦੇ ਸੱਤ ਸਾਲ ਹੋ ਗਏ। ਇਕ ਪਾਸੇ ਮ੍ਰਿਤ ਅਤੇ ਅਪੰਗਾਂ ਦੀ ਗਿਣਤੀ ਵਧਦੀ ਗਈ, ਦੂਜੇ ਪਾਸੇ ਪਸ਼ੂਆਂ ਦਾ ਖਾਸ ਕਰਕੇ ਖੇਤੀ ਲਈ ਘੋੜਿਆਂ ਦਾ ਦੁਖਦਾਈ ਘਾਟਾ ਸੀ। 1920 'ਚ ਸੋਕਾ ਅਤੇ '21 ਵਿਚ ਮਾਰੂ ਠੰਢ ਪਈ। ਧਰਤੀ 'ਤੇ ਖੇਤੀ ਨਾਲੋਂ ਉਜਾੜਾ ਬਹੁਤਾ ਸੀ। ਸਰਕਾਰ ਵੱਲੋਂ ਅਨਾਜ ਦੀ ਜਬਰੀ ਮੰਗ ਨੇ ਅਨਾਜ ਦੀ ਮੰਡੀ ਮੁਕਾ ਦਿੱਤੀ। ਸੜਕਾਂ ਪਨਾਹਗੀਰਾਂ ਨਾਲ ਭਰ ਗਈਆਂ, ਅਪਰਾਧ, ਲੁੱਟ ਖੋਹ ਵਧ ਗਈ। ਬੇਘਰ ਨਿਆਣਿਆਂ ਦੇ ਟੋਲੇ ਦੇਸ 'ਚ ਰੁਲਦੇ ਫਿਰਦੇ ਸੀ।

ਪੁਲਸ ਰਿਪੋਰਟ ਅਨੁਸਾਰ ਬਗ਼ਾਵਤ ਹੋ ਸਕਦੀ ਹੈ। ਸਰਕਾਰ ਦੀ ਬੱਚਤ ਇਸੇ ਗੱਲ 'ਚ ਹੈ ਕਿ ਕਿਸਾਨਾਂ ਦੀ ਕੋਈ ਸੰਸਥਾ ਨਹੀਂ, ਨਾਲੇ ਮੁਲਕ ਭਰ 'ਚ ਕਿਸੇ ਵਿਧ ਏਕਾ ਨਹੀਂ, ਜੋ ਹਥਿਆਰਾਂ ਦੀ ਟੋਟ ਹੈ। ਜੇ ਸਰਕਾਰ ਲੋੜ ਅਨੁਸਾਰ ਤਾਕਤ ਦੀ ਵਰਤੋਂ ਕਰਦੀ ਹੈ ਤਾਂ ਬਗ਼ਾਵਤ ਦਾ ਕਾਮਯਾਬ ਹੋਣਾ ਮੁਸ਼ਕਲ ਹੈ। ਜਿਹੜੇ ਇਲਾਕੇ ਸਵੇਤ (white) ਫ਼ੌਜ ਅਤੇ ਲਾਲ ਫ਼ੌਜ ਵਿਚਕਾਰ ਆਉਂਦੇ ਰਹਿੰਦੇ, ਉਥੇ ਕਿਸਾਨ ਹਰੀ ਫ਼ੌਜ ਬਣਾਉਂਦੇ। ਲੋੜ ਅਨੁਸਾਰ ਇਕ ਜਾਂ ਦੂਜੇ ਦੀ ਮਦਦ ਕਰਦੇ। ਤਾਮਬੋਵ (Tambov) ਸੂਬੇ ਦਾ ਬਾਗ਼ੀ ਲੀਡਰ ਮੁਕਾਮੀ ਸੋਵੀਅਤ ਪੁਲਸ ਦਾ ਅਫ਼ਸਰ ਰਿਹਾ ਸੀ। ਵੋਲਗਾ ਖੇਤਰ ਵਿਚ ਆਗੂ ਤੇ ਲਾਲ ਫੌਜ ਦਾ ਤਜਰਬਾ ਵੀ ਸੀ। ਬਹੁਤ ਸਾਰੇ ਸੰਗਰਾਮੀਏ ਇਲਾਕੇ ਦੇ ਲੀਡਰ ਸੋਵੀਅਤ ਇੰਤਜਾਮੀਏ 'ਚ ਰਹੇ ਸਨ। ਇਹਨਾਂ ਦਾ ਲਕਸ਼ ਕਮਿਊਨਿਸਟਾਂ ਬਗ਼ੈਰ ਸੁਵੀਆ ਸ਼ਕਤੀ ਬਣਾਉਣ ਦਾ ਸੀ। ਸਥਾਨਕ ਲੜਾਕਿਆਂ ਦੇ ਹਥਿਆਰ ਸੰਲਘਾਂ, ਕੁਹਾੜੇ ਹੁੰਦੇ।

ਮਹੱਤਵਪੂਰਨ ਗੱਲ ਇਹ ਕਿ 1917 ਵਿਚ ਭੂਪਤੀਆਂ ਨਾਲ ਕੋਈ ਸਰੀਰਕ ਵਿਹਾਰ ਨਹੀਂ ਹੋਇਆ ਪਰ ਕਮਿਊਨਿਸਟਾਂ ਨੂੰ ਕੀੜੇ ਮਕੌੜੇ ਸਮਝਿਆ ਗਿਆ ਜਿਨ੍ਹਾਂ ਨੂੰ ਮੁਕਾਉਣ ਦੀ ਲੋੜ ਸੀ। ਹਜ਼ਾਰਾਂ ਬਾਲਸ਼ਵਿਕ ਕਤਲ ਹੋਏ। ਨਾਲੇ ਚੈਨ੍ਹਿਕ (symbolic) ਤਸੀਹੇ ਲਈ ਉਨ੍ਹਾਂ ਦੇ ਕੰਨ, ਜੀਭਾਂ ਵੱਢ ਦਿੱਤੀਆਂ ਜਾਂਦੀਆਂ ,ਜੋ ਅੱਖਾਂ ਕੱਢ ਹੁੰਦੀਆਂ। ਅੰਗ, ਇੰਦਰੀ, ਸਿਰ ਵੱਢੇ ਜਾਂਦੇ, ਨਾਲੇ ਉਹਨਾਂ ਦਾ ਪੇਟ ਦਾਣਿਆਂ ਨਾਲ ਭਰ ਦਿੰਦੇ (ਜਬਰੀ ਅਨਾਜ ਟੈਕਸ ਦਾ ਜਵਾਬ?) ਮੱਥਿਆਂ ਜਾਂ ਧੜਾਂ 'ਤੇ ਕਰਾਸ ਦੇ ਨਿਸ਼ਾਨ ਦਾਗ਼ੇ ਹੁੰਦੇ। ਕਈਆਂ ਨੂੰ ਦਰਖ਼ਤਾਂ ਨਾਲ ਬੰਨ੍ਹ ਕੇ ਅੱਗ ਲਾਈ। ਕਈ ਗਰਦਨ ਤੋੜੀ ਮਿੱਟੀ 'ਚ ਦੱਬੇ, ਜਿਨ੍ਹਾਂ ਨੂੰ ਕੁੱਤੇ, ਚੂਹੇ ਖਾਣ। ਦਰਸ਼ਕ ਕਿਸਾਨਾਂ ਦੀ ਭੀੜ ਖੁਸ਼ੀ ਦਾ ਰੌਲ਼ਾ ਪਾਉਂਦੀ। ਸਾਂਝੀ ਹਿੰਸਾ ਤਹਿਵਾਰ ਰੂਪੀ ਹੋ ਜਾਂਦੀ ਹੈ। ਸ਼ਹਿਰ 'ਤੇ ਕਬਜ਼ਾ ਹੁੰਦਾ ਤਾਂ ਗਾਇਨ ਹੁੰਦੇ, ਬੈਂਡ ਵਜਦਾ, ਗਰਾਮੋਫੋਨ ਦੇ ਤਵੇ ਤਾਣ ਕੱਢਦੇ, ਦਾਰੂ ਚਲਦੀ।

ਮੈਂ ਪਾਠਕ ਦੇ ਪ੍ਰਤੀਕਰਮ ਨਾਲ ਭੰਨ ਤੋੜ ਨਹੀਂ ਕਰਨੀ; ਉਹਦਾ ਪ੍ਰਤੀਕਰਮ, ਉਹਦੀ ਮਰਜ਼ੀ। ਸਤਾਲਿਨ ਦੇ ਭਾਂਤ ਸੁਭਾਂਤੇ ਜ਼ੁਲਮ 'ਚ ਇਹ ਕੁਝ ਨਹੀਂ ਹੁੰਦਾ ਸੀ। ਸਾਡੇ ਲੋਕ ਉਕਤੀ ਕਹਿੰਦੇ ਹੁੰਦੀ- ਜੇ ਸ਼ਰੀਕ ਕਤਲ ਕਰੇ ਤਾਂ ਲੋਥ ਨੂੰ ਘੜੀਸ ਕੇ ਛਾਵੇਂ ਤਾਂ ਕਰ ਦਿੰਦਾ।00

*The Russian Revolution 1905-1921. Mark D Steinberg. Oxford, 2017

***(144, ਸੈਕਟਰ 65, ਫੇਜ਼ 11, ਐੱਸ.ਏ.ਐੱਸ. ਨਗਰ-ਮੁਹਾਲੀ 160 062)***

# ਪੰਜਾਬੀ ਭਾਸ਼ਾ ਤੇ ਸਿੱਖਿਆ: ਗੋਸ਼ਟਿ: ਰਾਜਿੰਦਰਪਾਲ ਸਿੰਘ ਬਰਾੜ

*(ਡਾਕਟਰ ਰਾਜਿੰਦਰਪਾਲ ਸਿੰਘ ਬਰਾੜ ਦੀ ਹੁਣੇ ਜਿਹੇ ਨਵੀਂ ਪੁਸਤਕ ਪ੍ਰਕਾਸ਼ਤ ਹੋਈ ਹੈ- 'ਗੋਸ਼ਟਿ ਪੰਜਾਬ'। ਸਵਾਲਾਂ ਜਵਾਬਾਂ ਦੇ ਰੂਪ ਵਿਚ, ਵਿਦਵਤਾ ਦਾ ਰੋਅਬ ਪਾਏ ਬਿਨਾਂ, ਬਹੁਤ ਸਾਦਾ ਸਰਲ ਸ਼ੈਲੀ ਰਾਹੀਂ ਇਸ ਪੁਸਤਕ ਵਿਚ ਅਹਿਮ ਮਸਲਿਆਂ ਬਾਰੇ ਬਹੁਤ ਸੰਜੀਦਾ ਗੱਲਬਾਤ ਕੀਤੀ ਗਈ ਹੈ। ਪੰਜਾਬੀ ਭਾਸ਼ਾ ਤੇ ਸਿੱਖਿਆ, ਵਿਰਾਸਤ, ਸਮਾਜ-ਸਭਿਆਚਾਰ, ਸੋਸ਼ਲ ਮੀਡੀਆ, ਪੰਜਾਬ ਦੀ ਕਿਸਾਨੀ, ਤਰਕਸ਼ੀਲ ਲਹਿਰ, ਨਵੇਂ ਪੰਜਾਬ ਦਾ ਇਤਿਹਾਸ, ਪਰਵਾਸ, ਨੈਤਿਕਤਾ, ਸੋਸ਼ਲ ਮੀਡੀਆ, ਜੀਵਨ-ਜਾਚ, ਸਾਹਿਤ, ਸਿਆਸਤ ਆਦਿ ਸਾਡੇ ਸਰੋਕਾਰਾਂ ਵਾਲੇ ਸਭ ਮੁੱਦਿਆਂ 'ਤੇ ਡਾ. ਰਾਜਿੰਦਰਪਾਲ ਵੱਲੋਂ ਕੀਤੀ ਗੱਲਬਾਤ ਵਿਚੋਂ ਉਸ ਦੀ ਨਰੋਈ ਤੇ ਤਰਕਸ਼ੀਲ ਦ੍ਰਿਸ਼ਟੀ ਦੀ ਝਲਕ ਤਾਂ ਮਿਲਦੀ ਹੀ ਹੈ, ਬਹੁਤ ਕੁਝ ਸਿਖਣ ਸਿਖਾਉਣ ਨੂੰ ਵੀ ਮਿਲਦਾ ਹੈ। ਪੇਸ਼ ਹੈ ਏਥੇ ਪੰਜਾਬੀ ਭਾਸ਼ਾ ਦੇ ਬਹੁਤ ਭਖਦੇ ਮਸਲੇ ਬਾਰੇ ਉਸ ਦੀ ਇਹ ਲਿਖਤ।*

*-ਸੰਪਾਦਕ)*

ਖਤ੍ਰੀਆ ਤਾ ਧਰਮ ਛੋਡਿਆ, ਮਲੇਛ ਭਾਖਿਆ ਗਹੀ॥ (ਗੁਰੂ ਨਾਨਕ ਦੇਵ)

**ਅੱਜ ਕੱਲ ਬੜੀ ਚਰਚਾ ਹੈ ਕਿ ਪੰਜਾਬੀ ਭਾਸ਼ਾ 50 ਸਾਲਾਂ ਵਿਚ ਖਤਮ ਹੋ ਜਾਵੇਗੀ, ਇਸ ਗੱਲ ਵਿਚ ਕਿੰਨੀ ਸੱਚਾਈ ਹੈ?**

ਇਸ ਅਫਵਾਹ ਦੇ ਪਿੱਛੇ UNO ਦੀ ਰਿਪੋਰਟ ਦੱਸੀ ਜਾਂਦੀ ਹੈ। ਜਿਸ ਅਨੁਸਾਰ ਆਉਣ ਵਾਲੇ 50 ਸਾਲਾਂ ਵਿਚ ਪੰਜਾਬੀ ਭਾਸ਼ਾ ਖਤਮ ਹੋ ਜਾਣੀ ਹੈ। ਅਸਲ ਵਿਚ ਇਹ ਗੱਲ ਪਹਿਲੀ ਵਾਰ ਕੁਲਦੀਪ ਨਈਅਰ ਨੇ ਉਠਾਈ ਸੀ। ਸੱਚੀ ਗੱਲ ਤਾਂ ਇਹ ਹੈ ਕਿ UNO ਦੀ ਅਜਿਹੀ ਕੋਈ ਰਿਪੋਰਟ ਨਹੀਂ ਜਿਸ ਵਿਚ ਇਹ ਲਿਖਿਆ ਹੋਵੇ ਕਿ ਪੰਜਾਬੀ ਭਾਸ਼ਾ 50 ਸਾਲਾਂ ਵਿਚ ਖਤਮ ਹੋ ਜਾਵੇਗੀ। ਹਾਂ! UNO ਦੀ ਇਕ ਏਜੰਸੀ ਯੂਨੈਸਕੋ ਦੀ ਸਾਇਟ http://www.unesco.org/languages-atlas/ਉੱਪਰ ਇਕ ਰਿਸਰਚ ਰਿਪੋਰਟ ਜ਼ਰੂਰ ਮਿਲਦੀ ਹੈ ਜਿਸ ਵਿਚ ਇਹ ਖ਼ਦਸ਼ਾ ਪ੍ਰਗਟ ਕੀਤਾ ਗਿਆ ਹੈ ਕਿ ਆਉਣ ਵਾਲੇ ਸਮੇਂ ਵਿਚ ਕੁਝ ਭਾਸ਼ਾਵਾਂ ਖਤਮ ਹੋ ਜਾਣਗੀਆਂ ਅਤੇ ਉਸ ਰਿਪੋਰਟ ਵਿਚ ਖ਼ਤਮ ਹੋ ਜਾਣ ਵਾਲੀਆਂ ਭਾਸ਼ਾਵਾਂ ਦੇ ਮਾਪਦੰਡ (ਪੈਰਾਮੀਟਰ) ਵੀ ਦੱਸੇ ਹਨ ਪਰ ਉਸ ਰਿਪੋਰਟ ਵਿਚ ਪੰਜਾਬੀ ਦਾ ਤਾਂ ਕੀ ਕਿਸੇ ਵੀ ਭਾਸ਼ਾ ਦਾ ਸਿੱਧਾ ਨਾਂ ਨਹੀਂ ਹੈ।

**ਖ਼ਤਮ ਹੋ ਜਾਣ ਵਾਲੀਆਂ ਭਾਸ਼ਾਵਾਂ ਦੇ ਕਿਹੜੇ ਕਿਹੜੇ ਪੈਰਾਮੀਟਰ ਹਨ?**

ਸਭ ਤੋਂ ਪਹਿਲੀ ਗੱਲ ਕਿ ਕਿਸੇ ਭਾਸ਼ਾ ਨੂੰ ਬੋਲਣ ਵਾਲਿਆਂ ਦੀ ਗਿਣਤੀ ਕਿੰਨੀ ਹੈ? ਇਸ ਪੱਖੋਂ ਪੰਜਾਬੀ ਭਾਸ਼ਾ ਦੇ ਬੋਲਣ ਵਾਲਿਆਂ ਦੀ ਗਿਣਤੀ ਹਜ਼ਾਰਾਂ ਜਾਂ ਲੱਖਾਂ ਵਿਚ ਨਹੀਂ ਸਗੋਂ ਕਰੋੜਾਂ ਵਿਚ ਹੈ, ਲਗਪਗ ਪੰਦਰਾਂ ਕਰੋੜ। ਜਿਸ ਵਿਚੋਂ ਲਗਪਗ 10 ਕਰੋੜ ਪਾਕਿਸਤਾਨ, 4 ਕਰੋੜ ਭਾਰਤ ਅਤੇ ਇਕ ਕਰੋੜ ਬਾਕੀ ਦੇਸ਼ਾਂ ਵਿਚ ਖਿੰਡੇ ਹੋਏ ਹਨ। ਜਿਹੜੀਆਂ ਭਾਸ਼ਾਵਾਂ ਦੇ ਗਿਣਤੀ ਦੇ ਆਧਾਰ 'ਤੇ ਖ਼ਤਮ ਹੋ ਜਾਣ ਦਾ ਖ਼ਦਸ਼ਾ ਹੈ, ਉਹ ਉਹਨਾਂ ਕਬੀਲਿਆਂ ਦੀਆਂ ਭਾਸ਼ਾਵਾਂ ਹਨ ਜਿਨ੍ਹਾਂ ਦੀ ਗਿਣਤੀ ਕੁੱਝ ਥਾਵਾਂ 'ਤੇ ਸੈਂਕੜੇ ਅਤੇ ਕੁੱਝ ਥਾਵਾਂ 'ਤੇ ਦਰਜਨ ਤੋਂ ਵੀ ਘੱਟ ਰਹਿ ਗਈ ਹੈ। ਇਸ ਪੱਖੋਂ ਪੰਜਾਬੀ ਭਾਸ਼ਾ ਨੂੰ ਕੋਈ ਖ਼ਤਰਾ ਨਹੀਂ ਹੈ। ਉਸ ਰਿਪੋਰਟ ਵਿਚ ਦੂਜਾ ਪੈਰਾਮੀਟਰ ਇਹ



ਦੱਸਿਆ ਗਿਆ ਹੈ ਕਿ ਉਸ ਭਾਸ਼ਾ ਦੀ ਲਿੱਪੀ ਹੈ ਜਾਂ ਨਹੀਂ ਤੇ ਉਸ ਵਿਚ ਕਿੰਨਾ ਪੁਰਾਣਾ ਸਾਹਿਤ ਮਿਲਦਾ ਹੈ? ਇਸ ਪੱਖੋਂ ਵੀ ਪੰਜਾਬੀ ਭਾਸ਼ਾ ਬੜੀ ਮਜ਼ਬੂਤ ਸਥਿਤੀ ਵਿਚ ਹੈ, ਭਾਵੇਂ ਇਸਨੂੰ ਪਾਕਿਸਤਾਨ ਵਿਚ ਫ਼ਾਰਸੀ ਲਿੱਪੀ ਵਿਚ ਲਿਖਦੇ ਹਨ ਅਤੇ ਕੁੱਝ ਲੋਕ ਇਸਨੂੰ ਦੇਵਨਾਗਰੀ ਅਤੇ ਰੋਮਨ ਵਿਚ ਵੀ ਲਿਖ ਲੈਂਦੇ ਹਨ, ਪਰ ਇਸਦੀ ਅਸਲ ਆਪਣੀ ਲਿੱਪੀ ਗੁਰਮੁਖੀ ਹੀ ਹੈ। ਇਸ ਵਿਚ ਸਾਹਿਤ ਦੀ ਅਮੀਰ ਪਰੰਪਰਾ ਹੈ, ਅੱਜ ਦੀ ਵਿਕਸਤ ਸਮਝੀ ਜਾਂਦੀ ਭਾਸ਼ਾ ਅੰਗਰੇਜ਼ੀ ਭਾਸ਼ਾ ਦਾ ਪਹਿਲਾ ਕਵੀ ਚੌਸਰ ਚੌਧਵੀਂ ਸਦੀ ਵਿਚ ਹੋਇਆ ਹੈ ਪਰ ਪੰਜਾਬੀ ਦਾ ਪਹਿਲਾ ਕਵੀ ਬਾਬਾ ਫ਼ਰੀਦ ਬਾਰ੍ਹਵੀਂ ਸਦੀ ਵਿਚ ਹੋਇਆ ਹੈ। ਇਹ ਤਾਂ ਲਿਖਤੀ ਪ੍ਰਮਾਣ ਹੈ ਜਦੋਂ ਕਿ ਨਾਥ ਜੋਗੀ ਤਾਂ ਇਸ ਤੋਂ ਢੇਰ ਚਿਰ ਪਹਿਲਾਂ ਸਾਹਿਤ ਰਚਦੇ ਰਹੇ ਹਨ। ਸੋ ਸਾਹਿਤ ਪੱਖੋਂ ਤਾਂ ਪੰਜਾਬੀ ਭਾਸ਼ਾ ਮਾਲਾ ਮਾਲ ਹੈ। ਇੰਝ ਆਪਣੀ ਲਿੱਪੀ ਅਤੇ ਆਪਣਾ ਸਾਹਿਤ ਹੋਣ ਦੇ ਮਾਪਦੰਡ ਉੱਪਰ ਵੀ ਪੰਜਾਬੀ ਭਾਸ਼ਾ ਉੱਪਰ ਕੋਈ ਖ਼ਤਰਾ ਨਹੀਂ ਜਾਪਦਾ।

**ਫਿਰ ਪੰਜਾਬੀ ਭਾਸ਼ਾ ਦੇ ਖਤਮ ਹੋਣ ਦੇ ਖਤਰੇ ਦੀ ਗੱਲ ਕਿਉਂ ਉਠਦੀ ਹੈ?**

ਭਾਈ ਠੰਢ ਰੱਖ, ਇਸ ਰਿਪੋਰਟ ਵਿਚ ਹੋਰ ਵੀ ਪੈਰਾਮੀਟਰ ਹਨ। ਅਗਲਾ ਪੈਰਾਮੀਟਰ ਹੈ ਕਿ ਕੀ ਉਸ ਭਾਸ਼ਾ ਵਿਚ ਸਿੱਖਿਆ ਦਿੱਤੀ ਜਾਂਦੀ ਹੈ? ਕੀ ਉਹ ਸਰਕਾਰ ਦੇ ਦਫਤਰਾਂ ਦੀ ਭਾਸ਼ਾ ਹੈ? ਬਿਨਾਂ ਸ਼ੱਕ ਅੱਜ ਭਾਰਤੀ ਪੰਜਾਬ ਵਿਚ ਕਾਨੂੰਨੀ ਤੌਰ 'ਤੇ ਪੰਜਾਬੀ ਸਰਕਾਰ ਦੀ ਭਾਸ਼ਾ ਹੈ, ਉਚੇਰੀ ਸਿੱਖਿਆ ਦਾ ਮਾਧਿਅਮ ਵੀ ਸਿਧਾਂਤਕ ਤੌਰ ਤੇ ਪ੍ਰਵਾਨਿਆ ਹੋਇਆ ਹੈ ਅਤੇ ਸਰਕਾਰੀ ਸਕੂਲਾਂ ਵਿਚ ਵੀ ਪੰਜਾਬੀ ਭਾਸ਼ਾ ਲਾਗੂ ਹੈ। ਪਰ ਗੜਬੜੀ ਇੱਥੋਂ ਹੀ ਸ਼ੁਰੂ ਹੁੰਦੀ ਹੈ, ਪ੍ਰਾਈਵੇਟ ਸਕੂਲਾਂ ਵਿਚ ਅੰਗਰੇਜ਼ੀ ਮਾਧਿਅਮ ਹੈ। ਉੱਚ-ਪੱਧਰੀ ਦਫਤਰਾਂ ਵਿਚ ਵੀ ਅੰਗਰੇਜ਼ੀ ਵਿਚ ਹੀ ਕਾਰ-ਵਿਹਾਰ ਹੋ ਰਿਹਾ ਹੈ ਪਰ ਇਹ ਐਡਾ ਵੱਡਾ ਖਤਰਾ ਨਹੀਂ ਹੈ।

**ਤਾਂ ਫਿਰ ਖਤਰਾ ਕੀ ਹੈ?**

ਅਸਲ ਖਤਰਾ ਹੈ ਕਿ ਜਦੋਂ ਕਿਸੇ ਭਸ਼ਾਈ ਭਾਈਚਾਰੇ ਦੇ ਲੋਕ ਖੁਦ ਹੀ ਆਪਣੀ ਭਾਸ਼ਾ ਤੋਂ ਮੁਨਕਰ ਹੋ ਜਾਣ, ਉਸ ਪ੍ਰਤੀ ਹੀਣ ਭਾਵਨਾ ਦੇ ਸ਼ਿਕਾਰ ਹੋ ਜਾਣ ਤਾਂ ਉਸ ਭਾਸ਼ਾ ਨੂੰ ਕੋਈ ਨਹੀਂ ਬਚਾ ਸਕਦਾ। ਅੱਜ ਸਥਿਤੀ ਇਹ ਹੈ ਕਿ ਪੰਜਾਬੀ ਭਾਸ਼ਾਈ ਲੋਕ ਹੀ ਆਪਣੀ ਭਾਸ਼ਾ ਤੋਂ ਬੇ-ਮੁੱਖ ਹੋ ਗਏ ਹਨ। ਯੂਨੈਸਕੋ ਦੀ ਰਿਪੋਰਟ ਦਾ ਇਕੋ ਹੀ ਪੈਰਾਮੀਟਰ ਪੰਜਾਬੀ ਭਾਸ਼ਾ 'ਤੇ ਢੁੱਕਦਾ ਹੈ ਕਿ ਇਸ ਦੇ ਆਪਣੇ ਹੀ ਇਸ ਨੂੰ ਵਿਸਾਰ ਰਹੇ ਹਨ। ਨਵੀਂ ਪੀੜ੍ਹੀ ਨਹੀਂ ਜੁੜ ਰਹੀ, ਤੋੜੀ ਜਾ ਰਹੀ ਹੈ। ਇਹ ਪੰਜਾਬੀ ਭਾਸ਼ਾ ਲਈ ਖਤਰੇ ਵਾਲੀ ਗੱਲ ਹੈ। ਇਕ ਤਰ੍ਹਾਂ ਨਾਲ ਵੱਡੀ ਗਿਣਤੀ ਹੁੰਦਿਆਂ, ਆਪਣੀ ਲਿੱਪੀ ਹੁੰਦਿਆਂ, ਆਪਣਾ ਸਾਹਿਤ ਹੁੰਦਿਆਂ, ਕਾਨੂੰਨੀ ਤੌਰ 'ਤੇ ਸਿੱਖਿਆ ਦਾ ਮਾਧਿਅਮ ਹੁੰਦਿਆਂ ਵੀ ਜੇ ਪੰਜਾਬੀ ਭਾਸ਼ਾ ਖਤਮ ਹੁੰਦੀ ਹੈ ਤਾਂ ਇਸ ਦੀ ਨਿਰੋਲ ਜ਼ਿੰਮੇਵਾਰੀ ਪੰਜਾਬੀਆਂ ਸਿਰ ਹੈ, ਜੋ ਹਾਕਮਾਂ ਦੀਆਂ ਚਾਲਾਂ ਨਾ ਸਮਝ ਸਕੇ।

**ਪੰਜਾਬੀ ਭਾਸ਼ਾ ਪ੍ਰਤੀ ਪੰਜਾਬੀਆਂ ਦੇ ਮੋਹ ਭੰਗ ਹੋਣ ਦੇ ਕਾਰਨ ਕੀ ਲਗਦੇ ਹਨ?**

ਅਸਲ ਕਾਰਨ ਤਾਂ ਇਹ ਹੈ ਕਿ ਜਿਸ ਦਾ ਸਿੱਕਾ ਚਲਦਾ ਹੈ ਉਸੇ ਦੀ ਭਾਸ਼ਾ ਚਲਦੀ ਹੈ। ਜੇ ਤੁਰਕੀ ਫਾਰਸੀ ਬੋਲਣ ਵਾਲੇ ਪੰਜਾਬ 'ਤੇ ਰਾਜ ਕਰਦੇ ਸਨ ਤਾਂ ਉਹਨਾਂ ਦੀ ਭਾਸ਼ਾ ਰਾਜ ਭਾਸ਼ਾ ਬਣੀ। ਜੇ ਅੰਗਰੇਜ਼ ਰਾਜ ਕਰਦੇ ਸਨ ਤਾਂ ਅੰਗਰੇਜ਼ਾਂ ਦੀ ਭਾਸ਼ਾ ਰਾਜ ਕਰਦੀ ਸੀ। ਅੱਜ ਜੇ ਅੰਗਰੇਜ਼ੀ ਭਾਸ਼ੀ ਦੇਸ਼ਾਂ ਦੀ ਆਰਥਿਕਤਾ ਮਜ਼ਬੂਤ ਹੈ ਤਾਂ ਅੱਜ ਵੀ ਅੰਗਰੇਜ਼ੀ ਦਾ ਰਾਜ ਕਾਇਮ ਹੈ। ਚਾਹੀਦਾ ਤਾਂ ਇਹ ਸੀ ਕਿ ਜਦੋਂ ਦੇਸ਼ ਆਜ਼ਾਦ ਹੋਇਆ ਤਾਂ ਪੰਜਾਬੀ ਸਮੇਤ ਸਾਰੀਆਂ ਸਥਾਨਕ ਭਾਸ਼ਾਵਾਂ ਨੂੰ ਰਾਜ ਗੱਦੀ 'ਤੇ ਬਿਠਾਇਆ ਜਾਂਦਾ, ਇਹ ਲੋਕਹਿੱਤ ਦੀ ਲੋਕਤੰਤਰੀ ਭਾਵਨਾ ਸੀ। ਲੋਕਾਂ ਦੇ ਦਬਾਅ ਕਾਰਨ ਇਸ ਗੱਲ ਨੂੰ ਸਿਧਾਂਤਕ ਤੌਰ 'ਤੇ ਤਾਂ ਮੰਨ ਲਿਆ ਗਿਆ ਪਰ ਵਿਹਾਰ ਵਿਚ ਪੂਰੀ ਤਰ੍ਹਾਂ ਲਾਗੂ ਨਹੀਂ ਕੀਤਾ ਗਿਆ। ਇਸ ਪਿੱਛੇ ਰਾਜ ਕਰ ਰਹੀ ਦਲਾਲ ਅਫਸਰਸ਼ਾਹੀ

ਸ਼੍ਰੇਣੀ ਦੇ ਵੱਡੇ ਹਿੱਤ ਸਨ। ਉਹ ਅੰਗਰੇਜ਼ੀ ਭਾਸ਼ਾ ਨੂੰ ਆਪਣੇ ਹਥਿਆਰ ਵਜੋਂ ਵਰਤ ਰਹੇ ਸਨ। ਲੰਮਾਂ ਸਮਾਂ ਉਚੇਰੀਆਂ ਨੌਕਰੀਆਂ IAS,PCS ਅਤੇ ਹੋਰ ਮੁਕਾਬਲੇ ਦੀਆਂ ਪਰੀਖਿਆਵਾਂ ਦਾ ਮਾਧਿਅਮ ਅੰਗਰੇਜ਼ੀ ਹੀ ਰੱਖਿਆ ਗਿਆ ਅਤੇ ਇਉਂ ਅੰਗਰੇਜ਼ੀ ਪ੍ਰਭੂਸੱਤਾ ਨੂੰ ਨਾ ਕੇਵਲ ਦ੍ਰਿੜਾਇਆ ਗਿਆ ਸਗੋਂ ਲੋਕਾਂ ਉੱਤੇ ਜ਼ਬਰਦਸਤੀ ਆਰੋਪਤ ਵੀ ਕੀਤਾ ਗਿਆ। ਆਮ ਵਿਅਕਤੀ ਰੁਜ਼ਗਾਰ ਖਾਤਰ ਸਿੱਖਿਆ ਗ੍ਰਹਿਣ ਕਰਦਾ ਹੈ। ਜਿਹੜੀ ਭਾਸ਼ਾ ਰੁਜ਼ਗਾਰ ਨਹੀਂ ਦੇ ਸਕਦੀ, ਨਿਸਚੇ ਹੀ ਉਸ ਤੋਂ ਲੋਕਾਂ ਦਾ ਮੋਹ ਭੰਗ ਹੋ ਜਾਵੇਗਾ।

**ਤੁਹਾਡੀਆਂ ਗੱਲਾਂ ਤੋਂ ਲਗਦਾ ਹੈ ਪੰਜਾਬੀ ਭਾਸ਼ਾ ਵਿਚ ਸਿੱਖਿਆ ਨਾ ਦੇਣੀ ਕੋਈ ਚਾਲ ਸੀ?**

ਹਾਂ.... ਬਿਲਕੁੱਲ ਚਾਲ ਸੀ। ਇਕ ਪਾਸੇ ਪੇਂਡੂ, ਗ਼ਰੀਬ ਪੰਜਾਬੀ ਬੋਲਣ ਵਾਲੇ ਲੋਕ ਸਨ। ਦੂਸਰੇ ਪਾਸੇ ਅਮੀਰ ਸ਼ਹਿਰੀ ਲੋਕ ਸਨ ਜਿਹੜੇ ਘਰ ਵਿਚ ਤਾਂ ਪੰਜਾਬੀ ਬੋਲਦੇ ਸਨ ਪਰ ਉਹ ਬੱਚਿਆਂ ਨੂੰ ਅੰਗਰੇਜ਼ੀ ਵਿਚ ਸਿੱਖਿਆ ਦਿਵਾ ਸਕਦੇ ਸਨ। ਅਸਲ ਪੁਆੜਾ ਤਾਂ ਇਕਸਾਰ ਮਾਤ ਭਾਸ਼ਾ ਵਿਚ ਸਿੱਖਿਆ ਦੇਣ ਦੀ ਥਾਂ ਇਸ ਦੇ ਬਰਾਬਰ ਪ੍ਰਾਈਵੇਟ/ ਅੰਗਰੇਜ਼ੀ ਮਾਧਿਅਮ ਸਕੂਲਾਂ ਨੂੰ ਮਾਨਤਾ ਦੇਣ ਨਾਲ ਹੀ ਸ਼ੁਰੂ ਹੋਇਆ ਹੈ। ਇਕ ਆਮ ਪੇਂਡੂ ਪੰਜਾਬੀ ਬੱਚਾ ਪੰਜਾਬੀ ਸਮਝਣ, ਬੋਲਣ ਦਾ ਹੁਨਰ ਘਰੋਂ ਸਿੱਖ ਆਉਂਦਾ ਹੈ। ਸਿਰਫ ਸਕੂਲ ਵਿਚ ਪੜ੍ਹਨਾ ਲਿਖਣਾ ਹੀ ਸਿੱਖਣਾ ਹੁੰਦਾ ਹੈ, ਜਦੋਂ ਕਿ ਅੰਗਰੇਜ਼ੀ ਸਕੂਲ ਵਿਚ ਬੱਚੇ ਨੂੰ ਅੰਗਰੇਜ਼ੀ ਸਮਝਣੀ, ਬੋਲਣੀ, ਲਿਖਣੀ, ਪੜ੍ਹਨੀ ਸਿੱਖਣੀ ਪੈਂਦੀ ਹੈ। ਇਹਨਾਂ ਪ੍ਰਾਈਵੇਟ ਸਕੂਲਾਂ ਅਨੁਸਾਰ ਹੀ ਮੁਕਾਬਲੇ ਦੀਆਂ ਪਰੀਖਿਆਵਾਂ ਦੇ ਪ੍ਰਸ਼ਨ ਪੱਤਰ ਬਣਾਏ ਜਾਂਦੇ ਹਨ। ਇੰਝ ਇਕ ਚਾਲ ਦੇ ਅਧੀਨ ਅੰਗਰੇਜ਼ੀ ਭਾਸ਼ਾ ਦੀ ਪ੍ਰਭੂਸੱਤਾ ਕਾਇਮ ਕੀਤੀ ਗਈ। ਇਹ ਪ੍ਰਭੂਸੱਤਾ ਕਾਇਮ ਕਰਨ ਪਿੱਛੇ ਉਚ ਵਰਗ ਵਿਚ ਰਲਣ ਦੀ ਚਾਹਵਾਨ ਦਲਾਲ ਕਿਸਮ ਦੀ ਮੱਧ-ਸ਼੍ਰੇਣੀ ਦੇ ਹਿੱਤ ਸਨ। ਉਹ ਆਪਣੇ ਬੱਚਿਆਂ ਨੂੰ ਅੰਗਰੇਜ਼ੀ ਢੰਗ ਦੀ ਸਿੱਖਿਆ ਦਿਵਾਕੇ ਪੇਂਡੂ ਪੰਜਾਬੀ ਪੜ੍ਹੇ ਵਿਦਿਆਰਥੀ ਨੂੰ ਮੁਕਾਬਲੇ ਵਿਚੋਂ ਕੱਢਣਾ ਚਾਹੁੰਦੀ ਸੀ ਅਤੇ ਉਹ ਇਸ ਵਿਚ ਸਫਲ ਹੋਈ।

**ਇਸ ਦਾ ਮਤਲਬ ਸਰਕਾਰੀ ਸਕੂਲਾਂ ਵਿਚ ਪੜ੍ਹਾਈ ਠੀਕ ਨਹੀਂ ਹੁੰਦੀ?**

ਜਿਵੇਂ ਆਪਾਂ ਪਹਿਲਾਂ ਗੱਲ ਕਰ ਚੁੱਕੇ ਹਾਂ ਕਿ ਇਹ ਇਕ ਚਾਲ ਅਧੀਨ ਸਰਕਾਰੀ ਸਕੂਲਾਂ ਦੇ ਮੁਕਾਬਲੇ ਪ੍ਰਾਈਵੇਟ ਸਕੂਲ ਖੜ੍ਹੇ ਕੀਤੇ ਗਏ ਹਨ। ਹਰਗੋਬਿੰਦ ਖੁਰਾਣਾ ਤੋਂ ਲੈ ਕੇ ਅਬਦੁਲ ਕਲਾਮ ਤਕ ਅਤੇ ਯਸ਼ਪਾਲ ਤੋਂ ਲੈ ਕੇ ਮਨਮੋਹਨ ਸਿੰਘ ਤਕ ਆਮ ਸਕੂਲਾਂ ਵਿਚ ਹੀ ਪੜ੍ਹੇ ਸਨ। ਇਹ ਬੇੜਾ ਗਰਕ ਤਾਂ ਸਰਕਾਰ ਦੀ ਦੂਹਰੀ ਦੋਗਲੀ ਨੀਤੀ ਨੇ ਕੀਤਾ ਹੈ।

**ਪੁਰਾਣੇ ਜ਼ਮਾਨੇ ਦੀਆਂ ਗੱਲਾਂ ਹੋਣਗੀਆਂ, ਅੱਜ ਸਰਕਾਰੀ ਸਕੂਲਾਂ ਦੇ ਨਤੀਜੇ ਮਾੜੇ ਹੀ ਹੁੰਦੇ ਹਨ?**

ਅਸਲ ਵਿਚ ਸਰਕਾਰੀ ਸਕੂਲਾਂ ਵਿਚ ਬਹੁ-ਗਿਣਤੀ ਗ਼ਰੀਬ ਬੱਚਿਆਂ ਦੀ ਹੁੰਦੀ ਹੈ। ਪ੍ਰਾਈਵੇਟ ਸਕੂਲਾਂ ਵਿਚ ਅਮੀਰ ਬੱਚੇ ਪੜ੍ਹਦੇ ਹਨ। ਇਸ ਕਰਕੇ ਨਤੀਜਿਆਂ ਵਿਚ ਫਰਕ ਹੁੰਦੇ ਹਨ।

**ਤੁਹਾਨੂੰ ਕੀ ਲਗਦਾ ਗ਼ਰੀਬ ਜਵਾਕ ਨਾਲਾਇਕ ਹੁੰਦੇ ਹਨ?**

ਮੈਂ ਬਿਲਕੁਲ ਇਹ ਨਹੀਂ ਕਿਹਾ। ਸਭ ਤੋਂ ਪਹਿਲੀ ਗੱਲ ਸਰਕਾਰੀ ਸਕੂਲਾਂ ਵਿਚ ਹਰ ਕਿਸਮ ਦੀਆਂ ਸਹੂਲਤਾਂ ਦੀ ਘਾਟ ਹੁੰਦੀ ਹੈ। ਅਧਿਆਪਕ ਪੂਰੇ ਨਹੀਂ ਹੁੰਦੇ। ਅੱਧੇ ਅਧਿਆਪਕਾਂ ਨੂੰ ਹੋਰ ਡਿਊਟੀਆਂ ਉੱਪਰ ਲਾਇਆ ਜਾਂਦਾ ਹੈ। ਬੇਵਜ੍ਹਾ ਛੁੱਟੀਆਂ ਕੀਤੀਆਂ ਜਾਂਦੀਆਂ ਹਨ। ਬੈਠਣ ਲਈ ਯੋਗ ਪ੍ਰਬੰਧ ਨਹੀਂ। ਬੈਂਚ/ਡੈਸਕ ਤਾਂ ਦੂਰ ਦੀ ਗੱਲ, ਬਹੁਤੇ ਸਕੂਲਾਂ ਵਿਚ ਟਾਟ ਵੀ ਨਹੀਂ। A C/ ਕੂਲਰ ਤਾਂ ਦੂਰ ਦੀ ਗੱਲ, ਪੱਖੇ ਵੀ ਨਹੀਂ। ਦੂਜੇ ਪਾਸੇ ਪ੍ਰਾਈਵੇਟ ਸਕੂਲਾਂ ਵਿਚ ਅਧਿਆਪਕ ਭਾਵੇਂ



ਘੱਟ ਯੋਗਤਾ ਵਾਲੇ ਹੋਣ ਪਰ ਹਰ ਕਲਾਸ ਵਿਚ ਹਰ ਰੋਜ਼ ਅਧਿਆਪਕ ਹਾਜ਼ਰ ਹੁੰਦੇ ਹਨ। ਵਾਤਾਵਰਨ ਅਨੁਕੂਲ ਕਮਰੇ ਹੁੰਦੇ ਹਨ ਅਤੇ ਨਵੀਆਂ ਨਵੀਆਂ ਟੀਚਿੰਗ ਏਡਜ਼ ਹੁੰਦੀਆਂ ਹਨ। ਇਕ ਪਾਸੇ ਬਲੈਕ ਬੋਰਡ ਚਾਕ ਨਹੀਂ, ਦੂਜੇ ਪਾਸੇ ਕੰਪਿਊਟਰਾਈਜ਼ਡ ਡਿਜੀਟਲ ਸਮਾਰਟ ਕਲਾਸ ਰੂਮ ਹਨ। ਸਭ ਤੋਂ ਵੱਡੀ ਗੱਲ ਅਮੀਰ ਮਾਪਿਆ ਦਾ ਸਾਰਾ ਧਿਆਨ ਅਤੇ ਧਨ ਸ਼ਕਤੀ ਗਿਆਨ ਖਰੀਦਣ 'ਤੇ ਲੱਗੀ ਹੁੰਦੀ ਹੈ। ਸਕੂਲ ਤੋਂ ਬਆਦ ਪੜ੍ਹਨ ਲਈ ਵੱਖਰਾ ਕਮਰਾ ਦਿੱਤਾ ਜਾਂਦਾ ਹੈ। ਟਿਊਸ਼ਨਾਂ ਰਖਾਈਆਂ ਜਾਂਦੀਆਂ ਹਨ। ਨਿੱਜੀ ਕੋਚਿੰਗ ਦਿੱਤੀ ਜਾਂਦੀ ਹੈ। ਗੱਲ ਕੀ ਪੜ੍ਹਨ ਤੋਂ ਇਲਾਵਾ ਵਿਦਿਆਰਥੀ ਨੂੰ ਹੋਰ ਕੋਈ ਕੰਮ ਨਹੀਂ ਹੁੰਦਾ। ਦੂਜੇ ਪਾਸੇ ਜਿਹੜੇ ਮਾਪੇ ਗ਼ਰੀਬ ਹੁੰਦੇ ਹਨ ਉਹਨਾਂ ਦੇ ਘਰ ਵਿਚ ਪੜ੍ਹਨ ਦਾ ਕੋਈ ਮਾਹੌਲ ਹੀ ਨਹੀਂ ਹੁੰਦਾ। ਬਹੁਤੀ ਵਾਰ ਬੱਚਿਆਂ ਨੂੰ ਘਰ ਦੇ ਕੰਮਾਂ ਵਿਚ ਮਦਦ ਕਰਨੀ ਪੈਂਦੀ ਹੈ। ਕਿਸੇ ਨੂੰ ਪੱਠੇ ਪਾਉਣੇ ਪੈਂਦੇ ਹਨ ਤੇ ਕਿਸੇ ਨੇ ਬਾਪ ਦੀ ਖੇਤ ਰੋਟੀ ਦੇ ਕੇ ਆਉਣੀ ਹੈ। ਸੋ ਸਰਕਾਰੀ ਸਕੂਲਾਂ ਦੇ ਗ਼ਰੀਬ ਵਿਦਿਆਰਥੀ ਨਾਲਾਇਕ ਨਹੀਂ ਹੁੰਦੇ ਸਗੋਂ ਉਹਨਾਂ ਦੇ ਹਲਾਤ ਹੀ ਅਜਿਹੇ ਹੁੰਦੇ ਹਨ ਕਿ ਉਹ ਚਾਹ ਕੇ ਵੀ ਪੜ੍ਹ ਨਹੀਂ ਸਕਦੇ।

**ਸੋਸ਼ਲ ਮੀਡੀਏ 'ਤੇ ਹਰ ਸਾਲ ਖਬਰਾਂ ਆਉਂਦੀਆਂ ਹਨ ਕਿ ਰਿਕਸ਼ਾ ਚਾਲਕ ਦਾ ਬੱਚਾ ਜਾਂ ਝੁੱਗੀ ਵਾਲੇ ਦਾ ਬੱਚਾ IAS ਜਾਂ ਨੀਟ ਦਾ ਪੇਪਰ ਪਾਸ ਕਰ ਗਿਆ। ਅਜਿਹੇ ਵਿਦਿਆਰਥੀ ਵੀ ਤਾਂ ਮਾੜੇ ਹਾਲਾਤ ਵਿਚ ਪੜ੍ਹੇ ਹੀ ਹਨ?**

ਅਜਿਹੇ ਬੱਚੇ ਲੱਖਾਂ ਵਿਚੋਂ ਇਕ ਹੁੰਦੇ ਹਨ। ਸਿੱਖਿਆ ਮਨੋਵਿਗਿਆਨ ਅਨੁਸਾਰ ਕੁਝ ਬੱਚੇ ਔਸਤ ਤੋਂ ਵੱਧ ਬੁੱਧੀਫਲ ਵਾਲੇ ਹੁੰਦੇ ਹਨ। ਉਹਨਾਂ ਨੂੰ ਮੇਧਾਵੀ ਜਾਂ ਜੀਨੀਅਸ ਕਿਹਾ ਜਾਂਦਾ ਹੈ ਅਤੇ ਇੰਝ ਹੀ ਕੁਝ ਵਿਦਿਆਰਥੀ ਵਿਪਰੀਤ ਹਾਲਤਾਂ ਵਿਚ ਗੁਰਬਤ ਦੀ ਸੱਟ ਖਾਕੇ ਲਗਨ ਨਾਲ ਮਿਹਨਤ ਕਰਨ ਦੇ ਰਾਹ ਪੈ ਜਾਂਦੇ ਹਨ। ਪਰ ਅਜਿਹੇ ਬੱਚਿਆਂ ਦੀ ਗਿਣਤੀ ਵਿਰਲੀ ਹੀ ਹੁੰਦੀ ਹੈ। ਬਹੁ ਗਿਣਤੀ ਬੱਚੇ ਔਸਤ ਬੁੱਧੀ ਦੇ ਹੁੰਦੇ ਹਨ ਜੋ ਮਾੜੇ ਹਾਲਾਤ ਕਾਰਨ ਰੁਲ ਜਾਂਦੇ ਹਨ। ਪਰ ਇਸ ਦੇ ਮੁਕਾਬਲੇ ਔਸਤ ਬੁੱਧੀ ਦੇ ਬੱਚੇ ਅਮੀਰ ਘਰ ਵਿਚ ਪੈਦਾ ਹੋਣ ਕਰਕੇ ਆਪਣੇ ਮਾਪਿਆਂ ਦੇ ਧਨ-ਦੌਲਤ ਦੀ ਬਦੌਲਤ ਉੱਚੇ ਰੁਤਬੇ ਪਾ ਜਾਂਦੇ ਹਨ। ਕੁਦਰਤੀ ਨਿਆਂ ਤਾਂ ਇਹ ਕਹਿੰਦਾ ਹੈ ਕਿ ਸਭ ਨੂੰ ਬਰਾਬਰ ਮੌਕੇ ਦਿੱਤੇ ਜਾਣ। ਜਿਹੜਾ ਬੱਚਾ ਕੁਦਰਤ ਵੱਲੋਂ ਵਰੋਸਾਇਆ ਹੈ ਜਾਂ ਹੱਦੋਂ ਵੱਧ ਮਿਹਨਤੀ ਹੈ, ਜੇ ਉਹ ਅੱਗੇ ਲੰਘ ਜਾਵੇ ਤਾਂ ਅੱਗੇ ਲੰਘਣਾ ਉਸ ਦਾ ਹੱਕ ਹੈ।ਪਰ ਜਦੋਂ ਵਿਦਿਆਰਥੀ ਆਪਣੀ ਮਿਹਨਤ ਨਾਲ ਨਹੀਂ ਸਗੋਂ ਆਪਣੇ ਮਾਪਿਆਂ ਦੇ ਪੈਸੇ ਨਾਲ ਅੱਗੇ ਲੰਘਦਾ ਹੈ ਤਾਂ ਇਹ ਅਨਿਆਂ ਹੈ।

**ਗੱਲ ਹੋਰ ਪਾਸੇ ਚਲੀ ਗਈ? ਇਸ ਦਾ ਭਾਸ਼ਾ ਨਾਲ ਕੀ ਸੰਬੰਧ ਬਣਿਆ?**

ਗੱਲ ਵੇਖਣ ਨੂੰ ਸਿੱਧੀ ਲਗਦੀ ਹੈ ਪਰ ਅਸਲ ਵਿਚ ਬਹੁਤ ਗੁੰਝਲਦਾਰ ਹੈ। ਸਾਧਨ ਸੰਪੰਨ ਮਾਪੇ ਹੀ ਅਪਣੇ ਬੱਚੇ ਨੂੰ ਵਿਦੇਸ਼ੀ ਭਾਸ਼ਾ ਵਿਚ ਪਰਵੀਨ ਕਰ ਸਕਦੇ ਹਨ। ਸਿੱਖਣ ਲਈ ਸਮਾਂ ਅਤੇ ਧਨ ਉਹੀ ਜੁਟਾ ਸਕਦੇ ਹਨ। ਗ਼ਰੀਬ ਮਾਂ ਬਾਪ ਪੈਸਾ ਅਤੇ ਸਮਾਂ ਨਹੀਂ ਜੁਟਾ ਸਕਦੇ। ਗ਼ਰੀਬ ਵਿਦਿਆਰਥੀਆਂ ਨੂੰ ਮੁਕਾਬਲੇ ਵਿਚੋਂ ਕੱਢਣ ਲਈ ਇਹ ਭਾਸ਼ਾ ਦੀ ਖੇਡ ਖੇਡੀ ਗਈ ਹੈ। ਆਪਣੀ ਭਾਸ਼ਾ ਵਿਚ ਕੇਵਲ ਭਾਸ਼ਾ ਹੀ ਨਹੀਂ, ਸਾਰਾ ਗਿਆਨ, ਸਾਰੇ ਹੀ ਅਨੁਸ਼ਾਸਨ ਇਤਿਹਾਸ, ਭੂਗੋਲ, ਵਿਗਿਆਨ ਬੜੀ ਸੌਖੀ ਤਰ੍ਹਾਂ ਸਮਝ ਆ ਸਕਦੇ ਹਨ। ਪਰ ਇਉਂ ਗਿਆਨ ਸਭ ਦੇ ਸਮਝ ਆ ਜਾਵੇਗਾ ਅਤੇ ਗਿਆਨ 'ਤੇ ਇਜ਼ਾਰੇਦਾਰੀ ਟੁੱਟ ਜਾਵੇਗੀ। ਇਸ ਲਈ ਭਾਸ਼ਾ ਵਾਲੀ ਖੇਡ ਖੇਡੀ ਗਈ ਸੀ। ਵੱਡੇ ਜਾਗੀਰਦਾਰਾਂ ਅਤੇ ਸਰਮਾਏਦਾਰਾਂ ਦੇ ਬੱਚੇ ਦੂਨ ਅਤੇ ਸਨਾਵਰਾਂ ਵਿਚ ਪੜ੍ਹਦੇ ਸਨ, ਬਿਊਰੋਕਰੇਟਾਂ, ਅਫਸਰਸ਼ਾਹੀ ਤੇ ਸਿਆਸੀ ਨੇਤਾਵਾਂ ਦੇ ਬੱਚੇ ਜਿਹੜੇ ਵੱਡੇ ਸ਼ਹਿਰਾਂ ਵਿਚ ਅੰਗਰੇਜ਼ੀ ਮਾਧਿਅਮ ਕਾਨਵੈਂਟ ਸਕੂਲਾਂ ਵਿਚ ਪੜ੍ਹਦੇ ਸਨ, ਉਹਨਾਂ ਦੀ ਰੀਸੋ ਰੀਸ ਛੋਟੇ ਦੁਕਾਨਦਾਰਾਂ ਅਤੇ ਸਰਕਾਰੀ ਬਾਬੂਆਂ ਨੇ ਵੀ ਆਪਣੇ ਬੱਚੇ ਅੰਗਰੇਜ਼ੀ ਸਕੂਲਾਂ ਵਿਚ ਪਾ ਦਿਤੇ। ਇੰਝ ਇਹ ਵੱਖਰੀ

ਜਮਾਤ ਬਣ ਗਈ ਤੇ ਵੱਖਰੇ ਹਿੱਤ ਬਣ ਗਏ। ਇਹ ਧਿਰ ਵੈਸੇ ਵੀ ਰਾਜ ਭਾਗ 'ਤੇ ਕਾਬਜ ਸੀ ਪਰ ਇਸ ਨੇ ਅੰਗਰੇਜ਼ੀ ਨੂੰ ਰਾਜ ਕਰਨ ਲਈ ਇਕ ਸੰਦ ਬਣਾ ਲਿਆ।

**ਤੁਹਾਡੀਆਂ ਗੱਲਾਂ ਤੋਂ ਲਗਦਾ ਹੈ ਸਰਕਾਰੀ ਸਕੂਲਾਂ ਤੋਂ ਪੰਜਾਬੀ ਭਾਸ਼ਾ ਵਿਚ ਪੜ੍ਹ ਕੇ ਕਾਮਯਾਬ ਨਹੀਂ ਹੋਇਆ ਜਾ ਸਕਦਾ?**

ਹਾਂ ਲਗਪਗ ਅਸਲੀਅਤ ਵਿਚ ਇਹੋ ਵਾਪਰ ਰਿਹਾ ਹੈ। ਇਹ ਦਿਸਦਾ ਸੱਚ ਹੈ। ਅੱਜ ਪੰਜਾਬ ਵਿਚ ਉੱਚ ਪੱਧਰੀ ਰੁਜ਼ਗਾਰ ਅੰਗਰੇਜ਼ੀ ਭਾਸ਼ਾਈ ਲੋਕਾਂ ਨੂੰ ਹੀ ਮਿਲ ਰਿਹਾ ਹੈ ਪਰ ਇਸਦਾ ਕਾਰਨ ਨਿਰੋਲ ਭਾਸ਼ਾ ਨਹੀਂ ਸਗੋਂ ਉਸ ਅੰਗਰੇਜ਼ੀ ਭਾਸ਼ਾ ਦੀ ਪੁਸ਼ਤ-ਪਨਾਹੀ ਕਰਨ ਵਾਲਾ ਵਰਗ ਹੈ। ਉਹ ਵਰਗ ਲਗਾਤਾਰ ਪੰਜਾਬੀ ਭਾਸ਼ਾ ਦੇ ਜੜੀਂ ਤੇਲ ਦੇ ਰਿਹਾ ਹੈ ਅਤੇ ਉਹ ਆਪਣੇ ਲਾਡਲਿਆਂ ਦੀ ਸੱਤਾ ਅੰਗਰੇਜ਼ੀ ਰਾਹੀਂ ਕਾਇਮ ਕਰਨਾ ਚਾਹੁੰਦਾ ਹੈ। ਇਸ ਖਿਲਾਫ ਜਿਸ ਤਰ੍ਹਾਂ ਦੀ ਲੜਾਈ ਪੰਜਾਬੀ ਭਾਸ਼ਾਈ ਲੋਕਾਂ ਨੂੰ ਸਮੂਹਕ ਪੱਧਰ 'ਤੇ ਲੜਨੀ ਚਾਹੀਦੀ ਸੀ, ਉਸ ਦੇ ਉਲਟ ਉਹ ਵਿਅਕਤੀਗਤ ਪੱਧਰ 'ਤੇ ਆਪੋ ਆਪਣੀ ਔਲਾਦ ਨੂੰ ਅੰਗਰੇਜ਼ੀ ਸਿਖਾ ਕੇ ਮੁਕਾਬਲੇ ਵਿਚ ਉਤਾਰਨਾ ਚਾਹੁੰਦੇ ਹਨ। ਅੱਜ ਇਸ ਭੇਡ ਚਾਲ ਵਿਚ ਸਾਡਾ ਪੰਜਾਬੀ ਸਮਾਜ ਐਨੀ ਬੁਰੀ ਤਰ੍ਹਾਂ ਫਸ ਚੁੱਕਾ ਹੈ ਕਿ ਗ਼ਰੀਬ ਤੋਂ ਗ਼ਰੀਬ ਮਾਪੇ ਵੀ ਆਪਣੇ ਬੱਚਿਆਂ ਨੂੰ ਹੈਸੀਅਤ ਅਨੁਸਾਰ ਮਹਿੰਗੇ ਪਰ ਦੁਕਾਨ-ਨੁਮਾ ਪ੍ਰਾਈਵੇਟ ਅੰਗਰੇਜ਼ੀ ਭਾਸ਼ੀ ਸਕੂਲ ਵਿਚ ਦਾਖਲ ਕਰਾ ਰਿਹਾ ਹੈ। ਲੋਕਾਂ ਦੇ ਇਸ ਰੁਝਾਨ ਨੂੰ ਵੇਖਦਿਆਂ ਸੱਤਾਧਾਰੀ ਧਿਰ ਵਾਲੇ ਲੋਕਾਂ ਵਿਚ ਭੱਲ ਬਣਾਉਣ ਲਈ ਸਰਕਾਰੀ ਸਕੂਲਾਂ ਵਿਚ ਵੀ ਅੰਗਰੇਜ਼ੀ ਪੜਾਉਣ ਅਤੇ ਕਦੇ ਅੰਗਰੇਜ਼ੀ ਮਾਧਿਅਮ ਕਰ ਦੇਣ ਦੇ ਦਾਅਵੇ ਕਰ ਰਹੇ ਹਨ। ਭਵਿੱਖ ਦਰਸ਼ੀ ਬੁਧੀਜੀਵੀ, ਚਿੰਤਕ ਤੇ ਲੇਖਕ ਇਸ ਮਾਰੂ ਫੈਸਲੇ ਦਾ ਜਿੰਨਾ ਮਰਜ਼ੀ ਵਿਰੋਧ ਕਰ ਲੈਣ, ਲੋਕ ਸਰਕਾਰ ਦੇ ਜਾਲ ਵਿਚ ਫਸ ਚੁੱਕੇ ਹਨ। ਉਹਨਾਂ ਨੂੰ ਨਹੀਂ ਪਤਾ ਕਿ ਉਹਨਾਂ ਦੇ ਲਾਡਲੇ ਅਮੀਰਾਂ ਦੇ ਲਾਡਲਿਆਂ ਤੋਂ ਫਿਰ ਵੀ ਪਛੜ ਜਾਣਗੇ। ਕਿਉਂਕਿ ਅੰਗਰੇਜ਼ੀ ਵਿਤਕਰਾ ਕਰਨ ਦਾ ਢੰਗ ਹੈ। ਪਹਿਲਾਂ ਤਾਂ ਘਰੇਲੂ ਅਤੇ ਆਲੇ ਦੁਆਲੇ ਦਾ ਮਾਹੌਲ ਨਾ ਹੋਣ ਕਰਕੇ ਇਹ ਵਿਦਿਆਰਥੀ ਅੰਗਰੇਜ਼ੀ ਵਿਚ ਪ੍ਰਵੀਨ ਨਹੀਂ ਹੋ ਸਕਣਗੇ ਪਰ ਜੇ ਇਹ ਅੰਗਰੇਜ਼ੀ ਵਿਚ ਪ੍ਰਵੀਨ ਹੋ ਵੀ ਗਏ ਤਾਂ ਉਸ ਸਮੇਂ ਉਚੇਰੀ ਰਾਜ ਕਰ ਰਹੀ ਸ਼੍ਰੇਣੀ ਦੇ ਬੰਦਿਆਂ ਨੇ ਮੁਕਾਬਲੇ ਦੀ ਖੇਡ ਦੇ ਨਿਯਮ ਹੀ ਬਦਲ ਦੇਣੇ ਹਨ।

**ਫਿਰ ਪੰਜਾਬੀ ਭਾਸ਼ਾ ਦਾ ਕੀ ਬਣੂ?**

ਪੰਜਾਬੀ ਭਾਸ਼ਾ ਦਾ ਉਹੀ ਕੁਝ ਬਣੂ ਜੋ ਪੰਜਾਬੀ ਲੋਕਾਂ ਦਾ ਬਣੂ। ਪੰਜਾਬੀ ਭਾਸ਼ਾ ਤਾਂ ਹੀ ਬਚੇਗੀ ਜੇ ਪੰਜਾਬੀ ਲੋਕ ਤਕੜੇ ਹੋਣਗੇ, ਜੇ ਇਸ ਦੀ ਆਰਥਿਕਤਾ ਤਕੜੀ ਹੋਵੇਗੀ, ਜੇ ਇਸ ਦੇ ਵਿਚਾਰ ਤਕੜੇ ਹੋਣਗੇ, ਜੇ ਇਸ ਦਾ ਗਿਆਨ ਤਕੜਾ ਹੋਵੇਗਾ।

**ਗੱਲ ਕੁਝ ਸਮਝ ਨਹੀਂ ਆਈ?**

ਅੱਜ ਦੁਨੀਆਂ ਤੇ ਅੰਗਰੇਜ਼ੀ ਦਾ ਬੋਲਬਾਲਾ ਹੈ ਕਿਉਂਕਿ ਉਹ ਗਿਣਤੀ ਪੱਖੋਂ, ਧਰਤੀ ਪੱਖੋਂ, ਅਤੇ ਫੌਜੀ ਤਾਕਤ ਪੱਖੋਂ ਦੁਨੀਆਂ ਦੇ ਵੱਡੇ ਹਿੱਸੇ ਅਮਰੀਕਾ, ਕਨੇਡਾ, ਇੰਗਲੈਂਡ ਅਤੇ ਆਸਟਰੇਲੀਆ ਉੱਤੇ ਸਿੱਧੇ ਤੌਰ 'ਤੇ ਕਾਬਜ਼ ਹਨ ਅਤੇ ਦੁਨੀਆਂ ਦੇ ਬਹੁਤ ਸਾਰੇ ਦੇਸ਼ਾਂ ਉਪਰ ਅੰਗਰੇਜ਼ ਸਾਮਰਾਜ ਨੇ ਲੰਮਾਂ ਸਮਾਂ ਰਾਜ ਕੀਤਾ ਹੈ ਅਤੇ ਉੱਥੇ ਅੰਗਰੇਜ਼ ਆਪਣੇ ਗੁਲਾਮ ਰਹੇ ਦੇਸ਼ਾਂ ਦੇ ਜ਼ਿਹਨ ਉੱਤੇ ਆਪਣੀ ਭਾਸ਼ਾ ਉਕਰ ਆਏ ਹਨ ਜਿਵੇਂ ਪੁਰਾਤਨ ਕਾਲ 'ਚ ਗ਼ੁਲਾਮਾਂ ਦੇ ਪਿੰਡਿਆਂ ਨੂੰ ਦਾਗ ਦਿੱਤਾ ਜਾਂਦਾ ਸੀ। ਇੰਗਲੈਂਡ ਦੇ ਉਦਯੋਗਕ ਇਨਕਲਾਬ ਅਤੇ ਦੂਜੀਆਂ ਧਰਤੀਆਂ ਉਪਰ ਕਾਬਜ਼ ਹੋਣ ਤੋਂ ਪਹਿਲਾਂ ਅੰਗਰੇਜ਼ੀ ਨੂੰ ਗੰਵਾਰਾਂ ਦੀ ਭਾਸ਼ਾ ਸਮਝਿਆ ਜਾਂਦਾ ਸੀ ਅਤੇ ਫਰਾਂਸੀਸੀ ਨੂੰ ਰੌਇਲ ਭਾਸ਼ਾ ਸਮਝਿਆਂ ਜਾਂਦਾ ਸੀ। ਇੱਥੋਂ ਤਕ ਕਿ ਅੰਗਰੇਜ਼ ਕੁੜੀਆਂ ਚੰਗੇ ਘਰਾਂ ਵਿਚ ਵਿਆਹ ਕਰਵਾਉਣ ਲਈ ਫਰਾਂਸੀਸੀ ਸਿੱਖਣ ਲਈ ਫਰਾਂਸ ਆਉਂਦੀਆਂ ਸਨ। ਅੱਜ ਫਰਾਂਸੀਸੀ ਲੋਕ



ਆਪਣੀ ਭਾਸ਼ਾ 'ਤੇ ਕਿੰਨਾ ਮਾਣ ਕਰੀ ਜਾਣ ਅਤੇ ਉਹਨਾਂ ਦੀਆਂ ਬਸਤੀਆਂ ਰਹੇ ਦੇਸ਼ਾਂ ਵਿਚ ਫਰਾਂਸੀਸੀ ਬੋਲੀ ਜਾਂਦੀ ਹੋਵੇ ਪਰ ਉਹ ਗੰਵਾਰ ਅੰਗਰੇਜ਼ੀ ਹੱਥੋਂ ਹਾਰ ਗਈ ਹੈ। ਇਵੇਂ ਹੀ ਰੋਮਨ ਸਾਮਰਾਜ ਸਮੇਂ ਲਾਤੀਨੀ ਅਤੇ ਗਰੀਸ ਦੀ ਚੜ੍ਹਾਈ ਵੇਲੇ ਯੂਨਾਨੀ ਭਾਸ਼ਾ ਉਤਮ ਮੰਨੀ ਜਾਂਦੀਆਂ ਸਨ। ਅੱਜ ਸਾਰੇ ਦੇਸ਼ ਪਰਸਪਰ ਆਰਥਿਕ, ਫੌਜੀ ਅਤੇ ਰਾਜਨੀਤਕ ਤੌਰ 'ਤੇ ਤਨਾਉ ਪੂਰਨ ਸੰਬੰਧਾਂ ਵਿਚ ਬੱਝੇ ਹੋਏ ਹਨ। ਜਿਹੜਾ ਆਰਥਿਕ ਅਤੇ ਫੌਜੀ ਖੇਤਰ ਵਿਚ ਆਪਣੀ ਪ੍ਰਭੂਸੱਤਾ ਕਾਇਮ ਕਰ ਗਿਆ, ਉਸੇ ਦੀ ਹੀ ਭਾਸ਼ਾ ਹੋਵੇਗੀ। ਸੋ ਪੰਜਾਬੀਆਂ ਨੂੰ ਭਾਈ ਤਕੜੇ ਹੋਣਾ ਪਊ। ਅੱਜ ਜਿੰਨੇ ਵੀ ਦੂਸਰਿਆਂ ਸੂਬਿਆ ਤੋਂ ਪੰਜਾਬ ਰੁਜ਼ਗਾਰ ਖਾਤਰ ਪਰਵਾਸੀ ਆਉਂਦੇ ਹਨ ਉਹਨਾਂ ਨਾਲ ਪੰਜਾਬੀ ਲੱਖ ਹਿੰਦੀ ਬੋਲੀ ਜਾਣ, ਉਹ ਨਾ ਕੇਵਲ ਜਲਦੀ ਹੀ ਪੰਜਾਬੀ ਸਿੱਖ ਜਾਂਦੇ ਹਨ ਸਗੋਂ ਉਹਨਾਂ ਦੀ ਦੂਜੀ ਪੀੜ੍ਹੀ ਆਪਣੇ ਮਾਪਿਆਂ ਦੀ ਮਾਤ ਭਾਸ਼ਾ ਨੂੰ ਭੁੱਲ ਕੇ ਪੰਜਾਬੀ ਨੂੰ ਮਾਂ ਬੋਲੀ ਬਣਾ ਲੈਂਦੇ ਹਨ। ਹਰ ਤਾਕਤ ਦਾ ਆਪਣਾ ਜਲੌਅ ਹੁੰਦਾ ਹੈ,ਖਲੀ ਤੇ ਦਾਰਾ ਸਿੰਘ ਨੂੰ ਅੰਗਰੇਜ਼ੀ ਆਵੇ ਨਾ ਆਵੇ ਪਰ ਦੋਨਾਂ ਨੂੰ ਘਸੁੰਨ ਚਲਾਉਣੇ ਆਉਂਦੇ ਹਨ। ਇਹ ਮੀਡੀਆ ਦੀ ਸਿਰਦਰਦੀ ਹੋ ਜਾਂਦੀ ਹੈ ਕਿ ਉਹ ਪੰਜਾਬੀ ਜਾਨਣ ਵਾਲਾ ਦੋਭਾਸ਼ੀਆ ਲੱਭਣ। ਇਹ ਮਹਾਤਮਾ ਬੁੱਧ ਦੇ ਬੋਲ ਸਨ ਜਿੰਨ੍ਹਾਂ ਨੂੰ ਜਾਨਣ ਲਈ ਚੀਨ ਤੇ ਲੰਕਾਂ ਵਾਲਿਆਂ ਨੇ ਪਾਲੀ ਭਾਸ਼ਾ ਸਿੱਖੀ। ਸੋ ਲੋੜ ਹੈ ਪੰਜਾਬੀ ਵੱਡੀ ਸਰੀਰਕ ਤਾਕਤ ਪੈਦਾ ਕਰਨ, ਬੌਧਿਕ ਤੌਰ 'ਤੇ ਅਮੀਰ ਹੋਣ, ਨਵੀਆਂ ਖੋਜਾਂ ਕਰਨ ਅਤੇ ਵੱਡੀ ਆਰਥਿਕ ਸ਼ਕਤੀ ਬਣਨ ਜਾਂ ਹੋਰ ਨਹੀਂ ਤਾਂ ਘੱਟੋ-ਘੱਟ ਆਪਣੇ ਪੈਰਾਂ ਸਿਰ ਖੜ੍ਹੇ ਹੋਣ। ਅੱਜ ਜਦੋਂ ਕੋਈ ਜਾਪਾਨ ਦਾ ਉਤਪਾਦ ਖਰੀਦਦਾ ਹੈ ਤਾਂ ਆਪਣੇ ਆਪ ਹੀ ਜਾਪਾਨੀ ਭਾਸ਼ਾ ਦੇ ਅੱਖਰ ਨਾਲ ਚਲਦੇ ਹਨ। ਜੇ ਵੇਰਕਾ ਦੁੱਧ ਦੀਆਂ ਥੈਲੀਆਂ ਸ਼ਿਮਲੇ ਵਿਕਦੀਆਂ ਹਨ ਤਾਂ ਤੁਹਾਨੂੰ ਆਪਣੇ ਆਪ ਹੀ ਗੁਰਮੁਖੀ ਵਿਚ ਵੇਰਕਾ ਲਿਖਿਆ ਦਿਖਾਈ ਦੇ ਜਾਂਦਾ ਹੈ।

**ਪੰਜਾਬੀ ਭਾਸ਼ਾ ਦੇ ਸੁਧਾਰ ਲਈ ਫੌਰੀ ਕਦਮ ਕੀ ਚੁੱਕੇ ਜਾਣ?**

ਜਿਵੇਂ ਪਹਿਲਾਂ ਗੱਲ ਹੋ ਚੁੱਕੀ ਹੈ ਉਨੀ ਦੇਰ ਪੰਜਾਬੀ ਭਾਸ਼ਾ ਦਾ ਕੁਝ ਨਹੀਂ ਬਣਨਾ ਜਿੰਨੀ ਦੇਰ ਪੰਜਾਬੀ ਲੋਕ ਤਕੜੇ ਨਹੀਂ ਹੁੰਦੇ। ਪੰਜਾਬੀ ਲੋਕ ਉਨੀ ਦੇਰ ਤਕੜੇ ਨਹੀਂ ਹੁੰਦੇ ਜਿੰਨੀ ਦੇਰ ਆਪਣੀ ਭਾਸ਼ਾ, ਸਾਹਿਤ, ਸਭਿਆਚਾਰ ਅਤੇ ਵਿਰਸੇ ਦਾ ਸਤਿਕਾਰ ਨਹੀਂ ਕਰਦੇ। ਜੜ੍ਹ ਤੋਂ ਟੁੱਟ ਕੇ ਰੁੱਖ ਹਰਾ ਨਹੀਂ ਰਹਿੰਦਾ। ਗਮਲੇ ਦੇ ਬੂਟਿਆਂ ਦੀ ਉਮਰ ਲੰਮੀਂ ਨਹੀਂ ਹੁੰਦੀ, ਕੋਈ ਕਿਤੇ ਵੀ ਲਿਜਾ ਸਕਦਾ ਹੈ, ਬੂਟੇ ਦੀ ਆਪਣੀ ਮਰਜ਼ੀ ਨਹੀਂ ਹੁੰਦੀ। ਅੱਜ ਜੇ ਪੰਜਾਬੀ ਤਕੜੀ ਕਰਨੀ ਹੈ ਤਾਂ ਇਹ ਸਰਕਾਰ ਦੀ ਮਰਜ਼ੀ ਬਗ਼ੈਰ ਨਹੀਂ ਹੋ ਸਕਦੀ, ਕਿਉਂਕਿ ਉਤਰ ਆਧੁਨਿਕ ਯੁਗ ਵਿਚ ਜ਼ਿੰਦਗੀ ਦੇ ਹਰ ਪਸਾਰ ਨੂੰ ਹੀ ਸਰਕਾਰ ਕਾਬੂ ਕਰ ਕੇ ਰੱਖਦੀ ਹੈ।ਕੇਵਲ ਸਰੀਰ ਹੀ ਨਹੀਂ ਸਗੋਂ ਜ਼ਿਹਨ, ਭਾਸ਼ਾ, ਸੋਚ ਉਪਰ ਵੀ ਅਦਿੱਖ ਸਾਧਨਾਂ ਰਾਹੀਂ ਨਿਯੰਤਰਨ ਕੀਤਾ ਜਾਂਦਾ ਹੈ। ਸਰਕਾਰਾਂ ਉਹੀ ਕੁਝ ਕਰਦੀਆ ਹਨ ਜਿਸ ਵਿਚ ਉਹਨਾਂ ਦਾ ਹਿੱਤ ਹੋਵੇ, ਉਹਨਾਂ ਨੂੰ ਚਲਾਉਣ ਵਾਲੇ ਪੂੰਜੀਪਤੀ ਕਾਰਪੋਰੇਟੀ ਜਗਤ ਦੇ ਹਿੱਤ ਹੋਣ। ਅੱਜ ਪੰਜਾਬ ਵਿਚ ਕਾਰਪੋਰੇਟੀ ਜਗਤ ਦੇ ਹਿੱਤ ਅੰਗਰੇਜ਼ੀ ਭਾਸ਼ਾ ਨਾਲ ਜੁੜੇ ਹੋਏ ਹਨ। ਸੰਸਾਰ ਵਪਾਰ ਮੰਡੀ ਨਾਲ ਆਦਾਨ ਪਰਦਾਨ ਕਰਨ ਲਈ ਅਤੇ ਪੰਜਾਬੀ ਭਾਸ਼ੀ ਆਮ ਲੋਕਾਈ ਉਪਰ ਬੌਧਿਕ ਧੌਂਸ ਜਮਾਉਣ ਲਈ ਅੰਗਰੇਜ਼ੀ ਹੀ ਇਕ ਸਾਧਨ ਹੈ। ਇਸ ਜਕੜਬੰਦ ਨੂੰ ਤੋੜਨ ਦਾ ਇਕੋ ਇਕ ਤਰੀਕਾ ਪੰਜਾਬੀ ਲੋਕਾਂ ਦੀ ਚੇਤਨਾ ਦਾ ਪੱਧਰ ਉਪਰ ਚੁੱਕਣਾ ਹੈ। ਇਹ ਕੇਵਲ ਪਰਚਾਰ ਨਾਲ ਸੰਭਵ ਨਹੀਂ, ਅਮਲੀ ਸੰਘਰਸ਼ ਨਾਲ ਜੁੜਿਆ ਹੋਇਆ ਹੈ। ਸਰਕਾਰ ਨੂੰ ਮਜਬੂਰ ਕਰਨਾ ਚਾਹੀਦਾ ਹੈ ਕਿ ਉਹ ਦੂਹਰੀ ਦੋਗਲੀ ਸਿੱਖਿਆ ਪ੍ਰਣਾਲੀ ਬੰਦ ਕਰੇ, ਸਰਕਾਰ ਦਾ ਸਾਰਾ ਕੰਮ ਕਾਜ ਪੰਜਾਬੀ ਭਾਸ਼ਾ ਵਿਚ ਹੋਵੇ। ਅਦਾਲਤਾਂ ਦੀ ਭਾਸ਼ਾ ਪੰਜਾਬੀ ਕਰਨ ਦੀ ਜ਼ਰੂਰਤ ਹੈ।000

***(3051, ਫੇਜ਼ 2, ਅਰਬਨ ਐਸਟੇਟ, ਪਟਿਆਲਾ)***

## ਪੁਸਤਕ ਰੀਵਿਊ

### ਸੂਰਜ ਦੀ ਅੱਖ (ਨਾਵਲ) ਬਲਦੇਵ ਸਿੰਘ

ਪੂੰਜੀਵਾਦ ਦੀ ਚੜ੍ਹਤ ਦੇ ਇਸ ਦੌਰ ਵਿਚ ਮਨੁੱਖ ਸਮਾਜਕ, ਧਾਰਮਿਕ, ਸਭਿਆਚਾਰਕ, ਰਾਜਨੀਤਕ ਅਤੇ ਨੈਤਿਕ ਪੱਖਾਂ ਤੋਂ ਦਿਨ-ਬ-ਦਿਨ ਗਿਰਾਵਟ ਦਾ ਸ਼ਿਕਾਰ ਹੋ ਰਿਹਾ ਹੈ। ਅਜਿਹਾ ਸਭ ਕੁਝ ਇਕ ਦਿਨ ਵਿਚ ਨਹੀਂ ਵਾਪਰਿਆ। ਇਹ ਵਿਕਾਸ ਦੀ ਲੰਮੀ ਪ੍ਰਕਿਰਿਆ ਦੌਰਾਨ ਹੌਲੀ-ਹੌਲੀ ਧੁਖਦਾ ਰਿਹਾ ਤੇ ਹੁਣ ਇਸਦਾ ਧੂੰਆਂ ਹਰ ਘਰ ਵਿਚੋਂ ਨਿਕਲਦਾ ਵੇਖਿਆ ਜਾ ਸਕਦਾ ਹੈ। ਅਜਿਹੇ ਦੌਰ ਤੋਂ ਨਿਰਾਸ ਹੋਇਆ ਮਨੁੱਖ ਲਾਜ਼ਮੀ ਤੌਰ 'ਤੇ ਭੂਤਕਾਲ ਵੱਲ ਦੌੜਦਾ ਹੈ। ਉਹ ਇਤਿਹਾਸ ਵਿਚੋਂ ਗੁੰਮ ਗਵਾਚ ਚੁੱਕੇ ਜਾਂ ਧੁੰਦਲੇ ਪੈ ਗਏ ਨਾਇਕਾਂ ਨੂੰ ਲੱਭ ਕੇ ਉਹਨਾਂ ਦੀ ਪੁਨਰ ਸਿਰਜਣਾ ਕਰਦਾ ਹੈ। ਉਹਨਾਂ ਨੂੰ ਇਤਿਹਾਸਕ, ਸਮਾਜਕ ਤੇ ਰਾਜਨੀਤਕ ਪੱਖ ਤੋਂ ਨਵਿਆਉਂਦਾ ਅਤੇ ਮੌਜੂਦਾ ਹਾਲਤਾਂ ਨਾਲ ਤੁਲਨਾਉਂਦਾ ਹੈ। ਇਸ ਨਵਿਆਉਣ ਤੇ ਤੁਲਨਾਉਣ ਵਿਚ ਕਿਤੇ ਕਿਤੇ ਅਜਿਹੇ ਖੱਪੇ ਵੀ ਰਹਿ ਜਾਂਦੇ ਹਨ ਜਿਹੜੇ ਇਤਿਹਾਸ ਵਿਚ ਦੱਬੇ ਪਏ ਹੁੰਦੇ ਹਨ। ਜਦੋਂ ਉਹ ਨਵੇਂ ਰੂਪ ਵਿਚ ਸਾਹਮਣੇ ਆਉਂਦੇ ਹਨ ਤਾਂ ਸਮਾਜ ਵਿਚ ਹਲਚਲ ਹੋਣ ਲੱਗਦੀ ਹੈ। ਉਹ ਖੱਪੇ ਜਿਸ ਵਰਗ ਨਾਲ ਸੰਬੰਧਤ ਹੁੰਦੇ ਹਨ, ਉਸ ਵਰਗ ਦੇ ਝੰਡਾ ਬਰਦਾਰ ਉਹਨਾਂ ਨੂੰ ਆਪਣੀ ਦ੍ਰਿਸ਼ਟੀ ਅਨੁਸਾਰ ਸਮਝਣ ਦੀ ਥਾਂ ਸਿੱਧਾ ਵਿਰੋਧ ਕਰਦੇ ਹਨ। ਪਿਛਲੇ ਕੁਝ ਸਮੇਂ ਤੋਂ ਸਾਹਿਤਕ ਹਲਕਿਆਂ, ਸਮਾਜਕ ਜਥੇਬੰਦੀਆਂ, ਸਭਿਆਚਾਰਕ ਸੰਸਥਾਵਾਂ ਅਤੇ ਰਾਜਨੀਤਕ ਗਲਿਆਰਿਆਂ ਵਿਚ ਅਜਿਹਾ ਹੀ ਦੇਖਣ ਨੂੰ ਮਿਲ ਰਿਹਾ ਹੈ। ਵਿਚਾਰਾਂ ਦੀ ਆਜ਼ਾਦੀ ਨੂੰ ਖਤਮ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਇਹ ਰੁਝਾਨ ਧਮਕੀਆਂ ਤੋਂ ਅੱਗੇ ਵਧ ਕੇ ਕਤਲਾਂ ਤਕ ਪਹੁੰਚ ਗਿਆ ਹੈ। ਚਾਹੇ ਕਿਸੇ ਸਾਹਿਤਕਾਰ ਦਾ ਕਤਲ ਹੋਵੇ, ਜਾਂ ਕਿਸੇ ਪੱਤਰਕਾਰ ਦਾ ਕਤਲ, ਚਾਹੇ ਕਿਸੇ ਸਾਧਾਰਨ ਮਨੁੱਖ ਨੂੰ ਧਾਰਮਿਕ ਭਾਵਨਾਵਾਂ ਭੜਕਾਉਣ ਦੇ ਬਦਲੇ ਮਾਰ ਦਿੱਤਾ ਜਾਵੇ। ਇਹ ਸਭ ਪਿੱਛੇ ਇਕ ਭਾਰੂ ਵਿਚਾਰਧਾਰਾ ਕੰਮ ਕਰ ਰਹੀ ਹੈ। ਪਿਛਲੇ ਸਾਲ ਅਜਿਹੇ ਵਰਤਾਰਿਆਂ ਵਿਚ ਪੰਜਾਬੀ ਦੇ ਨਾਵਲਕਾਰ ਬਲਦੇਵ ਸਿੰਘ ਨਾਲ ਵੀ ਅਜਿਹਾ ਹੀ ਵਾਪਰਿਆ। ਉਸਨੂੰ ਉਸਦੇ ਇਤਿਹਾਸਕ ਨਾਵਲ 'ਸੂਰਜ ਦੀ ਅੱਖ' ਕਾਰਨ ਬਹੁਤ ਵੱਡੇ ਪੱਧਰ 'ਤੇ ਵਿਰੋਧ ਦਾ ਸਾਹਮਣਾ ਕਰਨਾ ਪਿਆ। ਅਨੇਕਾਂ ਬੁੱਧੀਜੀਵੀਆਂ ਵੱਲੋਂ ਵਿਰੋਧ ਕਰਨ ਵਾਲੀ ਧਿਰ ਨੂੰ ਵਾਰ-ਵਾਰ ਸੰਵਾਦ ਰਚਾਉਣ ਲਈ ਬੇਨਤੀ ਕੀਤੀ ਜਾਂਦੀ ਰਹੀ ਪਰ ਸੰਵਾਦ ਨਹੀਂ ਰਚਾਇਆ ਜਾ ਸਕਿਆ।

ਵਿਰੋਧ ਕਰਨ ਵਾਲੇ ਬੁੱਧੀਜੀਵੀਆਂ ਅਨੁਸਾਰ ਬਲਦੇਵ ਸਿੰਘ ਦਾ ਨਾਵਲ ਮਹਾਰਾਜਾ ਰਣਜੀਤ ਸਿੰਘ ਦੀਆਂ ਉਹਨਾਂ ਗੱਲਾਂ ਨੂੰ ਵਧੇਰੇ ਉਭਾਰਦਾ ਹੈ ਜਿਹੜੀਆਂ ਉਸਦੀ ਸ਼ਖਸੀਅਤ ਨੂੰ ਛੁਟਿਆਉਂਦੀਆਂ ਹਨ। ਸਮਝਣ ਵਾਲੀ ਗੱਲ ਇਹ ਹੈ ਕਿ ਮਹਾਰਾਜਾ ਰਣਜੀਤ ਸਿੰਘ ਦੀ ਸ਼ਖਸੀਅਤ ਦੀ ਉਸਾਰੀ ਇਕ ਦਿਨ ਵਿਚ ਨਹੀਂ ਹੋਈ ਜਿਹੜੀ ਇਹਨਾਂ ਗੱਲਾਂ ਕਾਰਨ ਫਿੱਕੀ ਪੈ ਜਾਵੇਗੀ। ਹਰ ਇਕ ਵਿਅਕਤੀ ਵਿਚ ਖੂਬੀਆਂ ਹੋਣ ਦੇ ਨਾਲ-ਨਾਲ ਊਣਤਾਈਆਂ ਦਾ ਹੋਣਾ ਸਮਾਜਕ ਸੱਚ ਹੈ। ਇਸ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ। ਮਹਾਰਾਜਾ ਰਣਜੀਤ ਸਿੰਘ ਦੀ ਕਾਬਲੀਅਤ ਹੀ ਸੀ ਕਿ ਉਸਨੇ ਸਿੱਖ ਰਾਜ ਨੂੰ ਬਹੁਤ ਦੂਰ ਤਕ ਫੈਲਾਅ ਦਿੱਤਾ। ਪਰ ਇਹ ਰਾਜ ਸਾਂਭਣ ਵਾਲੇ ਅਯੋਗ ਨਿਕਲਣ ਕਾਰਨ ਥੋੜ੍ਹੇ ਹੀ ਸਮੇਂ ਵਿਚ ਢਹਿ ਢੇਰੀ ਹੋ ਗਿਆ। ਰੂਸ ਦੇ ਇਨਕਲਾਬ ਨਾਲ ਵੀ ਅਜਿਹਾ ਹੀ ਵਾਪਰਿਆ। ਰੂਸ ਨੂੰ ਢਹਿ-ਢੇਰੀ ਕਰਨ ਵਾਲੇ ਉਸਦੇ ਉਸਰੱਈਆਂ ਦੇ ਵਿਚ ਹੀ ਮੌਜੂਦ ਸਨ। ਉਸੇ ਤਰ੍ਹਾਂ ਸਿੱਖ ਰਾਜ ਨੂੰ ਖਤਮ ਕਰਨ ਵਾਲੇ ਵੀ ਉਸਦੇ ਉਸਰੱਈਆਂ ਵਿਚ ਹੀ ਲੁਕੇ ਹੋਏ



ਸਨ ਜਿਹੜੇ ਗੁਪਤ ਤੌਰ 'ਤੇ ਵਿਰੋਧੀਆਂ ਨਾਲ ਮਿਲਕੇ ਚੱਲਦੇ ਸਨ। ਅੰਗਰੇਜ਼ਾਂ ਦੀ ਕੂਟਨੀਤੀ ਨੇ ਵਿਰੋਧੀਆਂ ਦੀ ਗਿਣਤੀ ਵਧਾ ਦਿੱਤੀ। ਵਿਰੋਧੀਆਂ ਨੂੰ ਰਣਜੀਤ ਸਿੰਘ ਦੇ ਸਾਥ ਨਾਲ ਰਾਜ ਚਲਾਉਣ ਦੀ ਥਾਂ ਅੰਗਰੇਜ਼ਾਂ ਦੇ ਅਧੀਨ ਰਹਿ ਕੇ ਆਪਣੀ ਚੌਧਰ ਸਥਾਪਤ ਕਰਨੀ ਵਧੇਰੇ ਚੰਗੀ ਲੱਗਣ ਲੱਗ ਪਈ। ਇਸ ਕਾਰਨ ਦੋਸਤਾਂ ਦੀ ਥਾਂ ਦੁਸ਼ਮਣਾਂ ਦਾ ਘੇਰਾ ਵਧਦਾ ਗਿਆ।

ਨਾਵਲ ਵਿਚ ਮਹਾਰਾਜਾ ਰਣਜੀਤ ਸਿੰਘ ਇਕ ਸ਼ਰਾਬੀ, ਨਾਚ ਗਾਣੇ ਦਾ ਸ਼ੌਕੀਨ, ਰਾਜ ਤੇ ਧਨ ਦੌਲਤ ਦਾ ਲੋਭੀ, ਅੱਖੜਖਾਂਦ ਆਦਿ ਪੱਖ ਤੋਂ ਵੀ ਪੇਸ਼ ਹੋਇਆ ਹੈ ਅਤੇ ਇਕ ਕੁਸ਼ਲ ਰਾਜ ਪ੍ਰਬੰਧਕ ਤੇ ਇਕ ਕੋਮਲ ਹਿਰਦੇ ਵਾਲੇ ਰਾਜੇ ਵਜੋਂ ਵੀ। ਦੋਨੋ ਪੱਖ ਮਹਾਰਾਜੇ ਦੀ ਸ਼ਖਸੀਅਤ ਦੇ ਅਹਿਮ ਪੱਖ ਹਨ। ਅਸੀਂ ਸਿੱਖ ਆਪਣੇ ਰਾਜ ਪ੍ਰਤੀ ਵਧੇਰੇ ਭਾਵੁਕ ਹਾਂ। ਅਸੀਂ ਇਸੇ ਭਾਵੁਕਤਾ ਅਧੀਨ ਆਪਣੇ ਆਗੂਆਂ ਨੂੰ ਹਰ ਪੱਖ ਤੋਂ ਉੱਚਾ-ਸੁੱਚਾ ਦੇਖਣ ਦੀ ਤਵੱਕੋ ਕਰਦੇ ਹਾਂ। ਬਲਦੇਵ ਸਿੰਘ ਇਸੇ ਭਾਵੁਕਤਾ ਅਧੀਨ ਮਹਾਰਾਜਾ ਰਣਜੀਤ ਸਿੰਘ ਦੀਆਂ ਕੁਰੀਤੀਆਂ ਨੂੰ ਵਧੇਰੇ ਉਭਾਰਦਾ ਹੈ ਤਾਂ ਕਿ ਅਸੀਂ ਸਿੱਖ ਰਾਜ ਪ੍ਰਤੀ ਗਹਿਰੀ ਭਾਵੁਕਤਾ ਵਿਚੋਂ ਬਾਹਰ ਨਿਕਲ ਕੇ ਯਥਾਰਥ ਦੇ ਰੂਬਰੂ ਹੋਈਏ। ਬਲਦੇਵ ਸਿੰਘ ਦੀ ਇਸ ਭਾਵੁਕਤਾ ਨੂੰ ਕੁਝ ਲੋਕ ਉਸਦਾ ਵਿਰੋਧ ਸਮਝ ਗਏ। ਅੱਜੋਕੀਆਂ ਰਾਜਨੀਤਕ ਪਾਰਟੀਆਂ ਅਤੇ ਉਹਨਾਂ ਦੇ ਅਖੌਤੀ ਆਗੂ ਵੀ ਟੈਕਸ ਦੇ ਰੂਪ ਵਿਚ ਆਮ ਲੋਕਾਂ ਦੇ ਪੈਸੇ ਦੀ ਦੁਰਵਰਤੋਂ ਕਰ ਰਹੇ ਹਨ ਤੇ ਇਸ ਬਦਲੇ ਲੋਕਾਂ ਨੂੰ ਬਣਦੀਆਂ ਸਹੂਲਤਾਂ ਨਹੀਂ ਦੇ ਰਹੇ। ਅੱਜੋਕੇ ਪੂੰਜੀਵਾਦੀ ਦੌਰ ਵਿਚ ਸੱਤਾਧਾਰੀ ਹਾਕਮ ਜਮਾਤਾਂ ਦੇ ਇਸ ਵਰਤਾਰੇ ਪ੍ਰਤੀ ਬਹੁਤ ਸਾਰੇ ਬੁੱਧੀਜੀਵੀਆਂ ਤੇ ਆਮ ਲੋਕਾਂ ਨੇ ਚੁੱਪ ਧਾਰੀ ਹੋਈ ਹੈ। ਬਲਦੇਵ ਸਿੰਘ ਇਸ ਨਾਵਲ ਵਿਚ ਅੱਜੋਕੀ ਸਿਆਸਤ ਨੂੰ ਰਣਜੀਤ ਸਿੰਘ ਦੀ ਸਿਆਸਤ ਨਾਲ ਤੁਲਨਾ ਕੇ ਆਮ ਲੋਕਾਂ ਲਈ ਦੋਹਾਂ ਨੂੰ ਅਸਫਲ ਸਿੱਧ ਕਰਦਾ ਹੈ। ਇਸ ਲਈ ਉਹ ਨਵੀਂ ਜੁਗਤ ਵਰਤਦਾ ਹੈ। ਨਾਵਲ ਵਿਚ ਇਤਿਹਾਸਕ ਤੌਰ 'ਤੇ ਪਏ ਖੱਪਿਆਂ ਅਤੇ ਲੁਪਤ ਤੱਥਾਂ ਨੂੰ ਰੂਪਮਾਨ ਕਰਨ ਲਈ ਪ੍ਰੋ. ਕੌਤਕੀ ਦਾ ਪਾਤਰ ਘੜਦਾ ਹੈ। ਅਸਲ ਵਿਚ ਉਹ ਬਲਦੇਵ ਸਿੰਘ ਦੀ ਵਿਚਾਰਧਾਰਾ ਦਾ ਹੀ ਪਰਤੌ ਹੈ। ਕੌਤਕੀ ਰਣਜੀਤ ਸਿੰਘ ਦੀ ਸਿਆਸਤ ਤੇ ਅੱਜੋਕੀ ਸਿਆਸਤ ਵਿਚ ਪਿਸ ਰਹੇ ਆਮ ਲੋਕਾਂ ਬਾਰੇ ਸਪੱਸ਼ਟ ਕਰਦਾ ਹੈ:"ਜਾਗੀਰਦਾਰਾਂ, ਸਾਮੰਤਾਂ ਦੀ ਥਾਂ ਆ ਗਏ ਨੇ ਮੰਤਰੀ, ਰਾਜ ਮੰਤਰੀ, ਐੱਮ.ਐੱਲ.ਏ., ਪਾਰਲੀਮੈਂਟ ਦੇ ਮੈਂਬਰ। ਕੰਮ ਇਹਨਾਂ ਦਾ ਵੀ ਉਹੀ ਹੈ। ਉਦੋਂ ਉਹ ਰਜਵਾੜੇ ਆਪਣੇ ਬਾਦਸ਼ਾਹ ਜਾਂ ਮਹਾਰਾਜੇ ਪ੍ਰਤੀ ਵਫਾਦਾਰ ਹੁੰਦੇ ਸਨ ਤੇ ਹੁਣ ਇਹ ਆਧੁਨਿਕ ਰਜਵਾੜੇ ਆਪਣੀ ਸਰਕਾਰ ਜਾਂ ਪਾਰਟੀ ਪ੍ਰਤੀ ਵਫਾਦਾਰ ਹੁੰਦੇ ਨੇ। ਆਮ ਲੋਕਾਂ ਪ੍ਰਤੀ ਨਾ ਉਦੋਂ ਇਹ ਲੋਕ ਵਫਾਦਾਰ ਹੁੰਦੇ ਸਨ ਤੇ ਨਾ ਹੁਣ ਇਹ ਆਮ ਲੋਕਾਂ ਦੀ ਪਰਵਾਹ ਕਰਦੇ ਹਨ।" ਇਸ ਤਰ੍ਹਾਂ ਕੌਤਕੀ ਰਾਹੀਂ ਬਲਦੇਵ ਸਿੰਘ ਉਹ ਕੁਝ ਕਹਿੰਦਾ ਹੈ ਜੋ ਇਤਿਹਾਸਕ ਪਾਤਰ ਜਾਂ ਇਤਿਹਾਸ ਨਹੀਂ ਕਹਿੰਦਾ। ਨਾਵਲਕਾਰ ਨੇ ਕੌਤਕੀ ਰਾਹੀਂ ਇਹ ਸਵਾਲ ਉਠਾਏ ਹਨ ਕਿ ਰਾਜੇ ਮਹਾਰਾਜੇ ਆਮ ਲੋਕਾਂ ਦੇ ਜਾਨ-ਮਾਲ ਦੀ ਰਾਖੀ ਬਦਲੇ ਉਹਨਾਂ ਤੋਂ ਕਰ ਲੈਂਦੇ ਸਨ। ਅੱਜੋਕੀ ਰਾਜਨੀਤੀ ਵਿਚ ਮੰਤਰੀ ਵੀ ਅਜਿਹਾ ਕਰਦੇ ਹਨ।

ਮਹਾਰਾਜਾ ਰਣਜੀਤ ਸਿੰਘ ਦੀ ਸ਼ਖਸੀਅਤ ਦਾ ਸਭ ਤੋਂ ਅਹਿਮ ਪਹਿਲੂ ਉਸਦੀ ਰਿਸ਼ਤਿਆਂ ਪ੍ਰਤੀ ਉਦਾਸੀਨਤਾ ਵਿਚੋਂ ਸਪੱਸ਼ਟ ਹੁੰਦਾ ਹੈ। ਇਹ ਨਾਵਲ ਵਿਚ ਇਕ ਖਾਸ ਪੈਟਰਨ ਅਧੀਨ ਪੇਸ਼ ਹੋਇਆ ਹੈ। ਰਣਜੀਤ ਸਿੰਘ ਦੀ ਸਮੁੱਚੀ ਸ਼ਖਸੀਅਤ ਪਿੱਛੇ ਇਹੀ ਕਾਰਨ ਕੰਮ ਕਰਦਾ ਹੈ। ਆਪਣੀ ਅੱਖ ਵਿਚ ਨੁਕਸ ਹੋਣ ਕਾਰਨ ਤੇ ਚਿਹਰਾ ਖੂਬਸੂਰਤ ਨਾ ਹੋਣ ਕਾਰਨ ਰਣਜੀਤ ਸਿੰਘ ਅੰਦਰ ਹੀਣ ਭਾਵਨਾ ਸੀ। ਇਕ ਰਾਜੇ ਵਜੋਂ ਵੱਡਾ ਰਾਜ ਭਾਗ ਪ੍ਰਾਪਤ ਕਰ ਲੈਣ, ਸਾਰੀਆਂ ਸੁਖ ਸਹੂਲਤਾਂ ਲੈਣ ਦੇ ਬਾਵਜੂਦ ਰਣਜੀਤ ਸਿੰਘ ਰਿਸ਼ਤਿਆਂ ਵਿਚੋਂ ਮੋਹ ਲਈ ਸਾਰੀ ਉਮਰ ਤਰਸਦਾ ਹੈ। ਉਸਦੀ ਇਹ ਅੰਤਰ ਪੀੜ ਨੂੰ ਕੋਈ ਵੀ ਨਹੀਂ ਮਹਿਸੂਸ ਕਰਦਾ। ਇਸੇ ਪਿਆਰ ਲਈ ਉਹ ਅਨੇਕਾਂ ਵਿਆਹ ਕਰਵਾਉਂਦਾ, ਹੋਰ ਵੀ ਰਿਸ਼ਤੇ ਬਣਾਉਂਦਾ ਹੈ ਪਰ ਮੋਰਾਂ ਨਾਲ ਹੰਢਾਏ ਰਿਸ਼ਤੇ

ਵਿਚੋਂ ਉਸਨੂੰ ਕੁਝ ਕੁ ਸੰਤੁਸ਼ਟੀ ਮਿਲਦੀ ਹੈ। ਪਰ ਕੁੱਲ ਮਿਲਾ ਕੇ ਰਿਸ਼ਤਿਆਂ ਪੱਖੋਂ ਅਧੂਰਾ ਰਹਿਣ ਕਾਰਨ ਉਸਦੀ ਸੰਪੂਰਨ ਤ੍ਰਿਪਤੀ ਕਿਸੇ ਪਾਸੇ ਤੋਂ ਨਹੀਂ ਹੁੰਦੀ। ਫਤੇਹ ਸਿੰਘ ਆਹਲੂਵਾਲੀਆ ਨਾਲ ਵੀ ਉਸਦੀ ਭਾਵੁਕ ਸਾਂਝ ਹੈ। ਉਸ ਨਾਲ ਪੱਗ ਵਟਾਉਂਦਾ ਹੈ। ਫਤੇਹ ਸਿੰਘ ਦੇ ਅੰਗਰੇਜ਼ਾਂ ਨਾਲ ਮਿਲਣ ਤੇ ਅੰਤ ਰਣਜੀਤ ਸਿੰਘ ਕੋਲ਼ ਵਾਪਸ ਆਉਣ 'ਤੇ ਉਹ ਇਸੇ ਭਾਵੁਕ ਸਾਂਝ ਕਾਰਨ ਉਸਨੂੰ ਮੁਆਫ ਕਰਦਾ ਹੈ। ਨਾਵਲ ਵਿਚ ਉਹਨਾਂ ਦੋਹਾਂ ਦੇ ਮਿਲਾਪ ਨੂੰ ਪੜ੍ਹਦਿਆਂ ਉਹਨਾਂ ਦੇ ਨਾਲ-ਨਾਲ ਪਾਠਕ ਦੀਆਂ ਅੱਖਾਂ ਵੀ ਸਿੱਲ੍ਹੀਆਂ ਹੋ ਜਾਂਦੀਆਂ ਹਨ:"ਰਣਜੀਤ ਸਿੰਘ ਨੇ ਫਤੇਹ ਸਿੰਘ ਨੂੰ ਕਲਾਵੇ ਵਿਚ ਭਰ ਲਿਆ। ਉਸਦੀ ਮੋਟੀ ਅੱਖ ਵਿਚੋਂ ਅੱਥਰੂ ਡਿੱਗਿਆ। ਉਸਨੇ ਪੂਰਾ ਜ਼ਬਤ ਰੱਖਿਆ, ਫਿਰ ਵੀ ਉਸਦਾ ਰੋਣ ਨਿਕਲ ਗਿਆ, ਜਿਵੇਂ ਉਹ ਦੱਸਣਾ ਚਾਹੁੰਦਾ ਹੋਵੇ, ਪਿਛਲੇ ਸਮੇਂ ਵਿਚ ਮੈਂ ਵੀ ਬਹੁਤ ਦੁਖੀ ਰਿਹਾ ਹਾਂ। ਫਤੇਹ ਸਿੰਘ ਦੇ ਆਪਣੇ ਅੱਥਰੂਆਂ ਨਾਲ ਉਸਦੀ ਦਾੜ੍ਹੀ ਭਿੱਜ ਗਈ। ਦਰਬਾਰੀ ਹੈਰਾਨ ਹੋਏ, ਖਾਲਸਾ ਰਾਜ ਦੀਆਂ ਦੋ ਵੱਡੀਆਂ ਹਸਤੀਆਂ ਨੂੰ ਅਜੇਹੀ ਭਾਵੁਕ ਅਵਸਥਾ ਵਿਚ ਵੇਖ ਰਹੇ ਸਨ।"

ਰਣਜੀਤ ਸਿੰਘ ਦੀ ਸ਼ਖਸੀਅਤ ਦਾ ਇਹ ਪੱਖ ਬਹੁਤ ਕੋਮਲ ਹੈ। ਬਲਦੇਵ ਸਿੰਘ ਨੇ ਨਾਵਲ ਵਿਚ ਰਣਜੀਤ ਸਿੰਘ ਦੀ ਸ਼ਖਸੀਅਤ ਦੇ ਸਾਰੇ ਪੱਖਾਂ ਦੀ ਗੱਲ ਕੀਤੀ ਹੈ। ਮਹਾਰਾਜਾ ਰਣਜੀਤ ਸਿੰਘ ਬਾਰੇ ਇਸ ਤੋਂ ਪਹਿਲਾਂ ਵੀ ਕੁਝ ਨਾਵਲਕਾਰਾਂ ਨੇ ਸੰਕੇਤਕ ਰੂਪ ਵਿਚ ਅਜਿਹੇ ਸਵਾਲ ਉਠਾਏ ਸਨ। ਜਿਵੇਂ, ਮਨਮੋਹਨ ਬਾਵਾ ਨੇ ਆਪਣੇ ਨਾਵਲ 'ਯੁੱਗ ਅੰਤ' ਵਿਚ ਇਕ ਅਹਿਮ ਸਵਾਲ ਉਠਾਇਆ ਸੀ ਕਿ ਮਹਾਰਾਜਾ ਰਣਜੀਤ ਸਿੰਘ ਦੇ ਏਨੇ ਵਿਆਹ ਹੋਏ ਪਰ ਉਹਨਾਂ ਦੇ ਘਰ ਕਿਸੇ ਧੀ ਨੇ ਜਨਮ ਕਿਉਂ ਨਹੀਂ ਲਿਆ ? ਇਸੇ ਤਰ੍ਹਾਂ ਨਿੰਦਰ ਗਿੱਲ ਨੇ ਆਪਣੇ ਨਾਵਲ 'ਦਾਸਤਾਂ ਦਲਿਤਾਂ ਦੀ' ਵਿਚ ਸੰਕੇਤਕ ਰੂਪ ਵਿਚ ਸਪੱਸ਼ਟ ਕੀਤਾ ਹੈ ਕਿ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਵਿਚ ਯੋਗ ਅਹੁਦੇ ਸਿੱਖਾਂ ਦੇ ਮੁਕਾਬਲੇ ਹੋਰਨਾਂ ਨੂੰ ਵਧੇਰੇ ਦਿੱਤੇ ਜਾਂਦੇ ਸਨ। ਅਜਿਹੀਆਂ ਹੋਰ ਵੀ ਬਹੁਤ ਸਾਰੀਆਂ ਗੱਲਾਂ ਸੰਕੇਤਕ ਰੂਪ ਵਿਚ ਸਮੇਂ-ਸਮੇਂ ਸਾਹਮਣੇ ਆਉਂਦੀਆਂ ਰਹੀਆਂ ਹਨ। ਇਹਨਾਂ ਗੱਲਾਂ ਨੂੰ ਤਰਕ ਦੇ ਆਧਾਰ 'ਤੇ ਇਤਿਹਾਸਕ ਤੌਰ 'ਤੇ ਠੀਕ ਜਾਂ ਗਲਤ ਦਾ ਨਿਤਾਰਾ ਕਰਨ ਦੀ ਲੋੜ ਹੁੰਦੀ ਹੈ, ਨਾ ਕਿ ਕੋਈ ਗੱਲ ਸੁਣੇ ਪੜ੍ਹੇ ਬਿਨਾਂ ਹੀ ਰੱਦ ਕਰਨ ਦੀ। ਬਲਦੇਵ ਸਿੰਘ ਨੇ ਇਤਿਹਾਸਕ ਤੌਰ 'ਤੇ ਜਿਹੜੇ ਵੀ ਸਵਾਲ ਉਠਾਏ ਹਨ ਉਹਨਾਂ ਨੂੰ ਹੋਰ ਗੰਭੀਰਤਾ ਨਾਲ ਵਿਚਾਰਨ ਦੀ ਲੋੜ ਹੈ। ਕਿਸੇ ਵਿਸ਼ੇਸ਼ ਵਰਗ ਜਾਂ ਸੰਗਠਨ ਪ੍ਰਤੀ ਆਪਣੀ ਭਾਵੁਕਤਾ ਵਿਚੋਂ ਬਾਹਰ ਆ ਕੇ ਇਕ ਚੇਤਨ ਮਨੁੱਖ ਵਜੋਂ ਸਾਡਾ ਸਾਰਿਆਂ ਦਾ ਇਹ ਫਰਜ਼ ਬਣਦਾ ਹੈ।

**–ਹਰਿੰਦਰ ਸਿੰਘ**

## ਕੈਂਸਰ ਟਰੇਨ (ਨਾਵਲ) ਨਛੱਤਰ

'ਕੈਂਸਰ ਟਰੇਨ' ਭਾਰਤੀ ਸਾਹਿਤ ਅਕਾਦਮੀ ਇਨਾਮ ਪੁਰਸਕ੍ਰਿਤ ਨਾਵਲ 'ਸਲੋਅ ਡਾਊਨ' ਦੇ ਰਚੇਤਾ ਨਛੱਤਰ ਦਾ ਛੇਵਾਂ ਨਾਵਲ ਹੈ। ਇਹ ਨਾਵਲ ਮਾਲਵੇ ਵਿਚ ਫੈਲੀ ਕੈਂਸਰ ਦੀ ਬਿਮਾਰੀ ਬਾਰੇ ਬਹੁ ਪੱਖਾਂ ਤੋਂ ਚਾਨਣਾ ਪਾਉਂਦਾ ਹੈ। ਨਾਵਲ ਦਾ ਮੁੱਖ ਪਾਤਰ ਅਮਨ ਇਸਦਾ ਬਿਰਤਾਂਤਕਾਰ ਹੈ। ਉਹ ਕੈਂਸਰ ਨਾਲ ਹੋਣ ਵਾਲੀਆਂ ਮੌਤਾਂ ਬਾਰੇ ਇਕ ਖੋਜ ਪ੍ਰੋਜੈਕਟ ਉੱਪਰ ਕੰਮ ਕਰ ਰਿਹਾ ਹੈ। ਨਾਵਲ ਕੈਂਸਰ ਪੀੜਤ ਗੂੜ੍ਹ ਮਾਲਵੇ ਦੇ ਵਧੇਰੇ ਰਿਸਕ ਵਾਲੇ ਜ਼ਿਲ੍ਹਿਆਂ ਬਠਿੰਡਾ, ਮਾਨਸਾ, ਮੁਕਤਸਰ, ਫਰੀਦਕੋਟ, ਅਤੇ ਘੱਟ ਰਿਸਕ ਵਾਲੇ ਜ਼ਿਲ੍ਹਿਆਂ ਸੰਗਰੂਰ, ਬਰਨਾਲਾ, ਫਿਰੋਜ਼ਪੁਰ, ਮੋਗਾ ਆਦਿ ਵਿਚ ਹੋਣ ਵਾਲੀਆਂ ਮੌਤਾਂ ਦੇ ਕਾਰਨ ਤਲਾਸ਼ਦਾ ਹੈ। ਇਹਨਾਂ ਮੌਤਾਂ ਸੰਬੰਧੀ ਖੋਜ ਕਰਨ ਵਾਲਾ ਬਿਰਤਾਂਤਕਾਰ ਇਹਨਾਂ ਜ਼ਿਲ੍ਹਿਆਂ ਦੇ ਪਿੰਡਾਂ ਵਿਚੋਂ ਪਾਣੀ, ਮਿੱਟੀ, ਫਸਲਾਂ ਅਤੇ ਖਾਣ ਵਾਲੀਆਂ ਵਸਤਾਂ ਦੇ ਨਮੂਨੇ ਲੈ ਕੇ, ਮਰੀਜ਼ਾਂ ਨਾਲ ਮਿਲਕੇ ਤੇ ਗੱਲਬਾਤ ਕਰਕੇ ਆਪਣੀ ਰਿਪੋਰਟ ਤਿਆਰ ਕਰਦਾ ਹੈ। ਆਪਣੀ ਰਿਪੋਰਟ ਵਿਚ ਉਹ ਕੀਟਨਾਸ਼ਕ ਦਵਾਈਆਂ ਦੀ ਵਧੇਰੇ ਵਰਤੋਂ



ਨਾਲ ਜ਼ਹਿਰੀਲੇ ਹੋ ਰਹੇ ਵਾਤਾਵਾਰਣ ਨੂੰ ਇਸਦਾ ਮੁੱਖ ਕਾਰਨ ਮੰਨਦਾ ਹੈ। ਨਾਵਲ ਕੈਂਸਰ ਦੇ ਵੱਖ-ਵੱਖ ਮਰੀਜ਼ਾਂ ਜਰਨੈਲ, ਨਿਰਮਲ, ਬੰਸੋ, ਕਰਮੋ, ਸੁੱਖੀ ਦਾ ਪਿਤਾ ਆਦਿ ਬਾਰੇ ਭਾਵੁਕ ਵਰਨਣ ਦੇਣ ਦੇ ਨਾਲ ਹੀ ਅਜਿਹੀਆਂ ਮਹਾਂਮਾਰੀਆਂ ਪਿੱਛੇ ਕੰਮ ਕਰਦੀ ਸਰਮਾਏਦਾਰੀ ਦੀ ਮੁਨਾਫਾ ਦ੍ਰਿਸ਼ਟੀ ਨੂੰ ਵੀ ਉਭਾਰਦਾ ਹੈ।

ਨਾਵਲਕਾਰ ਨੇ ਸਪੱਸ਼ਟ ਕੀਤਾ ਹੈ ਕਿ ਮੁਨਾਫੇ ਦੀ ਦ੍ਰਿਸ਼ਟੀ ਅਧੀਨ ਲੋੜ ਤੋਂ ਵਧੇਰੇ ਵਰਤੀਆਂ ਕੀਟਨਾਸ਼ਕ ਦਵਾਈਆਂ ਨੇ ਗੁਰੂਆਂ ਦੀ ਚਰਨ ਛੋਹ ਪ੍ਰਾਪਤ ਮਾਲਵੇ ਦੇ ਇਲਾਕੇ ਨੂੰ ਕੈਂਸਰ ਦੀ ਲਪੇਟ ਵਿਚ ਲੈ ਲਿਆ ਹੈ। ਮਾਝੇ ਅਤੇ ਦੁਆਬੇ ਦੇ ਮੁਕਾਬਲੇ ਇੱਥੇ ਕਪਾਹ ਨਰਮਾ ਵਧੇਰੇ ਬੀਜਿਆ ਜਾਂਦਾ ਹੈ। ਨਰਮੇ ਦੀ ਫਸਲ ਉੱਪਰ ਵਰਤੀਆਂ ਜਾਣ ਵਾਲੀਆਂ ਦਵਾਈਆਂ ਉਹ ਹਨ ਜਿਨ੍ਹਾਂ ਨੂੰ ਕਿਸੇ ਸਮੇਂ ਅਮਰੀਕਾ ਨੇ ਵਰਤ ਕੇ ਰੋਕ ਲਾ ਦਿੱਤੀ ਸੀ। ਨਾਵਲ ਵਿਚ ਅਮਰੀਕਾ ਦੁਆਰਾ ਬਿਮਾਰੀ ਦੇ ਨਾਂਅ 'ਤੇ ਦੁਆਈਆਂ ਦੇ ਰੂਪ ਵਿਚ ਕੀਤੀ ਜਾਂਦੀ ਲੁੱਟ ਦਾ ਸੰਕੇਤ ਵੀ ਆਇਆ ਹੈ। ਕੋਈ ਸਸਤੀ ਦਵਾਈ ਤੇ ਚੰਗਾ ਇਲਾਜ-ਪ੍ਰਬੰਧ ਨਾ ਹੋਣ ਕਾਰਨ ਕੈਂਸਰ ਨਾਲ ਪਰਿਵਾਰਾਂ ਦੇ ਪਰਿਵਾਰ ਖਤਮ ਹੋ ਰਹੇ ਹਨ। ਹਾਕਮ ਜਮਾਤਾਂ ਇਸ ਦਾ ਢੁੱਕਵਾਂ ਹੱਲ ਕੱਢਣ ਅਤੇ ਕੋਈ ਸਹਾਇਤਾ ਦੇਣ ਦੀ ਥਾਂ ਚੁੱਪ ਧਾਰੀ ਬੈਠੀਆਂ ਹਨ।

ਨਾਵਲਕਾਰ ਸਪੱਸ਼ਟ ਕਰਦਾ ਹੈ ਕਿ ਸਰਕਾਰ ਲੋਕਾਂ ਤੋਂ ਟੈਕਸ ਤਾਂ ਲੈਂਦੀ ਹੈ ਪਰ ਉਹਨਾਂ ਨੂੰ ਬੁਨਿਆਦੀ ਸਹੂਲਤਾਂ ਤੋਂ ਵਾਂਝੇ ਰੱਖਦੀ ਹੈ। ਸਿੱਖਿਆ ਤੇ ਸਿਹਤ ਦੀ ਹਾਲਤ ਨਿੱਘਰ ਰਹੀ ਹੈ। ਪੰਜਾਬ ਵਿਚ ਕੋਈ ਚੰਗਾ ਹਸਪਤਾਲ ਨਹੀਂ ਹੈ। ਨਾ ਹੀ ਇਸ ਪਾਸੇ ਕੋਈ ਯਤਨ ਕੀਤਾ ਜਾ ਰਿਹਾ ਹੈ। ਹਸਪਤਾਲ ਤੇ ਸਕੂਲਾਂ ਦੀ ਥਾਂ ਧਾਰਮਿਕ ਸੰਸਥਾਵਾਂ ਉਸਾਰ ਕੇ ਲੋਕਾਂ ਦੀਆਂ ਭਾਵਨਾਵਾਂ ਨੂੰ ਦਾ ਗ਼ਲਤ ਇਸਤੇਮਾਲ ਕੀਤਾ ਜਾ ਰਿਹਾ ਹੈ। ਨਾਵਲ ਵਿਚ ਵਿਦੇਸ਼ ਤੋਂ ਆਇਆ ਸੁੱਖੀ ਵਿਦੇਸ਼ ਵਿਚ ਮਿਲਦੀਆਂ ਮੈਡੀਕਲ ਸਹੂਲਤਾਂ ਦਾ ਟਾਕਰਾ ਕਰਦਾ ਹੋਇਆ ਭਾਰਤ ਵਿਚ ਇਲਾਜ ਪ੍ਰਣਾਲੀ ਦੀ ਥਾਂ ਧਾਰਮਿਕ ਸੰਸਥਾਵਾਂ ਦੀ ਵਧ ਰਹੀ ਗਿਣਤੀ ਵੇਖਦਾ ਹੈ। ਰਾਜਨੀਤੀ ਦੇ ਇਸ ਕਿਰਦਾਰ ਬਾਰੇ ਆਮ ਲੋਕ ਚੇਤਨ ਤਾਂ ਹੋ ਰਹੇ ਹਨ। ਪਰ ਅਸਲ ਵਿਚ ਇਹ ਇਕ ਕਿਸਮ ਦੀ ਨਿੱਜੀ ਚੇਤਨਾ ਹੀ ਹੈ। ਸਮੂਹਕ ਰੂਪ ਵਿਚ ਦੇਖਿਆਂ ਇਹ ਚੇਤਨਾ ਸੁੰਗੜੀ ਹੋਈ ਨਜ਼ਰ ਆਉਂਦੀ ਹੈ। ਸੱਤਾ ਵੱਲੋਂ ਸਤਾਏ ਹੋਏ ਲੋਕ ਆਪਣੇ ਨਿੱਜ ਨਾਲ ਜੁੜੀਆਂ ਘਟਨਾਵਾਂ ਕਾਰਨ ਹੀ ਚੇਤਨ ਹੋ ਕੇ ਵਿਰੋਧ ਕਰਦੇ ਨਜ਼ਰ ਆਉਂਦੇ ਹਨ। ਸਾਂਝੀਆਂ ਸਮਾਜਕ ਸਮੱਸਿਆਵਾਂ ਪ੍ਰਤੀ ਉਹ ਵੀ "ਮੈਨੂੰ ਕੀ ਆ" ਦਾ ਕਵਚ ਪਾ ਕੇ ਚੁੱਪ ਧਾਰੀ ਰੱਖਦੇ ਹਨ। ਜਦੋਂ ਤਕ ਸਾਰੇ ਵਰਗ ਆਪੋ-ਆਪਣੀਆਂ ਨਿੱਜੀ ਦੁੱਖ ਤਕਲੀਫਾਂ ਨੂੰ ਪਾਸੇ ਰੱਖ ਕੇ ਸਮੂਹਕ ਰੂਪ ਵਿਚ ਸਮਾਜਕ ਸਮੱਸਿਆਵਾਂ ਪ੍ਰਤੀ ਸੱਤਾ ਦਾ ਵਿਰੋਧ ਸਿਰਜਣ ਵੱਲ ਨਹੀਂ ਆਉਂਦੇ, ਉਦੋਂ ਤਕ ਬਦਲਾਵ ਦੀ ਤਵੱਕੋ ਕਰਨੀ ਨਿਰਮੂਲ ਹੈ।

ਨਾਵਲ ਵਿਚ ਰਾਜਨੀਤੀ ਦੇ ਇਸ ਭ੍ਰਿਸ਼ਟ ਤੰਤਰ ਪਿੱਛੇ ਕੰਮ ਕਰਦੀ ਸਵਾਰਥੀ ਭਾਵਨਾ ਤੇ ਮੁਨਾਫੇ ਦੀ ਲਾਲਸਾ ਦਾ ਇਕ ਹੋਰ ਅਹਿਮ ਸੂਤਰ ਰਾਜਨੀਤੀ ਵਿਚ ਪਰਿਵਾਰਵਾਦ ਨੂੰ ਦੱਸਿਆ ਹੈ। ਸੱਤਾਧਾਰੀ ਆਪਣੀਆਂ ਸਹੂਲਤਾਂ ਨੂੰ ਛੱਡਣਾ ਨਹੀਂ ਚਾਹੁੰਦੇ, ਇਸ ਲਈ ਉਹ ਸੱਤਾ ਦੀ ਕੁਰਸੀ ਨੂੰ ਵਿਰਾਸਤੀ ਬਣਾ ਲੈਂਦੇ ਹਨ। ਪਰਿਵਾਰਵਾਦ ਤੇ ਭਾਈ ਭਤੀਜਾਵਾਦ ਨੇ ਰਾਜਨੀਤੀ ਨੂੰ ਇਕ ਵਪਾਰ ਬਣਾ ਦਿੱਤਾ ਹੈ। ਵਪਾਰ ਵਿਚੋਂ ਵੱਧ ਮੁਨਾਫਾ ਕਮਾਉਣ ਲਈ ਪੰਜਾਬ ਨੂੰ ਬਹੁ ਕੌਮੀ ਕੰਪਨੀਆਂ ਕੋਲ ਵੇਚਿਆ ਜਾ ਰਿਹਾ ਹੈ। ਇਸ ਕਾਰਨ ਹੀ ਪੰਜਾਬ ਦੇ ਸਥਾਨਕ ਲਘੂ ਉਦਯੋਗ ਖਤਮ ਹੋ ਗਏ ਹਨ। ਸਭ ਕਾਸੇ ਦਾ ਨਿੱਜੀਕਰਨ ਕੀਤਾ ਜਾ ਰਿਹਾ ਹੈ। ਇੱਥੋਂ ਤਕ ਕਿ ਹੋਟਲਾਂ, ਢਾਬਿਆਂ ਉੱਪਰ ਵੀ ਇਨ੍ਹਾਂ ਮੰਤਰੀਆਂ ਨੇ ਕਬਜ਼ਾ ਕਰ ਲਿਆ ਹੈ। ਅਫਸਰਸ਼ਾਹੀ ਤੇ ਦਲਾਲ ਇਸ ਬਦਲੇ ਮੋਟੀ ਰਿਸ਼ਵਤ ਲੈ ਰਹੇ ਹਨ। ਨਾਵਲ ਦਾ ਸਭ ਤੋਂ ਚੇਤਨ ਪਾਤਰ ਜਰਨੈਲ ਇਸ ਦ੍ਰਿਸ਼ ਨੂੰ ਇਸ ਤਰ੍ਹਾਂ ਬਿਆਨ ਕਰਦਾ ਹੈ: "ਏਥੋਂ ਦੀ ਪੂਰੀ ਇੰਡਸਟਰੀ ਠੱਪ ਹੋਈ ਪਈ ਏ। ਨਵੀਂ ਇੰਡਸਟਰੀ

ਲਾਉਣ ਲਈ ਕੋਈ ਵੀ ਤਿਆਰ ਨ੍ਹੀਂ। ਏਥੇ ਲਾਈ ਜਾਣ ਵਾਲੀ ਹਰ ਇੰਡਸਟਰੀ 'ਚ ਇਹ ਆਪਣਾ ਹਿੱਸਾ ਪੱਤੀ ਭਾਲਦੇ ਨੇ।"

ਨਾਵਲਕਾਰ ਨੇ ਵਿਸ਼ਵੀਕਰਨ ਦੀ ਇਸ ਬਦਲਾਅ ਪ੍ਰਕਿਰਿਆ ਵਿਚ ਕਿਸਾਨੀ ਯਥਾਰਥ ਦੀ ਗੱਲ ਵੀ ਵਿਭਿੰਨ ਪੱਖਾਂ ਤੋਂ ਕੀਤੀ ਹੈ। ਕਿਸਾਨੀ ਦਾ ਇਕ ਵਰਗ ਉਹ ਹੈ ਜਿਸ ਕੋਲ ਆਪਣੇ ਸੀਮਤ ਸਾਧਨਾਂ ਕਾਰਨ ਕੈਂਸਰ ਵਰਗੀਆਂ ਬਿਮਾਰੀਆਂ ਲਈ ਇਲਾਜ ਜੁਟਾਉਣਾ ਔਖਾ ਹੈ। ਦੂਜੇ ਪਾਸੇ ਉਹ ਧਨੀ ਕਿਸਾਨੀ ਹੈ ਜਿਹੜੀ ਰਾਜਨੀਤਕ ਸਾਂਝ ਭਿਆਲੀ ਪਾ ਕੇ ਆਪਣੇ ਆਰਥਿਕ ਆਧਾਰ ਨੂੰ ਹੋਰ ਮਜ਼ਬੂਤ ਕਰ ਰਹੀ ਹੈ। ਹਰਮਨ ਦਾ ਬਾਪ ਅਜਿਹੀ ਹੀ ਧਨੀ ਕਿਸਾਨੀ ਦਾ ਪ੍ਰਤੀਨਿਧ ਹੈ, ਜਿਹੜਾ ਸੱਤਾ ਵਿਚ ਆਈ ਹਰ ਇਕ ਪਾਰਟੀ ਨਾਲ ਆਪਣੀ ਸਿਆਸੀ ਸਾਂਝ ਬਣਾ ਲੈਂਦਾ ਹੈ। ਅਜਿਹੀ ਇੱਛਾ ਵਾਲਾ ਆਗੂ ਲੋਕਾਂ ਦਾ ਕੁਝ ਨਹੀਂ ਸੰਵਾਰ ਸਕਦਾ। ਇਸੇ ਤਰ੍ਹਾਂ ਇਕ ਹੋਰ ਸਰਪੰਚ ਲਹਿਣਾ ਸਿੰਘ ਦਾ ਕਿਰਦਾਰ ਵੀ ਅਜਿਹਾ ਹੀ ਹੈ ਜਿਹੜਾ ਕਨੇਡਾ ਦੇ ਲਾਲਚ ਵਿਚ ਆਪਣੀ ਕੁੜੀ ਨੂੰ ਵੱਡੀ ਉਮਰ ਦੇ ਮੁੰਡੇ ਨਾਲ ਵਿਆਹ ਕੇ ਆਪਣਾ ਆਰਥਿਕ ਆਧਾਰ ਮਜ਼ਬੂਤ ਕਰਦਾ ਹੈ। ਨਿਮਨ ਕਿਸਾਨੀ ਨਾਲ ਸੰਬੰਧਤ ਲਹਿਣਾ ਕਨੇਡਾ ਤੋਂ ਆਈ ਮਾਇਆ ਨਾਲ ਲੋਕਾਂ ਨੂੰ ਵਿਆਜੂ ਪੈਸੇ ਦੇ ਕੇ ਬਹੁਤੇ ਘਰਾਂ ਦੀ ਜ਼ਮੀਨ ਖਰੀਦ ਲੈਂਦਾ ਹੈ। ਧਨੀ ਕਿਸਾਨੀ ਵਿਚ ਇਸ ਰੁਝਾਨ ਨੇ ਵੀ ਨਿਮਨ ਕਿਸਾਨੀ ਨੂੰ ਲੁੱਟਿਆ ਹੀ ਹੈ। ਇਸ ਵਿਚੋਂ ਪੈਦਾ ਹੋਇਆ ਇਕ ਵਰਗ ਆੜ੍ਹਤੀਆਂ ਦਾ ਹੈ। ਧਨੀ ਕਿਸਾਨੀ ਨੇ ਆੜ੍ਹਤ ਦਾ ਕੰਮ ਸ਼ੁਰੂ ਕਰਕੇ ਨਿਮਨ ਕਿਸਾਨੀ ਦੀ ਜ਼ਮੀਨ ਆਪਣੇ ਕਬਜ਼ੇ ਹੇਠ ਕਰ ਲਈ। ਨਾਵਲਕਾਰ ਨੇ ਕਿਸਾਨੀ ਖੁਦਕੁਸ਼ੀ ਦੇ ਹੋਰ ਕਾਰਨਾਂ ਵਿਚੋਂ ਇਸਨੂੰ ਵੀ ਇਕ ਮੁੱਖ ਕਾਰਨ ਮੰਨਿਆ ਹੈ। ਕਿਸਾਨ ਜਥੇਬੰਦੀਆਂ ਦੇ ਆਗੂ ਵੀ ਇਸੇ ਧਨੀ ਕਿਸਾਨੀ ਦੀ ਪੈਦਾਇਸ਼ ਹਨ। ਇਸ ਕਰਕੇ ਕਿਸਾਨਾਂ ਦੀ ਕਿਸੇ ਪਾਸੇ ਸੁਣਵਾਈ ਨਹੀਂ ਹੋ ਰਹੀ। ਨਾਵਲਕਾਰ ਲੋਕਾਂ ਦੇ ਚੇਤਨ ਹੋ ਕੇ ਨਾ ਉੱਠਣ ਦਾ ਕਾਰਨ ਸਰਕਾਰ ਵੱਲੋਂ ਦਿੱਤੀਆਂ ਜਾਣ ਵਾਲੀਆਂ ਰਿਆਇਤਾਂ ਨੂੰ ਮੰਨਦਾ ਹੈ ਜਿਸ ਕਾਰਨ ਲੋਕ ਕਿਰਤ ਸਭਿਆਚਾਰ ਤੋਂ ਟੁੱਟ ਗਏ।

ਨਾਵਲਕਾਰ ਨੇ ਵਿਸ਼ਵੀਕਰਨ ਵਿਚ ਇਸੇ ਉਪਭੋਗੀ ਰੁਚੀ ਅਧੀਨ ਵਿਗਸਦੇ ਔਰਤ ਵਰਗ ਦੀ ਗੱਲ ਕੀਤੀ ਹੈ। ਨਵੀਂ ਪੀੜ੍ਹੀ ਦੀਆਂ ਕੁੜੀਆਂ ਵਿਚੋਂ ਨਿਰਮਲ, ਗੁਰਜੋਤ, ਕੀਰਤੀ, ਹਰਮਨ ਤੇ ਰਾਜੀ ਅਤੇ ਪਹਿਲੀ ਪੀੜ੍ਹੀ ਦੀਆਂ ਔਰਤਾਂ ਵਿਚੋਂ ਕਰਮੋ, ਬੰਸੋ, ਪਾਲੀ ਆਦਿ ਦੇ ਕਿਰਦਾਰ ਨੂੰ ਵੱਖਰੀਆਂ-ਵੱਖਰੀਆਂ ਪਰਿਸਥਿਤੀਆਂ ਮੁਤਾਬਕ ਚਿਤਰਿਆ ਹੈ। ਇਨ੍ਹਾਂ ਵਿਚੋਂ ਨਿਰਮਲ, ਬੰਸੋ ਤੇ ਕਰਮੋ ਕੈਂਸਰ ਪੀੜਤ ਹਨ। ਨਿਰਮਲ ਆਪਣੀ ਨਿਰਾਸ਼ਾ ਨੂੰ ਸਾਹਿਤ ਰਾਹੀਂ ਆਸ਼ਾ ਵਿਚ ਬਦਲ ਲੈਂਦੀ ਹੈ। ਏਨਾ ਹੀ ਨਹੀਂ ਉਹ ਆਪਣੀ ਸਹੇਲੀ ਗੁਰਜੋਤ ਨੂੰ ਵੀ ਕਿਤਾਬਾਂ ਪੜ੍ਹਨ ਦੀ ਚੇਟਕ ਲਾਉਂਦੀ ਹੈ। ਜਦਕਿ ਕਰਮੋ ਤੇ ਬੰਸੋ ਵਰਗੀਆਂ ਆਪਣੇ ਪਰਿਵਾਰਕ ਕੰਮਾਂ ਵਿਚ ਉਲਝੀਆਂ ਆਪਣੀ ਬਿਮਾਰੀ ਨੂੰ ਭੁੱਲਣ ਦੀ ਕੋਸ਼ਿਸ਼ ਕਰਦੀਆਂ ਹਨ। ਨਾਵਲਕਾਰ ਨੇ ਵਧੇਰੇ ਫੋਕਸ ਨਵੀਂ ਪੀੜ੍ਹੀ ਦੀਆਂ ਕੁੜੀਆਂ ਉੱਪਰ ਕੀਤਾ ਹੈ। ਹਰਮਨ ਆਪਣੇ ਤਕੜੇ ਆਰਥਿਕ ਪਿਛੋਕੜ ਕਾਰਨ ਵਧੇਰੇ ਪੂੰਜੀਵਾਦੀ ਵਿਚਾਰਾਂ ਦੀ ਧਾਰਨੀ ਹੈ। ਬਾਪ ਵੱਲੋਂ ਮਿਲੀਆਂ ਸਹੂਲਤਾਂ ਕਾਰਨ ਉਹ ਕਿਸੇ ਬੰਧਨ ਵਿਚ ਬੱਝ ਕੇ ਜਿਉਣ ਦੀ ਥਾਂ ਖੁੱਲ੍ਹ ਲੋਚਦੀ ਹੈ। ਇਹ ਖੁੱਲ੍ਹ ਅਜਿਹੀ ਹੀ ਹੈ ਜਿਸ ਬਾਰੇ ਉਸਨੂੰ ਆਪ ਵੀ ਕੋਈ ਗਿਆਨ ਨਹੀਂ ਹੈ।

ਵਿਸ਼ਵੀਕਰਨ ਨੇ ਔਰਤ ਨੂੰ ਬਰਾਬਰੀ ਦੇ ਮੌਕੇ ਪ੍ਰਦਾਨ ਕਰ ਕੇ ਉਸ ਲਈ ਖੁੱਲ੍ਹ ਦੇ ਨਵੇਂ ਪ੍ਰਤੀਮਾਨ ਸਿਰਜੇ ਹਨ। ਇਸ ਅਧੀਨ ਔਰਤ ਆਪਣੀ ਮਨ ਮਰਜ਼ੀ ਕਰਨ ਤੇ ਹਰ ਪ੍ਰਕਾਰ ਦੇ ਰਿਸ਼ਤਿਆਂ ਤੇ ਸਮਾਜਕ ਸਰੋਕਾਰਾਂ ਤੋਂ ਨਿਰਲੇਪ ਰਹਿ ਕੇ ਮਸਤੀ ਕਰਨ ਨੂੰ ਹੀ ਖੁੱਲ੍ਹ ਸਮਝਣ ਲੱਗੀ ਹੈ। ਹਰਮਨ ਦੀ ਸਹੇਲੀ ਰਾਜੀ ਵੀ ਇਸੇ ਸੋਚ ਦੀ ਹਮਾਇਤੀ ਹੈ। ਦੂਜੇ ਪਾਸੇ ਨਾਵਲਕਾਰ ਨੇ ਨਿਰਮਲ, ਗੁਰਜੋਤ ਤੇ ਕੀਰਤੀ ਵਰਗੀਆਂ ਕੁੜੀਆਂ ਰਾਹੀਂ ਚੇਤਨ ਔਰਤ ਨੂੰ ਸਿਰਜਿਆ ਹੈ।



ਕੀਰਤੀ ਵੀ ਸਾਹਿਤ ਪੜ੍ਹਨ ਦੀ ਰੁਚੀ ਕਾਰਨ ਆਮ ਕੁੜੀਆਂ ਤੋਂ ਵੱਖਰਾ ਸੋਚਦੀ ਹੈ। ਉਹ ਹਰ ਤਰ੍ਹਾਂ ਦੇ ਵਿਸ਼ੇ ਬਾਰੇ ਤੇ ਸਮਾਜਕ ਸਰੋਕਾਰਾਂ ਬਾਰੇ ਚੇਤਨ ਸਮਝ ਰੱਖਦੀ ਹੈ। ਨਾਵਲਕਾਰ ਨੇ ਨਵੀਂ ਪੀੜ੍ਹੀ ਦੀਆਂ ਔਰਤਾਂ ਨੂੰ ਸਾਹਿਤ ਨਾਲ ਜੁੜ ਕੇ ਚੇਤਨਾ ਗ੍ਰਹਿਣ ਕਰਨ ਦਾ ਸੰਦੇਸ਼ ਦਿੱਤਾ ਹੈ। ਨਾਵਲਕਾਰ ਪਹਿਲੀ ਪੀੜ੍ਹੀ ਦੀਆਂ ਔਰਤਾਂ ਪ੍ਰਤੀ ਆਪਣਾ ਗਿਲਾ ਵੀ ਪੇਸ਼ ਕਰਦਾ ਹੈ ਕਿ ਉਸ ਸਮੇਂ ਵਿਦਿਆਰਥੀ ਲਹਿਰਾਂ ਵਿਚ ਕੰਮ ਕਰਨ ਦੇ ਬਾਵਜੂਦ ਉਹ ਆਪਣੀ ਇਸ ਸੋਚ ਨੂੰ ਅੱਗੇ ਵਧਾਉਣ ਵਿਚ ਅਸਫਲ ਰਹਿ ਗਈਆਂ। ਜਰਨੈਲ ਨੂੰ ਪਿਆਰ ਕਰਦੀ ਪਾਲੀ ਆਪਣੇ ਘਰਦਿਆਂ ਦੇ ਦਬਾਅ ਕਾਰਨ ਜਥੇਬੰਦੀ ਵਿਚ ਕੰਮ ਕਰਨਾ ਵੀ ਛੱਡ ਦਿੰਦੀ ਹੈ ਅਤੇ ਜਰਨੈਲ ਤੋਂ ਵੀ ਟੁੱਟ ਜਾਂਦੀ ਹੈ। ਪੰਜਾਬੀ ਨਾਵਲ ਵਿਚ ਬਹੁਤ ਘੱਟ ਅਜਿਹੀਆਂ ਔਰਤ ਪਾਤਰ ਪੇਸ਼ ਹੋਈਆਂ ਹਨ ਜਿਹੜੀਆਂ ਵਿਆਹ ਤੋਂ ਪਹਿਲਾਂ ਕਿਸੇ ਲਹਿਰ ਵਿਚ ਕੰਮ ਕਰਨ ਨੂੰ ਬਾਅਦ ਵਿਚ ਉਸੇ ਤਰ੍ਹਾਂ ਕਾਇਮ ਰੱਖ ਸਕੀਆਂ ਹੋਣ। ਨਾਵਲਕਾਰ ਨੇ ਨਵੀਂ ਪੀੜ੍ਹੀ ਤੋਂ ਇਸਦੀ ਤਵੱਕੋ ਕੀਤੀ ਹੈ। ਨਾਵਲ ਦੀਆਂ ਅੰਤਲੀਆਂ ਸਤਰਾਂ ਕਿ, "ਕਮਲੀਏ, ਏਹ ਸੌਣ ਦਾ ਨ੍ਹੀਂ ਜਾਗਣ ਦਾ ਸਮਾਂ ਏ," ਇਸੇ ਇੱਛਾ ਵਿਚੋਂ ਪੈਦਾ ਹੋਈਆਂ ਹਨ।

**-ਹਰਿੰਦਰ ਸਿੰਘ**

## ਅੱਕਾਂ ਦੀ ਕਵਿਤਾ (ਕਵਿਤਾਵਾਂ) ਦਰਸ਼ਨ ਬੁੱਟਰ

ਦਰਸ਼ਨ ਬੁੱਟਰ ਇਕੋ ਸਮੇਂ ਪੰਜਾਬੀ ਦਾ ਪੁਰਾਣਾ ਅਤੇ ਨਵਾਂ ਕਵੀ ਹੈ। ਪੁਰਾਣਾ ਕਵਿਤਾ ਦੇ ਵਿਹੜੇ ਵਿਚ ਇਕ ਵਕਤ ਤੋਂ ਲੱਗੀ ਉਹਦੀ ਹਾਜ਼ਰੀ ਕਰਕੇ ਅਤੇ ਨਵਾਂ ਪੰਜਾਬੀ ਕਵਿਤਾ ਨੂੰ ਨਵਾਂ ਮੁਹਾਂਦਰਾ, ਵਿਸ਼ਿਆਂ ਦੀ ਮੌਲਿਕਤਾ ਅਤੇ ਨਵੀਨਤਾ ਦੇਣ ਕਰਕੇ। ਦਰਸ਼ਨ ਬੁੱਟਰ ਦੀ ਕਵਿਤਾ ਦਾ ਸਹਿਜ ਹੀ ਉਸਦੀ ਕਵਿਤਾ ਦਾ ਸੁਹਜ ਹੈ। ਹਰ ਵਰਤਾਰਾ ਇਸ ਕਵਿਤਾ ਵਿਚ ਆ ਕੇ ਠਹਿਰ ਜਾਂਦਾ ਹੈ ਅਤੇ ਆਪਣੇ ਹੋਣ ਦੇ ਅਰਥ ਤਲਾਸ਼ਦਾ ਹੈ। ਇਹ ਸਿਰਫ ਦੇਹ ਦੇ ਅਸਤਿੱਤਵੀ ਪਰਿਪੇਖ ਤਕ ਹੀ ਸੀਮਤ ਨਹੀਂ ਰਹਿੰਦਾ ਬਲਕਿ ਭਾਰਤੀ ਦਾਰਸ਼ਨਿਕ ਪੱਖ ਦੇ ਵਜੂਦੀ ਸਕੰਲਪ ਨਾਲ ਵੀ ਸੰਵਾਦ ਰਚਾਉਂਦਾ ਹੈ। ਉੱਤਰ-ਆਧੁਨਿਕ ਯੁਗ ਦੇ ਵਰਤਾਰਿਆਂ ਦੀ ਪਛਾਣ ਅਤੇ ਉਹਨਾਂ ਚਿਹਨਾਂ ਦਾ ਸੂਤਰੀਕਰਨ ਕਰਦੀ ਹੈ ਦਰਸ਼ਨ ਬੁੱਟਰ ਦੀ ਕਵਿਤਾ। ਇਹ ਕਵਿਤਾ 'ਔੜ ਦੇ ਬੱਦਲ' ਦੀ 'ਸਲ੍ਹਾਬੀ ਹਵਾ' ਰਾਹੀਂ 'ਸ਼ਬਦ ਸ਼ਹਿਰ ਤੇ ਰੇਤ' ਉੱਤੇ 'ਖੜਾਵਾਂ' ਪਹਿਨ 'ਦਰਦ ਮਜੀਠੀ' ਸੁਣਾਉਂਦੀ ਹੈ। 'ਮਹਾਂਕੰਬਣੀ' ਛੇੜਦੀ ਹੋਈ 'ਆਟੇ ਦੇ ਦੀਵੇ' 'ਅੱਕਾਂ ਦੀ ਕਵਿਤਾ' ਦੀਆਂ ਜੜ੍ਹਾਂ ਵਿਚ ਜਗਾਉਂਦੀ ਹੈ। ਇਸ ਲੰਮੀ ਨਿਰੰਤਰਤਾ ਪਿੱਛੇ 'ਮਾਂ ਦੀ ਲੋਰੀ ਅਤੇ ਬਾਪੂ ਦੀ ਜੱਟ-ਵਿੱਦਿਆ' ਹੈ।

ਦਰਸ਼ਨ ਬੁੱਟਰ ਦੀ ਕਵਿਤਾ ਦੀ ਖ਼ਾਸੀਅਤ ਉਸਦੀ ਕਵਿਤਾ ਦੀ ਸੰਖੇਪਤਾ ਅਤੇ ਅਰਥਾਂ ਦਾ ਮੁੜ-ਪ੍ਰਭਾਸ਼ਨ ਹੈ। ਪੰਜਾਬ ਜਿਸ ਕਿਸਮ ਦਾ ਇਤਿਹਾਸਕ ਸਫ਼ਰ ਤੈਅ ਕਰਕੇ, ਸਮਕਾਲ ਵਿਚ ਜਿਸ ਕਿਸਮ ਦੀਆਂ ਸਮੱਸਿਆਵਾਂ ਨਾਲ ਦੋ-ਚਾਰ ਹੋ ਰਿਹਾ ਹੈ, ਅਜਿਹੇ ਸਮੇਂ ਹਰ ਸੁਹਿਰਦ ਇਨਸਾਨ ਦਾ ਇਸ ਬਾਰੇ ਫਿਕਰਮੰਦ ਹੋਣਾ ਲਾਜ਼ਮੀ ਹੈ। ਦਰਸ਼ਨ ਬੁੱਟਰ ਦੀ ਕਵਿਤਾ ਇਸੇ ਫਿਕਰਮੰਦੀ ਦਾ ਸਿਧਾਂਤਕ ਪਰਿਪੇਖ ਉਸਾਰਦੀ ਹੈ। 'ਅੱਕਾਂ ਦੀ ਕਵਿਤਾ' ਰਾਹੀਂ ਕਵੀ ਇਹ ਸਪੱਸ਼ਟ ਕਰ ਦਿੰਦਾ ਹੈ ਕਿ ਕਵਿਤਾ ਦਾ ਸੁਹਜ ਸਿਰਫ ਸੁਹਜਾਤਮਕ ਦਿਖਦੇ ਵਰਤਾਰਿਆਂ ਵਿਚ ਹੀ ਨਹੀਂ ਹੁੰਦਾ ਬਲਕਿ ਅੱਖੜ ਅਤੇ ਕਠੋਰ ਸਥਿਤੀਆਂ ਦਾ ਵੀ ਆਪਣਾ ਇਕ ਸੁਹਜ ਹੁੰਦਾ ਹੈ। ਅਵਤਾਰ ਪਾਸ਼ ਨੇ ਇਕ ਸਮਾਂ ਪਹਿਲਾਂ ਆਪਣੀ ਕਵਿਤਾ ਵਿਚ ਇਸੇ ਸੁਹਜ ਨੂੰ ਪੇਸ਼ ਕੀਤਾ ਸੀ। 'ਭਾਂਡੇ ਮਾਂਜਦੀ ਝੀਰੀ ਦੀਆਂ ਉਂਗਲਾਂ 'ਚੋਂ ਸਿੰਮਦਾ ਰਾਗ' ਦਰਸ਼ਨ ਬੁੱਟਰ ਦੀ ਕਵਿਤਾ ਰਾਹੀਂ ਮੁੜ ਪੰਜਾਬੀ ਕਵਿਤਾ ਨੇ ਸੁਣਨਾ ਹੈ। ਉਂਝ ਦਰਸ਼ਨ ਬੁੱਟਰ ਜਿਹੜੀਆਂ 'ਜੜ੍ਹਾਂ' ਆਪਣੀ ਇਸ ਕਵਿਤਾ ਰਾਹੀਂ ਤਲਾਸ਼ਣ ਦਾ ਯਤਨ ਕਰ ਰਿਹਾ ਹੈ, ਉਹ ਵਕਤ ਦੇ ਆਰ-ਪਾਰ ਖੰਡਰ ਬਣ ਕੇ ਫੈਲ ਗਈਆਂ ਹਨ।

'ਅੱਕਾਂ ਦੀ ਕਵਿਤਾ' ਪੁਸਤਕ ( ਪੰਨੇ 104, ਮੁੱਲ 175 ਰੁਪਏ, ਚੇਤਨਾ ਪ੍ਰਕਾਸ਼ਨ, ਲੁਧਿਆਣਾ) ਵਿਚ ਪੇਸ਼ ਪਿੰਡ ਦਾ ਬਿੰਬ ਜਿਸ ਕਿਸਮ ਦਾ ਖਿਂਡਾਅ ਹੰਢਾ ਰਿਹਾ ਹੈ, ਇਹ ਹਰ ਪਿੰਡ ਦੀ ਕਹਾਣੀ ਹੈ। ਇਸ ਨੂੰ ਬਦਲਿਆ ਨਹੀਂ ਜਾ ਸਕਦਾ, ਪੁਰਾਤਨਤਾ ਨਾਲ ਮਾਨਵ ਦਾ ਮੋਹ ਆਦਿ-ਕਾਲ ਤੋਂ ਹੀ ਰਿਹਾ ਹੈ। ਹਰ ਵਕਤ ਦਾ ਸਾਹਿਤ ਪਿਛਲੇਰੇ ਸਮੇਂ ਨੂੰ ਹੀ ਅਵਾਜ਼ਾਂ ਮਾਰਦਾ ਰਿਹਾ ਹੈ। ਪਰ ਸਮਕਾਲ ਦੀਆਂ ਹਕੀਕੀ ਸਮੱਸਿਆਵਾਂ ਦਾ ਹੱਲ ਪਿਛਲੇ ਸਮੇਂ ਵਿਚ ਪਰਤ ਜਾਣ ਨਾਲ ਨਹੀਂ ਹੁੰਦਾ। ਇਹ ਵਕਤੀ ਪਹੁੰਚ ਹੈ ਜਿਸ ਬਾਰੇ ਇਕ ਭਰਮ ਬਣਿਆ ਰਹਿੰਦਾ ਹੈ ਅਤੇ ਸਮਕਾਲੀ ਸਮੱਸਿਆਵਾਂ ਦਾ ਵਿਕਰਾਲ ਰੂਪ ਆਪਣੀ ਸਾਰੀ ਨਿੱਗਰਤਾ ਸਮੇਤ ਸਾਡੇ ਸਾਹਮਣੇ ਦਰਪੇਸ਼ ਰਹਿੰਦਾ ਹੈ। ਅਜਿਹੇ ਵਿਚ ਹਰ ਵਰਤਾਰੇ ਦੇ ਪਿੱਛੇ ਕੰਮ ਕਰਦੇ ਪ੍ਰੰਪਚ ਨੂੰ ਉਘਾੜਨਾ ਤੇ ਉਸ ਤਾਣੇ-ਬਾਣੇ ਦਾ ਕੋਈ ਸਿਰਾ ਪਾਠਕਾਂ ਹੱਥ ਫੜਾ ਦੇਣਾ ਹੀ ਸਾਹਿਤ ਦਾ ਕੰਮ ਹੁੰਦਾ ਹੈ। ਦਰਸ਼ਨ ਬੁੱਟਰ ਦੀ ਕਵਿਤਾ ਵਿਚ ਕਿਤੇ-ਕਿਤੇ ਇਸ ਬਾਰੇ ਕੋਈ ਇਸ਼ਾਰਾ ਤਾਂ ਮਿਲਦਾ ਹੈ, ਉਂਝ ਇਹ ਕਵਿਤਾ ਯਥਾਰਥ ਦਾ ਰੋਮਾਂਟਿਕ ਜਿਹਾ ਵਿਵਰਣ ਹੀ ਬਣਕੇ ਰਹਿ ਜਾਂਦੀ ਹੈ। ਫੇਰ ਵੀ ਆਪਣੀਆਂ 'ਜੜ੍ਹਾਂ' ਵੱਲ ਪਰਤਦਿਆਂ ਬਦਲਦੇ 'ਸੂਚਨਾ ਕੇਂਦਰ' ਦੀ ਚਿੰਤਾ ਇਸ ਕਵਿਤਾ ਨੂੰ ਸਾਰਥਕ ਬਣਾਉਣ ਦਾ ਬਲ ਰੱਖਦੀ ਹੈ। ਜਦੋਂ ਸਭ ਸੁਣਨ ਵਾਲੇ ਦੇਖਣ ਵਾਲੇ ਹੋ ਗਏ ਤਾਂ ਸੁਣੀ 'ਤੇ ਵਿਸ਼ਵਾਸ ਕਰਨ ਨਾਲੋਂ ਅੱਖੀਂ ਡਿੱਠਿਆ ਵੇਖਣ ਦੀ ਆਦਤ ਗ੍ਰਹਿਣ ਕਰ ਚੁੱਕੇ ਲੋਕਾਂ ਦਾ ਵਾਰਿਸ ਸ਼ਾਹ ਨੂੰ ਝੂਠਾ ਸਾਬਤ ਕਰਨਾ ਵੀ ਬਣਦਾ ਹੈ। ਆਈ ਫੋਨ ਸਮੱਸਿਆ ਨਹੀਂ ਸਮੱਸਿਆ ਉਸ ਵਿਚੋਂ ਗੁੰਮ ਹੋਏ ਵਾਰਿਸ ਸ਼ਾਹ ਦੀ ਹੈ। ਪਰ ਹਰ ਗੱਲ 'ਐਨੀ ਕੁ ਗੱਲ' ਨਹੀਂ ਹੁੰਦੀ। ਗੱਲ ਬੁਝੀਆਂ ਲਾਲਟੈਣਾਂ ਲੈ ਕੇ ਉਸ ਸੂਰਜ ਵੱਲ ਭੱਜਣ ਦੀ ਹੁੰਦੀ ਹੈ, ਜਿਸ ਦੇ ਸਾਈਕਲ ਦੀ ਚੇਨ ਪਿੰਡ ਦੀ ਫਿਰਨੀ 'ਤੇ ਆ ਕੇ ਉੱਤਰ ਜਾਵੇ, ਉਂਝ ਡੱਡੂਆਂ ਦੀ ਟਰੈਂ-ਟਰੈਂ ਤਾਂ ਹਰ ਮੌਸਮ ਜਾਰੀ ਰਹਿੰਦੀ ਹੈ। 'ਪਰਜਾਪਤਾਂ ਦਾ ਟਿੱਡਾ' ਇਕ ਹੋਰ ਅਜਿਹੀ ਕਵਿਤਾ ਹੈ ਜਿਸ ਰਾਹੀਂ ਕਵੀ ਦਾ ਆਸ਼ਾਜਨਕ ਦ੍ਰਿਸ਼ਟੀਕੋਣ ਨਜ਼ਰ ਆਉਂਦਾ ਹੈ।

*ਲੋਕ ਤਾਂ ਭੋਲ਼ੇ ਨੇ, ਨਹੀਂ ਜਾਣਦੇ*
*ਕੱਲ੍ਹ ਦਾ ਸੂਰਜ,ਪਟਵਾਰੀ ਦੇ ਚੁਬਾਰੇ 'ਚੋਂ ਨਹੀਂ*
*ਟਿੱਡੇ ਦੀ ਆਵੀ 'ਚੋਂ ਚੜ੍ਹੇਗਾ....*

ਪਰ ਲੋਕਾਂ ਦਾ ਇਹ ਕਹਿਣਾ ਕਿ ਜੇ ਪਰਜਾਪਤਾਂ ਦਾ ਟਿੱਡਾ ਦਸਵੀਂ 'ਚੋਂ ਨਾ ਹਟਦਾ ਤਾਂ ਅੱਜ ਪਟਵਾਰੀ ਹੋਣਾ ਸੀ, ਉਪਰੋਕਤ ਆਸ਼ਾਜਨਕ ਉਮੀਦ ਦਾ ਸਵਾਲੀਆ ਚਿੰਨ੍ਹ ਹੈ। ਕੱਲ੍ਹ ਦੇ ਸੂਰਜ ਲਈ ਟਿੱਡੇ ਦੀ ਆਵੀ 'ਤੇ ਕਿਹੜੀ ਜ਼ਮੀਨ ਤਿਆਰ ਹੋ ਰਹੀ ਹੈ। ਸੁਪਨਿਆਂ ਦੀ ਸਿਰਫ ਪਰਿਭਾਸ਼ਾ ਨਹੀਂ, ਅਮਲੀ ਰੂਪ  ਵਿਚ ਜਦ ਤਕ ਟਿੱਡਾ ਨਹੀਂ ਸਿੱਖਦਾ ਪਰਜਾਪਤਾਂ ਦੀ ਦਸਵੀਂ ਕਦੇ ਨਹੀਂ ਪਾਸ ਹੋਣੀ।

ਪੰਜਾਬ ਵਿਚ ਪੈਦਾ ਹੋ ਰਹੇ ਇਹਨਾਂ ਸਮਕਾਲੀ ਸੰਕਟਾਂ ਦੇ ਪਿੱਛੇ ਕਿਧਰੇ ਕੋਈ ਇਕ ਸਾਂਝੀ ਸੰਰਚਨਾ ਕੰਮ ਰਹੀ ਹੈ। ਜਿਸ ਦਾ ਧੁਰਾ ਪੰਜਾਬ ਵਿਚ ਪਸਰੇ ਖੇਤੀ ਸੰਕਟ ਨਾਲ ਜਾ ਜੁੜਦਾ ਹੈ। ਇਸ ਇਕ ਸੰਕਟ ਨਾਲ ਅਨੇਕਾਂ ਸਹਿ ਸੰਕਟ ਜੁੜ ਜਾਂਦੇ ਹਨ ਜਾਂ ਇਸ ਇਕ ਸੰਕਟ ਰਾਹੀਂ ਅਨੇਕਾਂ ਸੰਕਟ ਪੈਦਾ ਹੋ ਰਹੇ ਹਨ। 'ਐਨ ਸੁਵਖਤੇ' ਪਿੰਡ ਵਿਚੋਂ ਆ ਰਹੀਆਂ ਕੁਲਹਿਣੀਆਂ ਅਵਾਜ਼ਾਂ ਇਸੇ ਇਕ ਸੰਕਟ ਅਤੇ ਸਹਿ ਸੰਕਟਾਂ ਦਾ ਸਿੱਟਾ ਹਨ। ਅੱਕੋ ਦਾਈ ਦੇ ਸਿਵਿਆਂ ਦੇ ਰਾਹ ਤੁਰੇ ਤਿੰਨ ਪੁੱਤਰ, ਚੋਰੀ ਹੋਈਆਂ ਮੋਟਰਾਂ, ਨੰਗ ਹੋਏ ਜੱਟਾਂ ਦੀਆਂ ਖਾਲੀ ਟਰਾਲੀਆਂ ਦਾ ਸ਼ੋਰ ਅਤੇ ਬੈਂਕ ਵਾਲਿਆਂ ਦੀ ਜੀਪ ਵੇਖ ਕੇ ਫਿਰਨੀ ਵਾਲੇ ਗੱਜੂ ਬੁੜ੍ਹੇ ਦੀ ਨਿਕਲੀ ਲੇਰ ਇਸੇ ਸੰਕਟ ਦੀ ਤਸਵੀਰਕਸ਼ੀ ਹੈ। ਇਸੇ ਸੰਕਟ ਨਾਲ ਜੁੜੀ ਹੈ 'ਸੀਧੇ ਦੀ ਪਰਚੀ' ਵਿਚੋਂ ਨਿਕਲੀ ਸਲਫਾਸ ਦੀ ਡੱਬੀ। ਜੋ ਨਾ ਤਾਂ ਪਰਚੀ 'ਚ ਲਿਖੀ ਸੀ ਤੇ ਨਾ ਹੀ ਜਿਉਣ ਸਿਹੁੰ ਖੱਬੀਖਾਨ ਨੂੰ ਲੋੜ ਸੀ। ਪਰ



ਵੱਡੇ ਖੱਬੀਖਾਨ ਦੇ ਗਲ਼ ਪਿਆ ਰੱਸਾ ਇਕੋ ਇਕ 'ਰੁਖਸਤ ਹੋਣ ਦਾ ਢੰਗ' ਰਹਿ ਜਾਂਦਾ ਹੈ। ਮੁੜ੍ਹਕੇ ਦਾ ਘਟਦਾ ਮੁੱਲ ਇਕਪਾਸੜ ਨਹੀਂ ਬਹੁ ਦਿਸ਼ਾਵੀ ਵਰਤਾਰਾ ਹੈ। ਇਹ ਜੀਣ ਦੀ ਨਹੀਂ, ਜਿਉਂਦੇ ਰਹਿਣ ਦੀ ਸ਼ਰਤ 'ਤੇ ਖ਼ਰਾ ਨਾ ਉੱਤਰਦੀ ਸਥਿਤੀ ਹੈ ਕਿ ਦਾਣੇ ਸੱਤਿਆਹੀਣ ਹੋ ਗਏ ਹਨ ਜੋ ਕਬੀਲਦਾਰੀ ਦੀ ਗੱਡ ਖਿੱਚਣ ਦੇ ਸਮਰੱਥ ਨਹੀਂ ਰਹੇ।

ਕਾਵਿ-ਸੰਗ੍ਰਿਹ 'ਅੱਕਾਂ ਦੀ ਕਵਿਤਾ' ਦਾ ਦੂਜਾ ਹਿੱਸਾ ਦਰਸ਼ਨ ਬੁੱਟਰ ਦਾ ਆਪਣਾ ਹਿੱਸਾ ਹੈ ਜਦ ਉਹ ਅੱਕਾਂ ਦੀ ਕਵਿਤਾ ਲਿਖ ਕੇ ਫਿਰ ਆਪਣੇ ਵੱਲ ਪਰਤਦਾ ਹੈ। ਇਸ 'ਖ਼ਾਬਗਾਹ' ਵਿਚ ਸੱਤ ਸੁਰਾਂ ਦਾ ਕਰੁਣਾ ਰਾਗ ਛਿੜੇ ਤੋਂ ਜ਼ਖ਼ਮੀ ਹੋਇਆ ਕਬੂਤਰ ਸਾਰੰਗੀ 'ਤੇ ਡਿੱਗਦਾ ਹੈ ਤੇ ਸੁਨੇਹਾ ਦਿੰਦਾ ਹੈ ਸੂਰਜ ਨੂੰ, ਕਿ ਛੱਪੜ ਕਿਨਾਰੇ ਫਿੱਡੀ ਵਗਾਰੀ ਦੀ ਸਚਿਆਰੀ ਧੀ ਸੀਬੋ ਦੀ ਫੱਟੀ ਸੁਕਾਵੇ, ਇਹ ਜਾਣਦੇ ਹੋਏ ਵੀ ਕਿ ਕਿੰਨਾ ਪਾਰਦਰਸ਼ੀ ਹੈ ਸ਼ਬਦਾਂ ਦਾ ਕਾਰੋਬਾਰ...ਓਹਲਿਆਂ ਦਾ ਸੰਸਾਰ। 'ਟੈਟੂਆਂ ਬਹਾਨੇ' ਕਵਿਤਾ ਪਰੰਪਰਕ ਆਦਰਸ਼ਾਂ ਦਾ ਮੁੜ ਦੁਹਰਾਅ ਹੈ। ਜਵਾਨ ਸ਼ੇਰ ਨੂੰ ਜੰਗਲ ਦੀ ਮਰਿਯਾਦਾ ਦੱਸਣਾ ਇਕ ਭਰਮ ਹੈ। ਸਿਆਣਪਾਂ ਬੀਤੇ ਸਮੇਂ ਦੀ ਯਾਦ ਹੁੰਦੀਆਂ ਨੇ,ਹੋਰ ਕੁਝ ਨਹੀਂ। 'ਮਹਿਫਲ' ਕਵਿਤਾ ਵਿਚ ਲੇਖਕ ਦਾ ਲੇਖਕਾਂ 'ਤੇ ਵਿਅੰਗ ਵੀ ਐਵੇਂ ਜ਼ਾਹਰ ਕੀਤੀ ਸਿਆਣਪ ਹੀ ਹੈ ਜੋ ਲੇਖਕਾਂ ਪ੍ਰਤੀ ਸਾਧਾਰਨ ਪਾਠਕ ਦੇ ਮਨ ਅੰਦਰ ਭਰਮ ਪੈਦਾ ਕਰਦੀ ਹੈ, ਲੇਖਕ ਦੀ ਪ੍ਰਤੀਬੱਧਤਾ ਦਾ ਸੁਆਲ ਭਾਵੇਂ ਕਿੰਨਾ ਵੀ ਅਹਿਮ ਕਿਉਂ ਨਾ ਹੋਵੇ। 'ਸ਼ਬਦ ਸੁਗੰਧ', 'ਦੋ ਸਤਰਾ ਖ਼ਤ' ਵਿਚੋਂ ਹੀ ਆਉਂਦੀ ਹੈ 'ਜਦ ਉਹੀ ਗੀਤ ਫੇਰ ਸੁਣਾ' ਲਿਆ ਜਾਂਦਾ ਹੈ। ਸ਼ਾਇਰ ਦੀ 'ਮਨ ਬਚਨੀ' ਦਾ ਸਿੱਟਾ ਹੈ ਕਿ ਉਹ ਅਜਿਹੀ ਕਵਿਤਾ ਲਿਖਣੀ ਚਾਹੁੰਦਾ ਹੈ ਜਿਸ ਵਿਚ ਮਿੱਟੀ ਦੇ ਅਰਥ ਮੁਹੱਬਤ ਹੋਣ, ਜਿਸ ਵਿਚ ਮੋਰ ਕੰਧੋਲੀਆਂ ਤੋਂ ਉੱਡ ਕੇ ਪੈਲ਼ੀਆਂ ਵਿਚ ਨੱਚਣਗੇ। ਇਸ ਕਵਿਤਾ ਦੀ ਉਡੀਕ.......ਆਮੀਨ!

*ਫੂਕ ਨਾ ਮਾਰ/ ਮੱਚਣ ਦੇ ਦੀਵਾ*
*ਅੱਧ-ਜਲੀਆਂ ਮੋਮਬੱਤੀਆਂ/ ਕਦੇ ਫੇਰ ਕੰਮ ਆਉਣਗੀਆਂ...।*

**-ਹਰਵਿੰਦਰ**

## ਚੇਤਿਆਂ ਦਾ ਸੰਦੂਕ (ਯਾਦਾਂ) ਗੁਰਮਿੰਦਰ ਸਿੱਧੂ

ਮਾਂ ਬੋਲੀ ਦੇ ਪਿਆਰ ਵਿਚ ਗੜੁੱਦ ਪੇਸ਼ੇ ਵਜੋਂ ਡਾਕਟਰ ਡਾਕਟਰ ਡਾ. ਗੁਰਮਿੰਦਰ ਸਿੱਧੂ ਪੰਜਾਬੀ ਸਾਹਿਤ ਜਗਤ ਦੀ ਮਾਣਯੋਗ ਸਖਸ਼ੀਅਤ ਹੈ। ਆਪਣੇ ਕਿੱਤੇ ਨੂੰ ਮਿਹਨਤ ਤੇ ਦਿਆਨਤਦਾਰੀ ਨਾਲ ਨਿਭਾਉਂਦਿਆਂ ਅਤੇ ਮਾਂ ਬੋਲੀ ਨਾਲ ਆਪਣੇ ਪਿਆਰ ਨੂੰ ਪ੍ਰਗਟਾਉਂਦਿਆ ਆਪਣੀ ਦਿਲਚਸਪ ਭਾਸ਼ਾ- ਸ਼ੈਲੀ ਰਾਹੀਂ ਪੰਜਾਬੀ ਸਾਹਿਤ ਵਿਚ ਉਹ ਆਪਣਾ ਲੋਹਾ ਮੰਨਵਾ ਚੁੱਕੀ ਹੈ। ਕਵਿਤਾਵਾਂ, ਗੀਤਾਂ, ਗ਼ਜ਼ਲਾਂ ਤੇ ਬਾਲ ਸਾਹਿਤ ਦੀ ਰਚੇਤਾ ਡਾ. ਗੁਰਮਿੰਦਰ ਸਿੱਧੂ ਸਾਡੇ ਸਮਾਜ ਦੇ ਅਹਿਮ ਸਰੋਕਾਰ ਭਰੂਣ ਹੱਤਿਆ ਨੂੰ ਰੋਕਣ ਲਈ ਆਪਣਾ ਫਰਜ਼ ਵੀ ਬਾਖੂਬੀ ਨਿਭਾ ਰਹੀ ਹੈ। ਉਸਦੀ ਹੱਥਲੀ ਪੁਸਤਕ ' ਚੇਤਿਆਂ ਦਾ ਸੰਦੂਕ' (ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ, ਪੰਨੇ 135, ਮੁੱਲ 200 ਰੁਪਏ) ਪੰਜਾਬੀ ਸੱਭਿਆਚਾਰ ਦੇ ਚੌਖਟੇ ਵਿਚ ਸੁਨਿਹਰੀ ਜੜਤ ਵਿਚ ਜੜੀ ਰਚਨਾ ਹੈ।ਇਸ ਵਿਚ ਉਸਨੇ ਅਤੀਤ ਦੇ ਪੰਨਿਆਂ ਵਿਚ ਪਈਆਂ ਆਪਣੀਆਂ ਯਾਦਾਂ ਨੂੰ ਸਮਾਜਕ-ਸਭਿਆਚਾਰਕ ਪ੍ਰਸੰਗ ਵਿਚ ਬਹੁਤ ਖੂਬਸੂਰਤ ਹਰਫਾਂ ਦੇ ਰੂਪ ਵਿਚ ਪਾਠਕਾਂ ਦੇ ਰੂਬਰੂ ਕੀਤਾ ਹੈ।

ਵੱਖੋ ਵੱਖਰੇ ਰੰਗਾਂ ਅਤੇ ਫੁੱਲਾਂ ਨਾਲ ਸਜੀਆਂ ਫੁਲਕਾਰੀਆਂ ਵਾਂਗ 18 ਲੇਖਾਂ ਨਾਲ ਭਰਿਆ ਇਹ 'ਚੇਤਿਆਂ ਦਾ ਸੰਦੂਕ' ਪਾਠਕਾਂ ਦਾ ਧਿਆਨ ਸ਼ੁਰੂ ਤੋਂ ਹੀ ਆਪਣੇ ਵੱਲ ਖਿੱਚ ਲੈਂਦਾ ਹੈ। ਲੇਖਿਕਾ ਦੇ ਸਵੈ-ਕਥਨ ਹੈ: "ਮੈਂ ਵਾਰਤਕ ਰਾਹੀਂ ਵੀ ਲੋਕਮਨਾਂ ਦੀ ਜ਼ਰਖੇਜ਼ ਧਰਤੀ ਵਿਚ ਫੁੱਲ ਬੀਜ ਸਕਦੀ ਹਾਂ, ਜਿਹੜੇ ਵਕਤ ਆਉਣ ਤੇ ਖਿੜਦੇ ਨੇ...ਮਹਿਕਦੇ ਨੇ...ਇਸ ਯਕੀਨ ਨੇ ਚੇਤਿਆਂ

ਦਾ ਸੰਦੂਕ ਖੁਲ੍ਹਵਾ ਲਿਐ ਤੇ ਬਹੁਤ ਕੁਝ ਲਿਖਵਾ ਲਿਐ, ਜੋ ਮੇਰੇ ਦਿਲ ਦੀ ਧੁਰ ਅੰਦਰਲੀ ਧਰਤੀ ਉੱਤੇ ਬੀਜਿਆ ਹੋਇਆ ਸੀ।"

'ਖਟਮਿੱਠੀਆਂ ਇਮਲੀਆਂ' ਸਿਰਲੇਖ ਹੇਠ ਲੇਖਿਕਾ ਨੇ ਆਪਣੇ ਬਚਪਨ ਦੀਆਂ ਰੰਗੀਨ ਯਾਦਾਂ ਦੇ ਚਿਤਰਪਟ 'ਤੇ ਸਕੂਲੀ ਵਿੱਦਿਆ ਪ੍ਰਾਪਤ ਕਰਨ ਵੇਲੇ ਦੇ ਪਲਾਂ ਦਾ ਚਿਤਰਨ ਕੀਤਾ ਹੈ। ਬਾਪ ਦੀ ਫੌਜ ਦੀ ਨੌਕਰੀ ਹੋਣ ਕਾਰਨ ਉਸਦੀ ਪਾਲਣਾ ਪੋਸ਼ਣਾ ਵਿਚ ਦਾਦਾ, ਦਾਦੀ, ਭੂਆ ਤੇ ਚਾਚੇ ਦੀ ਬਹੁਤ ਵੱਡੀ ਭੂਮਿਕਾ ਰਹੀ ਹੈ। ਇਹ ਲੇਖ ਸਕੂਲੀ ਜੀਵਨ ਦੀਆਂ ਯਾਦਾਂ ਦੇ ਰੰਗਲੇਪਣ ਨੂੰ ਪੇਸ਼ ਕਰਦਾ ਹੈ ਜਿੱਥੇ ਅਣਭੋਲਤਾ ਸੀ, ਏਕਤਾ ਸੀ ਤੇ ਦੀਨ ਦੁਨੀਆਂ ਤੋਂ ਬੇਖਬਰੀ ਦਾ ਆਲਮ ਸੀ। ਬਚਪਨ ਦੀ ਇਸ ਰੁੱਤ ਵਿਚ ਕੋਟਲਾ ਛਪਾਕੀ, ਅੱਡੀ ਟੱਪਾ, ਪੀਹਚੋ, ਕਿੱਕਲੀਆਂ, ਚੋਰ ਭਲਾਈ, ਅੰਨ੍ਹਾ ਝੋਟਾ ਆਦਿ ਖੇਡੀਆਂ ਖੇਡਾਂ ਨੂੰ ਚੇਤੇ ਵਿਚ ਲਿਆਉਂਦੀ ਉਹ ਮਹਿਸੂਸ ਕਰਸੀ ਹੈ ਕਿ ਅੱਜ ਦੀਆਂ ਵੀਡੀਓ ਖੇਡਾਂ ਤੇ ਮੋਬਾਇਲਾਂ ਨੇ ਬੱਚਿਆਂ ਤੋਂ ਕਿੰਨੇ ਨਾਯਾਬ ਤੋਹਫੇ ਖੋਹ ਲਏ ਨੇ। ਉਹ ਚਿੰਤਾ ਪ੍ਰਗਟ ਕਰਦੀ ਹੈ ਕਿ "ਸਮਿਆਂ ਨੇ ਜਦੋਂ ਮਨ ਦੀ ਧਰਤੀ ਬੰਜਰ ਕਰ ਦਿੱਤੀ ਤਾਂ ਉਹ ਕੀ ਯਾਦ ਕਰਕੇ ਖਿੜਿਆ ਕਰਨਗੇ?" ਏਸੇ ਹੀ ਅੰਦਾਜ਼ ਵਿਚ ਲੱਕੜ ਦੇ ਖਿਡਾਉਣਿਆਂ, ਗੁੱਡੀਆਂ ਪਟੋਲਿਆਂ ਦੀ ਬਾਤ ਪਾਈ ਗਈ ਹੈ। ਬਚਪਨ ਦੀ ਕਿਸੇ ਵੀ ਯਾਦ ਦੇ ਵਰਨਣ ਵਿਚ ਰੌਚਿਕਤਾ ਦਾ ਅੰਸ਼ ਭਰਪੂਰ ਮਾਤਰਾ ਵਿਚ ਮੌਜੂਦ ਹੈ। ਜਿਵੇਂ 'ਮੈਂ ਸਾਈਕਲ ਨਹੀਂ ਚਲਾਉਂਦੀ ' ਨਾਂ ਦੇ ਲੇਖ ਵਿਚ ਸਾਈਕਲ ਚਲਾਉਣਾ ਸਿੱਖਣ ਲਈ ਐਵਰੈਸਟ 'ਤੇ ਚੜ੍ਹਨ ਵਰਗੇ ਪਲਾਂ ਦਾ ਚਿਤਰਨ।

'ਸਿਮਰਤੀਆਂ ਦੇ ਥਾਲ ਵਿਚ ਜਗਦੀ ਮੋਮਬੱਤੀ' ਸਿਰਲੇਖ ਅਧੀਨ ਲੇਖਿਕਾ ਨੇ ਆਪਣੀ ਸ਼ਖਸੀਅਤ 'ਤੇ ਪਏ ਦਾਦੀ ਦੇ ਪ੍ਰਭਾਵਾਂ ਨੂੰ ਚਿਤਰਿਆ ਹੈ। 'ਮੂਲ ਨਾਲੋਂ ਵਿਆਜ ਜਿਆਦਾ ਪਿਆਰਾ ਹੁੰਦਾ ਹੈ', ਦੀ ਕਹਾਵਤ ਅਨੁਸਾਰ ਆਪਣੀ ਦਾਦੀ ਵੱਲੋਂ ਮਿਲੇ ਭਰਪੂਰ ਪਿਆਰ ਦੇ ਵੇਰਵੇ ਦੇ ਨਾਲ ਏਥੇ ਉਸਨੇ ਮੱਧਵਰਗੀ ਕਿਸਾਨੀ ਪਰਿਵਾਰ ਦੀ ਸਿਆਣੀ ਸੁਆਣੀ ਦੇ ਸ਼ਰੀਰਕ ਤੇ ਮਾਨਸਿਕ ਹੌਂਸਲੇ ਦੇ ਭਰਪੂਰ ਪ੍ਰਸੰਗ ਪੇਸ਼ ਕੀਤੇ ਹਨ। ਮੀਂਹ ਦੇ ਦਿਨਾਂ ਵਿਚ ਦਾਦੀ ਦਾ ਕੋਠੇ ਚੜ੍ਹਕੇ ਮੋਰੀਆਂ ਬੰਦ ਕਰਨਾ, ਲੇਖਿਕਾ ਨੂੰ ਪੜ੍ਹਾਈ ਕਰਾਉਣ ਦਾ ਹੱਠ ਅਤੇ ਇਸ ਮੰਤਵ ਲਈ ਸ਼ਹਿਰ ਵਿਚ ਕਿਰਾਏ 'ਤੇ ਕਮਰਾ ਲੈਕੇ ਨਾਲ ਰਹਿਣਾ, ਧੂੰਏ ਨਾਲ ਜੂਝਦੀ ਦਾ ਰਸੋਈ ਦਾ ਕੰਮ ਕਰਨਾ, ਅਨਪੜ੍ਹ ਹੁੰਦੇ ਹੋਇਆਂ ਦਾਣਿਆਂ ਦੀ ਗਿਣਤੀ ਨਾਲ ਪੈਸੇ ਦਾ ਹਿਸਾਬ ਰੱਖਣਾ ਤੇ ਉਸਦੀ ਰੋਜ਼ਮਰ੍ਹਾ ਦੀ ਜਿੰਦਗੀ ਦਾ ਚਿਤਰਨ ਬਹੁਤ ਹੀ ਯਥਾਰਥਕ ਹੈ।"ਬੇਬੇ ਜਿੰਦਗਾਨੀ ਦੇ ਚਾਅ ਨਾਲ ਭਰ ਭਰ ਵਗਦੀ ਕੋਈ ਦਰਵੇਸ਼ ਰੂਹ ਸੀ....ਮੈਂ ਕਦੀ ਉਹਨੂੰ ਰੋਂਦਿਆਂ ਜਾਂ ਕੋਈ ਗਿਲਾ ਸ਼ਿਕਵਾ ਕਰਦਿਆਂ ਨਾ ਦੇਖਿਆ, ਨਾ ਕਦੇ ਉਹਦੀ ਜ਼ੁਬਾਨੋ ਕੋਈ ਗਾਲ੍ਹ ਦੁੱਪੜ ਸੁਣੀ ਤੇ ਨਾ ਹੀ ਕਿਸੇ ਲਈ ਉੱਚਾ ਨੀਵਾਂ ਬੋਲ।"

ਏਸੇ ਤਰ੍ਹਾਂ ਹੀ ਉਸਨੇ ਆਪਣੇ ਪਾਪਾ ਅਤੇ ਪਤੀ ਬਲਦੇਵ ਸਿੰਘ ਨਾਲ ਜੁੜੀਆਂ ਘਟਨਾਵਾਂ ਨੂੰ ਬਹੁਤ ਮੋਹਵੰਤੇ ਢੰਗ ਨਾਲ ਯਾਦ ਕੀਤਾ ਹੈ। 'ਸਿਦਕਾਂ ਦਾ ਸਿਰਨਾਵਾਂ' ਸਿਰਲੇਖ ਅਧੀਨ ਧਰਮੀ ਬਾਬਲ ਨਾਲ ਜੁੜੀਆਂ ਯਾਦਾਂ ਪੇਸ਼ ਹਨ। ਫੌਜੀ ਬਾਪ ਦੇ ਛੁੱਟੀ ਆਉਣ 'ਤੇ ਘਰ ਦੇ ਵਿਹੜ ਵਿਚ ਰੌਣਕਾਂ ਲੱਗ ਜਾਂਦੀਆਂ ਸਨ। ਕਿਸੇ ਚਿਰ ਉਡੀਕੇ ਉਤਸਵ ਵਾਂਗ ਹਾਸਿਆਂ ਦੀ ਇਹ ਰੁੱਤ ਸਾਲ ਵਿਚ ਇਕ ਵਾਰ ਆਉਂਦੀ ਸੀ ਜਦੋਂ "ਘਰ ਵਿਚ ਹਰ ਵਕਤ ਗਹਿਮਾ ਗਹਿਮੀ ਰਹਿੰਦੀ...ਇਕ ਤੁਰਦਾ ਦੂਜਾ ਆ ਜਾਂਦਾ, ਚਾਹ ਦਾ ਦੇਗਾ ਚੜ੍ਹਿਆ ਰਹਿੰਦਾ......ਵਿਹੜਾ ਕਹਿਕਹਿਆਂ ਨਾਲ ਛਣਕਦਾ ਰਹਿੰਦਾ।" ਲੇਖਿਕਾ ਨੂੰ ਛੋਟੀ ਉਮਰੇ ਬਾਲ ਸਾਹਿਤ ਦੀ ਚੇਟਕ ਲਾਉਣ ਵਿਚ ਉਸਦੇ ਪਾਪਾ ਦਾ ਵਧੇਰੇ ਹੱਥ ਸੀ।

'ਟੁੱਟ ਪੁੱਗੀਆਂ ਮੁਹੱਬਤਾਂ' ਵਿਚ ਲੇਖਿਕਾ ਨੇ ਆਪਣੇ ਪਤੀ ਬਲਦੇਵ ਨਾਲ ਪਹਿਲੀ ਮਿਲਣੀ,



ਅਣਭੋਲਪੁਣੇ ਵਿਚ ਭੂਆ ਨੂੰ ਵਿਆਹ ਲਈ ਪਹਿਲਾਂ ਅਤੇ ਫਿਰ ਹਾਂ ਕਰਨ, ਮੰਗੇਤਰ ਵੱਲੋਂ ਸੱਤ ਦਿਨਾਂ ਵਿਚ ਖਤ ਰਾਂਹੀ ਮੰਗੀ ਸਹਿਮਤੀ, ਸਹੁਰਿਆਂ ਵੱਲੋਂ ਦਾਜ ਦੀ ਮੰਗ, ਲੇਖਿਕਾ ਦਾ ਸਹੁਰਿਆਂ ਨੂੰ ਦਾਜ ਦੇ ਲੋਭੀ ਗਰਦਾਨਕੇ ਵਿਆਹ ਤੋਂ ਨਾਂਹ ਲਈ ਲਿਖਿਆ ਖਤ ਅਤੇ ਇਸ ਖਤ ਬਾਰੇ ਬਲਦੇਵ ਦਾ ਫੌਰੀ ਪ੍ਰਤੀਕਰਮ ਅਤੇ ਸਿਰਫ ਸਵਾ ਰੁਪਏ ਦੇ ਖਰਚ ਨਾਲ ਫੌਰੀ ਵਿਆਹ ਦਾ ਪ੍ਰਸਤਾਵ, ਸਹੁਰਾ ਸਾਹਿਬ ਦੇ ਦਖਲ ਨਾਲ ਸਮਾਜਕ ਮਰਯਾਦਾ ਅਨੁਸਾਰ ਵਿਆਹ ਦਾ ਜ਼ਿਕਰ, ਸਾਰੇ ਹੀ ਸਾਹ ਰੋਕ ਕੇ ਪੜ੍ਹਨ ਵਾਲੇ ਬਿਰਤਾਂਤ ਹਨ, ਜਿਹਨਾਂ ਨੂੰ ਲੇਖਿਕਾ ਨੇ ਬਹੁਤ ਹੀ ਦਿਲਚਸਪ ਸ਼ੈਲੀ ਨਾਲ ਪੈਸ਼ ਕੀਤਾ ਹੈ। ਅਤੇ ਫਿਰ " ਕੁਝ ਰਸਮਾਂ...ਕੁਝ ਸ਼ਗਨ..." ਗੁਰੂ ਦੀ ਹਾਜ਼ਰੀ ਵਿਚ ਛੋਹਿਆ ਸ਼ਬਦ 'ਪੱਲੇ ਤੈਂਡੇ ਲਾਗੀ...' ਤੇ ਉਹ ਮਨਚਿੰਦਿਆ ਪੱਲਾ ਲੇਖਿਕਾ ਨੇ ਹੁਣ ਤੱਕ ਘੁੱਟ ਕੇ ਫੜਿਆ ਹੋਇਆ ਹੈ।

'ਇਕ ਛਿੱਟ ਚਾਨਣ ਦੀ' ਵਿਚ ਉਹਨਾਂ ਚਾਨਣ ਦੇ ਵਣਜਾਰਿਆਂ ਦਾ ਜ਼ਿਕਰ ਹੈ ਜਿਹਨਾਂ ਸਦਕਾ ਉਹ ਜ਼ਿੰਦਗੀ ਦੇ ਹਨੇਰੇ ਪਲਾਂ ਤੋਂ ਬਚੀ। ਲੋੜਵੰਦਾਂ ਲਈ ਬਲਦੇਵ ਖਹਿਰਾ ਤੇ ਗੁਰਮਿੰਦਰ ਸਿੱਧੂ ਦੀ ਜੋੜੀ ਮਸੀਹਾ ਬਣ ਕੇ ਉੱਤਰਦੀ ਰਹੀ ਹੈ, ਉਹਨਾਂ ਦੀ ਜ਼ਿੰਦਗੀ ਵਿਚ ਚਾਨਣ ਭਰਦੀ ਰਹੀ ਹੈ। 'ਸੱਟ ਵਾਲੀ ਗੁੱਥਲੀ' ਅੱਜ ਦੇ ਦੌਰ ਵਿੱਚ ਭੋਲੇ ਭਾਲੇ ਲੋਕਾਂ ਦੇ ਚਲਾਕ ਬੰਦਿਆਂ ਨਾਲ ਪਏ ਵਾਹ ਨੂੰ ਚਿਤਰਦੀ ਯਾਦ ਹੈ। ਪੰਜ ਸੱਤ ਬਰਾਤੀਆਂ ਨੂੰ ਚਾਹ ਪੁੱਛਣ ਤੋਂ ਟਾਲ਼ਾ ਵੱਟਣ ਵਾਲੇ ਆਪਣੇ ਧੀ ਦੇ ਸਹੁਰਿਆਂ ਵੱਲੋਂ ਰੱਖੇ ਪ੍ਰੋਗਰਾਮ ਵਿਚ ਠਾਠ ਬਾਠ ਨਾਲ ਆਪਣੇ ਰਿਸ਼ਤੇਦਾਰਾਂ ਨੂੰ ਵੀ ਬੁਲਾਉਂਦੇ ਹਨ, ਜਿਸਦਾ ਪੋਲ ਇਕ ਰਿਸ਼ਤੇਦਾਰ ਸਹਿਜ ਸੁਭਾਅ ਹੀ ਖੋਲ੍ਹ ਜਾਂਦਾ ਹੈ: 'ਬੀਬਾ ਅਸੀਂ ਲੜਕੀ ਵਾਲੇ ਪਾਸਿਉਂ ਹਾਂ...ਉਹਨਾਂ ਕਿਹਾ ਸੀ ਸਿੱਧੇ ਇੱਥੇ ਹੀ ਅੱਪੜ ਜਾਇਉ...।'

'ਫਿਕਰ ਤੋਂ ਫਖਰ ਤਕ ਦੀ ਯਾਤਰਾ' ਵਿਚ ਲੇਖਿਕਾ ਨੇ ਆਪਣੇ ਬੇਟੇ ਰਿਸ਼ਮ ਵੱਲੋਂ ਨਵੇਂ ਕਾਈਨੈਟਿਕ ਤੇ ਮਾਸੀ ਕੋਲ ਲੁਧਿਆਣੇ ਜਾਣ ਦੇ ਬਿਰਤਾਂਤ ਦੇ ਨਾਲ ਨਾਲ ਪੰਜਾਬ ਸੰਤਾਪ ਦੇ ਦਿਨਾਂ ਦਾ ਵੀ ਚਿਤਰਨ ਕੀਤਾ ਹੈ। ਅਤਿਵਾਦ ਦੇ ਕਾਲ਼ੇ ਦਿਨਾਂ ਵਿਚ ਕਾਈਨੈਟਕ ਸਵਾਰ ਪੁੱਤਰ ਸੜਕ 'ਤੇ ਕਿਸੇ ਐਕਸੀਡੈਂਟ ਕਾਰਨ ਜ਼ਖਮੀ ਪਿਆ ਬੇਹੋਸ਼ ਬੰਦਾ ਦੇਖਦਾ ਹੈ, ਮਾਂ ਬਾਪ ਵੱਲੋਂ ਮਿਲੇ ਵਧੀਆ ਸੰਸਕਾਰਾਂ ਅਨੁਸਾਰ ਉਹ ਪੁਲਿਸ ਨੂੰ ਇਸਦੀ ਇਤਲਾਹ ਕਰਦਾ ਹੈ, ਜ਼ਖਮੀ ਦੀਆਂ ਦਵਾਈਆਂ ਦਾ ਖਰਚਾ ਕਰਦਾ ਹੈ। ਪਰ ਪੁਲਸ ਉਸਨੂੰ ਉਦੋਂ ਤਕ ਨਹੀਂ ਛੱਡਦੀ ਜਦੋਂ ਤਕ ਬੇਹੋਸ਼ ਵਿਅਕਤੀ ਸੁਰਤ ਵਿਚ ਆਉਣ 'ਤੇ ਪੁਲਸ ਨੂੰ ਇਹ ਨਹੀਂ ਦੱਸਦਾ ਕਿ ਐਕਸੀਡੈਂਟ ਉਸਨੇ ਨਹੀਂ ਕੀਤਾ।। ਸਾਰਾ ਬਿਰਤਾਂਤ ਯਥਾਰਥਕ ਹੈ ਤੇ ਪੁਲਿਸ ਦੀ ਕਾਰਵਾਈ ਤੇ ਮਾਪਿਆਂ ਦੇ ਫਿਕਰ ਦਾ ਪ੍ਰਗਟਾਉ ਹੈ ਜੋ ਕਿ ਅੰਤ ਵਿੱਚ ਸੰਸਕਾਰਾਂ ਤੇ ਫਖਰ ਹੋ ਨਿੱਬੜਦਾ ਹੈ।

'ਇੰਡੀਆ ਤੈਨੂੰ ਗੁਰਬਾਜ ਬੁਲਾਉਂਦਾ' ਸਿਰਲੇਖ ਹੇਠ ਲੇਖਿਕਾ ਨੇ ਆਪਣੇ ਪੋਤੇ ਗੁਰਬਾਜ ਦੇ ਦਾਦੇ ਦਾਦੀ ਨਾਲ ਮੋਹ ਭਿੱਜੇ ਰਿਸ਼ਤੇ ਨੂੰ ਬਾਖੂਬੀ ਚਿੱਤਰਿਆ ਹੈ, ਅੱਜ ਕੱਲ ਨੋਜਵਾਨ ਪੀੜ੍ਹੀ ਦੇ ਪਰਵਾਸ ਸਮੇਂ ਛੋਟੇ ਬੱਚਿਆਂ ਦੀ ਮਾਨਸਿਕ ਸਥਿਤੀ ਨੂੰ ਬਹੁਤ ਹੀ ਭਾਵਨਾਤਮਕ ਢੰਗ ਨਾਲ ਚਿਤਰਿਆ ਹੈ। ਜਿੱਥੇ ਵਿਦੇਸ਼ੀ ਧਰਤੀ ਤੇ ਪਹੁੰਚੀਆਂ ਅਣਭੋਲ ਜਿੰਦਾਂ ਵੱਡਿਆਂ ਦੀ ਗੈਰ ਮੌਜੂਦਗੀ ਨੂੰ ਤਰਸਦੀਆਂ ਹਨ ਤੇ ਨਾ ਖਤਮ ਹੋਣ ਵਾਲੀ ਗਿਣਤੀ ਤੱਕ ਆਪਣੇ ਕੋਲ ਰੱਖਣਾ ਚਾਹੁੰਦੀਆਂ ਹਨ। 'ਮੱਥਿਆ ਵਿੱਚ ਪੰਜਾਬੀ ਅਤ ਦੇ ਦੀਵੇ ' ਲੇਖਿਕਾ ਦੇ ਮਾਂ ਬੋਲੀ ਪੰਜਾਬੀ ਨਾਲ ਪਿਆਰ ਪ੍ਰਤੀਬੱਧਤਾ ਨੂੰ ਦਰਸਾਉਂਦਾ ਹੈ। ਦੋ ਮੁਖੀਆਂ ਇਬਾਰਤਾਂ ਜ਼ੋ ਕਿ ਲੇਖਿਕਾ ਦੇ ਪੰਜਾਬੀ ਵਿੱਚ ਸੱਦਾ ਪੱਤਰ , ਮੁਬਾਰਕਾਂ ਤੇ ਹੋਰ ਮੋਕਿਆਂ ਲਈ ਇਬਾਰਤਾਂ ਦਾ ਸੰਗਹ੍ਰਿ ਹੈ ਦੀ ਸਿਰਜਣਾ ਦਾ ਪਿਛੋਕੜ ਇਹੀ ਪਿਆਰ ਹੈ। ਮਾਂ ਬਾਪ ਦੇ ਸੰਸਕਾਰ ਬੱਚਿਆਂ ਤੱਕ ਜਾਣੇ ਕੁਦਰਤੀ ਹਨ।

'ਸਤਰੰਗੀ ਪੀਂਘ ਦੀ ਖੇਤੀ' ਵਿਚ ਲੇਖਿਕਾ ਨੇ ਆਪਣੇ ਕਿੱਤੇ ਅੱਜ ਦੇ ਲੋਭ-ਲਾਲਚਾਂ ਪੈਸੇ ਤੋਂ ਬਚਕੇ ਬੜੀ ਇਮਾਨਦਾਰੀ ਨਾਲ ਨਿਭਾਉਣ ਦੇ ਬਿਰਤਾਂਤ ਪੇਸ਼ ਕੀਤੇ ਹਨ, ਜਿਹਨ੍ਹਾਂ ਤੇ ਮਾਣ ਕਰਨਾ

ਬਣਦਾ ਹੈ ਤੇ ਇਹੀ ਅਹਿਸਾਸ ਜਿੰਦਗੀ ਦਾ ਸਕੂਨ ਬਣਦੇ ਹਨ। ਜਾਤਾਂ, ਮਜਹਬਾਂ ਤੋਂ ਉੱਪਰ ਉੱਠ ਕੇ ਮੋਹ ਤੇ ਸੰਜੀਦਗੀ ਨਾਲ ਨਿਭਾਏ ਰਿਸ਼ਤਿਆਂ ਦੀ ਮਹਿਕ 'ਮਜਹਬਾਂ ਤੋਂ ਉੱਪਰ ਮਹਿਕਦੇ ਰਿਸ਼ਤਿਆਂ' ਵਿੱਚ ਪੇਸ਼ ਹੋਈ ਹੈ। ਭਰੂਣ ਹੱਤਿਆ ਦੇ ਜਮਾਨੇ ਵਿੱਚ ਲੋਕਾਂ ਦੀਆਂ ਜ਼ਮੀਰਾਂ ਨੂੰ ਝੰਜੋੜਨਾ ਤੇ ਧੀਆਂ ਦੀ ਜਿੰਦਗੀ ਨੂੰ ਅਰਥ ਦੇਣੇ 'ਕਿਰਮਚੀ ਪਲਾਂ ਦੀ ਰਿਮਝਿਮ' ਵਿੱਚ ਪੇਸ਼ ਹੋਏ ਹਨ। ਲੇਖਿਕਾ ਅਨੁਸਾਰ ਕੁਝ ਲੋਕ ਧਰਤੀ ਤੇ ਫਰਿਸ਼ਤੇ ਵੀ ਹਨ ਜਿਹਨ੍ਹਾਂ ਨੇ ਲੋਭ ਲਾਲਚਾਂ ਦੇ ਭਾਰ ਨਾਲ ਡੋਲ ਰਹੀ ਧਰਤੀ ਨੂੰ ਬਚਾਇਆ ਹੋਇਆ ਹੈ। 'ਦੀਵਾਲੀ ਦੇ ਅਨਾਰਾਂ ਵਰਗੀ ਖਿੜਖਿੜਾਹਟ' ਵਿੱਚ ਸਾਡੇ ਅਜੋਕਾ ਜਿੰਦਗੀ ਚ ਅਲੋਪ ਹੋ ਰਹੇ ਅਹਿਮ ਪੱਖ ਹਾਸਰਸ ਨੂੰ ਪੇਸ਼ ਕਰਦੇ ਬਿਰਤਾਂਤ ਸਿਰਜੇ ਹਨ। ਡਾਕਟਰੀ ਵਾਲੀ ਟਰੰਕੀ ਵਿੱਚੋਂ ਮਿਲੀਆਂ ਅਸੀਸਾਂ ਦੇ ਗੱਫੇ ਹਨ ਤੇ ਨਾਲ ਨਾਲ ਹੀ ਅਣਭੋਲ ਸੁਭਾਅ ਕਾਰਨ ਆਈਆਂ ਔਕੜਾਂ ਦਾ ਜਿਕਰ ਹੈ। ਲੇਖਿਕਾ ਨੇ ਆਪਣੀਆਂ ਯਾਦਾਂ ਦੇ ਰੁਮਾਲ ਵਿਚ ਬੰਨ੍ਹੇ ਸਿਤਾਰੇ ਬੜੀ ਖ਼ੂਬਸੂਰਤੀ ਨਾਲ ਚੇਤਿਆਂ ਦੇ ਸੰਦੂਕ 'ਤੇ ਜੜ ਦਿੱਤੇ ਹਨ ਜਿਹਨਾਂ ਦੀ ਆਭਾ, ਤਲਿੱਸਮੀ ਚਮਕਣ ਪਾਠਕਾਂ ਨੂੰ ਆਪਣੇ ਵੱਲ ਖਿੱਚ ਲੈਂਦੀ ਹੈ।

ਸਮੁੱਚੇ ਤੌਰ 'ਤੇ ਇਸ ਸੰਦੂਕ ਵਿਚ ਪਿਆ ਸਭ ਕੁਝ, ਯਾਦਾਂ ਦੀਆਂ ਫੁਲਕਾਰੀਆਂ ਤੇ ਹੋਰ ਨਿੱਕਸੁੱਕ, ਬਹੁਤ ਵਧੀਆ ਢੰਗ ਨਾਲ, ਦਿਲਚਸਪ ਸ਼ੈਲੀ ਅਤੇ ਸੁਚੱਜੀ ਸ਼ਬਦ ਬਣਤਰ ਨਾਲ ਪੰਜਾਬੀ ਸੱਭਿਆਚਾਰ ਦੀ ਚਾਸ਼ਨੀ ਵਿਚ ਡੁਬੋ ਕੇ ਪੇਸ਼ ਕੀਤਾ ਗਿਆ ਹੈ। ਇਸ ਵਿਚੋਂ ਭਰਪੂਰ ਪਿਆਰ ਵਾਲੀ ਜਿੰਦਗੀ ਜਿਉਣ ਤੇ ਮਾਨਣ ਵਾਲੇ ਜੀਵਾਂ ਦੇ ਦਰਸ਼ਨ ਹੁੰਦੇ ਹਨ, ਜੋ ਰਿਸ਼ਤਿਆਂ ਵਿਚ ਸਦੀਵੀ ਮਹਿਕ ਲਿਆਉਂਦੇ ਹਨ। ਅੱਜ ਦੇ ਯੁੱਗ ਵਿੱਚ ਪੈਸੇ ਤੇ ਨਿੱਜਤਾ ਕਾਰਨ ਜਦੋਂ ਸਾਡੇ ਹੱਥੋਂ ਰਿਸ਼ਤੇ ਕਿਰ ਰਹੇ ਹਨ,ਰਿਸ਼ਤਿਆਂ ਦੀ ਖ਼ੂਬਸੂਰਤੀ ਨੂੰ ਵਿਸਥਾਰਦੀ ਅਜਿਹੀ ਵਧੀਆ ਕਿਰਤ ਦਾ ਸੁਆਗਤ ਕੀਤਾ ਜਾਣਾ ਬਣਦਾ ਹੈ, ਜੋ ਨਵੀਂ ਪੀੜ੍ਹੀ ਲਈ ਚਾਨਣ ਮੁਨਾਰਾ ਬਣਨ ਦੇ ਸਮਰੱਥ ਹੈ। ਗੁਰਮਿੰਦਰ ਸਿੱਧੂ ਦਾ 'ਚੇਤਿਆਂ ਦਾ ਸੰਦੂਕ' ਆਪਣੇ ਅੰਦਰ ਮਾਂ ਬੋਲੀ, ਸੱਭਿਆਚਾਰ, ਰਿਸ਼ਤਾ ਨਾਤਾ ਪ੍ਰਬੰਧ, ਰਹਿਣ ਸਹਿਣ, ਮਨੋਰੰਜਨ, ਗੱਲ ਕੀ ਸਾਡੀ ਜ਼ਿੰਦਗੀ ਦੇ ਹਰ ਰੰਗ ਦੀਆਂ ਯਾਦਾਂ ਨੂੰ ਆਪਣੇ ਅੰਦਰ ਸਮੋਈ ਬੈਠੀ ਵਧੀਆ ਕਿਰਤ ਹੈ, ਜਿਸਦੇ ਦਰਸ਼ਨ ਹਰ ਪੰਜਾਬੀ ਪਾਠਕ ਨੂੰ ਕਰਨੇ ਬਣਦੇ ਹਨ। ਵਾਰਤਕ ਵਿਚ ਲਿਖੀ ਕਵਿਤਾ ਵਰਗੀ ਇਬਾਰਤ ਮਨ ਅੰਦਰ ਡੂੰਘੀ ਲਹਿ ਜਾਂਦੀ ਹੈ। **-ਪੁਸ਼ਵਿੰਦਰ ਕੌਰ**

## ਜ਼ੀਨਤ (ਨਾਵਲ) ਗੁਰਮੀਤ ਸਿੰਘ ਸੰਧੂ

ਅਮਰੀਕਾ ਦੀ ਮਿਸ਼ੀਗਨ ਸਟੇਟ ਦੇ ਸ਼ਹਿਰ ਨਵੋਈ ਵਿਚ ਹਾਲ ਆਬਾਦ ਗੁਰਮੀਤ ਸਿੰਘ ਸੰਧੂ ਪੰਜਾਬੀ ਵਿਚ ਪ੍ਰਾਹੁਣੀਆਂ ਆਈਆਂ ਹਾਇਕੂ, ਹਾਇਬਨ ਅਤੇ ਹਾਇਗਾ ਕਾਵਿ ਵਿਧਾਵਾਂ ਦੇ ਮੋਹਰੀ ਕਵੀਆਂ ਵਿਚੋਂ ਹੈ। ਇਹਨਾਂ ਵਿਧਾਵਾਂ ਵਿਚ 'ਖਿਵਣ', 'ਮਹਿਕਾਰ', 'ਪੈੜ ਤੇ ਪਰਛਾਵੇਂ', 'ਰੰਗ ਹਰਫੀ' ਅਤੇ 'ਮਲ੍ਹਿਆਂ ਦੇ ਬੇਰ' ਪੰਜ ਪੁਸਤਕਾਂ ਛਪੀਆਂ ਹਨ। ਸੱਠਵਿਆਂ ਵਿਚ ਇੰਗਲੈਂਡ ਵਿਚਲੇ ਸਪਤਾਹਿਕ 'ਦੇਸ ਪ੍ਰਦੇਸ' ਦੀ ਸਹਿ ਸੰਪਾਦਕੀ ਕਰਦਿਆਂ ਅਤੇ ਸੱਤਰਵਿਆਂ ਵਿਚ ਅਮਰੀਕਾ ਆ ਕੇ ਆਪ ਚਲਾਏ ਹਫਤਾਵਾਰ 'ਪੰਜਾਬ ਪੱਤਰ' ਵਰਗੇ ਉੱਦਮ ਰਚਦਿਆਂ, ਲੰਬੇ ਸਮੇਂ ਤੋਂ ਪੰਜਾਬੀ ਨੂੰ ਸਮਰਪਤ ਤੇ ਦੇਸ ਬਿਦੇਸ਼ ਵਿਚ ਮਸ਼ਹੂਰ ਹੋਈ ਇਸ ਰੰਗਦਾਰ ਹਸਤੀ ਨੇ ਹੱਥਲੇ ਨਾਵਲ 'ਜ਼ੀਨਤ' (ਪੰਨੇ 104, ਮੁੱਲ 250 ਰੁਪਏ, ਲੋਕਗੀਤ ਪ੍ਰਕਾਸ਼ਨ, ਮੁਹਾਲੀ) ਦੁਆਰਾ ਹੁਣ ਗਲਪ ਦੇ ਖੇਤਰ ਵਿਚ ਹੱਥ ਅਜ਼ਮਾਇਆ ਹੈ। ਗਲਪ ਦਾ ਮਨੋਰਥ ਸਮੁੱਚੇ ਰੂਪ ਵਿਚ ਸਮਾਜ ਦੇ ਕਲਿਆਣ ਲਈ ਸੱਚਾ ਸੁੱਚਾ ਉਸਾਰੂ ਦ੍ਰਿਸ਼ਟੀਕੋਣ ਰਖਦਿਆਂ ਭਰਾਤਰੀ ਭਾਵ ਤੇ ਭਾਈਚਾਰਕ ਏਕਤਾ ਦਾ ਸੁਝਾਉ ਦੇਣਾ ਹੈ, ਕਿਸੇ ਤਰ੍ਹਾਂ ਦੀ ਨਫਰਤ ਫੈਲਾਉਣਾ ਨਹੀਂ। ਡਾਕਟਰ ਰਘਬੀਰ ਸਿੰਘ ਅਨੁਸਾਰ, "ਇਕ ਚੰਗੀ ਨਾਵਲ ਰਚਨਾ ਕੋਈ ਥੀਸਿਸ ਨਹੀਂ ਹੁੰਦੀ ਕਿ ਉਹ ਕੁਝ ਸਿੱਧ ਕਰਨ ਦੇ ਆਹਰ ਵਿਚ ਰੌਚਿਕਤਾ ਦੇ ਪੱਖ ਨੂੰ ਅਣਗੌਲਿਆਂ ਕਰ ਦੇਵੇ। ਨਾ ਹੀ ਇਕ ਚੰਗਾ ਨਾਵਲ ਉਹ ਹੈ



ਜੋ ਰੌਚਿਕਤਾ ਨੂੰ ਮੁੱਖ ਰੱਖ ਕੇ ਅਜਿਹੀ ਪੇਤਲੀ ਸਮੱਗਰੀ ਨਾਲ ਕੰਮ ਚਲਾਵੇ ਕਿ ਉਸਦੇ ਪੜ੍ਹਨ ਮਗਰੋਂ ਪਾਠਕ ਨੂੰ ਕੁਝ ਵੀ ਨਵਾਂ ਪ੍ਰਾਪਤ ਹੋਇਆ ਮਹਿਸੂਸ ਨਾ ਹੋਵੇ।"

ਗੁਰਮੀਤ ਸਿੰਘ ਸੰਧੂ ਦੀ ਪਲੇਠੀ ਦੀ ਅਤਿ ਸੰਖੇਪ ਨਾਵਲੀ ਕਿਰਤ ਵਿਸ਼ੇ ਅਤੇ ਇਸਦੇ ਨਿਭਾਅ ਤੇ ਸੁਝਾਅ ਪੱਖ ਤੋਂ ਇਕ ਮੁੱਲਵਾਨ ਰਚਨਾ ਹੈ, ਜਿਸਤੋਂ ਲੇਖਕ ਦੇ ਕਲਿਆਣਕਾਰੀ, ਸਵੱਛ ਨਜ਼ਰੀਏ ਦੇ ਦਰਸ਼ਨ ਹੁੰਦੇ ਹਨ। ਉਪਰੋਕਤ ਮਕਸਦ ਨੂੰ ਸੁਝਾਉਣ ਹਿਤ ਉਹ ਇਕ ਰੌਚਕ ਕਥਾ ਬਿਰਤਾਂਤ ਸਿਰਜਦਾ ਹੈ, ਜਿਹੜਾ ਲੁਧਿਆਣਾ ਜ਼ਿਲ੍ਹੇ ਦੇ ਪਿੰਡ ਚੱਕ ਦਾਨ ਸਿੰਘ ਨਾਲ ਸੰਬੰਧਤ ਹੈ, ਜਿੱਥੇ ਨੰਬਰਦਾਰ ਬਚਨ ਸਿੰਘ ਅਤੇ ਮੁਨਸ਼ੀ ਅਲੀ ਬਖਸ਼ ਦੇ ਪਰਿਵਾਰ ਰੰਗੀਂ ਵਸਦੇ ਹਨ। ਇਹ ਦੋਵੇਂ ਅੱਠਵੀਂ ਜਮਾਤ ਤਕ ਹਮਜਮਾਤੀ ਰਹੇ ਹਨ। ਬਚਨ ਸਿੰਘ ਦੇ ਪਿਤਾ ਬਦਨ ਸਿੰਘ ਅਤੇ ਅਲੀ ਬਖਸ ਦੇ ਅੱਬਾ ਨਵਾਬ ਅਲੀ ਦੀ ਵੀ ਭਾਈਚਾਰਕ ਸਾਂਝ ਰਹੀ ਹੈ ਜਿਸ ਸਦਕਾ ਅਲੀ ਬਖਸ਼ ਨੂੰ ਨੰਬਰਦਾਰਾਂ ਵੱਲੋਂ ਪੜ੍ਹਾਈ ਵਿਚ ਵੀ ਇਮਦਾਦ ਕੀਤੀ ਜਾਣ ਕਰਕੇ ਸਾਂਝ ਹੋਰ ਪਕੇਰੀ ਹੁੰਦੀ ਗਈ। ਅਲੀ ਬਖਸ਼ ਇਲਾਕੇ ਵਿਚ ਮਾਸਟਰ/ਮੁਨਸ਼ੀ ਲੱਗਿਆ ਹੈ, ਜਦੋਂ ਹੱਲੇ ਪੈ ਜਾਂਦੇ ਹਨ। ਭਾਰਤ ਪਾਕਿ ਵੰਡ ਅਨੁਸਾਰ ਅਲੀ ਬਖਸ਼ ਨੂੰ ਪਰਿਵਾਰ ਸਮੇਤ ਹਿਜਰਤ ਕਰਨੀ ਪੈਣੀ ਹੈ। ਆਪਣੀ ਜਾਨ ਨੂੰ ਜ਼ੋਖਮ ਵਿਚ ਪਾ ਕੇ, ਬਚਨ ਸਿੰਘ ਆਪਣੇ ਪਿੰਡ ਦੇ ਬਦਲੀ ਨਿਗ੍ਹਾ ਵਾਲੇ ਮੁਸ਼ਟੰਡਿਆਂ ਤੋਂ ਮਿੱਤਰ ਦੇ ਪਰਿਵਾਰ ਨੂੰ ਬਚਾਉਂਦਾ, ਸੁੱਖੀਂ ਸਾਂਦੀਂ ਨੇੜਲੇ ਸ਼ਹਿਰ ਦੇ ਮਿਲਟਰੀ ਕੈਂਪ ਵਿਖੇ ਛੱਡਣ ਵਿਚ ਕਾਮਯਾਬ ਹੋ ਜਾਂਦਾ ਹੈ। ਪਰ ਕੈਂਪ ਤੋਂ ਕੁਝ ਫਰਲਾਂਗ ਉਰਾਂਹ ਸਥਾਨਕ ਬਦਮਾਸ਼ਾਂ ਵੱਲੋਂ ਕੀਤੇ ਹਮਲੇ ਵਿਚ ਮੱਚੀ ਅਫਰਾ ਤਫਰੀ ਦੌਰਾਨ ਮੁਨਸ਼ੀ ਅਲੀ ਬਖਸ਼ ਦੀ ਦਸ ਕੁ ਵਰ੍ਹਿਆਂ ਦੀ ਧੀ ਜ਼ੀਨਤ ਗੱਡੇ ਵਿਚ ਪਰਾਲ਼ੀ ਨਾਲ ਢਕੀ ਆਪਣੇ ਪਰਿਵਾਰ ਤੋਂ ਸਦਾ ਲਈ ਵਿਛੜ ਜਾਂਦੀ ਹੈ। ਬਾਅਦ ਵਿਚ ਬਚਨ ਸਿੰਘ ਕੈਂਪ ਤਕ ਪਹੁੰਚ ਕਰਨ ਦੀ ਕੋਸ਼ਿਸ਼ ਕਰਦਾ ਹੈ ਪਰ ਇਲਾਕੇ ਵਿਚ ਹੁੰਦੀ ਮਾਰ ਕਾਟ ਤੇ ਸਾੜ ਫੂਕ ਕਾਰਨ ਸੁਰੱਖਿਆ ਜ਼ਿਆਦਾ ਸਖਤ ਹੋ ਜਾਣ ਕਰਕੇ ਸਫਲ ਨਹੀਂ ਹੁੰਦਾ। ਅਖੀਰ ਉਹ ਆਪਣੀ ਪਤਨੀ ਦੇ ਵਿਰੋਧ ਦੇ ਬਾਵਜੂਦ ਜ਼ੀਨਤ ਉਰਫ ਜਤਿੰਦਰ ਨੂੰ ਆਪਣੀ ਸਕੀ ਧੀ ਸਤਵੰਤ ਵਾਂਗ ਪਾਲ਼ਦਾ, ਪੜ੍ਹਾਉਂਦਾ, ਪ੍ਰਵਾਨ ਚੜ੍ਹਾਉਂਦਾ ਤੇ ਉਹਦਾ ਬਾਬਲ ਬਣਕੇ ਕਾਜ ਰਚਾਉਂਦਾ, ਜ਼ੀਨਤ ਦੇ ਸਹਿਕਰਮੀ ਲੋੜੂ ਅਧਿਆਪਕ ਲੜਕੇ ਦੇ ਲੜ ਲਾਉਂਦਾ ਹੈ। ਸਮਾਂ ਪੈਣ ਨਾਲ ਬਚਨ ਸਿੰਘ ਦਾ ਇਕ ਲੜਕਾ ਸਰਦੂਲ ਸਿੰਘ ਅਮਰੀਕਾ ਵਿਚ ਵਿਆਹਿਆ ਵਸ ਜਾਂਦਾ ਹੈ। ਕੁਝ ਦੇਰ ਮਗਰੋਂ ਉਹ ਜ਼ੀਨਤ/ਜਤਿੰਦਰ ਤੇ ਉਸਦੇ ਪਤੀ ਨੂੰ ਵੀ ਅਮਰੀਕਾ ਸੱਦ ਲੈਂਦਾ ਹੈ।

ਲੰਬੇ ਅਰਸੇ ਬਾਅਦ ਸਰਦੂਲ ਨੂੰ ਅਮਰੀਕਾ ਵਿਖੇ ਉਸਦੇ ਨੰਬਰਦਾਰਾ ਗਰੌਸਰੀ ਸਟੋਰ ਵਿਚ ਲਹਿੰਦੇ ਪੰਜਾਬ ਤੋਂ ਆਪਣੇ ਪੁੱਤਰ ਕੋਲ਼ ਆਇਆ ਸ਼ੌਕਤ ਅਲੀ (ਪੁੱਤਰ ਮਰਹੂਮ ਮੁਨਸ਼ੀ ਅਲੀ ਬਖਸ਼) ਮਿਲਦਾ ਹੈ। ਬਚਪਨ ਵਿਚ ਇਕੱਠੇ ਖੇਡਦੇ ਰਹੇ ਉਹ ਇਕ ਦੂਜੇ ਨੂੰ ਪਛਾਣ ਲੈਂਦੇ ਹਨ। ਬਿਜ਼ਨਸ ਵਿਚ ਅੰਤਾਂ ਦਾ ਮਸਰੂਫ ਸਰਦੂਲ ਸਿੰਘ ਆਪਣੇ ਬਚਪਨ ਦੇ ਯਾਰ ਸ਼ੌਕਤ ਅਲੀ ਨੂੰ ਦੂਜੇ ਦਿਨ ਕਿਸੇ ਵਿਆਹ ਵਿਚ ਪਰਿਵਾਰ ਸਮੇਤ ਆਉਣ ਦਾ ਸੱਦਾ ਦਿੰਦਾ ਅਤੇ ਆਪ ਜਾ ਕੇ ਲਿਆਉਣ ਦਾ ਵਾਅਦਾ ਕਰ ਕੇ ਖੁਲ੍ਹੀਆਂ ਗੱਲਾਂ ਕਰਨ ਦਾ ਇਕਰਾਰ ਕਰਦਾ ਹੈ। ਇੱਥੇ ਹੁਣ ਤੋਂ ਪਹਿਲਾਂ ਲੰਬੇ ਅਰਸੇ ਦੌਰਾਨ ਵਾਪਰੇ ਸਾਰੇ ਘਟਨਾ ਕ੍ਰਮ ਅਤੇ ਹੋਈ ਵਾਪਰੀ ਸਰਦੂਲ ਦੀ ਹੱਡਬੀਤੀ, ਨੰਬਰਦਾਰ ਤੇ ਜ਼ੀਨਤ ਦੀ ਜ਼ਿੰਦਗੀ ਨੂੰ ਬਿਰਤਾਂਤਕਾਰ ਆਪਣੇ ਮਨ ਨਾਲ ਚਿਤਾਰਦਾ ਪਾਠਕ ਨਾਲ ਸਾਂਝੀ ਕਰਦਾ ਹੈ। ਦੂਜੇ ਦਿਨ ਲਾੜੇ ਦੀ ਮਾਂ ਆਪਣੇ ਭਰਾ ਅਰਥਾਤ ਲਾੜੇ ਦੇ ਮਾਮੇ ਨੂੰ ਮਿਲਣੀਆਂ ਵੇਲ਼ੇ ਬੜੀ ਤੀਬਰਤਾ ਨਾਲ ਉਡੀਕਦੀ ਹੈ। ਸਰਦੂਲ ਸਿੰਘ ਆਪ ਮਾਮੇ ਵਜੋਂ ਮਿਲਣੀ ਕਰਨ ਦੀ ਥਾਂ ਅਚਾਨਕ ਪ੍ਰਗਟ ਹੋਏ ਸ਼ੌਕਤ ਅਲੀ ਨੂੰ ਹਾਰ ਫੜਾਉਂਦਾ, ਮੂਹਰੇ ਕਰ ਦਿੰਦਾ ਹੈ ਜੋ ਕਿ ਲਾੜੇ ਦਾ ਅਸਲ ਮਾਮਾ ਹੈ। ਇੰਝ ਭਰਾ ਸ਼ੌਕਤ ਅਲੀ ਤੇ ਉਸਦੀ ਭੈਣ ਜ਼ੀਨਤ ਕਿਸੇ ਸੁਖਾਂਤ ਫਿਲਮ ਵਾਂਗ ਚਿਰਾਂ ਤੋਂ ਵਿਛੜੇ ਆਣ ਮਿਲਦੇ ਹਨ।

ਬਿਰਤਾਂਤਕਾਰ ਗੁਰਮੀਤ ਸੰਧੂ ਦੀ ਵਡਿਆਈ ਅੰਤ ਵਿਚ ਫਿਲਮੀ ਜਾਪਦੀ ਏਸ ਕਹਾਣੀ ਨੂੰ ਸੁਣਾਉਣ ਜਾਂ ਘਟਦੀ ਵਿਖਾਉਣ ਵਿਚ ਏਨੀ ਨਹੀਂ, ਜਿੰਨੀ ਨਾਵਲਕਾਰ ਵਜੋਂ ਦੋ ਭਾਈਚਾਰਿਆਂ ਵਿਚਕਾਰਲੀ ਭਾਈਚਾਰਕ ਸਾਂਝ ਨੂੰ ਸਫਲਤਾ ਨਾਲ ਨਿਭਦੀ ਦਰਸਾਉਣ ਵਿਚ ਹੈ। ਪਾਠਕ ਨੂੰ ਬੰਨ੍ਹ ਕੇ ਬਿਠਾਉਣ ਵਾਲੀ ਇਸ ਗਲਪੀ ਰਚਨਾ ਉੱਤੇ ਸਹਿਜੇ ਹੀ ਪੰਜਾਬੀ ਜਾਂ ਹਿੰਦੀ ਫਿਲਮ ਬਣਾਈ ਜਾ ਸਕਦੀ ਹੈ, ਜੋ ਚੜ੍ਹਦੇ ਤੇ ਲਹਿੰਦੇ ਪੰਜਾਬ ਦੇ ਦੋਹਾਂ ਤਿੰਨਾਂ ਭਾਈਚਾਰਿਆਂ ਦੇ ਲੋਕਾਂ ਨੂੰ ਬਰਾਬਰ ਦੀ ਅਪੀਲ ਕਰੇਗੀ, ਜਿਹੜੀ ਅੱਜ ਦੇ ਮੂਲੋਂ ਨਿਗੂਣੇ ਵਿਸ਼ਿਆਂ ਨੂੰ ਲੈ ਕੇ ਬਣਾਈਆਂ ਫਿਲਮਾਂ ਨਾਲੋਂ ਵੱਧ ਸਫਲ ਤੇ ਸਾਰਥਕ ਸਿੱਧ ਹੋਵੇਗੀ। ਗੁਰਮੀਤ ਸੰਧੂ ਵੱਲੋਂ ਕੋਮਲ ਮਨੁੱਖੀ ਭਾਵਨਾਵਾਂ ਉਪਜਾਉਂਦੇ ਤੇ ਕਾਰੀਗਰੀ ਨਾਲ ਗੁੰਦੇ ਇਸ ਗਲਪੀ ਸੱਚ ਦਾ ਪਾਠ ਕਰਦਿਆਂ ਪਾਠਕ ਕਈ ਥਾਂ ਭਾਵੁਕ ਹੋਏ ਬਗ਼ੈਰ ਨਹੀਂ ਰਹਿ ਸਕਦਾ। ਗੁੰਝਲਦਾਰ ਬਿਰਤਾਂਤ ਕਾਰਨ ਇਹ ਰਚਨਾ ਇਕ ਨਾਵਲੈੱਟ ਨਾ ਰਹਿ ਕੇ ਪੂਰਾ ਨਾਵਲ ਹੋ ਨਿਬੜਦੀ ਹੈ। ਬੇਸ਼ੱਕ ਉਹ abridged ਨਾਵਲ ਜ਼ਰੂਰ ਜਾਪਦਾ ਹੈ। ਸਟੇਜ ਦੇ ਧਨੀ ਸੰਧੂ ਨੇ ਆਪਣੇ ਪ੍ਰਭਾਵਸ਼ਾਲੀ ਭਾਸ਼ਨ ਵਾਂਗ ਟਕਸਾਲੀ ਬੋਲੀ ਦੇ ਨਾਲ ਨਾਲ ਤੁਰਦੀ ਧੋਤੀ ਮਾਂਜੀ ਹੋਈ ਭਾਸ਼ਾ ਦੀ ਵਰਤੋਂ ਕੀਤੀ ਹੈ।

ਨਾਵਲਕਾਰ ਵੱਲੋਂ ਜ਼ੀਨਤ ਵਰਗੀਆਂ ਉਸਦੀਆਂ ਤਿੰਨ ਭੈਣਾਂ ਪ੍ਰੋਫੈਸਰ ਗੁਰਬਚਨ ਕੌਰ, ਚਰਨਜੀਤ ਕੌਰ ਅਤੇ ਡਾਕਟਰ ਦਲਜੀਤ ਕੌਰ ਨੂੰ ਸਮਰਪਤ ਸੁੰਦਰ ਦਿੱਖ ਤੇ ਛਪਾਈ ਵਾਲੀ ਇਹ ਪੁਸਤਕ ਚੰਗਾ ਪ੍ਰਭਾਵ ਸਿਰਜਦੀ ਹੈ। ਸਾਹਨੇਵਾਲ ਕਸਬੇ ਦਾ ਜੰਮਪਲ ਨਾਵਲਕਾਰ ਬੇਸ਼ੱਕ ਮੇਰੇ ਇਲਾਕੇ ਢਾਹੇ ਦੇ ਮਲਵਈ ਉਪਖਿੱਤੇ ਨਾਲ ਸੰਬੰਧਤ ਹੈ। ਜੇ ਕਿਤੇ ਉਸਨੇ ਢਾਹੇ ਦੀ ਬੋਲੀ ਨੂੰ ਪਾਤਰਾਂ ਵਿਚਕਾਰ ਵਾਰਤਾਲਾਪ ਵਜੋਂ ਵਰਤਿਆ ਤੇ ਢਾਹਾ ਸਭਿਆਚਾਰ ਨੂੰ ਹੋਰ ਗੂੜ੍ਹੇ ਰੰਗ ਵਿਚ ਦਰਸਾਇਆ ਹੁੰਦਾ ਤਾਂ ਇਸ ਰੋਚਕ ਕਿਰਤ ਦਾ ਨਾਵਲੀ ਮਹੱਤਵ ਬਿਨਾਂ ਸ਼ੱਕ ਵਧ ਜਾਣਾ ਸੀ। ਅਜੇ ਹਾਇਕੂ, ਹਾਇਬਨ ਤੇ ਹਾਇਗਾ ਵਰਗੀਆਂ ਸੰਖੇਪ ਸਿਨਫਾਂ ਨੂੰ ਪਰਨਾਏ ਗੁਰਮੀਤ ਸੰਧੂ ਦੀ ਇਸ ਪਲੇਠੀ ਗਲਪ ਰਚਨਾ ਦਾ ਸੁਆਗਤ ਕਰਨਾ ਬਣਦਾ ਹੈ। ਭਵਿੱਖ ਵਿਚ ਸ਼ਾਇਦ ਉਹ ਮੇਰੇ ਵੱਲੋਂ ਦਿੱਤਾ ਸਾਹਿਤਕ ਉਲਾਂਭਾ ਵੀ ਲਾਹ ਦੇਵੇ, ਅਜਿਹੀ ਮੈਨੂੰ ਉਮੀਦ ਹੈ। **-ਅਵਤਾਰ ਸਿੰਘ ਬਿਲਿੰਗ**

## ਬੰਦ ਦਰਵਾਜ਼ਾ (ਕਹਾਣੀ ਸੰਗ੍ਰਹਿ) ਚਰਨਜੀਤ ਸਿੰਘ ਪੰਨੂ

ਕਹਾਣੀਕਾਰ ਚਰਨਜੀਤ ਸਿੰਘ ਪੰਨੂ ਨੇ ਇਕ ਨਾਵਲ, ਤਿੰਨ ਸਫਰਨਾਮੇ, ਪੰਜ ਕਾਵਿ ਸੰਗ੍ਰਹਿ ਤੇ 'ਬੰਦ ਦਰਵਾਜ਼ਾ'(ਮੁੱਲ 200 ਰੁਪਏ, ਪੰਨੇ 176, Asia Visioins) ਸਮੇਤ ਸੱਤ ਕਹਾਣੀ ਸੰਗ੍ਰਹਿ ਪੰਜਾਬੀ ਸਾਹਿਤ ਨੂੰ ਪ੍ਰਦਾਨ ਕੀਤੇ ਹਨ। 'ਬੰਦ ਦਰਵਾਜ਼ਾ' ਕਹਾਣੀ ਸੰਗ੍ਰਹਿ ਦੀ ਸਿਰਜਣਾ ਦਾ ਪ੍ਰਮੁੱਖ ਆਧਾਰ 1984 ਵਿਚ ਪੰਜਾਬ ਦਾ ਆਤੰਕਵਾਦੀ ਦੌਰ ਅਤੇ 2001 ਵਿਚ ਅਮਰੀਕਾ ਦੇ 9/11 ਦੇ ਹਮਲੇ ਤੋਂ ਪ੍ਰਾਪਤ ਹੋਣ ਵਾਲੇ ਕਹਾਣੀਕਾਰ ਦੇ ਕੌੜੇ ਅਨੁਭਵ ਬਣਦੇ ਹਨ।

ਇਸ ਸੰਗ੍ਰਹਿ ਵਿਚ 'ਬੰਦ ਦਰਵਾਜ਼ਾ' ਅਤੇ 'ਕਿਸਮਤ ਦੇ ਕੜਛੇ' ਨਾਂ ਦੀਆਂ ਕਹਾਣੀਆਂ ਅਮਰੀਕਾ ਤੇ ਦੂਸਰੇ ਦੇਸ਼ਾਂ ਵਿਚ ਪਗੜੀਧਾਰੀ ਸਿੱਖਾਂ ਨੂੰ ਵੀ ਤਾਲਿਬਾਨੀ ਸਮਝ ਕੇ ਉਹਨਾਂ ਨਾਲ ਹੋਣ ਵਾਲੇ ਨਸਲੀ ਵਿਤਕਰਿਆਂ ਬਾਰੇ ਹਨ। ਅਮਰੀਕਾ ਵਰਗੇ ਦੇਸ਼ ਵਿਚ ਭੁਲੇਖੇ ਵੱਸ ਬਹੁਤ ਸਾਰੇ ਲੋਕ ਸਿੱਖਾਂ ਨੂੰ ਵੀ 9/11 ਦੇ ਪੈਂਟਾਗਨ ਹਮਲੇ ਦੇ ਜ਼ਿੰਮੇਵਾਰ ਉਸਾਮਾ ਬਿਨ ਲਾਦੇਨ ਦੇ ਹੁਲੀਏ ਨਾਲ ਜੋੜ ਕੇ ਵੇਖਦੇ ਹਨ। ਜਿਸ ਕਰਕੇ ਕਈ ਵਾਰ ਸਿੱਖਾਂ ਨਾਲ ਪਰਦੇਸਾਂ ਵਿਚ ਮਾੜਾ ਵਿਵਹਾਰ ਹੁੰਦਾ ਰਿਹਾਹੈ ਅਤੇ ਉਹਨਾਂ ਨੂੰ ਤਾਲੀਬਾਨਾਂ ਨਾਲ ਜੋੜਿਆ ਜਾਂਦਾ ਰਿਹਾ ਹੈ। 'ਬੰਦ ਦਰਵਾਜ਼ਾ' ਕਹਾਣੀ ਵਿਚ ਲੇਖਕ ਸਿੱਖ ਧਰਮ ਦੀ ਇਕ ਵੱਖਰੀ ਪਹਿਚਾਣ ਬਣਾਉਣ ਵਾਲੇ ਧਰਮ ਦੇ ਉਹਨਾਂ ਠੇਕੇਦਾਰਾਂ ਉੱਤੇ ਵਿਅੰਗ ਕਰਦਾ ਹੈ ਜਿਹੜੇ ਸਿੱਖਾਂ ਦੀ ਇਕ ਵੱਖਰੀ ਪਛਾਣ ਸਥਾਪਤ ਕਰਨ ਦੇ ਨਾਂ 'ਤੇ ਪਰਵਾਸੀ ਭਾਰਤੀਆਂ ਤੋਂ ਹਜ਼ਾਰਾਂ ਲੱਖਾਂ ਡਾਲਰ ਤਾਂ ਇਕੱਠਾ ਕਰਦੇ ਹਨ ਪਰ ਇਸਦੇ ਪ੍ਰਚਾਰ ਲਈ



ਯੋਗ ਪ੍ਰਬੰਧ ਨਹੀਂ ਕਰ ਪਾਉਂਦੇ। ਨਤੀਜੇ ਵਜੋਂ ਪਰਦੇਸਾਂ ਵਿਚ ਸਿੱਖਾਂ ਉੱਤੇ ਜਬਰ ਤੇ ਜ਼ੁਲਮ ਹੁੰਦੇ ਹਨ ਤੇ ਉਹਨਾਂ ਨੂੰ ਨਸਲੀ ਵਿਤਕਰਿਆਂ ਦਾ ਸ਼ਿਕਾਰ ਹੋਣਾ ਪੈਂਦਾ ਹੈ। 'ਬੰਦ ਦਰਵਾਜ਼ਾ' ਕਹਾਣੀ ਵਿਚ ਮੈਂ-ਪਾਤਰ, ਉਸਦਾ ਪਰਿਵਾਰ ਤੇ ਲਾਸ ਏਂਜਲਸ ਤੋਂ ਉਸਦਾ ਦੋਸਤ ਸਿੱਧੂ ਸਾਹਿਬ ਲਾੱਸ ਵੇਗਸ ਦੇ ਓਸ਼ੋ ਥੀਏਟਰ ਵਿਚ ਨੱਚਦੇ ਗਾਉਂਦੇ ਪਾਣੀਆਂ ਦਾ ਤਮਾਸ਼ਾ ਦੇਖਣ ਦਾ ਪ੍ਰੋਗਰਾਮ ਬਣਾਉਂਦੇ ਹਨ, ਜਿਸ ਦੀਆਂ ਉਹਨਾਂ ਨੇ ਪਹਿਲਾਂ ਹੀ ਆਨ-ਲਾਈਨ ਟਿਕਟਾਂ ਬੁੱਕ ਕਰਵਾ ਲਈਆਂ ਸਨ। ਸ਼ੋਅ ਵੇਖਣ ਵਾਲੇ ਦਿਨ ਸੱਤ ਵਜੇ ਦੇ ਸ਼ੋਅ ਲਈ ਉਹ ਆਪਣੇ ਸਾਥੀਆਂ ਨਾਲੋਂ ਵਿਛੜ ਗਿਆ ਸੀ। ਇਹ ਸੋਚਦੇ ਹੋਏ ਕਿ ਸੱਤ ਵੱਜਣ ਵਾਲੇ ਹਨ,ਉਹ ਅੰਦਾਜ਼ੇ ਨਾਲ ਹੀ ਥੀਏਟਰ ਵੱਲ ਚੱਲ ਪੈਂਦਾ ਹੈ। ਸ਼ੋਅ ਸ਼ੁਰੂ ਹੋ ਚੁੱਕਾ ਸੀ ਪਰ ਉਸਦੀ ਟਿਕਟ ਉਸਦੇ ਸਾਥੀਆਂ ਕੋਲ ਹੋਣ ਕਰਕੇ ਉਸਨੇ ਥੀਏਟਰ ਦੇ ਪਹਿਰੇਦਾਰ ਨੂੰ ਆਪਣੀ ਸਮੱਸਿਆ ਦੱਸ ਕੇ ਅੰਦਰ ਜਾਣ ਦੀ ਕੋਸ਼ਿਸ਼ ਕੀਤੀ ਪਰ ਚੌਕਸੀ ਗਾਰਡ ਨੇ ਉਸਨੂੰ ਰੋਕ ਲਿਆ। ਸਿੱਖ ਹੋਣ ਕਰਕੇ ਉੱਥੇ ਖੜ੍ਹੇ ਲੋਕ ਉਸ ਵੱਲ ਇੰਞ ਝਾਕਣ ਲੱਗੇ ਜਿਵੇਂ ਉਹ ਕਿਸੇ ਗ਼ੈਬੀ-ਮਹਾਂਦੀਪ ਦਾ ਏਲੀਅਨ ਹੋਵੇ। ਉਹ ਨਿਰਾਸ਼ ਹੋ ਕੇ ਉੱਥੋਂ ਵਾਪਸ ਪਰਤ ਗਿਆ। ਕੁਝ ਮਿੰਟਾਂ ਵਿਚ ਹੀ ਸ਼ਹਿਰ ਵਿਚ ਖਤਰੇ ਦੇ ਸਾਇਰਨ ਨੇ ਇਹ ਗੱਲ ਸਪਸ਼ਟ ਕਰ ਦਿੱਤੀ ਕਿ ਕੋਈ ਭਿਆਨਕ ਵਾਰਦਾਤ ਹੋਈ ਹੈ,ਐਕਸੀਡੈਂਟ ਜਾਂ ਕੋਈ ਡਾਕਾ। ਫਾਇਰ ਬ੍ਰਿਗੇਡ ਅਤੇ ਚਿਕਿਤਸਾ ਗੱਡੀਆਂ ਦੇ ਧੁਤੂਆਂ ਦੀਆਂ ਆਵਾਜ਼ਾਂ ਕਈ ਪਾਸਿਆਂ ਤੋਂ ਉੱਭਰੀਆਂ। ਪੁਲਸ ਦੀ ਹਰਕਤ ਵਿਚ ਤੇਜ਼ੀ ਆ ਗਈ ਤੇ ਆਕਾਸ਼ ਵਿਚ ਹੈਲੀਕੈਪਟਰ ਮੰਡਰਾਉਣ ਲੱਗੇ।

ਮਿਰਾਜ਼ ਹੋਟਲ ਦੀ ਨੁੱਕਰੇ ਸੜਕ ਵੱਲ ਨੁਮਾਇਸ਼ ਕਰਦੀ ਵੱਡੀ ਟੀ.ਵੀ. ਸਕਰੀਨ'ਤੇ ਚਿੱਟੀ ਪਗੜੀ ਦਾੜ੍ਹੀ ਵਾਲੀ ਬਿਨ ਲਾਦੇਨ ਦੀ ਫੋਟੋ ਵਾਰ ਵਾਰ ਉਜਾਗਰ ਕੀਤੀ ਜਾ ਰਹੀ ਸੀ। ਟੀ.ਵੀ. ਸਕਰੀਨ ਤੋਂ ਪਾਸੇ ਹਟਦੀਆਂ ਤੀਰਾਂ ਵਿੰਨ੍ਹਦੀਆਂ ਨਜ਼ਰਾਂ ਉਸ ਵੱਲ ਖੁਭੀਆਂ ਵੇਖ ਕੇ ਉਹ ਘਬਰਾ ਗਿਆ, ਜਿਵੇਂ ਉਹ ਹੀ ਬਿਨ ਲਾਦੇਨ ਹੋਵੇ। ਮੋਟਰਸਾਈਕਲ ਵਾਲੇ ਸਿਪਾਹੀਆਂ ਦੀ ਜੋੜੀ ਉਸ ਵੱਲ ਝਪਟੀ ਤੇ ਇਕ ਹੋਰ ਹੂਟਰ ਮਾਰਦੀ ਪੁਲਸ ਕਾਰ ਆ ਪਹੁੰਚੀ। ਸਿਪਾਹੀਆਂ ਨੇ ਪਟੇ ਨਾਲ ਉਸਦੇ ਹੱਥ ਬੰਨ੍ਹ ਦਿੱਤੇ, ਉਸਦਾ ਹੱਥ-ਬੈਗ ਉਹਨਾਂ ਝਪਟ ਲਿਆ, ਅੱਖਾਂ'ਤੇ ਪੱਟੀ ਬੰਨ੍ਹ ਕੇ ਉਸਨੂੰ ਕਾਰ ਵਿਚ ਸੁੱਟ ਲਿਆ ਤੇ ਕਿਸੇ ਅਣਦੱਸੀ ਥਾਂ ਉੱਤੇ ਲੈ ਗਏ। ਲੇਖਕ ਨੂੰ ਥੀਏਟਰ ਦੇ ਸਕਿਉਰਟੀ ਗਾਰਡ ਦੇ ਚਿੱਟੇ ਡੇਲੇ ਯਾਦ ਕਰਕੇ ਯਕੀਨ ਹੋ ਗਿਆ ਕਿ ਪੁਲਸ ਨੂੰ ਇਤਲਾਹ ਦੇ ਕੇ ਇਹ ਪੰਗਾ ਉਸਨੇ ਹੀ ਪਾਇਆ ਹੋਵੇਗਾ। ਬਿਜਲਈ ਯੰਤਰਾਂ ਨਾਲ ਉਸਦੀ ਜਾਮਾ ਤਲਾਸ਼ੀ ਲਈ ਗਈ। ਕਈ ਤਰ੍ਹਾਂ ਦੀਆਂ ਸਕਰੀਨਿੰਗ ਮਸ਼ੀਨਾਂ ਵਿਚ ਦੀ ਲੰਘਾ ਕੇ ਇਕ ਹਨੇਰੇ ਭੋਰੇ ਵਿਚ ਤਾੜ ਕੇ ਉਸ ਦੀਆਂ ਮਸ਼ਕਾਂ ਖੋਲ੍ਹ ਦਿੱਤੀਆਂ। ਕਈ ਤਰ੍ਹਾਂ ਦੇ ਸਵਾਲ ਪੁੱਛੇ ਜਿਵੇਂ,ਬਿਨ ਲਾਦੇਨ ਨੂੰ ਕਦੋਂ ਮਿਲੇ ਸੀ? ਖੁਮੀਨੀ ਸਦਾਮ ਹੁਸੈਨ ਦੀ ਖਬਰ ਹੈ? ਕੀ ਤੁਸੀਂ ਈਰਾਨੀ,ਅਫਗਾਨੀ,ਸ਼ੀਆ ਜਾਂ ਸੁੰਨੀ ਹੋ? ਉਹ ਉਸਦਾ ਸ਼ਨਾਖਤੀ ਬਿੱਲਾ ਫੜ ਕੇ ਉਸਦੀ ਸ਼ਕਲ ਨਾਲ ਮਿਲਾ ਰਿਹਾ ਸੀ। ਠੀਕ ਉਸੇ ਸਮੇਂ 'ਤੇ ਆਏ ਇਕ ਫੋਨ ਨੇ ਉਸਨੂੰ ਬਚਾ ਲਿਆ ਸੀ, ਜਿਹੜਾ ਉਸਦੇ ਵਿਛੜੇ ਸਾਥੀਆਂ ਵੱਲੋਂ ਪੁਲਸ ਵਿਚ ਉਸਦੀ ਗੁੰਮਸ਼ੁਦਗੀ ਦੀ ਦਿੱਤੀ ਰਿਪੋਰਟ ਤੋਂ ਬਾਅਦ ਉਸਦੇ ਲੱਭ ਜਾਣ ਬਾਰੇ ਸੀ-ਉਸਦੀ ਅਸਲੀ ਪਛਾਣ ਉਸਦੇ ਸਾਥੀਆਂ ਦੁਆਰਾ ਦੱਸੇ ਜਾਣ'ਤੇ ਉਸਦੀ ਖਲਾਸੀ ਹੋਈ ਤੇ ਉਹ ਬਚ ਗਿਆ,ਨਹੀਂ ਤਾਂ ਉਸਨੇ ਅੱਜ ਪੁਲਸ ਦੇ ਤਸ਼ੱਦਦ ਦੀ ਭੇਟ ਚੜ੍ਹ ਜਾਣਾ ਸੀ।

'ਕਿਸਮਤ ਦੇ ਕੜਛੇ' ਕਹਾਣੀ ਸੰਨ ਉੱਨੀ ਸੌ ਚੁਰਾਸੀ ਦੇ ਗੇੜ ਵਿਚ ਭਾਰਤ ਸਰਕਾਰ ਦੀ 'ਅੱਤਵਾਦੀਆਂ ਦੇ ਨਾਂ'ਤੇ ਸਿੱਖ ਗੱਭਰੂ ਮਾਰੋ ਤੇ ਤਰੱਕੀਆਂ ਪਾਉ' ਪਾਲਸੀ ਦਾ ਪਰਦਾ ਫਾਸ਼ ਕਰਦੀ ਹੈ ਕਿ ਕਿਵੇਂ ਇਸ ਪਾਲਸੀ ਦੀ ਆੜ ਵਿਚ ਬਹੁਤ ਸਾਰੇ ਸਰਕਾਰੀ ਅਫਸਰਾਂ ਨੇ ਇਸ ਵਗਦੀ ਗੰਗਾ ਵਿਚ ਹੱਥ ਧੋਤੇ ਤੇ ਸਮਾਜ-ਵਿਰੋਧੀ ਅਨਸਰਾਂ ਨੇ ਆਪਣੇ ਵੱਤਰ ਲਾਹੇ। ਇਸ ਸਮੇਂ ਪੰਜਾਬ ਤੇ ਕਸ਼ਮੀਰ ਦੇ ਸਿੱਖਾਂ 'ਤੇ ਸਰਕਾਰ ਦੀ ਕਰੋਪੀ ਅਸਮਾਨੀ ਬਿਜਲੀ ਵਾਂਗ ਝਪਟੀ। ਇਵੇਂ

ਹੀ 'ਮੰਜੀ ਠੋਕ'ਕਹਾਣੀ ਵਿਚ ਉੱਨੀ ਸੌ ਚੁਰਾਸੀ ਦੇ ਦੌਰ ਵਿਚ ਪੰਜਾਬ ਦੇ ਲੋਕਾਂ ਦੇ ਮਨਾਂ ਵਿਚ ਪੈਦਾ ਹੋਏ ਡਰ, ਭੈਅ ਅਤੇ ਦਹਿਸ਼ਤ ਦੇ ਮਾਹੌਲ ਬਾਰੇ ਲੇਖਕ ਦਾ ਅਨੁਭਵੀ ਯਥਾਰਥ ਪੇਸ਼ ਹੋਇਆ ਹੈ। ਇਹ ਕਹਾਣੀ ਜਿੱਥੇ ਇਕ ਪਾਸੇ ਗਵਾਂਢੀ ਮੁਲਕ ਵਲੋਂ ਹਮਸਾਇਆਂ ਦੇ ਘਰ ਹਫੜਾ-ਦਫੜੀ ਫੈਲਾਉਣ ਹਿਤ ਵਰਤੇ ਜਾ ਰਹੇ ਨਵੇਂ ਤੋਂ ਨਵੇਂ ਹੱਥਕੰਡਿਆਂ ਬਾਰੇ ਜਾਣਕਾਰੀ ਦਿੰਦੀ ਹੈ ਉੱਥੇ ਇਸ ਅਨੁਭਵ ਨੂੰ ਵੀ ਸਾਂਝਾ ਕਰਦੀ ਹੈ ਕਿ ਆਤੰਕਵਾਦ ਦੇ ਦੌਰ ਵਿਚ ਲੋਕਾਂ ਦੇ ਮਨਾਂ ਵਿਚ ਦਹਿਸ਼ਤ ਇਸ ਕਦਰ ਭਾਰੂ ਸੀ ਕਿ ਉਹ ਰੱਸੀ ਨੂੰ ਵੀ ਸੱਪ ਸਮਝ ਕੇ ਡਰਨ ਲੱਗੇ ਸਨ। ਤੇ ਕਈ ਵਾਰ ਸਫਰ ਦੌਰਾਨ ਗੱਡੀਆਂ ਅਤੇ ਬੱਸਾਂ ਵਿਚ ਬੰਬ ਦੀਆਂ ਝੂਠੀਆਂ ਅਫਵਾਹਾਂ ਲੋਕਾਂ ਦੀ ਖੱਜਲ ਖੁਆਰੀ ਦਾ ਕਾਰਨ ਬਣਦੀਆਂ ਸਨ। ਜਿਵੇਂ ਕਿ ਅੰਮ੍ਰਿਤਸਰ-ਦਿੱਲੀ ਸ਼ਾਨੇ ਪੰਜਾਬ ਯਾਤਰੀ ਟਰੇਨ ਵਿਚ ਸਫਰ ਕਰਨ ਵਾਲਾ ਇਕ ਸਿੱਧਾ ਤੇ ਸ਼ਰੀਫ ਦਿਸਣ ਵਾਲਾ ਨੌਜਵਾਨ ਮੈਂ-ਪਾਤਰ ਨੂੰ ਕੋਈ ਹੋਰ ਈ ਸ਼ੈ ਜਾਪਿਆ,ਜਿਹੜਾ ਕਿ ਆਪਣੇ ਆਪ ਨੂੰ, ਜੋ ਉਹ ਸੀ;ਤੋਂ ਵੱਖਰਾ ਪੇਸ਼ ਕਰ ਰਿਹਾ ਸੀ। ਦੇਖਦਿਆਂ ਹੀ ਉਸ ਨੌਜਵਾਨ ਨੇ ਜਦੋਂ ਗੁਰਗਾਬੀ ਦਾ ਤਲਾ ਚੁੱਕ ਕੇ ਇਕ ਪੈੱਨ ਵਰਗਾ ਪਿਸਟਲ ਬਾਹਰ ਕੱਢ ਲਿਆ ਤਾਂ ਮੈਂ-ਪਾਤਰ ਡਰ ਗਿਆ ਤੇ ਉਸਨੂੰ ਫਲਾਉਣੀ ਦਿੰਦਿਆਂ ਇਹ ਕਹਿ ਕੇ ਕੁਝ ਫਾਸਲੇ ਉੱਤੇ ਖਲੋ ਗਿਆ, "ਮੈਂ ਸਮਝ ਗਿਆ ਕਿ ਤੂੰ ਪੰਥ ਦਾ ਸੇਵਾਦਾਰ ਹੈਂ"।

'ਓਵਰ ਟਾਈਮ' ਕਹਾਣੀ ਵਿਚ ਕਹਾਣੀਕਾਰ ਨੇ ਆਤੰਕਵਾਦ ਦੇ ਏਸੇ ਦਹਿਸ਼ਤ ਤੇ ਭੈਅ ਵਾਲੇ ਮਾਹੌਲ ਵਿਚ ਆਵਾਜਾਈ ਦੇ ਸਾਧਨਾਂ ਦੀ ਅਨਿਸਚਤਤਾ ਕਰਕੇ ਅੰਮ੍ਰਿਤਸਰ ਅਤੇ ਇਸ ਦੇ ਆਸ-ਪਾਸ ਦੇ ਇਲਾਕਿਆਂ ਦੇ ਨੌਕਰੀਪੇਸ਼ਾ ਤੇ ਕੰਮਕਾਜੀ ਲੋਕਾਂ ਦੇ ਜੀਵਨ ਦੀਆਂ ਦੁਸ਼ਵਾਰੀਆਂ ਨੂੰ ਬੜੇ ਹੀ ਅਨੁਭਵੀ ਤੇ ਸੰਵੇਦਨਸ਼ੀਲ ਤਰੀਕੇ ਨਾਲ ਪੇਸ਼ ਕੀਤਾ ਹੈ। ਅਨਿਸਚਤਤਾ ਦੇ ਦੌਰ ਵਿਚ ਸਰਕਾਰੀ ਦਫਤਰਾਂ ਵਿਚ ਅਮਲੇ ਦੁਆਰਾ ਅਫਸਰਾਂ ਦੀ ਗ਼ੈਰਮੌਜੂਦਗੀ ਦਾ ਫਾਇਦਾ ਉਠਾ ਕੇ ਕੀਤੇ ਜਾਣ ਵਾਲੇ ਗੈਰ-ਕਾਨੂੰਨੀ ਕੰਮਾਂ ਅਤੇ ਉਹਨਾਂ ਤੋਂ ਹੋਣ ਵਾਲੇ ਲਾਭਾਂ ਦਾ ਤਫਸੀਲ ਵਿਚ ਵਰਣਨ ਕੀਤਾ ਹੈ। ਇਹ ਕਹਾਣੀ ਕਈ ਲੁਟੇਰੇ ਗ੍ਰੋਹਾਂ ਵੱਲੋਂ ਆਤੰਕਵਾਦ ਦੀ ਆੜ ਵਿਚ ਕੀਤੀਆਂ ਜਾਂਦੀਆਂ ਲੁੱਟਾਂ-ਖੋਹਾਂ ਅਤੇ ਖਾੜਕੂ ਜਥੇਬੰਦੀਆਂ ਦੇ ਨਾਂ'ਤੇ ਦਿੱਤੀਆਂ ਜਾਣ ਵਾਲੀਆਂ ਧਮਕੀਆਂ ਦਾ ਵੀ ਪਰਦਾ ਫਾਸ਼ ਕਰਦੀ ਹੈ।

'ਭਲੇ ਲੋਕ' ਕਹਾਣੀ ਹਿੰਦੋਸਤਾਨ ਦੀ ਸਰਕਾਰੀ ਮਸ਼ੀਨਰੀ ਦੇ ਪ੍ਰਬੰਧਕੀ ਢਾਂਚੇ ਦੀ ਤਹਿ ਤਕ ਪਹੁੰਚਦੀ ਹੈ।ਅਤੇ ਇਸ ਵਿਚ ਚੱਲ ਰਹੀ ਘਪਲੇਬਾਜ਼ੀ,ਰਿਸ਼ਵਤਖੋਰੀ ਤੇ ਜੰਗਲੀ ਰਾਜ ਦੀਆਂ ਕਈ ਪਰਤਾਂ ਖੋਲ੍ਹਦੀ ਹੋਈ ਦੋ ਤੱਥ ਪੇਸ਼ ਕਰਦੀ ਹੈ। ਪਹਿਲਾ ਇਹ ਕਿ ਇਸ ਸਾਰੇ ਵਰਤਾਰੇ ਵਿਚ ਬਹੁਤ ਵੱਡਾ ਹੱਥ ਦੇਸ਼ ਦੇ ਐੱਨ.ਆਰ. ਆਈ. ਲੋਕਾਂ ਦਾ ਹੈ,ਜਿਹੜੇ ਸਿੱਧੇ-ਅਸਿੱਧੇ ਤਰੀਕੇ ਨਾਲ ਕਈ ਲੜਕੇ-ਲੜਕੀਆਂ ਨੂੰ ਵਰਗਲਾ ਕੇ ਵਿਦੇਸ਼ ਭੇਜਣ ਦੇ ਬਹਾਨੇ ਲੱਖਾਂ ਕਰੋੜਾਂ ਰੁਪਏ ਵਟੋਰਦੇ ਹਨ; ਖਿਡਾਰੀ, ਗਾਇਕ ਤੇ ਕਲਾਕਾਰ ਬਣਾ ਕੇ ਲੋਕਾਂ ਨੂੰ ਬਾਹਰ ਭੇਜਦੇ ਹਨ। ਦੂਸਰਾ ਤੱਥ ਇਹ ਕਿ ਜੇ ਸਰਕਾਰੀ ਕਰਮਚਾਰੀਆਂ ਦੀਆਂ ਤਨਖਾਹਾਂ ਅੱਜ ਦੇ ਮਹਿੰਗਾਈ ਦੇ ਦੌਰ ਵਿਚ ਉਹਨਾਂ ਦੇ ਗੁਜ਼ਾਰੇ ਜੋਗੀਆਂ ਹੋਣ ਜਿਸ ਨਾਲ ਉਹ ਟੈਲੀਫੋਨ,ਬਿਜਲੀ ਤੇ ਪਾਣੀ ਦੇ ਲੱਕ-ਤੋੜਵੇਂ ਬਿੱਲ ਭੁਗਤਾ ਸਕਣ ਤੇ ਆਪਣੇ ਪਰਿਵਾਰ ਦੀਆਂ ਮੁੱਢਲੀਆਂ ਲੋੜਾਂ ਪੂਰੀਆਂ ਕਰ ਸਕਦੇ ਹੋਣ ਤਾਂ ਉਹ ਰਿਸ਼ਵਤ ਲੈਣ ਹੀ ਕਿਉਂ। ਇਸ ਸੰਗ੍ਰਹਿ ਦੀਆਂ ਦੋ ਕਹਾਣੀਆਂ 'ਢਾਕਾ ਫਾਲ' ਅਤੇ 'ਕੀ ਮੈਂ ਝੂਠ ਬੋਲਿਆ' ਦੋ ਵਿਭਿੰਨ ਵਿਸ਼ਿਆਂ ਨੂੰ ਲੈ ਕੇ ਲਿਖੀਆਂ ਗਈਆਂ ਹਨ। 'ਢਾਕਾ ਫਾਲ' ਕਹਾਣੀ ਭਾਰਤ ਤੇ ਪਾਕਿਸਤਾਨ ਦੇ ਲੜਾਈ ਝਗੜਿਆਂ ਕਾਰਨ ਪੰਜਾਬ ਦੇ ਸਰਹੱਦੀ ਵਸਨੀਕਾਂ ਅਤੇ ਕਿਸਾਨਾਂ ਦੇ ਜੀਵਨ 'ਤੇ ਪੈਣ ਵਾਲੇ ਮਾਰੂ ਪ੍ਰਭਾਵਾਂ ਨੂੰ ਦਰਸਾਉਂਦੀ ਹੈ। ਜਦਕਿ 'ਕੀ ਮੈਂ ਝੂਠ ਬੋਲਿਆ' ਕਹਾਣੀ ਡੇਵਿਡ, ਜੈਸਿਕਾ ਤੇ ਜੇਮਜ਼ ਨਾਮੀ ਪਾਤਰਾਂ ਦੇ ਤਿਕੋਨੇ ਰਿਸ਼ਤਿਆਂ ਦੇ ਯਥਾਰਥ ਰਾਹੀਂ ਪੱਛਮੀ ਦੇਸ਼ਾਂ ਵਿਚਲੇ ਟੁੱਟਦੇ-ਭੱਜਦੇ ਪਰਿਵਾਰਕ ਤੇ ਦੰਪਤੀ ਰਿਸ਼ਤਿਆਂ ਦੀ ਪੇਸ਼ਕਾਰੀ ਕਰਦੀ ਹੈ।



ਸਮੁੱਚੇ ਰੂਪ ਵਿਚ ਕਿਹਾ ਜਾ ਸਕਦਾ ਹੈ ਕਿ ਰਾਸ਼ਟਰੀ ਤੇ ਅੰਤਰਸ਼ਟਰੀ ਪੱਧਰ'ਤੇ ਸਿੱਖ ਜਥੇਬੰਦੀਆਂ ਭਾਵੇਂ ਸਿੱਖਾਂ ਦੀ ਇਕ ਵੱਖਰੀ ਪਛਾਣ ਸਥਾਪਤ ਕਰਨ ਵਿਚ ਨਾਕਾਮਯਾਬ ਰਹੀਆਂ ਹੋਣ ਪਰ ਇਹ ਪੁਸਤਕ ਸਿੱਖਾਂ ਦੀ ਇਹ ਪਛਾਣ ਸਥਾਪਤ ਕਰਦੀ ਹੈ ਕਿ ਗੁਰੂ ਦਾ ਅਸਲੀ ਸਿੱਖ ਉਹ ਹੈ ਜੋ ਸੰਸਾਰ ਪੱਧਰ 'ਤੇ ਧਰਮ-ਯੁੱਧਾਂ ਦੇ ਨਾਂ ਉੱਤੇ ਡੁੱਲ੍ਹ ਰਹੇ ਮਾਨਵਤਾ ਦੇ ਲਹੂ ਦਾ ਹਮੇਸ਼ਾ ਵਿਰੋਧ ਕਰਦਾ ਹੈ।

**-ਗੁਰਦੀਪ ਕੌਰ**

## ਮੈਂ ਜੈਸਾ ਹੂੰ...ਮੈਂ ਵੈਸਾ ਕਿਉਂ ਹੂੰ...(ਸਵੈ ਬਿਰਤਾਂਤ) ਸੁਖਜੀਤ

ਸੁਖਜੀਤ ਕੋਈ ਆਮ ਮਨੁੱਖ ਨਹੀਂ। ਉਸਦੀ ਸ਼ਖਸੀਅਤ ਦੇ ਕਿੰਨੇ ਹੀ ਪਾਸਾਰ ਹਨ, ਜਿਨ੍ਹਾਂ ਦੀ ਠੀਕ ਠੀਕ ਪਛਾਣ ਕਰ ਸਕਣਾ ਕੋਈ ਸਹਿਲ ਕਾਰਜ ਨਹੀਂ। ਵਿਭਿੰਨ ਧਰਾਤਲਾਂ ਉੱਤੇ ਵਿਚਰਦਾ ਹੋਇਆ ਆਪਣੇ ਬਹੁਭਾਂਤੀ ਰੂਪਾਂ ਨਾਲ ਉਹ ਤੁਹਾਨੂੰ ਹਮੇਸ਼ਾ ਚਕ੍ਰਿਤ ਕਰਦਾ ਹੈ। ਸ਼ਬਦ ਦੇ ਸਾਰੇ ਹੀ ਅਰਥਾਂ ਵਿਚ ਉਹ ਪੂਰਾ 'ਕਲਾਕਾਰ' ਹੈ। ਜਿਸ ਵੀ ਰੂਪ ਵਿਚ ਉਹ ਪ੍ਰਗਟ ਹੋਵੇ, ਉਸ ਵਿਚੋਂ 'ਕਲਾਕਾਰੀ' ਦੀ ਝਲਕ ਅਵੱਸ਼ ਦੇਖੀ ਜਾ ਸਕਦੀ ਹੈ। ਆਪਣੀ ਸ਼ਖਸੀਅਤ ਵਾਂਗ ਹੀ ਲੇਖਕ ਵਜੋਂ ਵੀ ਸੁਖਜੀਤ ਬਹੁਤ ਨਿਸੰਗ ਤੇ ਦਲੇਰ ਹੈ, ਜਿਸਦੇ ਨਤੀਜੇ ਵਜੋਂ ਕਈ ਵਾਰ ਉਸਦੀ ਲਿਖਤ ਬੰਧਨ-ਮੁਕਤ ਪ੍ਰਕ੍ਰਿਤੀਵਾਦ ਦੇ ਘੇਰੇ ਵਿਚ ਆ ਜਾਂਦੀ ਹੈ। ਆਪੋ ਆਪਣੇ ਢੰਗ ਤੇ ਨਜ਼ਰੀਏ ਨਾਲ ਉਸਨੂੰ 'ਚੁਸਤ', 'ਸੱਚਾ ਸੁੱਚਾ', ਜਾਂ 'ਲੁੱਚਾ' ਹੋਣ ਦਾ ਕੋਈ ਵੀ ਵਿਸ਼ੇਸ਼ਣ ਦਿੱਤਾ ਜਾ ਸਕਦਾ ਹੈ। ਕਹਾਣੀਆਂ ਦੀਆਂ ਉਸਦੀਆਂ ਸਿਰਫ ਦੋ ਕਿਤਾਬਾਂ ਛਪੀਆਂ ਹਨ, ਜਿਨ੍ਹਾਂ ਉੱਤੇ ਵੱਡੀ ਚਰਚਾ ਹੋਈ ਹੈ। ਨਿਸਚੈ ਹੀ ਬਹੁਤ ਸੋਹਣੀਆਂ ਕਹਾਣੀਆਂ ਉਸਨੇ ਲਿਖੀਆਂ ਹਨ, ਜਿਸ ਕਰਕੇ ਉਸਦਾ ਨਾਂ ਸਹਿਜੇ ਹੀ ਮਗਰਲੀ ਪੀੜ੍ਹੀ ਦੇ ਗਿਣਨਯੋਗ ਸਮਰੱਥ ਕਹਾਣੀਕਾਰਾਂ ਵਿਚ ਸ਼ੁਮਾਰ ਹੁੰਦਾ ਹੈ। ਇਸਦੇ ਨਾਲ ਹੀ ਉਸਨੇ 'ਬਰਫ' ਅਤੇ 'ਹੁਣ ਮੈਂ ਰੇਪ ਨੂੰ ਇੰਜੁਆਏ ਕਰਦੀ ਹਾਂ' ਵਰਗੀਆਂ ਉਹ ਕਹਾਣੀਆਂ ਵੀ ਲਿਖੀਆਂ ਹਨ, ਜਿਨ੍ਹਾਂ ਦੀ ਚਰਚਾ ਉਨ੍ਹਾਂ ਦੀ ਕਲਾਤਮਕਤਾ ਤੋਂ ਵੱਧ ਸਨਸਨੀ ਪੈਦਾ ਕਰਨ ਕਰਕੇ ਵਧੇਰੇ ਹੋਈ ਹੈ। ਠੀਕ ਕਿਹਾ ਜਾਵੇ ਜਾਂ ਗ਼ਲਤ, ਵਿਅਕਤੀਗਤ ਰੂਪ ਵਿਚ ਵੀ ਅਤੇ ਲੇਖਕ ਵਜੋਂ ਵੀ ਉਹ ਸਨਸਨੀ ਜ਼ਰੂਰ ਪੈਦਾ ਕਰਦਾ ਹੈ।

'ਸਵੈ-ਬਿਰਤਾਂਤ' ਦੇ ਨਾਮਕਰਨ ਅਧੀਨ ਲਿਖੀ ਗਈ ਸੁਖਜੀਤ ਦੀ ਹੱਥਲੀ ਪੁਸਤਕ "ਮੈਂ ਜੈਸਾ ਹੂੰ...ਮੈਂ ਵੈਸਾ ਕਿਉਂ ਹੂੰ (ਪੰਨੇ 192, ਮੁੱਲ 250 ਰੁਪਏ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ) ਅਵੱਸ਼ ਬਹੁਤ ਅਰਥ ਭਰਪੂਰ ਰਚਨਾ ਹੈ, ਪਰ ਇਸਦਾ ਸਨਸਨੀ ਪੈਦਾ ਕਰਨ ਵਾਲਾ ਪਹਿਲੂ ਵੀ ਅਣਗੌਲਿਆਂ ਰਹਿ ਜਾਣ ਵਾਲਾ ਨਹੀਂ। ਸਵੈਜੀਵਨੀ ਦੇ ਲੇਖਕ ਅਕਸਰ ਆਪਣੇ ਬਾਰੇ ਸਭ ਕੁਝ ਸੱਚ ਕਹਿਣ ਦਾ ਦਾਅਵਾ ਤਾਂ ਕਰਦੇ ਹਨ, ਪਰ ਮੰਨਿਆ ਇਹ ਜਾਂਦਾ ਹੈ ਕਿ ਆਪਣਾ ਪੂਰਾ ਸੱਚ ਲਿਖਣਾ ਕਿਸੇ ਦੇ ਵੀ ਵੱਸ ਤੋਂ ਬਾਹਰ ਦੀ ਗੱਲ ਹੁੰਦਾ ਹੈ। ਸਿਰਜਣਾਤਮਕ ਲੇਖਕਾਂ ਬਾਰੇ ਤਾਂ ਇਹ ਵੀ ਧਾਰਨਾ ਬਣਦੀ ਹੈ ਕਿ ਸਵੈਜੀਵਨੀ ਵਰਗੀ ਲਿਖਤ ਵਿਚ ਤਾਂ ਉਹ ਆਪਣੇ ਸੱਚ ਨੂੰ ਲੁਕੋਣ ਦਾ ਕੰਮ ਹੀ ਕਰਦੇ ਹਨ, ਜਦਕਿ ਸੱਚ ਉਹਨਾਂ ਦੀਆਂ ਗਲਪ ਰਚਨਾਵਾਂ ਵਿਚੋਂ ਲੱਭਿਆ ਜਾ ਸਕਦਾ ਹੈ। ਸੁਖਜੀਤ ਦੇ ਇਸ ਸਵੈ-ਬਿਰਤਾਂਤ ਵਿਚ ਵੀ ਪੂਰਾ ਸੱਚ ਤਾਂ ਸ਼ਾਇਦ ਨਾ ਹੀ ਹੋਵੇ, ਸੰਭਵ ਹੈ ਉਸਨੇ ਕਾਫੀ ਕੁਝ ਦੱਸਣ ਤੋਂ ਆਪਣੇ ਆਪ ਨੂੰ ਸੁਚੇਤ ਭਾਂਤ ਰੋਕਿਆ ਵੀ ਹੋਵੇ, ਪਰ ਜੋ ਕੁਝ ਕਿਹਾ ਹੈ, ਉਹ ਏਨੀ ਨਿਸੰਗਤਾ ਤੇ ਦਲੇਰੀ ਨਾਲ ਕਿਹਾ ਹੈ ਕਿ ਉਸ ਬਾਰੇ ਕੋਈ ਸ਼ੰਕਾ ਕਰਨ ਦੀ ਗੁੰਜਾਇਸ਼ ਨਹੀਂ ਰਹਿ ਜਾਂਦੀ।

ਪੁਸਤਕ ਵਿਚ ਕੁੱਲ ਸਤਾਰਾਂ ਪ੍ਰਸੰਗ ਹਨ, ਜਿਨ੍ਹਾਂ ਵਿਚੋਂ ਚਾਰ ਕੁ ਪ੍ਰਸੰਗਾਂ ਵਿਚ ਲੇਖਕ ਨੇ ਆਪਣੇ ਨਿੱਜ ਤੇ ਆਪਣੇ ਪਰਿਵਾਰ ਦੀਆਂ ਬਾਤਾਂ ਪਾਈਆਂ ਹਨ, ਪਰ ਪੁਸਤਕ ਦੇ ਵਡੇਰੇ ਭਾਗ ਵਿਚ ਉਸਨੇ ਨਾਮਧਾਰੀ ਸੰਪਰਦਾਇ ਦੇ ਅੰਦਰੂਨੀ ਸੰਸਾਰ ਦਾ ਚਿਤਰ ਉਭਾਰਿਆ ਹੈ। ਗੱਲ ਭਾਵੇਂ

ਘਰ ਪਰਿਵਾਰ ਦੀ ਹੈ ਜਾਂ ਨਾਮਧਾਰੀ ਦਰਬਾਰ ਦੀ-ਸੁਖਜੀਤ ਦੀ ਨਿਸੰਗਤਾ ਤੇ ਦਲੇਰੀ ਦੇ ਖੁਲ੍ਹੇ ਦਰਸ਼ਨ ਦੀਦਾਰ ਹਰ ਪ੍ਰਸੰਗ ਵਿਚ ਵੇਖੇ ਜਾ ਸਕਦੇ ਹਨ।ਪਰਿਵਾਰਕ ਪ੍ਰਸੰਗ ਦਾ ਇਕ ਨਮੂਨਾ ਵੇਖੋ। ਸੁਖਜੀਤ ਦਾ ਬਾਪ ਚਾਰ ਭਰਾਵਾਂ ਵਿਚ ਸਭ ਤੋਂ ਛੋਟਾ, ਕੁਝ ਪੜ੍ਹਿਆ ਲਿਖਿਆ, ਸਮਰਾਲੇ ਰਹਿੰਦਾ ਸੀ। ਸਖਜੀਤ ਮੁੱਢਲੀ ਸਮਝ ਅਨੁਸਰ ਉਸਦੇ ਬਾਪ ਨੂੰ ਭਰਾਵਾਂ ਨੇ ਖਾਲੀ ਹੱਥ ਪਿੰਡੋਂ ਕੱਢ ਦਿੱਤਾ ਸੀ। ਪਿੰਡ ਦੀ ਜ਼ਮੀਨ ਦੇ ਰੌਲ਼ੇ ਦੀ ਗੱਲ ਠਾਣੇ ਤਕ ਜਾ ਪਹੁੰਚੀ।"ਲੜਦਿਆਂ ਤਾਏ ਸੰਤ ਨੇ ਭਾਪਾ ਜੀ ਨੂੰ ਮਿਹਣਾ ਮਾਰਿਆ, 'ਗੱਲ ਸੁਣ ਓਏ ਵੱਡਿਆ ਚਲਾਕਾ। ਮੈਂ ਕਹਿੰਦਾ ਸੀ ਕਾਹਨੂੰ ਸਭ ਕੁਝ ਕਹਿਣੈ, ਨਿਆਣੇ ਬਰਾਬਰ ਦੇ ਹੋਗੇ, ਪਰ ਤੂੰ ਸੱਚੀਆਂ ਸੁਣਕੇ ਖੜੇਂਗਾ। ਮੈਂ ਆਵਦੇ ਵਿਆਹ ਤੋਂ ਬਾਅਦ ਕਦੇ ਘਰਆਲ਼ੀ 'ਤੇ ਮੇਰ ਨਈ ਕੀਤੀ। ਉਦੋਂ ਤੁਸੀਂ ਸਾਰੇ ਸਾਲ਼ਿਓ ਨਿਆਣੇ ਜਮਾਈ ਗਏ ਤੇ ਮੈਨੂੰ ਬਣਾਤਾ ਅੱਠ ਨਿਆਣਿਆਂ ਦਾ ਪਿਉ, ਤੇ ਜਦੋਂ ਹੋਇਆ ਤੇਰਾ ਵਿਆਹ, ਚਾਰ ਦਿਨ ਨਈ ਕੱਟੇ ਸਾਡੇ 'ਚ, ਆਵਦੀ ਨੂੰ ਲੈਕੇ ਭੱਜ ਗਿਆ ਸਮਰਾਲੇ, ਅਖੇ ਜੀ ਹਮਕੋ ਪੀਂਡ ਮੇਂ ਪੂਰਾ ਨਹੀਂ ਫਟਤਾ।'... ਭਾਪਾ ਜੀ ਦਾ ਵਿਆਹ ਬੀਬੀ ਨਾਲ ਮਸਾਂ ਹੀ ਸਿਰੇ ਚੜ੍ਹਿਆ ਸੀ। ਭਾਪਾ ਜੀ ਤੀਹ ਬੱਤੀ ਸਾਲ ਦੇ ਤੇ ਮਾਂ ਸੋਲ਼ਾਂ ਵਰ੍ਹਿਆਂ ਦੀ... ਉਹ ਬੀਬੀ ਦੇ ਸਾਹੀਂ ਸਾਹ ਲੈਂਦਾ। ਏਸੇ ਲਈ ਉਸਨੇ ਵਿਸਾਹ ਨਹੀਂ ਖਾਧਾ, ਤਾਂ ਹੀ ਪਿੰਡੋਂ ਉਹ ਆਪਣੇ ਭਰਾਵਾਂ 'ਚੋਂ ਕੱਢਕੇ ਉਹਨੂੰ ਸਮਰਾਲੇ ਲੈ ਆਇਆ। ਮੈਂ ਸੱਚਮੁੱਚ ਇਹ ਸੋਚਕੇ ਕਈ ਵਾਰ ਕੰਬ ਜਾਨਾਂ ਕਿ ਜੇ ਕਿਤੇ ਉਹ ਮਲੂਕੜੀ ਜਿਹੀ ਜਿੰਦ ਮਾਂ ਮੇਰੀ ਉਨ੍ਹਾਂ ਤਾਇਆਂ 'ਚ ਫਸ ਜਾਂਦੀ।"

ਏਸ ਤਰ੍ਹਾਂ ਦਾ ਬਿਰਤਾਂਤ ਸਿਰਜਣ ਲਈ ਸੁਖਜੀਤ ਵਰਗੀ ਦਲੇਰੀ ਚਾਹੀਦੀ ਹੈ। ਨਿੱਜ ਨਾਲ ਜੁੜਿਆ ਹੀ ਅਜਿਹਾ ਇਕ ਹੋਰ ਛੋਟਾ ਜਿਹਾ ਬਿਰਤਾਂਤ, ਜਿਸ ਬਾਰੇ ਦੱਸਣ ਤੋਂ ਪਹਿਲਾਂ ਉਹ ਆਖਦਾ ਕਿ ਜਦੋਂ ਉਹ ਕੁਝ ਕਰਨ ਜੋਗਾ ਹੋਇਆ ਤਾਂ ਉਹ ਬਚਪਨ ਵਿਚ ਕਿਸੇ ਵੱਲੋਂ ਕੀਤੀਆਂ ਜ਼ਿਆਦਤੀਆਂ ਨੂੰ ਭੁੱਲ ਨਹੀਂ ਸਕਿਆ। "ਬਹੁਤ ਲੋਕਾਂ ਵਾਂਗ ਮੈਂ ਵੀ ਆਖਦਾ, 'ਮੈਂ ਨੀ ਜੀ ਕਿਸੇ ਦਾ ਮਾੜਾ ਕੀਤਾ ਕਦੇ., ਮੇਰੇ ਨਾਲ ਜੇ ਕੋਈ ਮਾੜਾ ਕਰੇ ਤਾਂ ਮਾਫ ਕਰ ਦਿੰਨਾ'.. ਪਰ ਛੇਤੀ ਮੈਨੂੰ ਪਤਾ ਲੱਗ ਗਿਆ ਕਿ ਜਿਹੜੇ ਲੋਕ ਕਹਿੰਦੇ ਨੇ ਕਿ ਅਸੀਂ ਨੀ ਜੀ ਮਾੜਾ ਕਰਦੇ ਕਿਸੇ ਦਾ,ਉਹ ਜ਼ਰੂਰ ਕਰਦੇ ਨੇ। ਜਿਹੜਾ ਕਹਿੰਦਾ, 'ਮੈਂ ਧੀਆਂ-ਭੈਣਾਂ ਦਾ ਸਾਂਝੀ ਆਂ', ਉਹ ਕਦੇ ਨੀ ਹੁੰਦਾ। ਜਿਹੜਾ ਆਖੇ, 'ਮੈਂ ਦੋਸਤ-ਮਿੱਤਰ ਦੇ ਘਰ ਜਾ ਕੇ ਮੈਲ਼ੀ ਅੱਖ ਨੀ ਰੱਖਦਾ', ਉਹ ਲਾਜ਼ਮੀ ਰੱਖਦਾ।" ਇਹ ਕਹਿਣ ਮਗਰੋਂ ਉਹ ਦੱਸਦਾ ਹੈ ਕਿ ਮੁਹਤਬਰ ਹੋਣ ਦੀ ਸੂਰਤ ਵਿਚ ਇਕ ਵਾਰ ਜਦੋਂ ਉਸ ਕੋਲ਼ ਦੋ ਭਰਾਵਾਂ ਦਾ ਕੋਈ ਝਗੜਾ ਆਇਆ ਤਾਂ ਉਹ ਠੀਕ ਤਾਂ ਵੱਡੇ ਭਰਾ ਨੂੰ ਸਮਝਦਾ ਸੀ, ਪਰ ਮਦਦ ਅੰਦਰਖਾਤੇ ਉਹ ਛੋਟੇ ਦੀ ਕਰਦਾ ਸੀ। ਇਸ ਬੁਝਾਰਤ ਬਾਰੇ ਆਪਣੇ ਮਿੱਤਰ ਕੰਧਾਰੇ ਦੇ ਪੁੱਛਣ 'ਤੇ ਉਹ ਦੱਸਦਾ ਹੈ ਕਿ ਇਸ ਵੱਡੇ ਭਰਾ ਨਾਲ ਉਸਦੀ ਖੁੰਦਕ ਹੈ, ਜੋ ਬਚਪਨ ਵਿਚ ਛੇੜਦਿਆਂ ਉਹਨੂੰ ਪੁੱਛਦਾ ਸੀ, "ਰਾਤ ਨੂੰ ਥੋਡੇ ਘਰ ਚੂਹਾ ਚੂਹਾ ਲੜਦੇ ਆ।ਦੂਜਿਆਂ ਨੇ ਹੱਸ ਪੈਣਾ। ਮੈਨੂੰ ਸਮਝ ਨਾ ਲੱਗਣੀ।ਬਾਅਦ ਵਿਚ ਸਮਝ ਲੱਗ ਗਈ ਕਿ ਇਹ ਗੰਦੀ ਗੱਲ ਕਰਦੇ ਤੇ ਕਰਦੇ ਵੀ ਮੇਰੇ ਬੀਬੀ ਭਾਪੇ ਬਾਰੇ ਐ। ਬੱਸ ਹੁਣ ਉਹ ਗੱਲ ਯਾਦ ਆ ਗਈ, ਮੈਂ ਕਿਹਾ, 'ਪੁੱਤ ਮੈਂ ਦੱਸਦੈਂ ਤੈਨੂੰ ਬਈ ਚੂਹਾ-ਚੂਹੀ ਕਿਵੇਂ ਲੜਦੇ ਐ।" ਅਤੇ ਜਵਾਨੀ ਚੜ੍ਹਨ ਸਮੇਂ ਦੀ ਅਵਸਥਾ ਦੀ ਇਕ ਗੱਲ ਆਪਣੇ ਬਾਰੇ- "ਮੈਂ ਮੁੰਡੇ ਕੁੜੀਆਂ ਦੀਆਂ ਕਾਮ ਵਾਲੀਆਂ ਗੱਲਾਂ ਤੋਂ ਉਪਰ ਉਠ ਜਾਂਦਾ...ਦਿਖਾਵਾ ਕਰਦਾ ਕਿ ਮੈਨੂੰ ਇਹਨਾਂ ਗੱਲਾਂ 'ਚ ਭੋਰਾ ਦਿਲਚਸਪੀ ਨਹੀਂ। ਪਰ ਜਿਉਂ-ਜਿਉਂ ਉਪਰੋਂ ਮੈਂ ਵਿਰੋਧ ਦਿਖਾਉਂਦਾ ਤਿਉਂ ਤਿਉਂ ਕਿਤੇ ਕੁੜੀਆਂ ਦੇ ਨੇੜੇ ਲੱਗਣ ਦੀ ਲਾਲਸਾ ਵਧਦੀ ਜਾਂਦੀ...ਜਾਣੀਆਂ ਪਛਾਣੀਆਂ ਬਹੁਤ ਕੁੜੀਆਂ ਮੈਂ ਮਾਨਸਿਕ ਤੌਰ 'ਤੇ ਭੋਗਦਾ ਰਹਿੰਦਾ। ਉਪਰੋਂ ਮੇਰਾ ਵਿਖਾਵਾ ਵਧਦਾ ਜਾਂਦਾ"

ਜਦੋਂ ਉਸਦੇ ਪਿਉ ਨੇ ਬੇਟ ਦੇ ਏਰੀਏ ਵਿਚ, ਮਾਣੇਵਾਲ, ਸਸਤੇ ਭਾਅ ਬਹੁਤ ਸਾਰੀ



ਜ਼ਮੀਨ ਲੈ ਲਈ ਤਾਂ ਉਸਨੂੰ ਵਾਹੁਣਯੋਗ ਬਣਾਉਣ ਲਈ ਕੀਤੀ ਜਾਨਮਾਰੀ ਦਾ ਵੇਰਵਾ ਦੇਣ ਤੋਂ ਇਲਾਵਾ ਉਹ ਉਸ ਇਲਾਕੇ ਵਿਚ ਪਾਕਿਸਤਾਨ ਦੇ ਗੁਜਰਾਤ ਜ਼ਿਲ੍ਹੇ ਦੇ ਪਿੰਡਾਂ ਵਿਚੋਂ ਆ ਕੇ ਵਸੇ ਬੇਜ਼ਮੀਨੇ ਲੋਕਾਂ ਦੀ ਬਾਤ ਵੀ ਪਾਉਂਦਾ ਹੈ, ਜੋ ਮਿਹਨਤ ਮਜ਼ਦੂਰੀ ਨਾਲ ਗੁਜ਼ਰਾ ਨਾ ਤੁਰਦਾ ਹੋਣ ਦੀ ਹਾਲਤ ਵਿਚ ਠੱਗੀਆਂ ਤੇ ਚਲਾਕੀਆਂ ਦਾ ਸਹਾਰਾ ਲੈਂਦੇ ਹਨ। ਆਪਣੀ ਮਾਸੂਮੀਅਤ ਸਹਿਤ ਅਜਿਹੇ ਲੋਕ ਸੁਖਜੀਤ ਨੂੰ ਪ੍ਰਭਾਵਤ ਕਰਦੇ ਹਨ ਤੇ ਉਹਨਾਂ ਨਾਲ ਉਸਦੀ ਆੜੀ ਪੈ ਜਾਂਦੀ ਹੈ। ਉਹਨਾਂ ਵਿਚੋਂ ਹੀ ਇਕ ਹੈ ਟਰੱਕ ਡਰਾਈਵਰ ਜਾਂ ਕਲੀਨਰ 'ਕੰਧਾਰਾ' ਜਿਸਤੋਂ ਸੜਕ ਕੰਢੇ ਉਤਲੇ ਢਾਬੇ ਦੇ ਸਜ ਕੇ ਬੈਠੇ ਮਾਲਕ ਦੇ ਚਿੱਟੇ ਬਸਤਰ ਨਹੀਂ ਸਹਾਰ ਹੁੰਦੇ, "ਵੇਖਾਂ ਕਿਵੇਂ ਬੈਠਾ, ਪਿਉ ਆਲ਼ਾ ਚਿੱਟਾ ਕੁੜਤਾ ਪਾ ਕੇ, ਸਾਲ਼ਾ ਕਿਵੇਂ ਟਿੰਡ ਲਿਸ਼ਕਾਣ ਡਿਹਾਅ" ਅਤੇ ਉਹ ਬੜੀ ਹੁਸ਼ਿਆਰੀ ਨਾਲ ਉਸਦਾ ਸ਼ੁਚਿੰਤਕ ਬਣਕੇ ਦਾਲ਼ ਆਦਿ ਨਾਲ ਉਸਦੇ ਕਪੜੇ ਲੱਥਪਥ ਕਰਕੇ ਖੁਸ਼ ਹੁੰਦਾ ਹੈ। ਏਸੇ ਤਰ੍ਹਾਂ ਦੇ ਚਰਿੱਤਰ ਉਸਨੂੰ ਨਾਮਧਾਰੀਆਂ ਵਿਚ ਵੀ ਮਿਲਦੇ ਹਨ, ਜਿਨ੍ਹਾਂ ਨਾਲ ਉਸਦੀ ਕੁਦਰਤੀ ਹੀ ਸਾਂਝ ਪੈ ਜਾਂਦੀ ਹੈ। ਅਜਿਹਾ ਹੀ ਇਕ ਕਿਰਦਾਰ ਹੈ ਜੀਵਨ ਨਗਰ ਇਲਾਕੇ ਵਿਚਲਾ ਨਿੰਮਾ ਜੋ ਨਾਮਧਾਰੀ ਸੰਪਰਦਾਇ ਤੇ ਏਸਦੇ ਮੁਖੀ ਨਾਲ ਰੁੱਸਿਆ ਹੋਣ ਦੇ ਬਾਵਜੂਦ ਚੁੱਪ ਚੁਪੀਤੇ ਨਾਮਧਾਰੀਆਂ ਨੂੰ ਚੁਣੌਤੀ ਖੜ੍ਹੀ ਕਰਨ ਵਾਲਿਆਂ ਦਾ ਟਾਕਰਾ ਕਰਨ ਲਈ ਆਪਣੀ ਜ਼ਮੀਨ ਗਹਿਣੇ ਪਾਉਣ ਸਮੇਤ ਹੋਰ ਬਹੁਤ ਕੁਝ ਚੰਗਾ ਮਾੜਾ ਆਪਣੇ ਗੁਰੂ ਲਈ ਕਰਦਾ ਹੈ।

ਨਾਮਧਾਰੀ ਪਰਿਵਾਰ ਵਿਚੋਂ ਆਇਆ ਹੋਣ ਕਰਕੇ ਸੁਖਜੀਤ ਮੁੱਢੋਂ ਨਾਮਧਾਰੀ ਹੈ। ਪਰ ਏਸੇ ਤਰ੍ਹਾਂ ਦੇ ਪਿਛੋਕੜ 'ਚੋਂ ਆਏ ਇਕ ਹੋਰ ਸੂਝਵਾਨ ਮਨੁੱਖ ਸੁਰਜੀਤ ਖੁਰਸ਼ੀਦੀ ਵਾਂਗ,ਉਹ ਆਸਥਾਵਾਨ ਬਣਿਆ ਨਹੀਂ ਰਹਿੰਦਾ, ਸਗੋਂ ਆਪਣੇ ਆਪ ਨੂੰ ਨਾਸਤਕ ਤੇ ਕਮਿਊਨਿਟ ਕਹਿਣ ਤਕ ਜਾਂਦਾ ਹੈ। ਪਰ ਇਹ ਨਾਮਧਾਰੀ ਦਰਬਾਰ ਦੀ ਵਡਿਆਈ ਹੈ, ਸਿਆਣਪ ਜਾਂ ਹੁਸ਼ਿਆਰੀ ਕਿ ਉਹ ਸੁਖਜੀਤ ਵਰਗੇ ਵਿਅਕਤੀਆਂ ਨੂੰ ਵੀ ਬਣਦਾ ਆਦਰ ਸਤਿਕਾਰ ਦਿੰਦੇ ਹਨ ਅਤੇ ਉਹਨਾਂ ਦੀ ਯੋਗਤਾ ਦਾ ਲਾਹਾ ਲੈਂਦੇ ਹਨ।ਸੁਖਜੀਤ ਦੇ ਮਾਂ ਪਿਉ ਪੱਕੇ ਨਾਮਧਾਰੀ ਸਨ। ਉਸਦਾ ਪਿਤਾ ਸਤਿਗੁਰੂ ਜਗਜੀਤ ਸਿੰਘ ਅਤੇ ਨਾਮਧਾਰੀ ਦਰਬਾਰ ਲਈ ਡਰਾਈਵਰ ਦਾ ਕੰਮ ਕਰਦਾ ਰਿਹਾ ਹੈ। ਮਾਂ ਉਸਦੀ ਨੂੰ ਤਾਂ ਜਿਵੇਂ ਨਾਮਧਾਰਨ ਹੋਣ ਦਾ ਹੰਕਾਰ ਹੈ ਜੋ ਸਮਝਦੀ ਹੈ ਕਿ ਦਿੱਖ ਤੇ ਆਹਾਰ ਸਮੇਤ ਆਮ ਵਰਤੋਂ ਵਿਹਾਰ ਵਿਚ ਉਹਨਾਂ ਵਰਗਾ ਸੱਚਾ ਸਤਿਜੁਗੀ ਜੀਵ ਕੋਈ ਨਹੀਂ ਹੋ ਸਕਦਾ। ਪਰ ਸੁਖਜੀਤ ਦੀ ਸ਼ਖਸੀਅਤ ਅਜਿਹੀ ਨਹੀਂ। ਉਹ ਭੈਣੀ ਸਾਹਿਬ ਜਾ ਕੇ ਮਹਿਜ਼ ਡਰਾਈਵਰ ਤਕ ਹੀ ਮਹਿਦੂਦ ਨਹੀਂ ਰਹਿਣਾ ਚਾਹੁੰਦਾ, ਸ਼ਕਤੀ ਅਤੇ ਸੱਤਾ ਦੇ ਅਗਲੇ ਡੰਡਿਆਂ ਨੂੰ ਹੱਥ ਪਾਉਣਾ ਲੋੜਦਾ ਹੈ।

ਇੰਝ ਇਕ ਸਮੇਂ ਉਹ ਨਾਮਧਾਰੀ ਦਰਬਾਰ ਦੀ ਸਰਪ੍ਰਸਤੀ ਨਾਲ ਭੈਣੀ ਸਾਹਿਬ ਦਾ ਸਰਪੰਚ ਵੀ ਬਣਿਆ।ਉੱਥੋਂ ਦੇ ਵਿਹਾਰਕ ਅਨੁਭਵ ਵਿਚੋਂ ਉਸਦਾ ਕਹਿਣਾ ਹੈ, "ਭੈਣੀ ਸਾਹਿਬ ਰਹਿੰਦਿਆਂ ਬਥੇਰੀਆਂ ਅਫਵਾਹਾਂ ਫੈਲੀਆਂ, ਇਲਜ਼ਾਮ ਲੱਗੇ...ਇਕ ਦਿਨ ਗੁਰੂ ਜੀ ਕਹਿਣ ਲੱਗੇ, 'ਤੂੰ ਜੀ ਲਾ ਕੇ ਕਿਉਂ ਨਈ ਰਹਿੰਦਾ, ਛੱਡ ਕੇ ਕਿਉਂ ਚਲਾ ਜਾਂਦਾ'। ਮੈਂ ਕਿਹਾ, 'ਆਹ ਕੁਝ ਬੰਦੇ ਨਾਜਾਇਜ਼ ਗੱਲਾਂ ਕਰਦੇ ਨੇ, ਇਲਜ਼ਾਮ ਲਾਉਂਦੇ ਨੇ'। ਉਹ ਗੰਭੀਰ ਹੋ ਕੇ ਕਹਿਣ ਲੱਗੇ, 'ਤੇਰੇ ਬਾਰੇ ਅਜੇ ਚਿੱਠੀਆਂ ਤਾਂ ਨਹੀਂ ਨਿਕਲੀਆਂ, ਇਸ਼ਤਿਹਾਰ ਤਾਂ ਨਹੀਂ ਛਪੇ, ਮੇਰੇ ਬਾਰੇ ਤਾਂ ਇਹ ਕੁਝ ਵੀ ਹੋ ਰਿਹੈ, ਮੈਂ ਨਹੀਂ ਪਰਵਾਹ ਕਰਦਾ'।...ਓਦਣ ਪਹਿਲੇ ਦਿਨ ਮੈਨੂੰ ਗੁਰੂ ਜੀ ਦਾ ਦੁੱਖ ਮਹਿਸੂਸ ਹੋਇਆ। ਪਹਿਲਾਂ ਅਸੀਂ ਉਹਨਾਂ ਨੂੰ ਸਮਰੱਥ, ਜਾਣੀ-ਜਾਣ, ਕਰਨ ਕਰਾਵਣਹਾਰ ਮੰਨ ਕੇ ਸਮਝਦੇ ਸਾਂ ਕਿ ਉਹਨਾਂ ਨੂੰ ਬਦਨਾਮੀ ਦਾ ਕੋਈ ਦੁੱਖ ਨਹੀਂ"। ਅਤੇ ਇੰਝ ਘੱਟੋ ਘੱਟ ਆਪਣੇ ਲਈ ਨਾਮਧਾਰੀ ਸਤਿਰਗੁਰੂ ਨੂੰ ਇਕ ਆਮ ਮਨੁੱਖ ਵਜੋਂ ਵੇਖਦਿਆਂ ਹੋਇਆਂ ਉਸਨੇ 'ਆਪਣੇ ਦੁੱਖ ਭੁੱਲਕੇ ਗੁਰੂ ਜੀ ਲਈ ਮਰਨ ਮਾਰਨ ਦਾ ਫੈਸਲਾ ਕਰ ਲਿਆ।

ਅਤੇ ਇਸ ਤੋਂ ਅਗਾਂਹ ਗੁਰੂ ਜੀ ਜਾਂ ਭੈਣੀ ਸਾਹਿਬ ਦਰਬਾਰ ਨਾਲ ਸੰਬੰਧਤ ਮੁਹਿੰਮਾਂ ਦੇ ਕੁਝ ਬਿਰਤਾਂਤ ਹਨ ਜਿਨ੍ਹਾਂ ਵਿਚ ਸੁਖਜੀਤ ਦੀ ਵੱਡੀ ਭੂਮਿਕਾ ਹੈ। ਇਸ ਭੂਮਿਕਾ ਵਿਚ ਉਹ ਇਕ ਸੰਵੇਦਨਸ਼ੀਲ ਲੇਖਕ ਘੱਟ ਅਤੇ ਚੁਸਤ ਚਲਾਕ ਡਿਪਲੋਮੇਟ ਜਾਂ ਧੜਵਈ ਦੇ ਰੂਪ ਵਿਚ ਵਧੇਰੇ ਸਾਹਮਣੇ ਆਉਂਦਾ ਹੈ। ਦੋ ਤਿੰਨ ਬਿਰਤਾਂਤ ਕੁਝ ਵਧੇਰੇ ਹੀ ਦਿਲਚਸਪ ਹਨ। ਭੈਣੀ ਸਾਹਿਬ ਇਕ ਜੱਟ ਦੀ ਗਿਅਰਾਂ ਕੀਲੇ ਜ਼ਮੀਨ ਲੱਗਦੀ ਸੀ ਡੇਰੇ ਦੇ ਨਾਲ, ਜਿਸਨੂੰ ਨਾਮਧਾਰੀ ਦਰਬਾਰ ਡੇਰੇ ਨਾਲ ਮਿਲਾਉਣਾ ਚਾਹੁੰਦਾ ਸੀ ਪਰ ਅਨੇਕਾਂ ਯਤਨਾਂ ਦੇ ਬਾਵਜੂਦ ਇਸ ਵਿਚ ਸਫਲਤਾ ਨਹੀਂ ਸੀ ਮਿਲੀ। ਜਦੋਂ ਸੁਖਜੀਤ ਨੂੰ ਇਹ ਜ਼ਿੰਮੇਵਾਰੀ ਸੌਂਪੀ ਗਈ ਤਾਂ ਉਸਨੇ ਇਸਨੂੰ ਇਕ ਚੈਲਿੰਜ ਵਜੋਂ ਲਿਆ ਅਤੇ ਅਨੋਖਾ ਜਿਹਾ ਦਾਅ ਵਰਤਦਿਆਂ ਜ਼ਮੀਨ ਵਾਲੇ ਕੋਲ ਜਾ ਕੇ ਉਸਦਾ ਹਮਦਰਦ ਬਣਕੇ ਇਹ ਪੱਕੀ ਕਰ ਆਇਆ ਕਿ 'ਡੇਰੇ ਵਾਲਿਆਂ ਨੂੰ ਜ਼ਮੀਨ ਨਹੀਂ ਦੇਣੀ ਆਪਾਂ'। ਅਤੇ ਨਾਲ ਹੀ ਪਤਾ ਕਰ ਲਿਆ ਕਿ ਪਿੰਡ ਦਾ ਖਾੜਕੂ ਹੋਇਆ ਭਗੌੜਾ ਜ਼ਮੀਨ ਵਾਲਿਆਂ ਦੇ ਘਰ ਆਉਂਦਾ ਸੀ ਰਾਤ-ਬਰਾਤੇ। ਪੁਲਸ ਨੂੰ ਇਸ ਬਾਰੇ ਦੱਸਕੇ ਤੇ ਉਸ ਜੱਟ ਨੂੰ ਅੰਦਰ ਕਰਵਾ ਕੇ ਫਿਰ ਉਸ ਦਾ ਹਮਦਰਦ ਬਣਕੇ ਥਾਣੇ ਜਾ ਮਿਲਿਆ ਉਸਨੂੰ, "ਤੈਨੂੰ ਕਿਹਾ ਸੀ ਨਾ ਬਈ ਤੇਰੀ ਜ਼ਮੀਨ 'ਤੇ ਅੱਖ ਹੈ ਇਨ੍ਹਾਂ ਦੀ। ਇਹ ਡੇਰੇ ਵਾਲੇ ਚੰਗੇ ਬੰਦੇ ਨਈਂ, ਤੈਨੂੰ ਏਥੇ ਮਰਵਾ ਦੇਣਗੇ। ਭਰਾ ਤੇਰਾ ਊਂ ਨਿਆਣੈਂ, ਜ਼ਮੀਨ ਵੀ ਸਾਂਭਣਗੇ, ਤੀਵੀਆਂ ਵੀ। ਇਹਦੇ ਨਾਲੋਂ ਇਹ ਨਹੀਂ ਚੰਗਾ, ਮੇਰੇ ਆਖੇ ਲੱਗ, ਵੱਟੇ 'ਚ ਜ਼ਮੀਨ ਲੈ ਕੇ ਪਾਸੇ ਹੋ ਜਾ।" ਅਤੇ ਇੰਝ ਚਲਾਕੀ ਨਾਲ ਜ਼ਮੀਨ ਹਥਿਆਉਣ 'ਤੇ ਆਪਣੇ ਆਪ ਨੂੰ ਸੁਰਖਰੂ ਕਰਦਿਆਂ ਸੁਖਜੀਤ ਦੱਸਦਾ ਹੈ ਕਿ ਬਦਲੇ ਵਿਚ ਉਸ ਜੱਟ ਨੂੰ ਬੇਟ ਵਿਚ ਢਾਈ ਗੁਣਾਂ ਜ਼ਮੀਨ ਲੈ ਦਿੱਤੀ ਗਈ ਸੀ। ਆਨੰਦਪੁਰ ਵਿਚ ਨਿਰਮਲੇ ਬਾਬੇ ਦੇ ਡੇਰੇ ਦੇ ਵਿਰਾਸਤੀ ਝਗੜੇ ਦਾ ਬਾਂਦਰ ਵੰਡ ਵਿਚ ਨਿਪਟਾਰਾ, ਮਹਾਰਾਜ ਬੀਰ ਸਿੰਘ ਵੱਲੋਂ ਆਪਣੇ ਆਪ ਨੂੰ ਗੁਰੂ ਐਲਾਨਣ ਦੀ ਨਾਕਾਮ ਕੋਸ਼ਿਸ਼ ਵਾਲਾ ਬੀੜ ਗੁਰੂ ਕਾ ਕਾਂਡ, ਲੁਧਿਆਣੇ ਸ਼ਹਿਰ ਵਿਚ ਫੈਕਟਰੀਆਂ ਮਕਾਨਾਂ ਵਾਲੀ ਥਾਂ ਉੱਤੇ ਹਥਿਆਰਬੰਦ ਹਮਲੇ ਰਾਹੀਂ ਕਬਜ਼ਾ ਆਦਿ ਪੁਸਤਕ ਵਿਚ ਕਈ ਪ੍ਰਸੰਗ ਹਨ, ਜੋ ਸੱਚਮੁੱਚ ਵਾਪਰੀਆਂ ਘਟਨਾਵਾਂ ਦੇ ਬਿਰਤਾਂਤ ਹੋਣ ਦੇ ਨਾਲ ਸੁਖਜੀਤ ਦੀ ਸ਼ਖਸੀਅਤ ਤੇ ਉਸਦੀ 'ਕਲਾਕਾਰੀ' ਦਾ ਪ੍ਰਮਾਣ ਸਿਰਜਦੇ ਹਨ। ਜਿਵੇਂ ਮਾਮਲਾ ਇਕ ਮਹੀਨੇ ਲਈ ਗੁਰੂ ਜੀ ਨਾਲ ਥਾਈਲੈਂਡ ਦੀ ਯਾਤਰਾ ਸਮੇਂ ਆਪਣੀ ਰੋਜ਼ਾਨਾ ਖੁਰਾਕ ਵਜੋਂ ਚੋਰੀ ਛਿਪੇ ਫੀਮ ਲਿਜਾਣ ਦਾ ਹੀ ਹੋਵੇ, ਗੁਰੂ ਜੀ ਜਾਣਦੇ ਹਨ, "ਸੁਖਜੀਤ ਸਮਝਦਾਰ ਹੈ, ਆਪੇ ਸਭ ਕੁਝ ਠੀਕ ਕਰ ਲਵੇਗਾ।" ਇਸ ਤਰ੍ਹਾਂ ਦੀ ਸਮੱਗਰੀ ਪੁਸਤਕ ਵਿਚ ਬਹੁਤ ਹੈ, ਜਿਸਨੂੰ ਸ਼ਰਧਾ-ਭਾਵਨਾ ਵਾਲੀ ਨਜ਼ਰ ਤਾਂ ਪ੍ਰਵਾਨ ਨਹੀਂ ਕਰ ਸਕਦੀ, ਪਰ ਯਥਾਰਥਕ ਅੰਤਰਝਾਤ ਵਜੋਂ ਜਿਸਦਾ ਕੋਈ ਮੋੜ ਨਹੀਂ।

ਸੁਖਜੀਤ ਦੀ ਭਾਸ਼ਾਈ ਤੇ ਕਲਾਤਮਕ ਸਮਰੱਥਾ ਨੇ ਸਮੁੱਚੀ ਪੁਸਤਕ ਵਿਚ ਅਜਿਹਾ ਜਾਦੂ ਵਖੇਰਿਆ ਹੈ ਕਿ ਇਸ ਗੱਲ ਦਾ ਚਿੱਤ-ਚੇਤਾ ਨਹੀਂ ਰਹਿੰਦਾ ਕਿ ਉਹ ਸੱਚਮੁੱਚ ਵਾਪਰਿਆ ਅਸਲੀ ਬਿਰਤਾਂਤ ਪੜ੍ਹ ਰਿਹਾ ਹੈ, ਜਾਂ ਕੋਈ ਗਲਪ ਰਚਨਾ ਜਾਂ ਨਾਟਕੀ ਸਕ੍ਰਿਪਟ। ਇਸ ਨਿਵੇਕਲੀ ਵਾਰਤਕ ਪੁਸਤਕ ਦਾ ਭਰਪੂਰ ਸਵਾਗਤ ਹੈ।

-ਰਘਬੀਰ ਸਿੰਘ

ਪ੍ਰਿੰਟਰ, ਪਬਲਿਸ਼ਰ ਤੇ ਮਾਲਕ ਸੁਰਿੰਦਰ ਮੋਹਨ ਸਿੰਘ ਨੇ ਸਿਰਜਣਾ ਪ੍ਰਿੰਟਰਜ਼ ਐਂਡ ਸਟੇਸ਼ਨਰਜ਼, ਸ਼ੋਅਰੂਮ ਨੰਬਰ 443, ਮਟੌਰ, ਸੈਕਟਰ 70, ਮੁਹਾਲੀ ਤੋਂ ਛਪਵਾ ਕੇ 225-ਬੀ, ਮਖਦੂਮਪੁਰਾ, ਜਲੰਧਰ ਤੋਂ ਪ੍ਰਕਾਸ਼ਤ ਕੀਤਾ।

ਸੰਪਾਦਕ: **ਰਘਬੀਰ ਸਿੰਘ** ਪ੍ਰਕਾਸ਼ਨ ਮਿਤੀ: 1 ਜੁਲਾਈ, 2018



ਕੌਮਾਂਤਰੀ ਪੱਧਰ ਦਾ ਵਕਾਰੀ 'ਢਾਹਾਂ ਇਨਾਮ' ਜਿੱਤਣ ਵਾਲੀ ਰਚਨਾ
'ਖਾਲੀ ਖੂਹਾਂ ਦੀ ਕਥਾ' ਤੋਂ ਮਗਰੋਂ ਅੱਧੀ ਦਰਜਨ ਚਰਚਤ ਨਾਵਲਾਂ ਦੇ ਰਚੇਤਾ

**ਅਵਤਾਰ ਸਿੰਘ ਬਿਲਿੰਗ ਦਾ ਨਵਾਂ ਨਾਵਲ**

**ਗੁਲਾਬੀ ਨ.ਗ ਵਾਲੀ ਮੁੰਦਰੀ**




'ਇਉਂ ਦੱਸ ਕਾਕਾ, ਤੂੰ ਉਹਨੂੰ ਖਿਲਾਵੇਂਗਾ ਕਿੱਥੋਂ? ... ਕਿਹੜੀਆਂ ਮਿਲਖ ਜਗੀਰਾਂ ਉਹਦਾ ਪਿਓ ਕੰਜਰ ਉਹਦੇ ਨਾਉਂ ਕਰਾ ਕੇ ਤੇਰੇ ਨਾਲ ਵਿਆਹੂਗਾ? ਇਕ ਕਲਰਕ ਕੋਲ ਹੁੰਦਾ ਕੀ ਹੈ? ਤੈਨੂੰ ਉਸ ਘਰ 'ਚੋਂ ਸੂਕ ਨਹੀਂ ਆਊਗੀ? ਤੇਰਾ ਅੱਗਾ ਪਿੱਛਾ ਸਭ ਗੰਦੇ ਨਾਲ ਲਿਬੜ ਜਾਣੈ ...' 'ਬਕਵਾਸ ਬੰਦ ਕਰ, ਮੰਮੀ'। ਮੁੰਡਾ ਚੀਕਿਆ। ... ਮੈਂ ਉਹਦੇ ਕੁਨਬੇ ਤੋਂ ਕੀ ਲੈਣਾ? ਜਾਤ ਹੁੰਦੀ ਕੀ ਹੈ? ਮੈਨੂੰ ਸਿਰਫ ਰਾਣੋ ਚਾਹੀਦੀ। ਉਹਦੀ ਕੋਈ ਜਾਤ ਨਹੀਂ। ਇਹ ਸਾਰਾ ਗੰਦ ਥੋਡੀਆਂ ਖੋਪਰੀਆਂ 'ਚ ਭਰਿਆ ਏ'। ਸੋਚੀਂ ਡੁੱਬੀ ਸੱਤੀ ਨੂੰ ਉਹ ਸਾਰਾ ਦ੍ਰਿਸ਼ ਅੱਜ ਵੀ ਚੇਤੇ ਹੈ। ਪੁੱਤਰ ਨੇ ਕਿਵੇਂ ਅੱਖਾਂ ਕੱਢੀਆਂ ਸਨ। ਜਿਵੇਂ ਉਹ ਮਾਂ ਨੂੰ ਨਿਗਲ ਜਾਏਗਾ।

**ਪੰਨੇ 197** **ਸੁੰਦਰ ਦਿੱਖ** **ਮੁੱਲ 350 ਰੁਪਏ**

**ਐਵਿਸ ਪਬਲੀਕੇਸ਼ਨਜ਼, ਦਿੱਲੀ-ਜ਼ੀਰਕਪੁਰ, ਪੰਜਾਬ**

**SIRJANA** Literary Punjabi Quarterly Chandigarh
No. 189 ISSN 2455-1058 July-September 2018
Registered with the Registrar of Newspapers for India vide R.N. 10215/65

## ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ

ਗੁਰਬਾਣੀ ਦੇ ਪਵਿੱਤਰ ਵਾਕ ਤੋਂ ਸੇਧ ਲੈਂਦਿਆਂ
ਆਓ ਪੰਜਾਬ ਨੂੰ ਹਵਾ, ਪਾਣੀ ਅਤੇ ਧਰਤੁ
ਦੇ ਪ੍ਰਦੂਸ਼ਣ ਨੂੰ ਠੱਲਣ ਲਈ
ਇਕੱਠੇ ਹੋ ਕੇ ਹੰਭਲਾ
ਮਾਰੀਏ।

**ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ**

ਵਾਤਾਵਰਣ ਭਵਨ, ਨਾਭਾ ਰੋਡ, ਪਟਿਆਲਾ
ਫੋਨ 0175-2227925,2200557 ਫੈਕਸ 0175-2215636